ਐਤਵਾਰ, 7 ਜਨਵਰੀ, 2024
23 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 218

# ਨਵਾਂ ਜ਼ਮਾਨਾ

DAILY NAWAN ZAMANA • SUNDAY, 7 JANUARY, 2024

ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14


## ਲਕਸ਼ਦੀਪ ਜਾ ਕੇ ਤਸਵੀਰਾਂ ਖਿਚਵਾਉਂਦੇ 'ਮਹਾਂਪੁਰਸ਼' ਮਨੀਪੁਰ ਕਿਉਂ ਨਹੀਂ ਜਾਂਦੇ : ਖੜਗੇ

**ਨਵੀਂ ਦਿੱਲੀ** : ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਭਾਰਤ ਜੋੜੋ ਨਿਆਂ ਯਾਤਰਾ ਤੋਂ ਪਹਿਲਾਂ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਕੇਂਦਰ ਦੀ ਮੋਦੀ ਸਰਕਾਰ 'ਤੇ ਵੱਡਾ ਦੋਸ਼ ਲਾਇਆ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਮਨੀਪੁਰ ਬਾਰੇ ਚੁੱਪ ਰਹੇ, ਉਹ ਮਨੀਪੁਰ ਨਹੀਂ ਗਏ। ਉਹ ਲਕਸ਼ਦੀਪ ਜਾ ਕੇ ਫੋਟੋ ਖਿਚਵਾਉਂਦੇ ਹਨ, ਪਰ ਦੰਗਾ ਪ੍ਰਭਾਵਤ ਮਨੀਪੁਰ ਨਹੀਂ ਜਾਂਦੇ। ਸੰਸਦ 'ਚ ਆਪੋਜੀਸ਼ਨ ਨੂੰ ਬੋਲਣ ਦਾ ਮੌਕਾ ਨਹੀਂ ਦਿੰਦੇ। ਉਨ੍ਹਾ ਮੀਡੀਆ ਤੋਂ ਇਸ ਯਾਤਰਾ 'ਚ ਸਹਿਯੋਗ ਦੀ ਅਪੀਲ ਕੀਤੀ। ਕਾਂਗਰਸ ਪ੍ਰਧਾਨ ਨੇ ਕਿਹਾ, 'ਮਨੀਪੁਰ 'ਚ ਇੱਕ ਮੰਦਭਾਗੀ ਘਟਨਾ ਹੋਈ, ਪਰ ਪ੍ਰਧਾਨ ਮੋਦੀ ਜਾਂ ਤਾਂ ਲਕਸ਼ਦੀਪ ਦੇ ਸਮੁੰਦਰੀ ਤੱਟਾਂ 'ਤੇ ਗਏ ਅਤੇ ਤੈਰਾਕੀ ਦੀਆਂ ਤਸਵੀਰਾਂ ਕਰਵਾਈਆਂ ਜਾਂ ਅਯੁੱਧਿਆ ਮੰਦਰ ਨਿਰਮਾਣ 'ਤੇ ਫੋਟੋ ਖਿਚਵਾਉਣ ਗਏ ਅਤੇ ਕੇਰਲ ਅਤੇ ਮੁੰਬਈ ਗਏ।' ਉਨ੍ਹਾ ਕਿਹਾ— ਉਹ ਹਰ ਜਗ੍ਹਾ ਜਾਂਦੇ ਹਨ, ਤੁਸੀਂ ਹਰ ਜਗ੍ਹਾ ਉਨ੍ਹਾ ਦੀਆਂ ਤਸਵੀਰਾਂ ਦੇਖ ਸਕਦੇ ਹੋ.. ਬਿਲਕੁੱਲ ਵੈਸੇ ਹੀ ਜੈਸੇ ਜਾਗਣ ਤੋਂ ਬਾਅਦ ਸਭ ਤੋਂ ਪਹਿਲਾ ਭਗਵਾਨ ਦੇ 'ਦਰਸ਼ਨ', ਪਰ ਇਹ ਮਹਾਨ ਵਿਅਕਤੀ ਮਨੀਪੁਰ ਕਿਉਂ ਨਹੀਂ ਗਿਆ?' ਖੜਗੇ ਨੇ ਕਿਹਾ—ਅਸੀਂ ਲੋਕਾਂ ਵਿਚਾਲੇ ਜਾ ਕੇ ਉਨ੍ਹਾਂ ਨੂੰ ਦੱਸ ਰਹੇ ਹਾਂ। ਇਸ ਤੋਂ ਇਲਾਵਾ ਅਤੇ ਕੋਈ ਰਸਤਾ ਨਹੀਂ, ਅਸੀਂ ਸੰਸਦ 'ਚ ਬੋਲਣ ਅਤੇ ਮੁੱਦਿਆਂ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਸਰਕਾਰ ਨੇ ਸਾਨੂੰ ਕੋਈ ਮੌਕਾ ਨਹੀਂ ਦਿੱਤਾ। ਇਤਿਹਾਸ 'ਚ ਇਸ ਤਰ੍ਹਾਂ ਪਹਿਲੀ ਵਾਰ ਹੋਇਆ ਕਿ 146 ਸਾਂਸਦਾਂ ਨੂੰ ਮੁਅੱਤਲ ਕੀਤਾ ਗਿਆ। ਖੜਗੇ 14 ਜਨਵਰੀ ਤੋਂ ਸ਼ੁਰੂ ਹੋਣ ਵਾਲੀ ਭਾਰਤ ਜੋੜੋ ਨਿਆਂ ਯਾਤਰਾ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾ ਕਿਹਾ ਕਿ ਰਾਹੁਲ ਗਾਂਧੀ ਦੀ ਅਗਵਾਈ 'ਚ ਮਨੀਪੁਰ ਤੋਂ ਸ਼ੁਰੂ ਹੋ ਰਹੀ ਇਹ ਯਾਤਰਾ ਦੇਸ਼ ਦੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਬੁਨਿਆਦੀ ਮੁੱਦਿਆਂ ਨੂੰ ਲੈ ਕੇ ਕੱਢੀ ਜਾ ਰਹੀ ਹੈ। ਸਾਨੂੰ ਸਾਰਿਆਂ ਦੇ ਸਮਰਥਨ ਦੀ ਜ਼ਰੂਰਤ ਹੈ। ਇਹ ਯਾਤਰਾ ਜਨ ਜਾਗ੍ਰਿਤੀ ਲਈ ਹੈ। ਇਸ ਯਾਤਰਾ ਰਾਹੀਂ ਅਸੀਂ ਗਰੀਬਾਂ ਅਤੇ ਸਮਾਜ ਦੇ ਵੱਖ-ਵੱਖ ਲੋਕਾਂ ਨਾਲ ਜੁੜਨ ਦੀ ਕੋਸ਼ਿਸ਼ ਕਰਾਂਗੇ। ਕਾਂਗਰਸ ਦੇ ਸਾਰੇ ਨੇਤਾ ਇਸ ਨੂੰ ਸਫ਼ਲ ਬਣਾਉਣ ਲਈ ਪੂਰਾ ਜ਼ੋਰ ਲਾਉਣਗੇ। ਮੈਂ ਚਾਹਾਂਗਾ ਕਿ 'ਇੰਡੀਆ' ਦੇ ਨੇਤਾ ਵੀ ਇਸ ਯਾਤਰਾ ਨਾਲ ਜੁੜਨ ਅਤੇ ਸਫ਼ਲ ਬਣਾਉਣ। ਉਨ੍ਹਾ ਇਸ ਯਾਤਰਾ ਦਾ ਲੋਗੋ ਅਤੇ ਟੈਗਲਾਈਨ ਵੀ ਜਾਰੀ ਕੀਤੀ। ਇਸ ਦੌਰਾਨ ਰਾਹੁਲ ਨੇ ਆਪਣੇ 'ਐਕਸ' ਹੈਂਡਲ 'ਤੇ ਯਾਤਰਾ ਦੇ ਲੋਗੋ ਅਤੇ ਟੈਗਲਾਈਨ ਦੇ ਨਾਲ ਇੱਕ ਵੀਡੀਓ ਪੋਸਟ ਕੀਤਾ। ਆਪਣੇ ਪੋਸਟ ਦੇ ਕੈਪਸ਼ਨ 'ਚ ਰਾਹੁਲ ਨੇ ਲਿਖਿਆ, 'ਅਸੀਂ ਫਿਰ ਆ ਰਹੇ ਹਾਂ ਤੁਹਾਡੇ ਵਿਚਾਲੇ, ਅਨਿਆਏ ਅਤੇ ਹੰਕਾਰ ਵਿਰੁੱਧ, ਨਿਆਂ ਦੀ ਲਲਕਾਰ ਲੈ ਕੇ। ਸੱਤਿਆ ਦੇ ਇਸ ਪੱਥ 'ਤੇ ਮੇਰੀ ਕਸਮ ਹੈ, ਯਾਤਰਾ ਜਾਰੀ ਰਹੇਗੀ, ਨਿਆਏ ਦਾ ਹੱਕ ਮਿਲਣ ਤੱਕ।' ਭਾਰਤ ਜੋੜੋ ਯਾਤਰਾ 67 ਦਿਨਾਂ 'ਚ 6700 ਕਿਲੋਮੀਟਰ ਤੋਂ ਵੱਧ ਦੀ ਦੂਰੀ ਤੈਅ ਕਰੇਗੀ।

### ਨਿਆਂ ਦਾ ਹੱਕ ਮਿਲਣ ਤੱਕ ਜਾਰੀ ਰਹੇਗੀ ਯਾਤਰਾ : ਰਾਹੁਲ



## ਐੱਨ ਸੀ ਪੀ ਦੀ ਅਗਵਾਈ ਲਈ ਮੈਂ ਕਾਬਲ ਹਾਂ : ਸੁਪ੍ਰੀਆ

**ਮੁੰਬਈ** : ਐੱਨ ਸੀ ਪੀ ਸੁਪਰੀਮੋ ਸ਼ਰਦ ਪਵਾਰ ਦੀ ਪੁੱਤਰੀ ਸੁਪ੍ਰੀਆ ਸੂਲੇ ਨੇ ਆਪਣੇ ਚਚਰੇ ਭਰਾ ਅਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ 'ਤੇ ਹਮਲਾ ਬੋਲਿਆ ਹੈ। ਉਨ੍ਹਾ ਐੱਨ ਸੀ ਪੀ ਦੀ ਕਮਾਨ ਸੰਭਾਲਣ ਲਈ ਖੁਦ ਨੂੰ ਆਪਣੇ ਭਰਾ ਤੋਂ ਜ਼ਿਆਦਾ ਕਾਬਿਲ ਦੱਸਿਆ ਹੈ। ਇਹ ਪਹਿਲੀ ਵਾਰ ਹੋਇਆ ਹੈ, ਜਦ ਉਨ੍ਹਾ ਇਸ ਮੁੱਦੇ 'ਤੇ ਖੁੱਲ੍ਹ ਕੇ ਕਿਹਾ ਹੈ ਕਿ ਉਹ ਕਾਬਿਲ ਹੈ। ਆਪਣੇ ਪੂਰੇ ਰਾਜਨੀਤਕ ਕੈਰੀਅਰ 'ਚ ਉਹ ਇਸ ਗੱਲ 'ਤੇ ਜ਼ੋਰ ਦਿੰਦੀ ਰਹੀ ਕਿ ਉਹ ਨਵੀਂ ਦਿੱਲੀ 'ਚ ਪਾਰਟੀ ਦੀ ਅਗਵਾਈ ਕਰਕੇ ਖੁਸ਼ ਹੈ। ਨਾਲ ਹੀ ਮਹਾਰਾਸ਼ਟਰ 'ਚ ਅਗਵਾਈ ਦੀ ਭੂਮਿਕਾ ਨਿਭਾਉਣ ਦੀ ਇੱਛੁਕ ਨਹੀਂ ਹੈ। ਦੋ ਦਿਨਾ ਪਾਰਟੀ ਸੰਮੇਲਨ ਦੇ ਸੰਪੰਨ ਸਮੇਂ ਐੱਨ ਸੀ ਪੀ ਸਾਂਸਦ ਦੇ ਭਾਸ਼ਣ ਲੈ ਕਿਸੇ ਨੂੰ ਵੀ ਸ਼ੱਕ ਨਹੀਂ ਹੋਣ ਦਿੱਤਾ ਕਿ ਸਿਖਰ 'ਤੇ ਕੌਣ ਹੈ, ਕਿਉਂਕਿ ਉਨ੍ਹਾ ਅਜੀਤ ਅਤੇ ਪ੍ਰਫੁੱਲ ਪਟੇਲ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾ ਐਲਾਨ ਕੀਤਾ, 'ਸਾਡੀ ਪ੍ਰੇਰਣਾ ਯਸ਼ਵੰਤ ਰਾਓ ਚੌਹਾਨ ਹਨ। ਤੁਸੀਂ (ਅਜੀਤ ਪਵਾਰ ਖੇਮਾ) ਮੇਰੇ ਬਾਰੇ 'ਚ ਕੁਝ ਵੀ ਕਹਿ ਸਕਦੇ। ਹਾਲਾਂਕਿ

ਬਾਕੀ ਸਫ਼ਾ 2 'ਤੇ

## 9 ਦਿਨਾਂ ਤੋਂ ਕਈ ਸ਼ਹਿਰਾਂ ਨੇ ਧੁੱਪ ਦੇ ਦਰਸ਼ਨ ਨਹੀਂ ਕੀਤੇ



**ਨਵੀਂ ਦਿੱਲੀ** : ਦੇਸ਼ 'ਚ ਇਸ ਸਮੇਂ ਕੜਾਕੇ ਦੀ ਠੰਢ ਦੀ ਸ਼ੁਰੂਆਤ ਹੋ ਚੁੱਕੀ ਹੈ। ਪੂਰਬ ਤੋਂ ਲੈ ਕੇ ਪੱਛਮ ਤੱਕ ਅਤੇ ਉਤਰ ਤੋਂ ਲੈ ਕੇ ਦੱਖਣ ਤੱਕ ਠੰਢ ਆਪਣਾ ਕਹਿਰ ਵਰਸਾ ਰਹੀ ਹੈ। ਇਸ ਨੂੰ ਭਾਰਤੀ ਮੌਸਮ ਵਿਭਾਗ ਨੇ 'ਕੋਲਡ ਡੇ' ਐਲਾਨ ਕੀਤਾ ਹੈ। ਮੌਸਮ ਵਿਭਾਗ ਅਨੁਸਾਰ ਕੋਲਡ ਡੇ ਉਦੋਂ ਮੰਨਿਆ ਜਾਂਦਾ ਹੈ, ਜਦ ਘੱਟੋ-ਘੱਟ ਤਾਪਮਾਨ 10 ਡਿਗਰੀ ਜਾਂ ਉਸ ਤੋਂ ਘੱਟ ਰਹੇ ਅਤੇ ਵੱਧ ਤੋਂ ਵੱਧ ਤਾਪਮਾਨ ਆਮ ਤਾਪਮਾਨ ਤੋਂ 4.5 ਤੋਂ 6.4 ਡਿਗਰੀ ਤੋਂ ਥੱਲੇ ਚਲਾ ਜਾਵੇ ਤਾਂ ਉਸ ਨੂੰ ਕੋਲਡ ਡੇ ਮੰਨਿਆ ਜਾਂਦਾ ਹੈ। ਉਥੇ ਹੀ ਪਿਛਲੇ 15 ਦਿਨਾਂ ਤੋਂ ਰਾਜਸਥਾਨ, ਪੰਜਾਬ, ਹਰਿਆਣਾ, ਬਿਹਾਰ, ਉਤਰ ਪ੍ਰਦੇਸ਼ ਅਤੇ ਆਸਪਾਸ ਦੇ ਉਤਰੀ ਮੱਧ ਪ੍ਰਦੇਸ਼ ਦੇ ਕਈ ਹਿੱਸਿਆਂ 'ਚ ਕੋਲਡ ਡੇ ਦੀ ਸਥਿਤੀ ਹੈ।

ਭਾਰਤੀ ਮੌਸਮ ਵਿਭਾਗ ਨੇ ਸ਼ਨੀਵਾਰ ਕਿਹਾ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਤੇ ਰਾਜਸਥਾਨ 'ਚ ਸੀਤ ਲਹਿਰ ਦਾ ਜ਼ੋਰ ਅਗਲੇ ਦੋ ਦਿਨਾਂ ਤੱਕ ਜਾਰੀ ਰਹੇਗੀ ਤੇ ਅਗਲੇ ਦੋ ਦਿਨਾਂ ਬਾਅਦ ਇਸ ਦਾ ਜ਼ੋਰ ਘਟ ਜਾਵੇਗਾ। ਵਿਭਾਗ ਨੇ ਕਿਹਾ ਹੈ ਅਗਲੇ ਦੋ ਦਿਨਾਂ ਦੌਰਾਨ ਉੱਤਰ-ਪੱਛਮੀ ਭਾਰਤ ਵਿੱਚ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਜਾਰੀ ਰਹੇਗੀ। ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 6-9 ਡਿਗਰੀ ਸੈਲਸੀਅਸ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ। ਰਾਸ਼ਟਰੀ ਰਾਜਧਾਨੀ ਨਵੀਂ ਦਿੱਲੀ 'ਚ ਸ਼ਨੀਵਾਰ ਸਵੇਰੇ ਧੁੰਦ ਛਾਈ ਰਹੀ। ਘੱਟੋ-ਘੱਟ ਤਾਪਮਾਨ 8.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਇਸ ਮੌਸਮ ਦੇ ਔਸਤ ਤੋਂ 2 ਡਿਗਰੀ ਵੱਧ ਹੈ। ਭਾਰਤ ਮੌਸਮ ਵਿਭਾਗ ਮੁਤਾਬਕ ਦਿੱਲੀ ਦੇ ਮੁੱਖ ਮੌਸਮ ਵਿਗਿਆਨ ਕੇਂਦਰ ਸਫਦਰਗੰਜ ਅਤੇ ਪਾਲਮ 'ਚ ਸਵੇਰੇ ਪੰਜ ਵਜੇ ਵਿਜੀਬਿਲਟੀ 500 ਮੀਟਰ ਦਰਜ ਕੀਤੀ ਗਈ। ਧੁੰਦ ਕਾਰਨ ਰੇਲ ਸੇਵਾ ਪ੍ਰਭਾਵਤ ਹੋਈ ਅਤੇ ਦਿੱਲੀ ਆਉਣ ਵਾਲੀਆਂ 14 ਰੇਲ ਗੱਡੀਆਂ ਦੇਰੀ ਨਾਲ ਚੱਲ ਰਹੀਆਂ ਹਨ। ਰਾਜਧਾਨੀ ਦੇ ਲੋਕ ਬੀਤੇ 9 ਦਿਨਾਂ ਤੋਂ ਸੂਰਜ ਦੀ ਰੌਸ਼ਨੀ ਲਈ ਤਰਸ ਰਹੇ ਹਨ। ਮੌਸਮ ਜਾਣਕਾਰਾਂ ਦਾ ਕਹਿਣਾ ਹੈ ਕਿ 5 ਸਾਲ ਬਾਅਦ ਇਸ ਤਰ੍ਹਾਂ ਦੀ ਸਥਿਤੀ ਸਾਹਮਣੇ ਆਈ ਹੈ। ਇਸ ਤੋਂ ਪਹਿਲਾ 2019 'ਚ 12 ਦਸੰਬਰ ਤੋਂ ਲੈ ਕੇ 31 ਦਸੰਬਰ ਤੱਕ ਸੂਰਜ ਦੀ ਰੌਸ਼ਨੀ ਧੁੰਦ 'ਚ ਢਕੀ ਰਹੀ ਸੀ। ਰਾਜਧਾਨੀ ਤੋਂ ਇਲਾਵਾ ਲਖਨਊ, ਕਾਨਪੁਰ, ਪ੍ਰਯਾਗਰਾਜ, ਝਾਂਸੀ, ਵਾਰਾਨਸੀ ਤੱਕ ਇਹੀ ਸਥਿਤੀ ਹੈ। ਨਾਲ ਹੀ ਹਰਿਆਣਾ ਤੇ ਪੰਜਾਬ 'ਚ ਵੀ ਇਸ ਤਰ੍ਹਾਂ ਦਾ ਹੀ ਵਿਗੜਿਆ ਹੋਇਆ ਮੌਸਮ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾ ਸ਼ਹਿਰਾਂ 'ਚ ਲੋਕ ਸੂਰਜ ਦੇ ਦਰਸ਼ਨ ਕਰਨ ਲਈ ਤਰਸ ਰਹੇ ਹਨ। ਉਤਰ ਪ੍ਰਦੇਸ਼ ਦੇ ਪੂਰਵਾਂਚਲ ਦਾ ਹਾਲ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਆਜ਼ਮਗੜ੍ਹ, ਮਊ, ਗਾਜੀਪੁਰ ਅਤੇ ਨੇੜੇ ਦੇ ਜ਼ਿਲ੍ਹਿਆਂ 'ਚ ਸੂਰਜ ਦਰਸ਼ਨ ਨਹੀਂ ਦੇ ਰਿਹਾ।

ਮੌਸਮ ਵਿਭਾਗ ਅਨੁਸਾਰ 9 ਜਨਵਰੀ ਤੱਕ ਠੰਢ ਦੀ ਸਥਿਤੀ ਇਹੀ ਰਹਿਣ ਵਾਲੀ ਹੈ। ਹਾਲਾਂਕਿ ਵੱਧ ਤੋਂ ਵੱਧ ਤਾਪਮਾਨ 13 ਤੋਂ 14 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਇਸ ਦੌਰਾਨ ਘੱਟੋ-ਘੱਟ ਤਾਪਮਾਨ 6 ਡਿਗਰੀ ਤੋਂ 8 ਡਿਗਰੀ ਵਿਚਾਲੇ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ 8 ਜਨਵਰੀ ਤੋਂ ਸੂਰਜ ਦੇ ਦਰਸ਼ਨ ਹੋ ਸਕਦੇ ਹਨ। ਇਸ ਤੋਂ ਇਲਾਵਾ ਠੰਢ ਤੋਂ ਕੁਝ ਹੱਦ ਤੱਕ ਰਾਹਤ ਵੀ ਮਿਲਣ ਦੀ ਉਮੀਦ ਹੈ। ਹਾਲਾਂਕਿ ਇਸ ਵਿਚਲੇ ਬਾਰਿਸ਼ ਦੀ ਵੀ ਸੰਭਾਵਨਾ ਪ੍ਰਗਟਾਈ ਗਈ ਹੈ।

### ਚੰਡੀਗੜ੍ਹ 'ਚ ਸਕੂਲਾਂ ਦਾ ਸਮਾਂ ਬਦਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਕੜਾਕੇ ਦੀ ਠੰਢ ਦੇ ਮੱਦੇਨਜ਼ਰ ਚੰਡੀਗੜ੍ਹ 'ਚ ਸਕੂਲਾਂ ਦਾ ਸਮਾਂ ਬਦਲ ਦਿੱਤਾ ਗਿਆ ਹੈ। 9 ਤੋਂ 13 ਜਨਵਰੀ ਤੱਕ ਸਕੂਲ 9.30 ਵਜੇ ਸਵੇਰੇ ਲੱਗਣਗੇ ਅਤੇ ਛੁੱਟੀ 3.00 ਵਜੇ ਹੋਵੇਗੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਠੰਢ ਕਾਰਨ ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਆਂਗਣਵਾੜੀ ਸੈਂਟਰਾਂ 'ਚ ਛੁੱਟੀਆਂ ਦਾ ਐਲਾਨ ਕੀਤਾ ਸੀ।

## ਆਦਿਤਿਆ ਐੱਲ-1 ਨੇ ਕੀਤਾ 'ਸੂਰਜ ਨਮਸਕਾਰ'



**ਨਵੀਂ ਦਿੱਲੀ** : ਇਸਰੋ ਦਾ ਆਦਿਤਿਆ ਐੱਲ-1 ਸਪੇਸਕ੍ਰਾਫ਼ਟ 126 ਦਿਨਾਂ 'ਚ 15 ਲੱਖ ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ ਸ਼ਨੀਵਾਰ 6 ਜਨਵਰੀ ਨੂੰ ਲੈਗ੍ਰੇਂਜ ਪੁਆਇੰਟ 1 (ਐੱਲ-1) 'ਤੇ ਪਹੁੰਚ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਆਦਿਤਿਆ ਐੱਲ-1 ਦੇ ਹੇਲੋ ਆਰਬਿਟ 'ਚ ਐਂਟਰੀ ਕਰਨ ਦੀ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। 2 ਸਤੰਬਰ 2023 ਨੂੰ ਸ਼ੁਰੂ ਹੋਈ ਆਦਿਤਿਆ ਦੀ ਯਾਤਰਾ ਹੁਣ ਖ਼ਤਮ ਹੋ ਚੁੱਕੀ ਹੈ। ਆਦਿਤਿਆ ਐੱਲ-1 ਮਿਸ਼ਨ ਦੇ ਪ੍ਰੋਜੈਕਟ ਡਾਇਰੈਕਟਰ ਨਿਗਾਰ ਸ਼ਾਜੀ ਨੇ ਇੱਕ ਇੰਟਰਵਿਊ 'ਚ ਦੱਸਿਆ ਕਿ ਇਹ ਮਿਸ਼ਨ ਸਿਰਫ਼ ਸੂਰਜ ਦੀ ਸਟੱਡੀ ਕਰਨ 'ਚ ਮਦਦ ਨਹੀਂ ਕਰੇਗਾ, ਬਲਕਿ 400 ਕਰੋੜ ਰੁਪਏ ਦਾ ਇਹ ਪ੍ਰੋਜੈਕਟ ਸੌਰ ਤੂਫਾਨਾਂ ਦੀ ਜਾਣਕਾਰੀ ਵੀ ਦੇਵੇਗਾ।

## ਰਾਸ਼ਨ ਘਪਲੇ 'ਚ ਟੀ ਐੱਮ ਸੀ ਨੇਤਾ ਗ੍ਰਿਫ਼ਤਾਰ

**ਕੋਲਕਾਤਾ** : ਪੱਛਮੀ ਬੰਗਾਲ ਦੇ ਉਤਰੀ 24 ਪਰਗਨਾ ਜ਼ਿਲ੍ਹੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰਾਸ਼ਨ ਘਪਲੇ ਮਾਮਲੇ 'ਚ ਬੋਨਗਾਂਵ ਨਗਰ ਪਾਲਿਕਾ ਦੇ ਸਾਬਕਾ ਪ੍ਰਧਾਨ ਸ਼ੰਕਰ ਆਦਿਆ ਨੂੰ ਸ਼ਨੀਵਾਰ ਸਵੇਰੇ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀਆਂ ਅਨੁਸਾਰ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਨੇਤਾ ਸ਼ੰਕਰ ਨੂੰ ਏਜੰਸੀ ਨੇ ਉਸ ਦੀ ਅਤੇ ਉਸ ਦੇ ਪਰਵਾਰਕ ਮੈਂਬਰਾਂ ਦੀਆਂ ਜਾਇਦਾਦਾਂ 'ਤੇ ਛਾਪੇਮਾਰੀ ਕਰਨ ਤੋਂ ਬਾਅਦ ਬੋਨਗਾਂਵ ਦੇ ਸਿਮੁਟੋਲਾ ਸਥਿਤ ਉਸ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕੀਤਾ। ਉਨ੍ਹਾ ਕਿਹਾ ਕਿ ਛਾਪੇਮਾਰੀ ਘੱਟੋ-ਘੱਟ 17 ਘੰਟੇ ਤੱਕ ਚੱਲੀ। ਉਨ੍ਹਾ ਕਿਹਾ ਕਿ ਜਦੋਂ ਅਧਿਕਾਰੀ ਸ਼ੰਕਰ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਲੈ ਕੇ ਜਾਣ ਲੱਗੇ ਤਾਂ ਸ਼ੰਕਰ ਦੇ ਸਮਰਥਕਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਅਧਿਕਾਰੀਆਂ ਦੀਆਂ ਗੱਡੀਆਂ 'ਤੇ ਪਥਰਾਅ ਵੀ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਈ ਡੀ ਟੀਮ ਦੇ ਨਾਲ ਮੌਜੂਦ ਸੀ ਆਰ ਪੀ ਐੱਫ ਦੇ ਜਵਾਨਾਂ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਭੀੜ 'ਤੇ ਲਾਠੀਚਾਰਜ ਕਰਨਾ ਪਿਆ। ਉਨ੍ਹਾ ਦੀ ਪਤਨੀ ਜਿਓਤਸਨਾ ਆਦਿਆ ਨੇ ਦਾਅਵਾ ਕੀਤਾ ਕਿ ਜਾਂਚ ਦੌਰਾਨ ਜਾਂਚ ਏਜੰਸੀ ਦੇ ਅਧਿਕਾਰੀਆਂ ਦੇ ਨਾਲ ਸਹਿਯੋਗ ਕਰਨ ਦੇ ਬਾਵਜੂਦ ਉਨ੍ਹਾ ਦੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਦੇ ਸੰਦੇਸ਼ਖਾਲੀ 'ਚ ਈ ਡੀ ਦੀ ਟੀਮ ਰਾਸ਼ਨ ਘਪਲੇ ਨੂੰ ਲੈ ਕੇ ਟੀ ਐੱਮ ਸੀ ਨੇਤਾ ਸ਼ਾਹਜਹਾਂ ਸ਼ੇਖ ਦੇ ਟਿਕਾਣੇ 'ਤੇ ਛਾਪਾ ਮਾਰਨ ਪਹੁੰਚੀ ਸੀ। ਇਸ ਦੌਰਾਨ ਕਰੀਬ ਢਾਈ ਸੌ ਤੋਂ ਵੱਧ ਲੋਕਾਂ ਨੇ ਟੀਮ ਟੀਮ ਨੂੰ ਘੇਰ ਕੇ ਅਧਿਕਾਰੀਆਂ 'ਤੇ ਹਮਲਾ ਕਰ ਦਿੱਤਾ।

ਜਾਂਚ ਏਜੰਸੀਆਂ ਅਨੁਸਾਰ ਪੱਛਮੀ ਬੰਗਾਲ 'ਚ ਲਾਭਪਾਤਰੀਆਂ ਲਈ ਜਨਤਕ ਵੰਡ ਪ੍ਰਣਾਲੀ ਦਾ ਲਗਭਗ 30 ਫੀਸਦੀ

ਬਾਕੀ ਸਫ਼ਾ 2 'ਤੇ

### ਕੋਵਿਡ ਫਿਰ ਡਰਾਉਣ ਲੱਗਾ

**ਨਵੀਂ ਦਿੱਲੀ** : ਕੋਵਿਡ-19 ਬਾਰੇ ਫਿਰ ਤੋਂ ਡਰਾਉਣ ਵਾਲੇ ਅੰਕੜੇ ਸਾਹਮਣੇ ਆ ਰਹੇ ਹਨ। ਦੇਸ਼ ਭਰ 'ਚ ਪਿਛਲੇ 24 ਘੰਟਿਆਂ 'ਚ ਕੋਵਿਡ ਦੇ 774 ਨਵੇਂ ਮਾਮਲੇ ਸਾਹਮਣੇ ਆਏ ਹਨ, ਜਦਕਿ 24 ਘੰਟਿਆਂ 'ਚ ਦੋ ਮੌਤਾਂ ਹੋਈਆਂ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਸ਼ਨੀਵਾਰ ਕਿਹਾ ਕਿ ਭਾਰਤ 'ਚ ਇੱਕ ਦਿਨ 'ਚ ਕੋਵਿਡ-19 ਦੇ 774 ਮਾਮਲੇ ਦਰਜ ਕੀਤੇ ਗਏ ਹਨ। ਇਸ ਦੇ ਨਾਲ ਹੀ ਦੇਸ਼ 'ਚ ਐਕਟਿਵ ਮਾਮਲਿਆਂ ਦੀ ਗਿਣਤੀ 4,187 ਪਹੁੰਚ ਗਈ ਹੈ। ਮੰਤਰਾਲੇ ਵੱਲੋਂ ਸ਼ਨੀਵਾਰ ਸਵੇਰੇ 8 ਵਜੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਤਾਮਿਲਨਾਡੂ ਅਤੇ ਗੁਜਰਾਤ 'ਚ ਇੱਕ-ਇੱਕ ਵਿਅਕਤੀ ਦੀ ਮੌਤ ਹੋਈ ਹੈ।

### ਹਾਲੀਵੁੱਡ ਅਦਾਕਾਰ ਕ੍ਰਿਸਚੀਅਨ ਦੀ ਹਵਾਈ ਹਾਦਸੇ 'ਚ ਧੀਆਂ ਸਣੇ ਮੌਤ



**ਬਰਲਿਨ** : 'ਸਪੀਡ ਰੇਸਰ' ਅਤੇ 'ਵਲਕੀਰੀ' ਵਰਗੀਆਂ ਫਿਲਮਾਂ 'ਚ ਆਪਣੀਆਂ ਭੂਮਿਕਾਵਾਂ ਲਈ ਮਸ਼ਹੂਰ ਹਾਲੀਵੁੱਡ ਅਦਾਕਾਰ ਕ੍ਰਿਸਚੀਅਨ ਓਲੀਵਰ ਦੀ ਦੋ ਧੀਆਂ ਸਮੇਤ ਉਸ ਸਮੇਂ ਮੌਤ ਹੋ ਗਈ, ਜਦੋਂ ਉਸ ਦਾ ਛੋਟਾ ਜਹਾਜ਼ ਕੈਰੇਬੀਅਨ ਟਾਪੂ ਦੇ ਤੱਟ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ। ਓਲੀਵਰ 51 ਸਾਲ ਦਾ ਸੀ, ਜਹਾਜ਼ ਦੇ ਮਾਲਕ ਅਤੇ ਪਾਇਲਟ ਰਾਬਰਟ ਸਾਕਸ ਦੀ ਵੀ ਹਾਦਸੇ 'ਚ ਮੌਤ ਹੋ ਗਈ। ਓਲੀਵਰ ਦੀਆਂ ਧੀਆਂ 12 ਸਾਲਾ ਮਦਿਤਾ ਅਤੇ 10 ਸਾਲਾ ਅਨਿਕ ਵੀ ਮ੍ਰਿਤਕਾਂ 'ਚ ਸ਼ਾਮਲ ਹਨ। ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕ੍ਰਿਸਚੀਅਨ ਓਲੀਵਰ ਨੂੰ ਕ੍ਰਿਸਚੀਅਨ ਕਲੇਪਸਰ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾ ਦੀ ਅਦਾਕਾਰੀ 'ਚ ਦਿ ਗੁਡ ਜਰਮਨ, ਦਿ ਥ੍ਰੀ ਮਸਿਕਟੀਅਰਸ, ਸਪੀਡ ਰੇਸਰ, ਦਿ ਬੇਬੀ ਸਿਟਰਸ ਕਲੱਬ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

## ਸਰਹੱਦ ਪਾਰੋਂ ਸੁੱਟੀ ਤਿੰਨ ਕਿਲੋ ਤੋਂ ਵੱਧ ਹੈਰੋਇਨ ਬੀ ਐੱਸ ਐੱਫ ਨੇ ਕੀਤੀ ਬਰਾਮਦ



**ਅੰਮ੍ਰਿਤਸਰ** : ਬੀ ਐੱਸ ਐੱਫ ਨੇ ਅੰਮ੍ਰਿਤਸਰ ਵਿਖੇ ਤਸਕਰੀ ਨੂੰ ਨਾਕਾਮ ਕਰ ਦਿੱਤਾ ਅਤੇ ਪੀਲੀ ਟੇਪ ਨਾਲ ਲਪੇਟੀ ਹੋਈ 3.210 ਕਿਲੋਗ੍ਰਾਮ ਹੈਰੋਇਨ ਦੇ 3 ਪੈਕੇਜ ਜ਼ਬਤ ਕੀਤੇ। ਫੋਰਸ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ 5.30 ਵਜੇ ਜਵਾਨਾਂ ਨੇ ਪਿੰਡ-ਦਾਉਕੇ (ਅੰਮ੍ਰਿਤਸਰ) ਨੇੜੇ ਸਰਹੱਦੀ ਵਾੜ ਦੇ ਨੇੜੇ ਕੁਝ ਡਿੱਗਣ ਦੀ ਆਵਾਜ਼ ਸੁਣੀ।

ਘਰਿੰਡਾ ਪੁਲਸ ਨੇ ਫਿਲਹਾਲ ਅਣਪਛਾਤੇ ਵਿਰੁੱਧ ਕੇਸ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬੀ ਐੱਸ ਐੱਫ਼ ਬੁਲਾਰੇ ਨੇ ਦੱਸਿਆ ਕਿ ਸੁਰੱਖਿਆ ਬਲ ਦੀ ਟੁਕੜੀ ਸ਼ੁੱਕਰਵਾਰ-ਸ਼ਨੀਵਾਰ ਦੀ ਦਰਮਿਆਨੀ ਰਾਤ ਪਾਕਿਸਤਾਨ ਨਾਲ ਲੱਗਦੇ ਪਿੰਡ ਦਾਉਕੇ 'ਚ ਗਸ਼ਤ ਕਰ ਰਹੀ ਸੀ। ਇਸ ਦੌਰਾਨ ਜਵਾਨਾਂ ਨੇ ਤੜਕੇ ਫੈਂਸਿੰਗ ਕੋਲੋਂ ਕੁਝ ਆਵਾਜ਼ ਸੁਣੀ।

ਇਸ ਦੇ ਤੁਰੰਤ ਬਾਅਦ ਜਵਾਨਾਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ ਅਤੇ ਤਲਾਸ਼ੀ ਅਭਿਆਨ ਚਲਾਇਆ ਗਿਆ। ਇਸ ਦੌਰਾਨ ਇੱਕ ਖੇਤ 'ਚੋਂ ਪੀਲੇ ਰੰਗ ਦੀ ਟੇਪ 'ਚ ਲਪੇਟੇ ਤਿੰਨ ਪੈਕੇਟ ਬਰਾਮਦ ਹੋਏ। ਜਿਨ੍ਹਾਂ ਨੂੰ ਖੋਲ੍ਹ ਕੇ ਜਾਂਚ ਕਰਨ ਤੋਂ ਬਾਅਦ ਉਹਨਾਂ 'ਚ ਹੈਰੋਇਨ ਬਰਾਮਦ ਹੋਈ।

## ਭੂਪਾਲ : ਬਾਲਿਕਾ ਗ੍ਰਹਿ 'ਚੋਂ ਗੁੰਮ ਹੋਈਆਂ 26 ਲੜਕੀਆਂ

**ਭੂਪਾਲ** : ਮੱਧ ਪ੍ਰਦੇਸ਼ ਦੀ ਰਾਜਧਾਨੀ ਭੂਪਾਲ 'ਚ ਚੱਲ ਰਹੇ ਗੈਰ-ਕਾਨੂੰਨੀ ਬਾਲਿਕਾ ਗ੍ਰਹਿ ਤੋਂ ਵੱਡੀ ਗਿਣਤੀ 'ਚ ਲੜਕੀਆਂ ਦੇ ਗੁੰਮ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਲੜਕੀਆਂ ਦੇ ਇਸ ਤਰ੍ਹਾਂ ਗੁੰਮ ਹੋਣ ਦੀ ਘਟਨਾ ਨਾਲ ਸਿਆਸੀ ਪਾਰਾ ਵੀ ਗਰਮਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚੀਆਂ ਵੱਖ-ਵੱਖ ਸੂਬਿਆਂ ਦੇ ਸ਼ਹਿਰਾਂ ਤੋਂ ਇੱਥੇ ਆਈਆਂ ਸਨ। ਬਿਨਾਂ ਇਜਾਜ਼ਤ ਚੱਲ ਰਹੇ ਇਸ ਬਾਲਿਕਾ ਗ੍ਰਹਿ ਦੇ ਸੰਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਜਾਂਚ 'ਚ ਲੱਗ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਬਾਲਿਕਾ ਗ੍ਰਹਿ 'ਚ ਕੁੱਲ 68 ਬੱਚੀਆਂ ਰਹਿ ਰਹੀਆਂ ਸਨ। ਇਨ੍ਹਾਂ 'ਚੋਂ 26 ਬੱਚੀਆਂ ਅਚਾਨਕ ਗੁੰਮ ਹੋ ਗਈਆਂ, ਜਦਕਿ 41 ਬੱਚੀਆਂ ਹੁਣ ਵੀ ਹਨ। ਇਸ ਬਾਲਿਕਾ ਗ੍ਰਹਿ 'ਚ ਗੁਜਰਾਤ ਤੋਂ ਲੈ ਕੇ ਝਾਰਖੰਡ, ਰਾਜਸਥਾਨ ਦੀਆਂ ਲੜਕੀਆਂ ਰਹਿ ਰਹੀਆ ਸਨ। ਮੱਧ ਪ੍ਰਦੇਸ਼ ਦੇ ਰਾਏਸੇਨ, ਛਿੰਦਵਾੜਾ ਅਤੇ ਬਾਲਾਘਾਟ ਵਰਗੇ ਸ਼ਹਿਰਾਂ ਤੋਂ ਵੀ ਲੜਕੀਆਂ ਇੱਥੇ ਸਨ। ਘਟਨਾ ਦੀ ਜਾਣਕਾਰੀ ਮਿਲਦੇ ਹੀ ਰਾਸ਼ਟਰੀ ਬਾਲ ਕਮਿਸ਼ਨ ਵੀ ਹਰਕਤ 'ਚ ਆ ਗਿਆ। ਕਮਿਸ਼ਨ ਪ੍ਰਧਾਨ ਪ੍ਰਿਆਂਕ ਕਾਨੂੰਨਗੋ ਨੇ ਇਸ ਸੰਬੰਧ 'ਚ ਮੱਧ ਪ੍ਰਦੇਸ਼ ਦੀ ਮੁੱਖ ਸਕੱਤਰ ਵੀਰਾ ਰਾਣਾ ਨੂੰ ਇੱਕ ਪੱਤਰ ਲਿਖਿਆ ਹੈ। ਪ੍ਰਿਆਂਕ ਕਾਨੂੰਨਗੋ ਨੇ ਪਰਵਲੀਆ 'ਚ ਆਂਚਲ ਬਾਲਿਕਾ ਗ੍ਰਹਿ ਦਾ ਦੌਰਾ ਕੀਤਾ ਸੀ। ਇਸ ਦੌਰਾਨ ਉਨ੍ਹਾ ਜਦ ਰਜਿਸਟਰ ਚੈੱਕ ਕੀਤਾ ਤਾਂ ਦੇਖਿਆ ਕਿ ਉਸ 'ਚ 68 ਬੱਚੀਆਂ ਦੀ ਐਂਟਰੀ ਸੀ, ਪਰ ਉਸ 'ਚੋਂ 26 ਬੱਚੀਆਂ ਗਾਇਬ ਸਨ। ਇਸ ਤੋਂ ਬਾਅਦ ਚਿਲਡਰਨ ਹੋਮ ਦੇ ਸੰਚਾਲਕ ਅਨਿਲ ਮੈਥਿਊ ਤੋਂ ਬੱਚੀਆਂ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਕੋਈ ਸੰਤੋਸ਼ਜਨਕ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਪੁਲਸ ਨੂੰ ਸੂਚਨਾ ਦਿੱਤੀ ਗਈ। ਐੱਫ ਆਈ ਆਰ ਮੁਤਾਬਕ ਬੱਚੀਆਂ ਲਈ ਇਸ ਬਾਲ ਗ੍ਰਹਿ 'ਚ ਕਈ ਬੇਨਿਯਮੀਆਂ ਮਿਲੀਆਂ।

ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੀ ਪ੍ਰਧਾਨ ਪ੍ਰਿਆਂਕ ਕਾਨੂੰਨਗੋ ਨੇ ਟਵੀਟ ਕਰਦੇ ਹੋਏ ਲਿਖਿਆ ਕਿ ਮੱਧ ਪ੍ਰਦੇਸ਼ ਦੀ ਰਾਜਧਾਨੀ ਭੂਪਾਲ 'ਚ ਬਾਲ ਕਮਿਸ਼ਨ ਪ੍ਰਧਾਨ ਅਤੇ ਮੈਂਬਰਾਂ ਦੇ ਨਾਲ ਸੰਯੁਕਤ ਰੂਪ 'ਚ ਇੱਕ ਮਿਸ਼ਨਰੀ

ਬਾਕੀ ਸਫ਼ਾ 2 'ਤੇ

### ਸ਼ਿਵਰਾਜ ਨੇ ਐਕਸ਼ਨ ਦੀ ਕੀਤੀ ਮੰਗ

## ਜਾਖੜ ਨੇ ਝੂਠ ਬੋਲ ਕੇ ਪੰਜਾਬ, ਪੰਜਾਬੀਅਤ ਦਾ ਨਿਰਾਦਰ ਕੀਤਾ : ਕੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਫੋਟੋਆਂ ਵਾਲੀ ਝਾਕੀ ਬਾਰੇ ਝੂਠ ਬੋਲਣ ਲਈ ਭਾਜਪਾ (ਪੰਜਾਬ) ਦੇ ਪ੍ਰਧਾਨ ਸੁਨੀਲ ਜਾਖੜ 'ਤੇ ਇੱਕ ਵਾਰ ਫਿਰ ਹਮਲਾ ਬੋਲਿਆ ਹੈ। ਆਪ ਪੰਜਾਬ ਦੇ ਮੁੱਖ ਬੁਲਾਰੇ ਗੋਵਿੰਦਰ ਮਿੱਤਲ ਨਾਲ ਸ਼ਨੀਵਾਰ ਨੂੰ ਪਾਰਟੀ ਦਫਤਰ ਤੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਬੇਤਰਤੀਬੀ ਗੱਲਾਂ ਦੀ ਬਜਾਏ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀਆਂ ਫੋਟੋਆਂ ਬਾਰੇ ਝੂਠ ਕਿਉਂ ਬੋਲਿਆ। ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਦਰਸਾਉਂਦੀਆਂ ਸਾਡੀਆਂ ਝਾਕੀਆਂ ਨੂੰ ਭਾਜਪਾ ਸਰਕਾਰ ਨੇ ਰੱਦ ਕਰ ਦਿੱਤਾ, ਪਰ ਅਜਿਹੇ ਇਤਿਹਾਸਕ ਦਿਨ ਲਈ ਪੰਜਾਬ ਦੀ ਨੁਮਾਇੰਦਗੀ ਲਈ ਸਟੈਂਡ ਲੈਣ ਦੀ

ਬਾਕੀ ਸਫ਼ਾ 2 'ਤੇ

## ਸਿਆਸੀ ਪਿਚ 'ਤੇ ਟਿਕ ਨਹੀਂ ਪਾਏ ਅੰਬਾਤੀ ਰਾਇਡੂ

### 10 ਦਿਨ ਦੇ ਅੰਦਰ ਛੱਡੀ ਵਾਈ ਐੱਸ ਆਰ ਕਾਂਗਰਸ



**ਵਿਜੈਵਾੜਾ** : ਸਾਬਕਾ ਕ੍ਰਿਕਟਰ ਅੰਬਾਤੀ ਨੇ ਵਾਈ ਐੱਸ ਆਰ ਕਾਂਗਰਸ ਛੱਡਣ ਦਾ ਐਲਾਨ ਕੀਤਾ ਹੈ। ਰਾਇਡੂ ਨੂੰ ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ 'ਚ ਸ਼ਾਮਲ ਹੋਏ ਹਾਲੇ 10 ਦਿਨ ਵੀ ਨਹੀਂ ਹੋਏ ਸਨ। ਉਨ੍ਹਾ ਬੀਤੀ 28 ਦਸੰਬਰ ਨੂੰ ਹੀ ਵਾਈ ਐੱਸ ਆਰ ਕਾਂਗਰਸ ਜੁਆਇਨ ਕੀਤੀ ਸੀ। ਰਾਇਡੂ ਨੇ 'ਐਕਸ' 'ਤੇ ਇੱਕ ਪੋਸਟ ਲਿਖ ਕੇ ਕੁਝ ਸਮੇਂ ਲਈ ਰਾਜਨੀਤੀ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਹੈ। ਭਾਰਤੀ ਕ੍ਰਿਕਟ ਟੀਮ ਲਈ 55 ਇੱਕ ਦਿਨਾ ਅਤੇ 6 ਟੀ-20 ਇੰਟਰਨੈਸ਼ਨਲ ਮੈਚ ਖੇਡ ਚੁੱਕੇ ਅੰਬਾਤੀ ਰਾਇਡੂ ਨੇ ਲਿਖਿਆ—ਸਾਰਿਆਂ ਨੂੰ ਇਹ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮੈਂ ਵਾਈ ਐੱਸ ਆਰ ਸੀ ਪੀ ਛੱਡਣ ਅਤੇ ਕੁਝ ਸਮੇਂ ਲਈ ਰਾਜਨੀਤੀ ਤੋਂ ਬਾਹਰ ਰਹਿਣ ਦਾ ਫੈਸਲਾ ਕੀਤਾ ਹੈ। ਅੱਗੇ ਦੀ ਕਾਰਵਾਈ ਉਚਿਤ ਸਮਾਂ ਆਉਣ 'ਤੇ ਜਾਣੂ ਕਰਾਇਆ ਜਾਵੇਗਾ, ਧੰਨਵਾਦ। ਪਾਰਟੀ ਪ੍ਰਧਾਨ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈਡੀ ਨੇ 28 ਦਸੰਬਰ 2023 ਨੂੰ ਉਨ੍ਹਾ ਦਾ ਪਾਰਟੀ 'ਚ ਸਵਾਗਤ ਕੀਤਾ ਸੀ।

## 16000 ਫੁੱਟ ਦੀ ਉਚਾਈ 'ਤੇ ਜਹਾਜ਼ ਦਾ ਟੁੱਟਿਆ ਦਰਵਾਜ਼ਾ

**ਵਾਸ਼ਿੰਗਟਨ** : ਅਮਰੀਕਾ 'ਚ ਅਲਾਸਕਾ ਏਅਰ ਲਾਈਨਜ਼ ਦੇ ਇੱਕ ਬੋਇੰਗ ਜਹਾਜ਼ ਦਾ ਦਰਵਾਜ਼ਾ ਟੇਕ ਆਫ਼ ਕਰਨ ਤੋਂ ਬਾਅਦ ਅਸਮਾਨ 'ਚ ਕਰੀਬ 16000 ਫੁੱਟ ਦੀ ਉਚਾਈ 'ਤੇ ਟੁੱਟ ਗਿਆ। ਇਸ ਜਹਾਜ਼ 'ਚ ਸਵਾਰ ਸਾਰੇ 174 ਯਾਤਰੀਆਂ ਦੀ ਜਾਨ 'ਤੇ ਸੰਕਟ ਆ ਗਿਆ। ਐਮਰਜੈਂਸੀ ਸਥਿਤੀ ਨੂੰ ਦੇਖਦੇ ਹੋਏ ਜਹਾਜ਼ ਦੀ ਪੋਰਟਲੈਂਡ 'ਤੇ ਐਮਰਜੈਂਸੀ ਲੈਂਡਿੰਗ ਕਰਾਉਣੀ ਪਈ। ਇਹ ਜਹਾਜ਼ ਪੋਰਟਲੈਂਡ ਤੋਂ ਕੈਲੀਫੋਰਨੀਆ ਦੇ ਓਂਟਾਰੀਓ ਜਾ ਰਿਹਾ ਸੀ। ਅਲਾਸਕਾ ਏਅਰਲਾਈਨਜ਼ ਦੀ ਫਲਾਈਟ 1282 ਪੋਰਟਲੈਂਡ ਇੰਟਰਨੈਸ਼ਨਲ ਏਅਰਪੋਰਟ ਤੋਂ ਸ਼ਾਮ 4.52 ਵਜੇ ਰਵਾਨਾ ਹੋਈ ਸੀ, ਪਰ ਇਸ ਹਾਦਸੇ ਤੋਂ ਬਾਅਦ ਜਹਾਜ਼ ਨੂੰ 5.30 ਵਜੇ ਫਿਰ ਤੋਂ ਪੋਰਟਲੈਂਡ ਏਅਰਪੋਰਟ 'ਤੇ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਦਰਵਾਜ਼ਾ ਟੁੱਟਣ ਤੋਂ ਬਾਅਦ ਨੇੜਲੀ ਸੀਟ 'ਤੇ ਬੈਠੇ ਯਾਤਰੀ ਦੀ ਸ਼ਰਟ ਵੀ ਫਟ ਗਏ। ਉਥੇ ਹੀ ਕੁਝ ਯਾਤਰੀਆਂ ਦੇ ਫੋਨ ਵੀ ਹਵਾ 'ਚ ਉਡ ਗਏ। ਅਲਾਸਕਾ ਏਅਰਲਾਈਨਜ਼ ਨੇ 'ਐਕਸ' 'ਤੇ ਪੋਸਟ ਕੀਤਾ ਕਿ ਅਸੀਂ ਜਾਂਚ ਕਰ ਰਹੇ ਹਾਂ ਕਿ ਇਹ ਕਿਸ ਤਰ੍ਹਾਂ ਹੋਇਆ।

## ਕਾਮਰੇਡ ਪੂਰਨ ਸਿੰਘ ਨਾਰੰਗਵਾਲ ਨਹੀਂ ਰਹੇ



**ਲੁਧਿਆਣਾ (ਭਾਟੀਆ, ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਸਿਰਕੱਢ ਆਗੂ ਕਾਮਰੇਡ ਪੂਰਨ ਸਿੰਘ ਨਾਰੰਗਵਾਲ, ਜੋ ਕਿ ਲੰਮਾ ਸਮਾਂ ਪਾਰਟੀ ਦੇ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਅਤੇ ਸੂਬਾ ਐਗਜ਼ੈਕਟਿਵ ਮੈਂਬਰ ਰਹੇ, ਉਹ ਵਿਛੋੜਾ ਦੇ ਗਏ। ਉਹ 95 ਸਾਲਾਂ ਦੇ ਸਨ। ਉਹਨਾ ਸਾਰੀ ਜ਼ਿੰਦਗੀ ਮਿਹਨਤਕਸ਼ ਲੋਕਾਂ ਅਤੇ ਕਮਿਊਨਿਸਟ ਪਾਰਟੀ ਨੂੰ ਸਮਰਪਣ ਕੀਤੀ। ਉਹਨਾ ਦਾ ਸਾਰਾ ਪਰਵਾਰ ਹੀ ਕਮਿਊਨਿਸਟ ਲਹਿਰ ਨਾਲ ਜੁੜਿਆ ਹੋਇਆ ਹੈ। ਸਾਥੀ ਨਾਰੰਗਵਾਲ ਦਾ ਅੰਤਮ ਸੰਸਕਾਰ ਸ਼ਨੀਵਾਰ ਉਹਨਾ ਦੇ ਪਿੰਡ ਨਾਰੰਗਵਾਲ ਵਿਖੇ ਕੀਤਾ ਗਿਆ। ਇਸ ਮੌਕੇ ਬੰਤ ਸਿੰਘ ਬਰਾੜ ਸੂਬਾ ਸਕੱਤਰ ਸੀ ਪੀ ਆਈ, ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਸੀ ਪੀ ਆਈ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਗੁਲਜਾਰ

ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਅਗਲੀ ਵਾਰੀ ਲਈ ਆਗੂ ਸਰਗਰਮ ਹੋਏ,
ਕਰਦੇ ਟਿਕਟਾਂ ਦੀ ਸੁਣੇ ਫਿਰ ਮੰਗ ਮੀਆਂ।
ਦੂਸਰੀ ਪਾਰਟੀ ਨਾਲ ਭਿੜਨਾ ਪਊ ਮਗਰੋਂ,
ਟਿਕਟਾਂ ਲੈਣ ਦੀ ਪਹਿਲੀ ਆ ਜੰਗ ਮੀਆਂ।
ਸੌਦਾ ਟਿਕਟ ਦਾ ਕਿੰਨੇ ਵਿੱਚ ਕਿਸੇ ਕੀਤਾ,
ਦੱਸਦਿਆਂ ਕਰੇ ਨਾ ਕੋਈ ਵੀ ਸੰਗ ਮੀਆਂ।
ਉਂਗਲਾਂ ਜਾਣ ਟੁੱਕੀ ਮ੍ਰਾਤੜ ਸੁਣਨ ਪਿੱਛੋਂ,
ਚੰਦਰੀ ਮਾਇਆ ਦੇ ਏਦਾਂ ਦੇ ਰੰਗ ਮੀਆਂ।
ਰੋਕੜਾਂ ਖਰਚ ਕੇ ਜਿਨ੍ਹਾਂ ਖੁਦ ਟਿਕਟ ਲੈਣੀ,
ਸੇਵਾ ਲੋਕਾਂ ਦੀ ਕਿਹੋ ਜਿਹੀ ਕਰਨਗੇ ਉਹ।
ਗੱਲਾਂ ਵਿੱਚ ਤਾਂ ਸੇਵਾ ਫਿਰ ਕਹਿਣਗੇ ਉਹ,
ਅੰਦਰੋਂ ਗੋਲਕਾਂ ਜ਼ੋਰਾਂ ਨਾਲ ਭਰਨਗੇ ਉਹ।

-ਤੀਸ ਮਾਰ ਖਾਂ

## ਦੇਸ਼ ਭਗਤ ਯਾਦਗਾਰ ਹਾਲ ਤੇ ਪੰਜਾਬ 'ਚ ਸਰਗਰਮੀਆਂ 'ਚ ਸਾਂਝ ਮਜ਼ਬੂਤ ਕਰਨ ਲਈ ਵਿਚਾਰਾਂ

**ਜਲੰਧਰ (ਕੇਸਰ)**

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ, ਇਤਿਹਾਸ, ਲਾਇਬ੍ਰੇਰੀ, ਮਿਊਜ਼ੀਅਮ, ਪੰਜਾਬ ਦੇ ਪਿੰਡਾਂ ਅੰਦਰ ਬਣੀਆਂ ਦੇਸ਼ ਭਗਤ ਅਤੇ ਲਾਇਬ੍ਰੇਰੀ ਕਮੇਟੀਆਂ, ਪੰਜਾਬ ਦੇ ਵੱਖ-ਵੱਖ ਖੇਤਰਾਂ 'ਚ ਕੰਮ ਕਰਦੇ ਰੰਗ ਕਰਮੀਆਂ, ਸਾਹਿਤਕਾਰਾਂ, ਲੇਖਕਾਂ, ਕਵੀਆਂ, ਗਾਇਕਾਂ, ਚਿੱਤਰਕਾਰਾਂ, ਤਰਕਸ਼ੀਲਾਂ, ਜਮਹੂਰੀ ਕਾਮਿਆਂ ਅਤੇ ਪ੍ਰਦੇਸ਼ਾਂ ਅੰਦਰ ਸਰਗਰਮ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਹੋਈ ਮੀਟਿੰਗ 'ਚ ਨਵੇਂ ਵਰ੍ਹੇ 2024 'ਚ ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਅਤੇ ਪੰਜਾਬ ਦੇ ਸੰਭਾਵੀ ਖੇਤਰਾਂ 'ਚ ਹੋਣ ਵਾਲੀਆਂ ਸਰਗਰਮੀਆਂ 'ਚ ਪਰਸਪਰ ਸਹਿਯੋਗ ਹੋਰ ਵਧਾਉਣ ਲਈ ਸੰਜੀਦਾ ਵਿਚਾਰਾਂ ਹੋਈਆਂ। ਨਵੇਂ ਵਰ੍ਹੇ ਨੂੰ ਖੁਸ਼ਾਮਦੀਦ ਆਖਦੀ ਇਸ ਵਿਸ਼ੇਸ਼ ਮੀਟਿੰਗ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਵਿਸ਼ੇਸ਼ ਕਰਕੇ ਜਨਵਰੀ ਮਹੀਨੇ ਦੇ ਸ਼ਹੀਦਾਂ, ਦੇਸ਼ ਭਗਤਾਂ, ਇਤਿਹਾਸਕ ਘਟਨਾਵਾਂ ਦੀ ਦੇਣ ਨੂੰ ਯਾਦ ਕਰਨ ਨਾਲ ਹੋਇਆ। ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸਮੂਹ ਸਬ-ਕਮੇਟੀਆਂ ਦੀ ਤਰਫ਼ੋਂ ਨਵੇਂ ਵਰ੍ਹੇ ਦੀਆਂ ਸਰਗਰਮੀਆਂ ਸਬੰਧੀ ਵਿਚਾਰ-ਚਰਚਾ ਲਈ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਤਜਵੀਜਤ ਰੂਪ-ਰੇਖਾ ਦੀ ਵਿਆਖਿਆ ਕਰਦਿਆਂ ਹਾਜ਼ਰੀਨ ਨੂੰ ਆਪਣੇ ਵਿਚਾਰ ਰੱਖਣ ਦੀ ਅਪੀਲ ਕੀਤੀ।



ਇਸ ਵਿਚਾਰ-ਚਰਚਾ 'ਚ ਪ੍ਰੋ. ਜਗਮੋਹਣ ਸਿੰਘ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਬੂਟਾ ਸਿੰਘ ਮਹਿਮੂਦਪੁਰ, ਕਸਤੂਰੀ ਲਾਲ, ਜਸਵੰਤ ਜੀਰਖ, ਨੀਰਜ ਕੌਸ਼ਿਕ, ਹਰਨਾਮ ਸਿੰਘ ਡੱਲਾ ਰੋਪੜ, ਡਾ. ਜਗਜੀਤ ਸਿੰਘ ਚੀਮਾ, ਜਸਵਿੰਦਰ ਫਗਵਾੜਾ, ਗਿਆਨ ਸੈਦਪੁਰੀ, ਉਜਾਗਰ ਸਿੰਘ ਬੱਦੋਵਾਲ, ਮਾਸਟਰ ਭਜਨ ਕੈਨੇਡਾ, ਚੈਂਚਲ ਸਿੰਘ ਮਾਹਿਲਪੁਰ ਕੈਨੇਡਾ, ਰਤਨ ਪਾਲ ਮਹਿਮੀ ਇੰਗਲੈਂਡ, ਡਾ. ਸੈਲੇਸ਼, ਡਾ. ਪਰਮਿੰਦਰ, ਪਰਮਜੀਤ ਆਦਮਪੁਰ, ਹਰਮੇਸ਼ ਮਾਲੜੀ, ਗੁਰਦੀਪ ਸਿੰਘ ਰੋਪੜ, ਬੱਬੀ, ਤਲਵਿੰਦਰ ਹੀਰ ਮਾਹਿਲਪੁਰ, ਗੁਰਮੀਤ ਸਿੰਘ, ਚਰੰਜੀ ਲਾਲ ਕੰਗਣੀਵਾਲ, ਐੱਮ ਐੱਲ ਕਪਿਲ, ਕਰਨੈਲ ਸਿੰਘ ਜੀਤ ਰੋਪੜ ਨੇ ਕਮੇਟੀ ਵੱਲੋਂ ਰੱਖੀ ਤਜਵੀਜ਼ ਨੂੰ ਨੇਪਰੇ ਚਾੜ੍ਹਨ ਲਈ ਠੋਸ ਅਮੁੱਲੇ ਸੁਝਾਅ ਰੱਖੇ। ਗ਼ਦਰ ਪਾਰਟੀ ਦਾ ਸਥਾਪਨਾ ਦਿਨ, ਸਿਖਿਆਰਥੀ ਚੇਤਨਾ ਕੈਂਪ ਅਤੇ ਪਹਿਲੀ ਨਵੰਬਰ ਸਾਲਾਨਾ ਗ਼ਦਰੀ ਬਾਬਿਆਂ ਦੇ ਮੇਲੇ ਦੇ ਸਮਾਗਮਾਂ 'ਚ ਹੋਰ ਵੀ ਨਿਖ਼ਾਰ ਲਿਆਂਦਾ ਜਾਏਗਾ। ਹਰੇਕ ਮਹੀਨੇ ਦੇ ਅਮਰ ਸ਼ਹੀਦਾਂ, ਇਤਿਹਾਸਕ ਘਟਨਾਵਾਂ ਦੀ ਪ੍ਰਸੰਗਕਤਾ ਉਭਾਰਨ ਲਈ ਸਫ਼ਲਤਾਪੂਰਵਕ ਸਮਾਗਮ ਉਲੀਕਣ ਦੇ ਉਤਸ਼ਾਹਜਨਕ ਵਿਚਾਰ ਸਾਹਮਣੇ ਆਏ। ਪੁਸਤਕ ਚਰਚਾ, ਢੁਕਵੇਂ ਵਿਸ਼ਿਆਂ 'ਤੇ ਵਿਚਾਰ-ਚਰਚਾ, ਰੂਬਰੂ, ਗਾਇਨ, ਭਾਸ਼ਣ, ਚਿੱਤਰਕਲਾ, ਫੋਟੋ ਕਲਾ, ਉੱਭਰ ਰਹੇ ਕਵੀਆਂ, ਗਾਇਕਾਂ, ਰੰਗ ਕਰਮੀਆਂ, ਫ਼ਿਲਮਸਾਜ਼ਾਂ ਅਤੇ ਹੋਰ ਲੋਕ-ਕਲਾਵਾਂ ਨਾਲ ਜੁੜੇ ਕਲਾਕਾਰਾਂ ਨੂੰ ਵਧਣ-ਫੁਲਣ ਦਾ ਮੌਕਾ ਦੇਣ ਲਈ ਸਮੇਂ-ਸਮੇਂ ਹਾਲ 'ਚ ਬੁਲਾਕੇ ਅਤੇ ਸਥਾਨਕ ਪੱਧਰਾਂ 'ਤੇ ਆਪਣੀਆਂ ਕਲਾਕ੍ਰਿਤਾਂ ਦਰਸ਼ਕਾਂ/ ਸਰੋਤਿਆਂ ਦੇ ਸਨਮੁੱਖ ਕਰਨ ਦਾ ਮੌਕਾ ਦੇਣ ਦੇ ਉਪਰਾਲੇ ਕੀਤੇ ਜਾਣਗੇ। ਗ਼ਦਰੀ ਦੇਸ਼ ਭਗਤਾਂ ਅਤੇ ਆਜ਼ਾਦੀ ਸੰਗਰਾਮ ਦੇ ਭੁੱਲੇ-ਵਿਸਰੇ ਇਤਿਹਾਸ, ਸਾਹਿਤ ਨੂੰ ਲੋਕਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਲਿਜਾਣ 'ਤੇ ਜ਼ੋਰ ਦੇਣ ਦੇ ਵਿਚਾਰ ਵੀ ਰੱਖੇ ਗਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਧੁਨਿਕ ਪ੍ਰਚਾਰ-ਤੰਤਰ ਦੀ ਕਾਰਜ਼ ਸ਼ੈਲੀ ਨੂੰ ਨਵਿਆਉਣਾ ਅਤੇ ਨਿਰੰਤਰਤਾ ਯਕੀਨੀ ਬਣਾਉਣਾ, ਤਾਂ ਜੋ ਵੈੱਬਸਾਈਟ, ਯੂਟਿਊਬ, ਫੇਸਬੁਕ ਪੇਜ ਸਮੇਤ ਲੋਕਾਂ ਤੱਕ ਸਰਗਰਮੀਆਂ ਨੂੰ ਲਿਜਾਇਆ ਜਾ ਸਕੇ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਪੰਜਾਬ ਦੇ ਪਿੰਡਾਂ ਅੰਦਰ ਬਣੀਆਂ ਦੇਸ਼ ਭਗਤ ਅਤੇ ਲਾਇਬ੍ਰੇਰੀ ਕਮੇਟੀਆਂ ਨਾਲ ਨਿਰੰਤਰ ਰਾਬਤਾ ਰੱਖਣ। ਸਰਗਰਮੀਆਂ ਦਾ ਆਦਾਨ-ਪ੍ਰਦਾਨ ਕਰਨ, ਨੇੜਲੇ ਪਿੰਡਾਂ ਦਾ ਆਪਸੀ ਤਾਲਮੇਲ ਵਧਾਉਣ ਲਈ ਸਥਾਨਕ ਅਤੇ ਖਿੱਤਿਆਂ 'ਚ ਮੇਲੇ ਲਾਉਣ ਲਈ ਵਿਚਾਰਾਂ ਹੋਈਆਂ। ਵਿਚਾਰ-ਚਰਚਾ ਨੇ ਤੱਤ ਕੱਢਿਆ ਕਿ ਇਤਿਹਾਸ, ਸਾਹਿਤ, ਕਲਾ, ਲੋਕ-ਮਸਲਿਆਂ ਸੰਬੰਧੀ ਵਿਗਿਆਨਕ, ਸਮਾਜਕ, ਜਮਾਤੀ ਚੇਤਨਾ, ਚਿੰਤਨ ਨੂੰ ਜਿਵੇਂ ਬੁਰੀ ਤਰ੍ਹਾਂ ਗ੍ਰਹਿਣ ਲਾਇਆ ਜਾ ਰਿਹਾ ਹੈ, ਇਸ ਲਈ ਗ਼ਦਰੀ ਬਾਬਿਆਂ ਦਾ ਇਕੋ ਸਾਲਾਨਾ ਮੇਲਾ ਕਾਫ਼ੀ ਨਹੀਂ, ਇਸ ਲਈ ਪਿੰਡਾਂ, ਇਲਾਕਿਆਂ ਅੰਦਰ ਵੀ ਮੇਲਿਆਂ ਅਤੇ ਵਿਚਾਰ-ਚਰਚਾਵਾਂ ਦੀਆਂ ਸਰਗਰਮੀਆਂ ਲਈ ਮਿਲ ਕੇ ਕਦਮ ਚੁੱਕੇ ਜਾਣ। ਦੁਨੀਆ ਦੇ ਵੱਖ-ਵੱਖ ਮੁਲਕਾਂ

ਬਾਕੀ ਸਫ਼ਾ 2 'ਤੇ

# ਵਿਭਾਗੀ ਜਥੇਬੰਦੀਆਂ ਨੂੰ ਮਜ਼ਬੂਤ ਕਰਨ ਦੀ ਅਤਿਅੰਤ ਲੋੜ : ਚਾਹਲ

**ਦਰਸ਼ਨ ਲਾਲ ਤੇ ਭੂਪਿੰਦਰ ਸੇਖੋਂ ਪ ਸ ਸ ਫ ਦੇ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਚੁਣੇ**



**ਮੋਗਾ (ਅਮਰਜੀਤ ਬੱਬਰੀ)**-ਠੰਢ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨਾਲ ਸਬੰਧਤ ਜਥੇਬੰਦੀਆਂ ਦੇ ਸਿਰਫ਼ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਸੂਬਾਈ ਆਗੂ ਕਾਮਰੇਡ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਸਰਕਾਰ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਬੇਰੁਖੀ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਮੁਲਾਜ਼ਮਾਂ ਦਾ ਗਰੇਡ ਦੁਹਰਾਈ ਦਾ ਬਕਾਇਆ ਨੱਪ ਕੇ ਬੈਠੀ ਹੈ।ਡੀ ਏ ਦੀਆਂ ਕਿਸ਼ਤਾਂ ਜੋ ਕਿ ਉੱਚ ਅਫ਼ਸਰਾਂ ਨੂੰ ਤਾਂ ਨਾਲ ਦੀ ਨਾਲ ਹੀ ਦੇ ਦਿੱਤੀਆਂ ਜਾਂਦੀਆਂ ਹਨ, ਪਰ ਦਰਜਾ ਤਿੰਨ ਤੇ ਚਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅਜੇ ਤੱਕ ਨਹੀਂ ਦਿੱਤੀਆਂ ਗਈਆਂ।ਹੁਣ ਤੱਕ ਮੁਲਾਜ਼ਮਾਂ ਦਾ ਸਰਕਾਰ ਵੱਲ 16% ਡੀਏ ਦਾ ਬਕਾਇਆ ਬਣਦਾ ਹੈ, ਜਿਸ ਵਿੱਚੋਂ ਸਰਕਾਰ ਨੇ ਸਿਰਫ਼ 4% ਹੀ ਦਿੱਤਾ ਹੈ ਤੇ ਉਸ ਲਈ ਇਸ਼ਤਿਹਾਰਬਾਜ਼ੀ ਤੇ ਕਰੋੜਾਂ ਰੁਪਏ ਖਰਚ ਕਰ ਦਿੱਤੇ ਹਨ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਮੇਂ ਵਿਭਾਗੀ ਜਥੇਬੰਦੀਆਂ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨੂੰ ਮਜ਼ਬੂਤ ਕਰਨ ਦੀ ਅਤਿਅੰਤ ਲੋੜ ਹੈ।

ਕਾਮਰੇਡ ਦਰਸ਼ਨ ਲਾਲ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਦਾ ਮਾਮਲਾ ਵੀ ਜਿਉਂ ਦਾ ਤਿਉਂ ਲਟਕ ਰਿਹਾ ਹੈ।ਨਵੀਂ ਭਰਤੀ ਵੀ ਲੋੜ ਅਨੁਸਾਰ ਨਹੀਂ ਕੀਤੀ ਜਾ ਰਹੀ ਸਗੋਂ ਨਾ-ਮਾਤਰ ਭਰਤੀ ਕਰਕੇ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ।ਇਸ ਮੌਕੇ ਚਮਨ ਲਾਲ ਸੰਗੇਲੀਆ ਨੇ ਇਕੱਠੇ ਹੋ ਕੇ ਤਿੱਖੇ ਤੇ ਸਾਂਝੇ ਸੰਘਰਸ਼ਾਂ 'ਤੇ ਜ਼ੋਰ ਦਿੱਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾਕਟਰ ਇੰਦਰਵੀਰ ਗਿੱਲ ਨੇ ਕਿਹਾ ਕਿ ਸਰਕਾਰਾਂ ਮਜ਼ਦੂਰਾਂ, ਮੁਲਾਜ਼ਮਾਂ ਤੇ ਆਮ ਲੋਕਾਂ 'ਤੇ ਲੋਕ ਮਾਰੂ ਕਾਨੂੰਨ ਬਣਾ ਕੇ ਹੱਲਾ ਬੋਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਲਾਮਬੰਦ ਕਰਕੇ ਸੰਘਰਸ਼ਾਂ ਨੂੰ ਤੇਜ਼ ਕਰਨ ਦੀ ਲੋੜ ਹੈ।ਇਸ ਮੀਟਿੰਗ ਵਿੱਚ ਸਰਵਸੰਮਤੀ ਨਾਲ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680-22ਬੀ ਜ਼ਿਲ੍ਹਾ ਮੋਗਾ ਦੀ ਨਵੀਂ ਟੀਮ ਦੀ ਚੋਣ ਕੀਤੀ, ਜਿਸ ਵਿੱਚ ਦਰਸ਼ਨ ਲਾਲ ਪ੍ਰਧਾਨ, ਭੂਪਿੰਦਰ ਸਿੰਘ ਸੇਖੋਂ ਜਨਰਲ ਸਕੱਤਰ, ਗੁਪ੍ਰੀਤ ਸਿੰਘ ਡਿਪਟੀ ਜਨਰਲ ਸਕੱਤਰ, ਚਮਕੌਰ ਸਿੰਘ ਲੰਗੇਆਣਾ ਕੈਸ਼ੀਅਰ, ਬਚਿੱਤਰ ਸਿੰਘ ਧੋਥੜ ਤੇ ਚਮਨ ਲਾਲ ਸੰਗੇਲੀਆ ਸੀਨੀ. ਮੀਤ ਪ੍ਰਧਾਨ, ਗੁਰਚਰਨ ਕੌਰ ਮੀਤ ਪ੍ਰਧਾਨ, ਵਿਜੇ ਕੁਮਾਰ ਰਿੰਕੂ ਸਕੱਤਰ, ਹਰੀ ਬਹਾਦਰ ਬਿੱਟੂ ਜਥੇਬੰਦਕ ਸਕੱਤਰ ਚੁਣੇ ਗਏ।ਗੁਰਚਰਨ ਸਿੰਘ ਬਿਜਲੀ ਬੋਰਡ, ਸੁਰਿੰਦਰ ਸਿੰਘ ਬਰਾੜ, ਸਰਬਜੀਤ ਕੌਰ ਤੇ ਰਣਜੀਤ ਕੌਰ ਆਂਗਣਵਾੜੀ ਵਰਕਰਜ਼, ਨਿਰੰਜਣ ਸਿੰਘ, ਗੁਰਮੀਤ ਸਿੰਘ ਧਾਲੀਵਾਲ, ਗੁਰਮੇਲ ਸਿੰਘ ਨਾਹਰ, ਪ੍ਰਿਅ ਵਰਤ ਆਦਿ ਕਾਰਜਕਾਰਨੀ ਕਮੇਟੀ ਦੇ ਮੈਂਬਰ ਲਏ ਗਏ।ਕਾਮਰੇਡ ਜਗਦੀਸ਼ ਸਿੰਘ ਚਾਹਲ ਤੇ ਡਾਕਟਰ ਇੰਦਰਵੀਰ ਗਿੱਲ ਨੂੰ ਸਲਾਹਕਾਰ ਚੁਣਿਆ ਗਿਆ।ਨਵੀਂ ਚੁਣੀ ਟੀਮ ਨੇ ਪੂਰੀ ਤਨਦੇਹੀ ਨਾਲ ਕੰਮ ਕਰਨ ਤੇ ਫੈਡਰੇਸ਼ਨ ਨੂੰ ਮਜਬੂਰ ਕਰਨ ਲਈ ਹਰ ਕੋਸ਼ਿਸ਼ ਕਰਨ ਦਾ ਯਕੀਨ ਦੁਆਇਆ।ਇਸ ਮੌਕੇ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬ ਗੌਰਮਿੰਟ ਟਾਂਸਪੋਰਟ ਵਰਕਰਜ਼ ਯੂਨੀਅਨ ਵੱਲੋਂ 18 ਜਨਵਰੀ 2024 ਨੂੰ ਟ੍ਰਾਂਸਪੋਰਟ ਮੰਤਰੀ ਦੀ ਪੱਟੀ ਵਿਖੇ ਰਿਹਾਇਸ਼ 'ਤੇ ਦਿੱਤੇ ਜਾ ਰਹੇ ਧਰਨੇ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਹਮਾਇਤ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰਜ਼ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੰਤ ਕੌਰ, ਕਿਰਨਪ੍ਰੀਤ ਕੌਰ, ਪਰਮਜੀਤ ਕੌਰ ਆਂਗਣਵਾੜੀ ਵਰਕਰਜ਼, ਵਿਨੋਦ ਕੁਮਾਰ, ਭੁਪਿੰਦਰ ਸਿੰਘ ਭਿੰਦਾ, ਅਵਤਾਰ ਸਿੰਘ, ਬੂਟਾ ਸਿੰਘ ਭੱਟੀ, ਚਮਕੌਰ ਸਿੰਘ ਅਤੇ ਗੁਰਜੀਤ ਸਿੰਘ ਹਾਜ਼ਰ ਸਨ।

## ਚੰਗੀ ਮਾਨਸਿਕ ਸਿਹਤ ਲਈ ਚੰਗੀ ਜੀਵਨ ਸ਼ੈਲੀ ਅਪਣਾਉਣ ਦੀ ਲੋੜ : ਡਾ. ਸੀ ਪੀ ਸਿੰਘ



**ਮੋਗਾ (ਅਮਰਜੀਤ ਬੱਬਰੀ)**-ਆਮ ਲੋਕਾਂ ਨੂੰ ਚੰਗੀ ਮਾਨਸਿਕ ਸਿਹਤ ਲਈ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਦੀ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਮਾਨਸਿਕ ਰੋਗਾਂ ਦੇ ਮਾਹਿਰ ਡਾ. ਸੀ ਪੀ ਸਿੰਘ ਸਿਵਲ ਹਸਪਤਾਲ ਨੇ ਇੱਕ ਕੈਂਪ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮਾਨਸਿਕ ਸਿਹਤ ਸਰੀਰਕ ਸਿਹਤ ਦੇ ਬਰਾਬਰ ਮਹੱਤਵਪੂਰਨ ਹੈ।ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਯੋਗਾ ਸੈਸ਼ਨ ਤੇ ਜਾਗਰੂਕਤਾ ਭਾਸ਼ਣ ਤੇ ਚੰਗੀ ਸੰਗਤ ਦਾ ਸਾਥ ਮਾਨਣਾ ਚਾਹੀਦਾ ਹੈ।ਡਾਕਟਰ ਸੀ ਪੀ ਸਿੰਘ ਨੇ ਕਿਹਾ ਕਿ ਸੰਸਾਰ ਵਿੱਚ ਚੰਗੀ ਮਾਨਸਿਕ ਸਿਹਤ ਪ੍ਰਾਪਤ ਕਰਨਾ ਅਤੇ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ, ਸਮਾਜ ਵਿੱਚ ਵਧੇਰੇ ਸਮਾਜਿਕ ਸੰਪਰਕ ਅਤੇ ਸਿਹਤਮੰਦ ਸੰਚਾਰ ਸਮੇਂ ਦੀ ਲੋੜ ਹੈ।ਸਾਨੂੰ ਆਮ ਲੋਕਾਂ ਅਤੇ ਮਰੀਜ਼ਾਂ ਵਿੱਚ ਤਣਾਅ ਦੇ ਦੁਖਦਾਈ ਲੱਛਣਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀਆਂ ਮਾਨਸਿਕ ਸਿਹਤ ਸਮੱਸਿਆਵਾਂ ਦੇ ਹੱਲ ਲਈ ਸਿਵਲ ਮਾਨਸਿਕ ਰੋਗੀ ਦੇ ਮਾਹਿਰ ਨਾਲ ਅਤੇ ਕੌਂਸਲਰ ਨਾਲ ਸੰਪਰਕ ਕਰਨ ਦੀ ਲੋੜ ਹੈ, ਉਨ੍ਹਾਂ ਨਾਲ ਸਲਾਹ ਕਰਨ ਵਿੱਚ ਮਦਦ ਕਰਨ ਦੀ ਲੋੜ ਹੈ।

## ਆੜ੍ਹਤੀ ਐਸੋਸੀਏਸ਼ਨ ਦੀ ਪ੍ਰਧਾਨਗੀ ਲਈ ਚੋਣ



**ਸੰਗਰੂਰ (ਪ੍ਰਵੀਨ ਸਿੰਘ)**-ਸਬਜ਼ੀ ਮੰਡੀ ਸੰਗਰੂਰ ਵਿਖੇ ਆੜ੍ਹਤੀ ਐਸੋਸੀਏਸਨ ਦੀ ਪ੍ਰਧਾਨਗੀ ਲਈ ਚੋਣ ਹੋਈ, ਜਿਸ ਵਿੱਚ ਤਿੰਨ ਉਮੀਦਵਾਰਾਂ ਦੇ ਪ੍ਰਧਾਨਗੀ ਲਈ ਕਾਗ਼ਜ਼ ਦਾਖ਼ਲ ਕੀਤੇ, ਜਿਸ ਵਿੱਚ ਸੱਸੀ ਚਾਵਰੀਆ, ਸ਼ਫ਼ੀ ਮਹੁੰਮਦ ਤੇ ਸੰਦੀਪ ਬਾਂਸਲ ਸ਼ਾਮਲ ਸਨ। ਕੁੱਲ 25 ਆੜ੍ਹਤੀਆਂ ਵਿੱਚੋਂ ਇੱਕ ਜ਼ਿਲ੍ਹਾ ਹੋਣ ਕਰਕੇ ਉਸਦੀ ਵੋਟ ਨਹੀਂ ਪਾਈ। ਕੁੱਲ 24 ਵੋਟਾਂ ਵਿੱਚੋਂ ਸ਼ਫ਼ੀ ਮਹੁੰਮਦ ਨੂੰ 15 ਵੋਟਾਂ, 9 ਵੋਟਾਂ ਸੰਦੀਪ ਬਾਂਸਲ ਨੂੰ ਪਈਆਂ। ਤੀਜੇ ਉਮੀਦਵਾਰ ਨੇ ਆਪਣਾ ਸਮਰਥਨ ਮਹੁੰਮਦ ਸ਼ਫ਼ੀ ਨੂੰ ਦਿੱਤਾ, ਜਿਸ ਕਰਕੇ ਸਫ਼ੀ ਮਹੁੰਮਦ 15 ਵੋਟਾਂ ਨਾਲ ਜੇਤੂ ਰਹੇ।

## ਫ਼ਤਿਹ ਮਾਜਰੀ ਦੀ ਸੰਗਤ ਨੇ ਸ੍ਰੀ ਹਜ਼ੂਰ ਸਾਹਿਬ ਜਾ ਕੇ ਕੀਤੀ ਸੇਵਾ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਹਰ ਸਾਲ ਦੀ ਤਰ੍ਹਾਂ ਪਿੰਡ ਫ਼ਤਿਹ ਮਾਜਰੀ ਦੀ ਸੰਗਤ ਵੱਲੋਂ ਸ੍ਰੀ ਨਾਂਦੇੜ ਹਜ਼ੂਰ ਸਾਹਿਬ ਜਾ ਕੇ 10 ਦਿਨਾਂ ਦੀ ਸੇਵਾ ਕੀਤੀ ਗਈ। ਇਹ ਸੇਵਾ ਪਿਛਲੇ 8-10 ਸਾਲਾਂ ਤੋਂ ਲਗਾਤਾਰ ਕੀਤੀ ਜਾ ਰਹੀ ਹੈ। ਨਿਰਭੈ ਸਿੰਘ ਜਵੰਦਾ ਨੇ ਆਖਿਆ ਕਿ ਪਿੰਡ ਫ਼ਤਿਹ ਮਾਜਰੀ ਤੋਂ ਹਰ ਸਾਲ ਸੰਗਤ ਸ੍ਰੀ ਨੰਦੇੜ ਸਾਹਿਬ ਪਹੁੰਚ ਕੇ ਸੇਵਾ ਕਰਦੀ ਹੈ ਤੇ ਅੱਗੇ ਤੋਂ ਵੀ ਕਰਦੀ ਰਹੇਗੀ। ਇਸ ਮੌਕੇ ਸੰਤ ਬਾਬਾ ਨਰਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਸੰਗਤ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਫ਼ਤਿਹ ਮਾਜਰੀ ਦੀ ਸੰਗਤ ਸਦਾ ਮਨੁੱਖਤਾ ਦੀ ਸੇਵਾ ਲਈ ਹਾਜ਼ਰ ਰਹਿੰਦੀ ਹੈ ਅਤੇ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਦਾਨ ਹੈ। ਇਸ ਮੌਕੇ ਸਰਪੰਚ ਜੋਰਾ ਸਿੰਘ ਜਥੇਦਾਰ, ਸ਼ਿੰਗਾਰਾ ਸਿੰਘ, ਰਾਜਿੰਦਰ ਸਿੰਘ, ਨਿਰਭੈ ਸਿੰਘ, ਜਗਦੀਪ ਸਿੰਘ, ਰਾਮ ਗੋਪਾਲ, ਗੁਰਵਿੰਦਰ ਸਿੰਘ, ਵਿਕਰਮਜੀਤ ਸਿੰਘ, ਨੀਲਾ ਸਿੰਘ ਆਦਿ ਸਮੂਹ ਸਾਧ ਸੰਗਤ ਹਾਜ਼ਰ ਸਨ।

## ਗਾਹਕਾਂ ਨਾਲ ਠੱਗੀ ਮਾਰਨ ਦੇ ਦੋਸ਼ 'ਚ ਸਾਬਕਾ ਬੈਂਕ ਕਰਮਚਾਰੀ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੈਂਕ ਦੇ ਗਾਹਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ 'ਚ ਦੋਸ਼ੀ ਪਾਏ ਗਏ ਇੱਕ ਸਾਬਕਾ ਬੈਂਕ ਕਰਮਚਾਰੀ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਸਟੇਟ ਬੈਂਕ ਆਫ ਪਟਿਆਲਾ ਦੀ ਚਨਾਰਥਲ ਕਲਾਂ ਬ੍ਰਾਂਚ ਦੀ ਮੈਨੇਜਰ ਦੀ ਸ਼ਿਕਾਇਤ 'ਤੇ 18 ਫਰਬਰੀ 12 ਨੂੰ ਲਖਵੀਰ ਸਿੰਘ ਵਾਸੀ ਪਿੰਡ ਪੰਜੋਲੀ ਕਲਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਸੀ।ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਸੀ ਉਨ੍ਹਾਂ ਦੇ ਧਿਆਨ 'ਚ ਆਇਆ ਹੈ ਕਿ ਉਨ੍ਹਾਂ ਦੀ ਬ੍ਰਾਂਚ 'ਚ ਸਪੈਸ਼ਲ ਅਸਿਸਟੈਂਟ ਦੀ ਸੀਟ 'ਤੇ ਤਾਇਨਾਤ ਲਖਵੀਰ ਸਿੰਘ ਪੈਨਸ਼ਨਰਾਂ ਦੇ ਬੈਂਕ ਖਾਤਿਆਂ 'ਚੋਂ ਪੈਸੇ ਕੱਢ ਕੇ ਹੋਰ ਗਾਹਕਾਂ ਦੇ ਖਾਤਿਆਂ 'ਚ ਘੁਮਾਉਣ ਉਪਰੰਤ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਬੈਂਕ ਖਾਤਿਆਂ 'ਚ ਪੈਸੇ ਟ੍ਰਾਂਸਫਰ ਕਰ ਲੈਂਦਾ ਸੀ ਤੇ ਅਜਿਹਾ ਕਰਕੇ ਲਖਵੀਰ ਸਿੰਘ ਜਿੱਥੇ ਬੈਂਕ ਦੇ ਗਾਹਕਾਂ ਨਾਲ ਠੱਗੀਆਂ ਮਾਰ ਰਿਹਾ ਸੀ ਉੱਥੇ ਹੀ ਬੈਂਕ ਨਾਲ ਵੀ ਧੋਖਾ ਕਰ ਰਿਹਾ ਸੀ।ਸ਼ਿਕਾਇਤਕਰਤਾ ਨੇ ਦੱਸਿਆ ਸੀ ਕਿ ਬੈਂਕ ਵੱਲੋਂ ਕਰਵਾਏ ਗਏ ਦੋ ਆਡਿਟਾਂ ਦੌਰਾਨ ਲਖਵੀਰ ਸਿੰਘ ਵੱਲੋਂ ਕੀਤੀ ਗਈ 31,12,480 ਦੀ ਹੇਰਾਫੇਰੀ ਹੁਣ ਤੱਕ ਸਾਹਮਣੇ ਆ ਚੁੱਕੀ ਹੈ।ਮੁਕੱਦਮੇ ਦੀ ਅਦਾਲਤ 'ਚ ਚੱਲੀ ਸੁਣਵਾਈ ਦੌਰਾਨ ਪ੍ਰਾਸੀਕਿਊਸ਼ਨ ਅਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਗਏ ਸਬੂਤਾਂ, ਗਵਾਹੀਆਂ ਅਤੇ ਦਲੀਲਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਲਖਵੀਰ ਸਿੰਘ ਵਾਸੀ ਪਿੰਡ ਪੰਜੋਲੀ ਕਲਾਂ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ ਅਤੇ 5,000 ਰੁਪਏ ਜੁਰਮਾਨਾ, ਅ/ਧ 420 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ ਅਤੇ 2,000 ਰੁਪਏ ਜੁਰਮਾਨਾ,ਅ/ਧ 467 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ ਅਤੇ 5,000 ਰੁਪਏ ਜੁਰਮਾਨਾ, ਅ/ਧ 468 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ ਅਤੇ 2,000 ਰੁਪਏ ਜੁਰਮਾਨਾ, ਅ/ਧ 471 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 2 ਸਾਲ ਕੈਦ ਬਾਮੁਸ਼ੱਕਤ ਅਤੇ 1,000/- ਰੁਪਏ ਜੁਰਮਾਨਾ, ਅ/ਧ 201 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 2 ਸਾਲ ਕੈਦ ਬਾਮੁਸ਼ੱਕਤ ਅਤੇ 1,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

## ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਲਈ 6.76 ਕਰੋੜ ਜਾਰੀ : ਖੁੱਡੀਆਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਉਣੀ ਦੇ ਸੀਜ਼ਨ 2023 ਦੌਰਾਨ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਕਰਨ ਵਾਲੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕਿਸਾਨਾਂ ਲਈ 6 ਕਰੋੜ 76 ਲੱਖ 98 ਹਜ਼ਾਰ 510 ਰੁਪਏ ਜਾਰੀ ਕਰ ਦਿੱਤੇ ਹਨ।ਇਹ ਜਾਣਕਾਰੀ ਪੰਜਾਬ ਦੇ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਦਿੱਤੀ ਹੈ।ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ 45132 ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ।

ਉਨ੍ਹਾ ਦੱਸਿਆ ਕਿ ਪੂਰੇ ਰਾਜ ਦੇ 17007 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 19.83 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ ਹਨ।ਉਨ੍ਹਾ ਦੱਸਿਆ ਕਿ ਸਾਲ 2023-24 ਦੌਰਾਨ ਸੂਬੇ 'ਚ ਕੁੱਲ 19,114 ਕਿਸਾਨਾਂ ਨੇ ਡੀ.ਐੱਸ.ਆਰ. ਪੋਰਟਲ 'ਤੇ 1,72,049 ਏਕੜ ਰਕਬਾ ਰਜਿਸਟਰਡ ਕੀਤਾ ਸੀ।ਸਬੰਧਤ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਪੜਤਾਲ ਕਰਨ ਉਪਰੰਤ ਕੁੱਲ 18,931 ਕਿਸਾਨਾਂ ਤੇ ਡੀ.ਐੱਸ.ਆਰ. ਅਧੀਨ 1,33,745.67 ਏਕੜ ਰਕਬੇ ਦੀ ਤਸਦੀਕ ਕੀਤੀ ਗਈ ਹੈ।ਸ੍ਰ. ਖੁੱਡੀਆਂ ਨੇ ਦੱਸਿਆ ਕਿ ਪੜਤਾਲ ਉਪਰੰਤ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੁੱਲ 19.83 ਕਰੋੜ ਰੁਪਏ ਦੀ ਸਫ਼ਲਤਾਪੂਰਵਕ ਅਦਾਇਗੀ ਕਰ ਦਿੱਤੀ ਗਈ ਹੈ।ਇਸ ਤਰ੍ਹਾਂ ਕਿਸਾਨਾਂ ਨੂੰ 98.8 ਫ਼ੀਸਦੀ ਰਕਮ ਦੀ ਅਦਾਇਗੀ ਕਰ ਦਿੱਤੀ ਗਈ ਹੈ ਅਤੇ ਬਾਕੀ ਰਕਮ ਵੀ ਜਲਦੀ ਟਰਾਂਸਫਰ ਕਰ ਦਿੱਤੀ ਜਾਵੇਗੀ।

## ਮਰਨ ਵਰਤ 'ਤੇ ਬੈਠਾ ਲਾਲੀ ਇਨਸਾਫ ਪਾਉਣ ਲਈ ਕਰੇਗਾ ਹੁਣ ਚੱਕਾ ਜਾਮ

**ਸਚਾਈ ਦੇ ਹਿਸਾਬ ਨਾਲ ਜ਼ਰੂਰ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ : ਡੀ ਐੱਸ ਪੀ**



**ਗੁਰੂਹਰਸਹਾਏ (ਦੀਪਕ ਵਧਾਵਨ)**

ਇਨਸਾਫ ਪਾਉਣ ਲਈ ਪਿਛਲੇ ਛੇ ਦਿਨਾਂ ਤੋਂ ਮਰਨ ਵਰਤ 'ਤੇ ਬੈਠਾ ਆਪਣੀ ਦੁਨੀਆ ਭਗਤ ਸਿੰਘ ਰਾਜ ਦਰਬਾਰ ਦਾ ਸੂਬਾ ਕਨਵੀਨਰ ਚਰਨ ਦਾਸ ਲਾਲੀ ਜੀਵਾ ਅਰਾਈਂ ਹੁਣ ਇਨਸਾਫ ਨਾ ਮਿਲਣ ਕਰਕੇ ਅਗਲੇ ਪੜਾਅ ਵਜੋਂ ਜੀ ਟੀ ਰੋਡ ਜਾਮ ਕਰੇਗਾ। ਜੀ ਟੀ ਰੋਡ ਜਾਮ ਕਰਨ ਦਾ ਐਲਾਨ ਲਾਲੀ ਨੇ ਰੱਖੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਲਾਲੀ ਦੀ ਮੰਗ ਹੈ ਕਿ ਉਸ ਦੀ ਮਾਰਕੁੱਟ ਕਰਕੇ ਉਸ ਦਾ ਘਰ ਢਾਹੁਣ ਵਾਲੇ ਦੋਸ਼ੀਆਂ ਖਿਲਾਫ ਜੇਕਰ ਐਤਵਾਰ ਤੱਕ ਪਰਚਾ ਦਰਜ ਨਹੀਂ ਕੀਤਾ ਜਾਂਦਾ ਤਾਂ ਉਹ ਅੱਠ ਜਨਵਰੀ ਸੋਮਵਾਰ ਨੂੰ ਫਿਰੋਜ਼ਪੁਰ-ਫਾਜ਼ਿਲਕਾ ਜੀ ਟੀ ਰੋਡ ਜਾਮ ਕਰਕੇ ਇਨਸਾਫ ਦੀ ਮੰਗ ਕਰੇਗਾ। ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਆਗੂ ਲਾਲੀ ਜੀਵਾ ਅਰਾਈਂ ਨੇ ਦੱਸਿਆ ਕਿ ਉਸ ਨੇ ਇਕ ਕਨਾਲ ਸੱਤ ਮਰਲੇ ਜਗ੍ਹਾ ਪਿੰਡ ਬੰਦੀ ਵਾਲਾ ਦਾਖਲੀ ਮੋਹਨ ਕੇ ਉਤਾੜ ਵਿਖੇ ਖਰੀਦ ਕੀਤੀ ਸੀ। ਉਸ ਨੇ ਦੱਸਿਆ ਕਿ ਉਸ ਦੇ ਗੁਆਂਢੀਆਂ ਨੇ ਉਸ ਦੀ ਮਾਲਕੀ ਵਾਲੀ ਜਗ੍ਹਾ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਮੇਰੇ ਨਾਲ ਮਾਰ ਕੁਟਾਈ ਕੀਤੀ ਤੇ ਉਕਤ ਮੇਰੇ ਘਰ ਦੀ ਭਨਤੋੜ ਵੀ ਕੀਤੀ, ਜਿਸ ਸੰਬੰਧੀ ਡਾਕਟਰੀ ਰਿਪੋਰਟ ਕਰਵਾ ਕੇ ਪੁਲਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਗਈ, ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਲਾਲੀ ਨੇ ਦੱਸਿਆ ਕਿ ਪੁਲਸ ਨੇ ਹੁਣ ਤੱਕ ਇਨਸਾਫ ਦੇਣ ਦੇ ਸਿਰਫ ਲਾਰੇ ਹੀ ਲਗਾਏ ਹਨ ਅਤੇ ਹੁਣ ਉਹ ਪੁਲਸ ਦੇ ਲਾਰਿਆਂ ਤੋਂ ਅੱਕ ਚੁੱਕਿਆ ਹੈ। ਲਾਲੀ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਐਤਵਾਰ 7 ਜਨਵਰੀ ਤੱਕ ਦੋਸ਼ੀਆਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਉਹ 8 ਜਨਵਰੀ ਨੂੰ ਇਨਸਾਫ ਪਾਉਣ ਲਈ ਤੇ ਪੁਲਸ ਦੇ ਇਸ ਰਵੱਈਏ ਨੂੰ ਨੰਗਿਆਂ ਕਰਨ ਲਈ ਜੀ ਟੀ ਰੋਡ ਜਾਮ ਕਰੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੁਲਸ ਪ੍ਰਸ਼ਾਸਨ ਦੀ ਹੋਵੇਗੀ।

ਜਦੋਂ ਇਸ ਸਬੰਧੀ ਡੀ ਐੱਸ ਪੀ ਭੁਪਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਨਵੇਂ ਆਏ ਹੋਣ ਕਰਕੇ ਇਹ ਮਾਮਲਾ ਹੁਣ ਹੀ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਡੀ ਐੱਸ ਪੀ ਨੇ ਕਿਹਾ ਕਿ ਉਨ੍ਹਾਂ ਨੇ ਸ਼ਨੀਵਾਰ ਨੂੰ ਖੁਦ ਮੌਕੇ 'ਤੇ ਜਾ ਕੇ ਮੌਕਾ ਦੇਖਿਆ ਹੈ ਤੇ ਸਾਰੀ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਇੱਕ ਟੀਮ ਬਣਾ ਕੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਮਾਮਲੇ ਵਿੱਚ ਸੱਚਾਈ ਦੇ ਹਿਸਾਬ ਨਾਲ ਕਾਨੂੰਨੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ।

## ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਨਵੇਂ ਸਾਲ ਦਾ ਕੈਲੰਡਰ ਰਿਲੀਜ਼



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ (ਰਜਿ:) ਭਾਰਤ ਵੱਲੋਂ ਸਾਲ 2024 ਨਵੇਂ ਸਾਲ ਦਾ ਕੈਲੰਡਰ ਤਿਆਰ ਕੀਤਾ ਗਿਆ, ਜਿਸ ਨੂੰ ਸ੍ਰੀ ਜਤਿੰਦਰ ਜੋਰਵਾਲ ਡਿਪਟੀ ਕਮਿਸ਼ਨਰ ਵੱਲੋਂ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਦਿਲੋਂ ਸਤਿਕਾਰ ਕਰਦੇ ਹਨ। ਉਨ੍ਹਾਂ ਦੀ ਸੋਚ 'ਤੇ ਚੱਲਣ ਵਾਲੇ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਉਨ੍ਹਾਂ ਭਾਰਤੀਯ ਅੰਬੇਡਕਰ ਮਿਸ਼ਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਦਾ ਸਮਾਜ ਅੰਦਰ ਅਹਿਮ ਯੋਗਦਾਨ ਹੈ, ਜਦ ਵੀ ਕੋਈ ਕੁਦਰਤੀ ਕਰੋਪੀ ਆਈ ਹੈ। ਭਾਰਤੀਯ ਅੰਬੇਡਕਰ ਮਿਸ਼ਨ ਸਣੇ ਹੋਰ ਵੀ ਅਨੇਕਾਂ ਸੰਸਥਾਵਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਡਟ ਕੇ ਸਾਥ ਦਿੱਤਾ ਹੈ, ਜਿਨ੍ਹਾਂ ਦੇ ਜਜ਼ਬੇ ਦਾ ਉਹ ਦਿਲੋਂ ਸਤਿਕਾਰ ਕਰਦੇ ਹਨ। ਮਿਸ਼ਨ ਵੱਲੋਂ ਕੀਤੀਆਂ ਜਾ ਰਹੀਆਂ ਸਮਾਜ ਸੇਵੀ ਗਤੀਵਿਧੀਆਂ ਲਈ ਜਤਿੰਦਰ ਜੋਰਵਾਲ ਡਿਪਟੀ ਕਮਿਸ਼ਨਰ ਨੇ ਵਧਾਈ ਦਿੱਤੀ ਅਤੇ ਆਪਣੇ ਵੱਲੋਂ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਨੇ ਕਿਹਾ ਕਿ ਮਿਸ਼ਨ ਦੇ ਸਾਥੀ ਪਿਛਲੇ 25 ਸਾਲਾਂ ਤੋਂ ਲਗਾਤਾਰ ਸਿਰਫ ਜ਼ਿਲ੍ਹਾ ਸੰਗਰੂਰ ਹੀ ਨਹੀਂ ਪੰਜਾਬ ਸਣੇ ਹੋਰ ਵੀ ਵੱਖ ਵੱਖ ਸੂਬਿਆਂ ਅੰਦਰ ਸਮਾਜ ਸੇਵੀ ਕਾਰਜ ਕਰ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਵੱਖ ਵੱਖ ਢੰਗ ਨਾਲ ਮਿਸ਼ਨ ਦੇ ਸਾਥੀਆਂ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁਕੇਸ਼ ਰਤਨਾਕਰ, ਸੁਖਪਾਲ ਸਿੰਘ ਭੰਮਾਬੱਦੀ, ਬਲਵੀਰ ਸਿੰਘ, ਕਮਲ ਕੁਮਾਰ ਗੋਗਾ, ਅਮਰਿੰਦਰ ਸਿੰਘ ਬੱਬੀ, ਰਵੀ ਕੁਮਾਰ ਚੌਹਾਨ, ਅਸ਼ੋਕ ਕੁਮਾਰ, ਅਮਨ ਚੋਪੜਾ, ਮਨੋਜ ਕੁਮਾਰ ਤੇ ਸਾਜਨ ਕਾਂਗੜਾ ਆਦਿ ਹਾਜ਼ਰ ਸਨ।

## ਮਾਲ ਵਿਭਾਗ ਨਾਲ ਸੰਬੰਧਤ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ : ਜਿੰਪਾ



**ਲੁਧਿਆਣਾ (ਰਾਜ ਸਿੰਗਲਾ)**-ਸੂਬੇ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਗਰਿਕਾਂ ਨੂੰ ਮਾਲ ਵਿਭਾਗ ਨਾਲ ਸੰਬੰਧਤ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਜਿਸ ਤਹਿਤ ਸੂਬੇ ਭਰ 'ਚ ਅੱਜ ਛੁੱਟੀ ਵਾਲੇ ਦਿਨ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਸਰਕਾਰ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਥਾਨਕ ਬੱਚਤ ਭਵਨ ਵਿਖੇ ਲੰਬਿਤ ਇੰਤਕਾਲਾਂ ਦੇ ਨਿਪਟਾਰੇ ਸਬੰਧੀ ਲੱਗੇ ਕੈਂਪ ਮੌਕੇ ਸ਼ਿਰਕਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਵਿਧਾਇਕ ਗੁਰਪ੍ਰੀਤ ਸਿੰਘ ਬੱਸੀ ਗੋਗੀ, ਦਲਜੀਤ ਸਿੰਘ ਗਰੇਵਾਲ, ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ, ਐਸ.ਡੀ.ਐਮ. ਡਾ. ਹਰਜਿੰਦਰ ਸਿੰਘ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਵਲੋਂ ਪੁੱਛੇ ਸੁਆਲ ਦਾ ਜੁਆਬ ਦਿੰਦਿਆਂ ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਹੇਠ ਲੱਗੇ ਕੈਂਪਾਂ ਦਾ ਜਾਇਜ਼ਾ ਲੈਣ ਲਈ ਉਹ ਲੁਧਿਆਣਾ ਪਹੁੰਚੇ ਹਨ ਜਿਸ ਵਿੱਚ ਲੰਬਿਤ ਇੰਤਕਾਲਾਂ ਦੀ ਜਾਣਕਾਰੀ ਲਈ ਗਈ ਅਤੇ ਸਪੱਸ਼ਟ ਕੀਤਾ ਆਮ ਲੋਕਾਂ ਨੂੰ ਦਫ਼ਤਰਾਂ 'ਚ ਕਿਸੇ ਵੀ ਹੀਲੇ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਾਨੂੰਨੀ ਅੜਚਨ, ਘਰੇਲੂ ਵਿਵਾਦ ਜਾਂ ਕੋਈ ਹੋਰ ਮਸਲੇ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇੰਤਕਾਲ ਬਕਾਇਆ ਨਹੀਂ ਰਹਿਣ ਦਿੱਤਾ ਜਾਵੇਗਾ।ਉਨ੍ਹਾ ਇਹ ਵੀ ਕਿਹਾ ਕਿ ਮਾਲ ਵਿਭਾਗ ਨਾਲ ਸੰਬੰਧਤ ਸੇਵਾਵਾਂ ਵਿੱਚ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਦੀ ਕੋਤਾਹੀ ਸਾਹਮਣੇ ਆਉਂਦੀ ਹੈ ਤਾਂ ਉਸ ਖਿਲਾਫ ਬਣਦੀ ਵਿਭਾਗੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਲੋਕਾਂ ਦਾ ਕੰਮ ਸਮੇਂ ਸਿਰ ਕਰਨ, ਚੰਗਾ ਵਿਵਹਾਰ ਕਰਨ ਵਾਲੇ ਅਧਿਕਾਰੀਆਂ ਦਾ ਮਾਣ-ਸਨਮਾਨ ਵੀ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਆਉਣ ਵਾਲੇ ਸਮੇਂ 'ਚ ਵੱਖ-ਵੱਖ ਸਰਕਲਾਂ ਦੀ ਰੈਸ਼ਨੇਲਾਈਜੇਸ਼ਨ ਵੀ ਕੀਤੀ ਜਾਵੇਗੀ ਤਾਂ ਜੋ ਸਾਰੇ ਸਰਕਲਾਂ ਵਿੱਚ ਬਰਾਬਰ ਕੰਮ ਵੰਡਿਆ ਜਾ ਸਕੇ। ਉਨ੍ਹਾ ਸਪੱਸ਼ਟ ਕੀਤਾ ਕਿ ਮੌਜੂਦਾ ਸਮੇਂ ਵਿੱਚ ਕਿਸੇ ਸਰਕਲ ਅਧੀਨ ਬਿਲਕੁੱਲ ਵੀ ਕੰਮ ਨਹੀਂ ਹੈ, ਕਿਤੇ ਬਹੁਤ ਜ਼ਿਆਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨਾਗਰਿਕਾਂ ਨੂੰ ਸੁਚਾਰੂ, ਨਿਰਵਿਘਨ ਅਤੇ ਪਾਰਦਰਸ਼ੀ ਢੰਗ ਨਾਲ ਪ੍ਰਸ਼ਾਸਕੀ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸੂਬੇ ਭਰ ਵਿੱਚ ਹੋਰ ਵੀ ਕੈਂਪ ਲਗਾਏ ਜਾਣਗੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਇਨ੍ਹਾਂ ਸੇਵਾਵਾਂ ਦਾ ਲਾਭ ਪਹੁੰਚਾਇਆ ਜਾ ਸਕੇ।

## ਸਿੱਖਿਆ ਮੰਤਰੀ ਬੈਂਸ ਨੇ ਕੀਤੀ ਲੁਧਿਆਣਾ 'ਚ ਰਾਸ਼ਟਰੀ ਖੇਡਾਂ ਦੀ ਸ਼ੁਰੂਆਤ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਡ ਮੈਦਾਨ ਵਿਖੇ ਨੈਸ਼ਨਲ ਖੇਡਾਂ ਦਾ ਉਦਘਾਟਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕਰਨ ਉਪਰੰਤ ਧੂਮ-ਧੜੱਕੇ ਨਾਲ ਸ਼ੁਰੂ ਹੋ ਗਈਆਂ। ਇਸ ਮੌਕੇ ਸਿੱਖਿਆ ਮੰਤਰੀ ਬੈਂਸ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ 'ਚ ਅਨੁਸ਼ਾਸਨ ਅਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਹਨ। ਉਨ੍ਹਾ ਕਿਹਾ ਕਿ ਖੇਡਾਂ ਦਾ ਉਦੇਸ਼ ਇਮਾਨਦਾਰੀ ਨਾਲ ਖੇਡਣਾ ਅਤੇ ਜਿੱਤਣ ਲਈ ਜੂਝਣਾ ਹੁੰਦਾ ਹੈ ਅਤੇ ਖੇਡਾਂ ਖੇਡਣ ਨਾਲ ਵਿਦਿਆਰਥੀ ਨਸ਼ਿਆਂ ਤੋਂ ਦੂਰ ਰਹਿੰਦੇ ਹਨ। ਇਸੇ ਕਰਕੇ ਸੂਬਾ ਸਰਕਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਖੇਡ ਮੈਦਾਨ ਬਣਾ ਰਹੀ ਹੈ। ਇਸ ਮੌਕੇ ਉਨ੍ਹਾ ਦੇ ਨਾਲ ਵਿਧਾਇਕ ਗੁਰਪ੍ਰੀਤ ਸਿੰਘ ਬੱਸੀ ਗੋਗੀ, ਦਲਜੀਤ ਸਿੰਘ ਗਰੇਵਾਲ ਭੋਲਾ, ਕੁਲਵੰਤ ਸਿੰਘ ਸਿੱਧੂ ਉਚੇਚੇ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਸਿੱਖਿਆ ਮੰਤਰੀ ਬੈਂਸ ਵੱਲੋਂ ਫੈਡਰੇਸ਼ਨ ਆਫ ਇੰਡੀਆ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸ਼ਾਂਤੀ ਦੇ ਪ੍ਰਤੀਕ ਗੁਬਾਰੇ ਵੀ ਅਸਮਾਨ ਵੱਲ ਛੱਡੇ। ਵੱਖ-ਵੱਖ ਰਾਜਾਂ ਤੋਂ ਆਏ ਖਿਡਾਰੀਆਂ ਨੇ ਮਾਰਚ ਪਾਸਟ ਕੀਤਾ। ਜ਼ਿਲ੍ਹਾ ਸਿੱਖਿਆ ਅਫਸਰ ਡਿੰਪਲ ਮਦਾਨ, ਉਪ ਜ਼ਿਲ੍ਹਾ ਸਿੱਖਿਆ ਅਫਸਰ ਜਸਵਿੰਦਰ ਸਿੰਘ ਵਿਰਕ, ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਬਲਦੇਵ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਮਨੋਜ ਕੁਮਾਰ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਕੁਲਵੀਰ ਸਿੰਘ ਵੱਲੋਂ ਕੈਬਨਿਟ ਮੰਤਰੀ ਬੈਂਸ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ ਕ੍ਰਾਂਤੀਕਾਰੀ ਦੌਰ 'ਚ ਪਹੁੰਚ ਚੁੱਕੀ ਹੈ । ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵਲੋਂ ਬੱਚਿਆਂ ਨੂੰ ਆਈ ਏ ਐਸ, ਯੂ ਪੀ ਐਸ ਈ ਵਰਗੇ ਇਮਤਿਹਾਨਾਂ ਦੀ ਤਿਆਰੀ ਲਈ ਕੋਚਿੰਗ ਦੇਣੀ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਬੱਚਿਆਂ ਦੇ ਇਮਤਿਹਾਨ ਫਰਵਰੀ ਮਹੀਨੇ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸਿੱਖਿਆ ਮੰਤਰੀ ਬੈਂਸ ਵਲੋਂ ਅੰਤਰ ਰਾਸ਼ਟਰੀ ਜੂਡੋ ਖਿਡਾਰਨ ਕੰਵਰਪ੍ਰੀਤ ਕੌਰ ਦਾ ਸਨਮਾਨ ਕੀਤਾ ਗਿਆ।

## ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਨਾ ਲਈ ਕੀਤਾ ਜਾਗਰੂਕ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸੀਨੀਅਰ ਕਪਤਾਨ ਪੁਲਸ ਦੇ ਦਿਸ਼ਾ-ਨਿਰਦੇਸ਼ ਹੇਠ ਅਤੇ ਜੋਰਾ ਸਿੰਘ ਕਾਂਗੜਾ ਡੀਐੱਸਪੀ ਟ੍ਰੈਫ਼ਿਕ ਦੀ ਰਹਿਨੁਮਾਈ ਹੇਠ ਐਂਜਲ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਤੇ ਡਰਾਈਵਰਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ ਕਰਨ, ਸੀਟ ਬੈਲਟ ਦੀ ਵਰਤੋਂ ਕਰਨ, ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ, ਲੇਨ ਡਰਾਈਵਿੰਗ ਸੰਬੰਧੀ, ਵਹੀਕਲਾਂ ਦੇ ਦਸਤਾਵੇਜ਼ ਪੂਰੇ ਰੱਖਣ, ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਤੇ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਜਾਗਰੂਕ ਕੀਤਾ ਗਿਆ। ਏਐਸਆਈ ਕੇਵਲ ਸਿੰਘ ਇੰਚਾਰਜ ਟ੍ਰੈਫ਼ਿਕ ਐਜੂਕੇਸ਼ਨ ਸੈੱਲ ਨੇ ਸੰਬੋਧਨ ਕੀਤਾ। ਕੇਵਲ ਸਿੰਘ ਇੰਚਾਰਜ ਟ੍ਰੈਫ਼ਿਕ ਐਜੂਕੇਸ਼ਨ ਸੈੱਲ ਮੋਗਾ ਨੇ ਸਾਰਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸੰਬੰਧੀ, ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ, ਵਹੀਕਲਾਂ ਦੇ ਦਸਤਾਵੇਜ਼ ਪੂਰੇ ਰੱਖਣ, ਨਸ਼ਾ ਕਰਕੇ ਵਹੀਕਲ ਨਾ ਚਲਾਉਣ, ਦੋ ਪਹੀਆ ਵਾਹਨ ਚਲਾਉਣ ਵੇਲੇ ਹੈਲਮਟ ਦੀ ਵਰਤੋਂ ਕਰਨ, ਗੱਡੀ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰਨ, ਵਹੀਕਲ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰਨ ਅਤੇ ਲੇਨ ਡਰਾਈਵਿੰਗ ਸੰਬੰਧੀ ਵੀ ਵਿਸਥਾਰਪੂਰਵਕ ਜਾਗਰੂਕ ਕੀਤਾ ਗਿਆ। ਵਹੀਕਲਾਂ 'ਤੇ ਹਾਈ ਸਕਿਊਰਟੀ ਨੰਬਰ ਪਲੇਟਾਂ ਲਵਾਉਣ ਦੀ ਅਪੀਲ ਕੀਤੀ ਗਈ। ਧੁੰਦ ਦੇ ਮੌਸਮ ਨੂੰ ਮੁੱਖ ਰੱਖਦਿਆਂ ਸਕੂਲੀ ਵੈਨਾਂ 'ਤੇ ਰਿਫਲੈਕਟਰ ਵੀ ਲਾਏ ਗਏ ਤਾਂ ਜੁ ਸੜਕ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ। ਇਸ ਤੋਂ ਇਲਾਵਾ ਅਣਪਛਾਤੇ ਵਹੀਕਲ ਨਾਲ ਐਕਸੀਡੈਂਟ ਹੋਣ ਤੇ ਸਿਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਹੈੱਡ ਕਾਂਸਟੇਬਲ ਸੁਖਜਿੰਦਰ ਸਿੰਘ ਟ੍ਰੈਫ਼ਿਕ ਐਜੂਕੇਸ਼ਨ ਸੈਲ ਮੋਗਾ, ਪ੍ਰੈਜੀਡੈਂਟ ਐਡਵੋਕੇਟ ਕਰਨ ਸ਼ਰਮਾ, ਸੈਕਟਰੀ ਡਾਕਟਰ ਅਸ਼ੋਕ ਸ਼ਰਮਾ, ਪ੍ਰਿੰਸੀਪਲ ਅਮ੍ਰਿਤਾ ਸਿੰਘ, ਵਾਈਸ ਪ੍ਰਿੰਸੀਪਲ ਰੇਖਾ ਸ਼ਰਮਾ, ਮਨਦੀਪ ਸਿੰਘ, ਸੰਦੀਪ ਸਿੰਘ ਤੇ ਪਰਮਵੀਰ ਕੌਰ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਆਮ ਆਦਮੀ ਕਲੀਨਿਕ ਲੋਕਾਂ ਲਈ ਹੋ ਰਹੇ ਹਨ ਵਰਦਾਨ ਸਾਬਿਤ : ਡਾ. ਬਲਜੀਤ ਕੌਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਕੁਲਭੂਸ਼ਨ ਚਾਵਲਾ)**-ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਵਧੀਆ ਅਤੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਸ੍ਰੀ ਮੁਕਤਸਰ ਸਾਹਿਬ ਵਿਚ 20 ਆਮ ਆਦਮੀ ਕਲੀਨਿਕ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਨੂੰ ਘਰਾਂ ਦੇ ਨੇੜੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਅਤੇ ਜਲਦ ਹੀ ਜ਼ਿਲ੍ਹੇ ਵਿਚ 2 ਆਮ ਆਦਮੀ ਕਲੀਨਿਕ ਗਿੱਦੜਬਾਹਾ ਅਤੇ ਬਰੀਵਾਲਾ ਵਿਖੇ ਖੁੱਲ੍ਹਣ ਜਾ ਰਹੇ ਹਨ।ਕੈਬਨਿਟ ਮੰਤਰੀ ਦੱਸਿਆ ਕਿ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਚੱਲ ਰਹੇ 20 ਆਮ ਆਦਮੀ ਕਲੀਨਿਕਾਂ ਵਲੋਂ ਦਸੰਬਰ 2023 ਦੇ ਅੰਤ ਤੱਕ 218652 ਮਰੀਜ਼ਾਂ ਨੂੰ ਚੈਕ ਕੀਤਾ ਗਿਆ ਅਤੇ 89353 ਮਰੀਜਾਂ ਦੇ ਮੁਫਤ ਲੈਬ ਟੈਸਟ ਕੀਤੇ ਗਏ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ ।ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿਚ ਮੌਕੇ 'ਤੇ ਹੀ ਮਰੀਜ਼ਾਂ ਦਾ ਚੈੱਕਅੱਪ ਕਰਕੇ ਲੋੜੀਂਦੀਆਂ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ।ਆਮ ਆਦਮੀ ਕਲੀਨਿਕਾਂ ਵਿਚ 38 ਤਰ੍ਹਾਂ ਦੇ ਲੈਬ ਟੈਸਟ ਵੀ ਮੁਫਤ ਕੀਤੇ ਜਾ ਰਹੇ ਹਨ ਅਤੇ 90 ਤਰ੍ਹਾਂ ਦੀਆਂ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ ਅਤੇ ਮਰੀਜ਼ਾਂ ਦਾ ਆਨਲਾਈਨ ਰਿਕਾਰਡ ਰੱਖਿਆ ਜਾ ਰਿਹਾ ਹੈ ।

# ...ਸਫ਼ਾ 1 ਦੇ ਬਾਕੀ

## ਰਾਸ਼ਨ ਘਪਲੇ 'ਚ ਟੀ...

ਰਾਸ਼ਨ ਖੁੱਲ੍ਹੇ ਬਾਜ਼ਾਰ 'ਚ ਭੇਜ ਦਿੱਤਾ ਗਿਆ ਸੀ।

ਟੀ ਐੱਮ ਸੀ ਨੇਤਾ ਦੀ ਗ੍ਰਿਫ਼ਤਾਰੀ ਅਤੇ ਈ ਡੀ ਦੀ ਟੀਮ 'ਤੇ ਹੋਏ ਹਮਲੇ ਤੋਂ ਬਾਅਦ ਪੱਛਮੀ ਬੰਗਾਲ ਦੀ ਰਾਜਨੀਤੀ ਇੱਕ ਵਾਰ ਫਿਰ ਤੋਂ ਚਰਚਾ 'ਚ ਆ ਗਈ ਹੈ। ਜਿੱਥੇ ਟੀ ਐੱਮ ਸੀ 'ਤੇ ਭਾਜਪਾ ਨੇ ਨਿਸ਼ਾਨਾ ਲਾਇਆ, ਉਥੇ ਹੀ ਕਾਂਗਰਸ ਨੇ ਵੀ ਸੂਬੇ 'ਚ ਰਾਸ਼ਟਰਪਤੀ ਸ਼ਾਸਨ ਦੀ ਮੰਗ ਕੀਤੀ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਈ ਡੀ ਦੀ ਟੀਮ 'ਤੇ ਹੋਏ ਹਮਲੇ ਨੂੰ ਲੈ ਕੇ ਤ੍ਰਿਣਮੂਲ ਕਾਂਗਰਸ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਨਿਸ਼ਾਨਾ ਲਾਇਆ। ਉਨ੍ਹਾ ਦੋਸ਼ ਲਾਇਆ ਕਿ ਬੰਗਾਲ 'ਚ ਲੋਕਤੰਤਰ ਨਹੀਂ ਅਤੇ ਇਸ ਤਰ੍ਹਾਂ ਲੱਗਦਾ ਹੈ ਕਿ ਮਮਤਾ ਬੈਨਰਜੀ ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਵਰਗੀ ਸਰਕਾਰ ਦੀ ਅਗਵਾਈ ਕਰ ਰਹੀ ਹੈ। ਉਨ੍ਹਾ ਕਿਹਾ— ਪੱਛਮੀ ਬੰਗਾਲ 'ਚ ਲੋਕਤੰਤਰ ਵਰਗਾ ਕੁਝ ਨਹੀ। ਕਾਂਗਰਸ ਸਾਂਸਦ ਅਧੀਰ ਰੰਜਨ ਚੌਧਰੀ ਨੇ ਕਿਹਾ—ਸੂਬੇ 'ਚ ਹੁਣ ਕਾਨੂੰਨ ਵਿਵਸਥਾ ਲੜਖੜਾ ਗਈ ਹੈ, ਉਨ੍ਹਾ ਕਿਹਾ ਕਿ ਜੇਕਰ ਟੀ ਐੱਮ ਸੀ ਸ਼ਾਸਤ ਸੂਬੇ 'ਚ ਅਧਿਕਾਰੀਆਂ ਦੀ ਹੱਤਿਆ ਹੋ ਜਾਵੇ ਤਾਂ ਉਨ੍ਹਾ ਨੂੰ ਹੈਰਾਨੀ ਨਹੀਂ ਹੋਵੇਗੀ। ਹਾਲਾਂਕਿ ਟੀ ਐੱਮ ਸੀ ਨੇ ਕਾਂਗਰਸ ਦੇ ਤਨਜ਼ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਕਾਂਗਰਸ ਨੇਤਾ ਭਾਜਪਾ ਦੇ ਏਜੰਟ ਹਨ। ਟੀ ਐੱਮ ਸੀ ਨੇਤਾ ਕੁਨਾਲ ਘੋਸ਼ ਨੇ ਕਿਹਾ, 'ਅਧੀਰ ਰੰਜਨ ਚੌਧਰੀ ਭਾਜਪਾ ਦੇ ਏਜੰਟ ਹਨ।' ਉਥੇ ਹੀ ਭਾਜਪਾ ਦੀ ਸੂਬਾ ਇਕਾਈ ਦੇ ਪ੍ਰਮੁੱਖ ਸੁਕਾਂਤ ਮਜੂਮਦਾਰ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਘਟਨਾ ਦੀ ਐੱਨ ਆਈ ਏ ਜਾਂਚ ਦੀ ਮੰਗ ਕੀਤੀ ਹੈ।

## ਐੱਨ ਸੀ ਪੀ ਦੀ ...

ਜੇਕਰ ਕਿਸੇ ਨੂੰ ਚੌਹਾਨ ਦੀ ਵਿਰਾਸਤ ਨੂੰ ਅੱਗੇ ਲਿਜਾਣ ਦਾ ਅਧਿਕਾਰ ਹੈ, ਤਾਂ ਉਹ ਸੁਪ੍ਰੀਆ ਸੂਲੇ ਹੋਵੇਗੀ, ਹੋਰ ਕੋਈ ਨਹੀਂ।' ਐੱਨ ਸੀ ਪੀ ਦੇ ਦੋਵੇਂ ਗੁਟ ਮਹਾਰਾਸ਼ਟਰ ਦੇ ਸਭ ਤੋਂ ਵੱਡੇ ਨੇਤਾਵਾਂ 'ਚੋਂ ਇੱਕ ਮਹਾਰਾਸ਼ਟਰ ਦੇ ਪਹਿਲੇ ਮੁੱਖ ਮੰਤਰੀ ਚੌਹਾਨ ਦੀ ਸਹੁੰ ਲੈਂਦੇ ਹਨ। ਸੂਲੇ ਨੇ ਇੱਕ ਝਟਕੇ 'ਚ ਨਾ ਸਿਰਫ਼ ਇਹ ਕਹਿ ਕਿ ਅਜੀਤ ਚੌਹਾਨ ਦੇ ਆਦਰਸ਼ਾਂ 'ਤੇ ਨਹੀਂ ਚੱਲ ਰਹੇ, ਬਲਕਿ ਇਹ ਵੀ ਸਾਫ ਕਰ ਦਿੱਤਾ ਕਿ ਪਾਰਟੀ ਦੀ ਅਗਵਾਈ ਕਰਨ ਲਈ ਸਿਰਫ਼ ਉਹੀ ਸਹੀ ਹੈ।

ਅਜੀਤ ਪਵਾਰ ਦਾ ਨਾਂਅ ਲਏ ਬਿਨਾਂ ਸੂਲੇ ਨੇ ਕਿਹਾ ਕਿ ਕੇਂਦਰੀ ਏਜੰਸੀਆਂ ਦੀ ਜਾਂਚ ਦੇ ਸਾਹਮਣੇ ਉਹਨਾ ਗੋਢੇ ਟੇਕ ਦਿੱਤੇ। ਸੂਲੇ ਨੇ ਕਿਹਾ ਕਿ ਉਹ ਡਰੀ ਨਹੀਂ, ਕਿਉਂਕਿ ਉਹ ਇਮਾਨਦਾਰ ਹੈ। ਉਨ੍ਹਾ ਕਿਹਾ —ਮੇਰੇ ਕੋਲ ਛੁਪਾਉਣ ਲਈ ਕੁਝ ਨਹੀ। ਮੈਂ ਇਮਾਨਦਾਰ ਹਾਂ, ਨਾ ਤਾਂ ਮੇਰੇ ਪਤੀ ਠੇਕੇਦਾਰ ਹਨ ਅਤੇ ਨਾ ਹੀ ਮੈਂ।

## ਦੇਸ਼ ਭਗਤ ਯਾਦਗਾਰ..

ਅੰਦਰ ਕੰਮ ਕਰਦੀਆਂ ਸੰਸਥਾਵਾਂ, ਪਰਵਾਰਾਂ, ਵਿਅਕਤੀਆਂ ਨਾਲ ਲਗਾਤਾਰ ਰਾਬਤਾ ਬਣਾ ਕੇ ਰੱਖਣ ਲਈ ਠੋਸ ਕਦਮ ਚੁੱਕਣ 'ਤੇ ਵਿਚਾਰਾਂ ਹੋਈਆਂ। ਇਹ ਵੀ ਵਿਚਾਰ ਆਏ ਕਿ ਸਾਲ ਭਰ ਦੀਆਂ ਹਾਲ ਦੇ ਅੰਦਰ ਅਤੇ ਬਾਹਰ ਹੋਣ ਵਾਲੀਆਂ ਸਰਗਰਮੀਆਂ ਦੀ ਅੰਤਰ-ਕੜੀ ਅੱਗੋਂ ਸਾਲਾਨਾ 'ਮੇਲਾ ਗ਼ਦਰੀ ਬਾਬਿਆਂ ਦਾ' ਨਾਲ ਜੋੜਨ ਦਾ ਨਿਸ਼ਾਨਾ ਮਿਥ ਕੇ ਤੁਰਿਆ ਜਾਏਗਾ, ਜਿਸ ਸਦਕਾ ਮੇਲੇ ਦੇ ਰੰਗ ਰੂਪ 'ਚ ਹਰ ਪੱਖੋਂ ਖੇੜਾ ਆਏਗਾ। ਸਮਾਗਮ 'ਚ ਮਾਸਟਰ ਭਜਨ ਸਿੰਘ ਕੈਨੇਡਾ, ਚੈਂਚਲ ਸਿੰਘ ਮਾਹਿਲਪੁਰ ਕੈਨੇਡਾ ਅਤੇ ਰਤਨ ਪਾਲ ਮਹਿਮੀ ਇੰਗਲੈਂਡ ਦਾ ਸਨਮਾਨ ਕੀਤਾ ਗਿਆ। ਇਸ ਵਿਸ਼ਾਲ ਵਿਚਾਰ-ਚਰਚਾ 'ਚ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਪ੍ਰੋ. ਗੋਪਾਲ ਬੁੱਟਰ, ਪ੍ਰੋ. ਤੇਜਿੰਦਰ ਵਿਰਲੀ ਤੋਂ ਇਲਾਵਾ ਤਰਕਸ਼ੀਲ, ਜਮਹੂਰੀ ਅਧਿਕਾਰ ਸਭਾ ਦੇ ਪ੍ਰਤੀਨਿਧ ਅਤੇ ਲੰਗੇਰੀ, ਰਾਏਪੁਰ ਡੱਬਾ, ਸੁਨੇਤ, ਬੱਦੋਵਾਲ, ਲਲਤੋਂ, ਢੁੱਡੀਕੇ, ਦਦੇਹਰ ਸਾਹਿਬ, ਭਕਨਾ, ਗੰਡੀਵਿੰਡ ਆਦਿ ਗ਼ਦਰੀਆਂ ਦੇ ਪਿੰਡਾਂ ਸਮੇਤ ਕੋਈ ਪੰਜ ਦਰਜਨ ਪ੍ਰਤੀਨਿਧ ਹਾਜ਼ਰ ਹੋਏ। ਜਮਹੂਰੀ ਹੱਕਾਂ 'ਤੇ ਛਾਪੇ ਮਾਰਨ ਲਈ ਮੜ੍ਹੇ ਜਾ ਰਹੇ ਨਵੇਂ ਕਾਨੂੰਨ ਵਾਪਸ ਲੈਣ, ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਬੰਦ ਕਰਨ, ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੇ ਮਤੇ ਵੀ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ। ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦੇ ਹੋਏ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਭਨਾਂ ਵਿਚਾਰਾਂ, ਸੁਝਾਵਾਂ ਦੀ ਰੌਸ਼ਨੀ 'ਚ ਠੋਸ ਯਤਨ ਕੀਤੇ ਜਾਣਗੇ, ਤਾਂ ਜੋ ਦੇਸ਼ ਭਗਤ ਯਾਦਗਾਰ ਹਾਲ ਅਤੇ ਸਥਾਨਕ ਸਰਗਰਮੀਆਂ ਦੇ ਉਤਸ਼ਾਹਜਨਕ ਨਤੀਜੇ ਸਾਹਮਣੇ ਆ ਸਕਣ।

## ਜਾਖੜ ਨੇ ਝੂਠ ਬੋਲ...

ਬਜਾਏ ਭਾਜਪਾ ਪੰਜਾਬ ਪ੍ਰਧਾਨ ਨੇ ਸਾਡੀ ਸਰਕਾਰ ਨੂੰ ਬਦਨਾਮ ਕਰਨ ਲਈ ਝੂਠ ਫੈਲਾਉਣ ਦਾ ਰਾਹ ਚੁਣਿਆ।ਸੁਨੀਲ ਜਾਖੜ ਨੇ ਆਪਣੇ ਝੂਠਾਂ ਰਾਹੀਂ ਪੰਜਾਬ, ਪੰਜਾਬੀਆਂ, ਪੰਜਾਬੀਅਤ ਅਤੇ ਪੰਜਾਬ ਦੇ ਸੱਭਿਆਚਾਰ ਅਤੇ ਇਤਿਹਾਸ ਦਾ ਨਿਰਾਦਰ ਕੀਤਾ ਹੈ।ਕੰਗ ਨੇ ਕਿਹਾ ਕਿ ਹੁਣ ਰੱਖਿਆ ਮੰਤਰਾਲੇ (ਭਾਰਤ ਸਰਕਾਰ) ਨੇ ਸਪੱਸ਼ਟ ਕੀਤਾ ਹੈ ਕਿ 26 ਜਨਵਰੀ ਦੀ ਪਰੇਡ ਲਈ ਕੇਂਦਰ ਸਰਕਾਰ ਨੂੰ ਭੇਜੀ ਗਈ ਪੰਜਾਬ ਦੀ ਝਾਕੀ ਦੇ ਕਾਨਸੈਪਟ 'ਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਫੋਟੋਆਂ ਸ਼ਾਮਲ ਨਹੀਂ ਸਨ।ਕੰਗ ਨੇ ਮੰਗ ਕੀਤੀ ਕਿ ਜਾਂ ਤਾਂ ਸੁਨੀਲ ਜਾਖੜ ਸਾਡੇ ਸ਼ਹੀਦਾਂ ਅਤੇ ਵਿਰਸੇ ਦਾ ਨਿਰਾਦਰ ਕਰਨ ਲਈ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣ ਜਾਂ ਫਿਰ ਆਪਣੀ ਗੱਲ ਦਾ ਸਬੂਤ ਦੇਣ । ਕੰਗ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਪੰਜਾਬ ਦੇ ਹੱਕ ਵਿੱਚ ਸਟੈਂਡ ਲੈਣਾ ਚਾਹੀਦਾ ਸੀ, ਭਾਜਪਾ ਪੰਜਾਬ ਨਾਲ ਲਗਾਤਾਰ ਵਿਤਕਰਾ ਕਰ ਰਹੀ ਹੈ ਅਤੇ ਉਨ੍ਹਾਂ ਸਾਡੇ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਅਪਮਾਨ ਕੀਤਾ ਹੈ । ਕੰਗ ਨੇ ਕਿਹਾ ਕਿ ਸੁਨੀਲ ਜਾਖੜ ਨੂੰ ਮੁਆਫੀ ਮੰਗਣੀ ਚਾਹੀਦੀ ਹੈ, ਕਿਉਂਕਿ ਉਨ੍ਹਾ ਜੋ ਕੀਤਾ, ਉਹ ਪੰਜਾਬ ਅਤੇ ਪੰਜਾਬੀਅਤ ਵਿਰੁੱਧ ਅਪਰਾਧ ਹੈ । ਕੰਗ ਨੇ ਦੁਹਰਾਇਆ, 'ਅਸੀਂ ਇਸ ਮਾਮਲੇ ਨੂੰ ਉਦੋਂ ਤੱਕ ਨਹੀਂ ਛੱਡਾਂਗੇ, ਜਦੋਂ ਤੱਕ ਉਹ ਮੁਆਫੀ ਨਹੀਂ ਮੰਗਦੇ।'

## ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਮਹਿਲ ਖ਼ੁਰਦ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮਹਾਨ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ।ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਏ ਇਸ ਨਗਰ ਕੀਰਤਨ ਦਾ ਹਰ ਪੜਾਅ ਉਪਰ ਸੰਗਤਾਂ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ।ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ, ਹੈੱਡ ਗਰੰਥੀ ਭਾਈ ਹਰਬੰਸ ਸਿੰਘ ਮਹਿਲਵੀਂ ਨੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਯੂਥ ਆਗੂ ਰੂਬਲ ਗਿੱਲ ਕੈਨੇਡਾ, ਭਾਈ ਮਲਕੀਤ ਸਿੰਘ, ਮਨਜੀਤ ਸਿੰਘ ਮਹਿਲ ਖ਼ੁਰਦ, ਮਿਸਤਰੀ ਰਾਜਾ ਸਿੰਘ, ਜਗਤਾਰ ਸਿੰਘ, ਬਿੰਦਰ ਹੈਰੀ ਕੈਨੇਡਾ, ਭਗਵੰਤ ਸਿੰਘ, ਮਿੰਟੂ ਹੈਰੀ, ਗੋਲਡੀ ਜਗਦੇ, ਗੁਲਜ਼ਾਰ ਸਿੰਘ, ਨਿਸ਼ਾਨ ਸਿੰਘ, ਕੇਵਲ ਸਿੰਘ, ਮਿਸਤਰੀ ਪਿਆਰਾ ਸਿੰਘ, ਗੁਰਪ੍ਰੀਤ ਸਿੰਘ ਸੰਘੇੜਾ, ਬਾਬਾ ਰਾਜ ਸਿੰਘ ਆਦਿ ਹਾਜ਼ਰ ਸਨ।

## ਮਿਡ ਡੇ ਮੀਲ ਦੀ ਕੁਕਿੰਗ ਕਾਸਟ 'ਚ ਵਾਧਾ ਕਰੇ ਸਰਕਾਰ : ਡੀ ਟੀ ਐੱਫ

**ਮੋਗਾ (ਅਮਰਜੀਤ ਬੱਬਰੀ)**-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਮਿਡ ਡੇ ਮੀਲ ਮੀਨੂੰ 'ਚ ਸਿੱਖਿਆ ਵਿਭਾਗ ਵੱਲੋਂ ਤਬਦੀਲੀ ਕੀਤੀ ਗਈ ਹੈ, ਮਿਡ ਡੇ ਮੀਲ ਮੀਨੂੰ ਅਨੁਸਾਰ ਹੁਣ ਵਿਦਿਆਰਥੀਆਂ ਨੂੰ ਜਨਵਰੀ ਤੋਂ 31 ਮਾਰਚ ਤੱਕ ਹਰ ਸੋਮਵਾਰ ਕੇਲਾ ਫ਼ਲ ਦੇ ਰੂਪ ਵਿੱਚ ਦੇਣਾ ਸ਼ਾਮਲ ਕੀਤਾ ਗਿਆ ਹੈ ਤੇ ਹਰ ਬੁੱਧਵਾਰ ਛੋਲੇ ਪੂਰੀਆਂ ਖਵਾਉਣ ਦੀ ਹਦਾਇਤ ਕੀਤੀ ਗਈ ਹੈ।ਸਿੱਖਿਆ ਵਿਭਾਗ ਦੇ ਇਸ ਫੈਸਲੇ 'ਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ, ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਤੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਘੋਲੀਆਂ ਨੇ ਕਿਹਾ ਕਿ ਵਿਭਾਗ ਨੂੰ ਆਪਣੀ ਨੀਤੀ ਦੀ ਦੁਬਾਰਾ ਪੜਚੋਲ ਕਰਨੀ ਚਾਹੀਦੀ ਹੈ, ਕਿਉਂਕਿ ਪੁਰਾਣੀ ਕੁਕਿੰਗ ਕਾਸਟ ਦੇ ਅਨੁਸਾਰ ਇਹ ਦੋਵੇਂ ਚੀਜ਼ਾਂ ਦੇਣੀਆਂ ਅਧਿਆਪਕਾਂ ਲਈ ਬਹੁਤ ਮੁਸ਼ਕਲ ਹਨ, ਕਿਉਂਕਿ ਤੇਲ ਬਾਜ਼ਾਰ ਵਿੱਚ ਮਹਿੰਗੇ ਭਾਅ ਤੇ ਮਿਲ ਰਿਹਾ ਹੈ ਤੇ ਕੇਲੇ ਵੀ ਹੁਣ ਦਰਜਨ ਦੀ ਬਜਾਏ 50 ਤੋਂ 60 ਰੁਪਏ ਕਿੱਲੋ ਦੇ ਹਿਸਾਬ ਨਾਲ ਮਿਲ ਰਹੇ ਹਨ ਪੰਜ ਰੁਪਏ ਵਿੱਚ ਕੇਲਾ ਦੇਣਾ ਬਹੁਤ ਮੁਸ਼ਕਲ ਹੈ।ਜ਼ਿਲ੍ਹਾ ਮੀਤ ਪ੍ਰਧਾਨ ਸਵਰਨਦਾਸ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਝੋਰੜਾਂ ਜ਼ਿਲ੍ਹਾ ਜਥੇਬੰਦਕ ਸਕੱਤਰ ਅਮਨਦੀਪ ਮਾਛੀਕੇ ਤੇ ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਸਰਕਾਰ ਠੰਢ ਦੇ ਇਸ ਮੌਸਮ ਵਿੱਚ ਕੇਲਾ ਵੈਸੇ ਵੀ ਸਿਹਤ ਲਈ ਨੁਕਸਾਨਦਾਇਕ ਹੈ ਅਤੇ ਠੰਡੀਆਂ ਪੂਰੀਆਂ ਖਾਣ ਨਾਲ ਵੀ ਬੱਚੇ ਬਿਮਾਰ ਹੋ ਸਕਦੇ ਹਨ।ਆਗੂਆਂ ਨੇ ਸਰਕਾਰ ਤੋਂ ਦੁਬਾਰਾ ਤੋਂ ਆਪਣੀ ਇਸ ਨਵੀਂ ਨੀਤੀ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਤੇ ਮਿਡ ਡੇ ਮੀਲ ਦਾ ਖਰਚ ਪੂਰਾ ਕਰਨ ਲਈ ਕੁਕਿੰਗ ਕਾਸਟ ਵਧਾ ਕੇ 10 ਰੁਪਏ ਕਰਨ ਦੀ ਮੰਗ ਕੀਤੀ।ਇਸ ਸਮੇਂ ਜਗਜੀਤ ਸਿੰਘ ਰਣੀਆਂ, ਦੀਪਕ ਮਿੱਤਲ, ਸਵਰਨਜੀਤ ਭਗਤਾ, ਜਸਵਿੰਦਰ ਸਿੰਘ, ਅਮਰਦੀਪ ਬੁੱਟਰ, ਨਰਿੰਦਰ ਸਿੰਘ, ਬਲਵਿੰਦਰ ਸਿੰਘ, ਮਧੂ ਮੈਡਮ, ਮਮਤਾ ਕੌਸ਼ਲ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ ।

## ਕਾਮਰੇਡ ਪੂਰਨ ਸਿੰਘ..

ਸਿੰਘ ਗੋਰੀਆ, ਸੂਬਾਈ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਰਮੇਸ਼ ਰਤਨ, ਲੁਧਿਆਣਾ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਸ਼ਹਿਰੀ ਸਹਾਇਕ ਸਕੱਤਰ ਵਿਜੇ ਕੁਮਾਰ ਅਤੇ ਵਿਨੋਦ ਕੁਮਾਰ, ਭਰਪੂਰ ਸਿੰਘ ਸਵੱਦੀ, ਅਜੀਤ ਜਵੱਦੀ, ਸੁਖਦੇਵ ਸਿੰਘ ਸਿਰਸਾ, ਗੁਲਜ਼ਾਰ ਸਿੰਘ ਪੰਧੇਰ, ਰਾਮ ਸਰੂਪ, ਉਜਾਗਰ ਸਿੰਘ ਲਲਤੋਂ, ਹਰਬੰਸ ਸਿੰਘ ਮਾਲਵਾ, ਕੁਲਦੀਪ ਸਿੰਘ, ਮੇਜਰ ਸਿੰਘ ਕਿਲ੍ਹਾ ਰਾਏਪੁਰ, ਗੁਰਮੇਲ ਸਿੰਘ ਸਰਪੰਚ ਧੂਲਕੋਟ ਅਤੇ ਰਿਸ਼ਤੇਦਾਰ ਤੇ ਇਲਾਕੇ ਦੇ ਹੋਰ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਉਹਨਾ ਨਮਿਤ ਭੋਗ ਅਤੇ ਅੰਤਮ ਅਰਦਾਸ 14 ਜਨਵਰੀ ਨੂੰ ਉਹਨਾ ਦੇ ਪਿੰਡ ਨਾਰੰਗਵਾਲ ਵਿਖੇ ਹੋਏਗਾ।ਇਸ ਮੌਕੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾਕਟਰ ਸੁਖਦੇਵ ਸਿਰਸਾ ਅਤੇ ਪੰਜਾਬ ਦੇ ਆਗੂਆਂ ਪ੍ਰੋ. ਸੁਰਜੀਤ ਜੱਜ, ਡਾ. ਕੁਲਦੀਪ ਸਿੰਘ ਦੀਪ, ਸਿਰੀਰਾਮ ਅਰਸ਼, ਡਾ. ਗੁਰਮੇਲ ਸਿੰਘ, ਗੁਰਨਾਮ ਕੰਵਰ, ਕਰਮ ਸਿੰਘ ਵਕੀਲ, ਬਲਕਾਰ ਸਿੱਧੂ, ਡਾ. ਲਾਭ ਸਿੰਘ ਖੀਵਾ, ਮਨਜੀਤ ਕੌਰ ਮੀਤ ਅਤੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਭੂਪਿੰਦਰ ਮਲਿਕ, ਦੀਪਕ ਸ਼ਰਮਾ ਚਨਾਰਥਲ ਅਤੇ 'ਸਾਡਾ ਜੁਗ' ਦੇ ਸੰਪਾਦਕ ਭੁਪਿੰਦਰ ਸਾਂਬਰ ਨੇ ਸਾਥੀ ਨਾਰੰਗਵਾਲ ਦੇ ਦਿਹਾਂਤ ਉਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਹਨਾ ਦੇ ਸਪੁੱਤਰ ਡਾ. ਸਰਬਜੀਤ ਸਿੰਘ ਨਾਲ ਦੁੱਖ ਸਾਂਝਾ ਕੀਤਾ।

## ਭੂਪਾਲ : ਬਾਲਿਕਾ ਗ੍ਰਹਿ 'ਚੋਂ ...

ਵੱਲੋਂ ਚਲਾਏ ਜਾ ਰਹੇ ਗੈਰ-ਕਾਨੂੰਨੀ ਬਾਲ ਗ੍ਰਹਿ ਦਾ ਦੌਰਾ ਕੀਤਾ। ਜੋ ਬੱਚੇ ਸੜਕਾਂ ਤੋਂ ਰੈਸਕਿਊ ਕੀਤੇ ਗਏ, ਉਨ੍ਹਾਂ ਦੀ ਜਾਣਕਾਰੀ ਸਰਕਾਰ ਨੂੰ ਦਿੱਤੇ ਬਗੈਰ ਬਿਨਾਂ ਲਾਇਸੰਸ ਲਏ ਚੋਰੀ-ਛਿਪੇ ਬਾਲ ਗ੍ਰਹਿ ਨੂੰ ਚਲਾਇਆ ਜਾ ਰਿਹਾ ਸੀ। ਬਾਲ ਗ੍ਰਹਿ 'ਚ 6 ਸਾਲ ਤੋਂ 18 ਸਾਲ ਤੱਕ ਦੀਆਂ 40 ਤੋਂ ਵੱਧ ਲੜਕੀਆ ਸਨ। ਘਟਨਾ ਨੂੰ ਲੈ ਕੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਮਾਮਲੇ 'ਚ ਤੁਰੰਤ ਐਕਸ਼ਨ ਲੈਣ ਦੀ ਮੰਗ ਕੀਤੀ ਹੈ। ਸ਼ਿਵਰਾਜ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ 'ਚ ਲਿਖਿਆ, 'ਭੂਪਾਲ ਦੇ ਪਰਵਲੀਆ ਥਾਣਾ ਖੇਤਰ 'ਚ ਬਿਨਾਂ ਇਜਾਜ਼ਤ ਚੱਲ ਰਹੇ ਬਾਲ ਗ੍ਰਹਿ 'ਚੋਂ 26 ਬੱਚੀਆਂ ਦੇ ਗੁੰਮ ਹੋਣ ਦਾ ਮਾਮਲਾ ਮੇਰੇ ਧਿਆਨ 'ਚ ਆਇਆ ਹੈ। ਇਸ ਗੰਭੀਰ ਸੰਵੇਦਨਸ਼ੀਲ ਮਾਮਲੇ ਨੂੰ ਦੇਖਦੇ ਹੋਏ ਸਰਕਾਰ ਨੂੰ ਤੁਰੰਤ ਐਕਸ਼ਨ ਲੈਣ ਦੀ ਬੇਨਤੀ ਕਰਦਾ ਹਾਂ।'

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

7-JAN-PAGE-3.qxd 1/6/2024 10:59 PM Page 1



## ਐਂਟੀ ਡਰੱਗਜ਼ ਸੋਸ਼ਲ ਵੈੱਲਫੇਅਰ ਸੋਸਾਇਟੀ ਵੱਲੋਂ ਸੀਸੀਟੀਵੀ ਕੈਮਰੇ ਲਾਉਣ ਦਾ ਆਗਾਜ਼



**ਬਟਾਲਾ (ਤਰਲੋਕ ਬੱਗਾ)**-ਐਂਟੀ ਡਰੱਗਜ਼ ਸੋਸ਼ਲ ਵੈੱਲਫੇਅਰ ਸੋਸਾਇਟੀ ਪ੍ਰੇਮ ਨਗਰ ਦਾਰਾ ਸਲਾਮ ਬਟਾਲਾ ਵੱਲੋਂ ਨਸ਼ਿਆਂ ਦੇ ਸੁਦਾਗਰਾਂ 'ਤੇ ਤਿੱਖੀ ਨਜ਼ਰ ਰੱਖਣ ਲਈ ਕੈਮਰੇ ਲਗਾਉਣ ਦੀ ਸ਼ੁਰੂਆਤ ਪੰਡਿਤ ਸ਼ੰਭੂ ਪ੍ਰਸਾਦ ਦੁਆਰਾ ਰਿਬਨ ਕੱਟ ਕੇ ਲਾਹੌਰੀ ਚੌਕ ਦਾਰਾ ਸਲਾਮ ਤੋਂ ਕੀਤੀ ਗਈ। ਹੁਣ ਇਹ ਲਗਾਏ ਗਏ ਕੈਮਰੇ ਹਰੇਕ ਮਾੜੇ ਕੰਮ ਕਰਨ ਵਾਲੇ ਅਨਸਰਾਂ 'ਤੇ ਕੜੀ ਨਜ਼ਰ ਰੱਖਣਗੇ।ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ ਪੰਜਾਬ ਸਰਕਾਰ ਜਾਂ ਪੰਜਾਬ ਪੁਲਸ ਤੱਕ ਸੀਮਤ ਨਹੀਂ ਹੈ, ਇਸ ਮੁਹਿੰਮ ਦਾ ਹਿੱਸਾ ਬਣਨਾ ਅਤੇ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਖਾਤਮਾ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਅਸੀਂ ਨਸ਼ਿਆਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਕੇ ਆਪਣਾ ਫਰਜ਼ ਨਿਭਾ ਰਹੇ ਹਾਂ। ਉਨ੍ਹਾਂ ਕਿਹਾ ਕਿ ਮੁਹੱਲਾ ਵਾਸੀਆਂ ਨੂੰ ਚਾਹੀਦਾ ਹੈ ਕਿ ਨਸ਼ਾ ਤਸਕਰਾਂ ਅਤੇ ਪੀੜਤਾਂ ਦੀ ਜਾਣਕਾਰੀ ਸੁਸਾਇਟੀ ਜਾਂ ਪੁਲਸ ਨੂੰ ਦੇ ਕੇ ਸਾਡੇ ਯਤਨਾਂ ਦਾ ਸਮਰਥਨ ਕਰਨ ਲਈ ਅੱਗੇ ਆਉਣ।ਇਸ ਮੌਕੇ ਗੁਰਪ੍ਰੀਤ ਸਿੰਘ ਸ਼ਾਨਾ ਐੱਮਸੀ, ਪੰਡਿਤ ਸ਼ੰਭੂ ਪ੍ਰਸਾਦ ਸ਼ਰਮਾ, ਵਿਨੋਦ ਸ਼ਰਮਾ, ਸੁਮਨ ਸ਼ਰਮਾ, ਜੈ ਜੋਸ਼ੀ, ਅਮਿਤ ਸ਼ਰਮਾ, ਰਜੇਸ਼ ਸ਼ਰਮਾ ਰਾਜੂ, ਰਕੇਸ਼ ਘੁੱਕ, ਸਤਨਾਮ ਸਿੰਘ, ਪ੍ਰਿੰਸ ਸ਼ਰਮਾ, ਸੁਰਿੰਦਰ ਸਿੰਘ, ਦਲੀਪ ਸਿੰਘ, ਗੁਲਸ਼ਨ, ਰਾਹੁਲ, ਵਿੱਕੀ ਅਨਿਲ ਪ੍ਰਧਾਨ, ਮੇਘ ਰਾਜ, ਆਸੂ ਸ਼ਰਮਾ, ਵੇਦ ਮਹਾਜਨ ਅਤੇ ਬਨਦੀਪ ਸਿੰਘ ਵਾਹਲਾ ਆਦਿ ਮੁਹੱਲਾ ਨਿਵਾਸੀ ਹਾਜ਼ਰ ਸਨ।

## ਦੁਕਾਨ 'ਤੇ ਕੱਪੜਾ ਖਰੀਦਣ ਆਈ ਔਰਤ ਦੀ 18 ਹਜ਼ਾਰ ਨਕਦੀ ਤੇ ਸੋਨੇ ਦੇ ਝੁਮਕੇ ਚੋਰੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸ਼ਹਿਰ ਧਾਰੀਵਾਲ ਵਿੱਚ ਇਕ ਕੱਪੜੇ ਦੀ ਦੁਕਾਨ ਤੋਂ ਕੱਪੜਾ ਖਰੀਦਣ ਆਈ ਇਕ ਔਰਤ ਦੇ ਪਰਸ ਵਿੱਚੋਂ 18 ਹਜ਼ਾਰ ਰੁਪਏ ਨਕਦ ਅਤੇ ਸੋਨੇ ਦੇ ਝੁਮਕੇ ਚੋਰੀ ਕਰਕੇ ਇਕ ਔਰਤ ਰੱਫੂ ਚੱਕਰ ਹੋਈ। ਪੀੜਤ ਸਵਰਨ ਕੌਰ ਪਤਨੀ ਪਿਆਰਾ ਸਿੰਘ ਮੰਡ ਵਾਸੀ ਪਸਨਾਵਾਲ ਨੇ ਦੱਸਿਆ ਕਿ ਉਹ ਅਤੇ ਉਸਦੀ ਨੂੰਹ ਆਪਣੀ ਦੋਹਤੀ ਦੇ ਵਿਆਹ ਲਈ ਸ਼ਹਿਰ ਧਾਰੀਵਾਲ ਵਿੱਚ ਖਰੀਦੋ ਫਰੋਖਤ ਕਰ ਰਹੀਆਂ ਸਨ। ਇਸ ਦੌਰਾਨ ਉਹ ਧਾਰੀਵਾਲ ਵਿੱਚ ਛੱਤੀ ਖੂਹੀ ਨੇੜੇ ਕੱਪੜੇ ਦੀ ਇਕ ਮਸ਼ਹੂਰ ਦੁਕਾਨ ਤੋਂ ਸੂਟ ਖਰੀਦਣ ਲਈ ਕੱਪੜੇ ਵੇਖ ਰਹੀਆਂ ਸਨ ਕਿ ਸੰਤਰੀ ਰੰਗ ਦੇ ਸ਼ਾਲ ਦੀ ਬੁੱਕਲ ਮਾਰੀ ਇਕ ਅਣਪਛਾਤੀ ਔਰਤ ਆ ਕੇ ਉਨ੍ਹਾਂ ਦੇ ਪਿੱਛੇ ਖੜੀ ਹੋ ਗਈ ਅਤੇ ਮੇਰੀ ਬਾਂਹ ਵਿੱਚ ਪਾਏ ਹੋਏ ਪਰਸ ਵਿੱਚੋਂ 18 ਹਜ਼ਾਰ ਰੁਪਏ ਨਕਦੀ ਅਤੇ ਸੋਨੇ ਦੇ ਝੁਮਕੇ ਚੁਰਾ ਕੇ ਫਰਾਰ ਹੋ ਗਈ। ਇਸ ਚੋਰੀ ਦੀ ਘਟਨਾ ਦੀਆਂ ਤਸਵੀਰਾਂ ਕੱਪੜੇ ਦੀ ਦੁਕਾਨ ਵਿੱਚ ਲੱਗੇ ਸੀਸੀਟੀਵੀ ਕੈਮਰੇ ਵਿੱਚ ਆਈਆਂ ਹਨ, ਜਿਸ ਦੀ ਫੁਟੇਜ (ਵੀਡੀਓ) ਉਨ੍ਹਾਂ ਦੇ ਕੋਲ ਹੈ। ਪੀੜਤ ਸਵਰਨ ਕੌਰ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੂੰ ਲਿਖਤੀ ਤੌਰ 'ਤੇ ਸੂਚਨਾ ਦੇ ਦਿੱਤੀ ਹੈ। ਪੀੜਤ ਔਰਤ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਚੋਰੀ ਕਰਨ ਵਾਲੀ ਅਣਪਛਾਤੀ ਔਰਤ ਨੂੰ ਕਾਬੂ ਕਰਕੇ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ ਅਤੇ ਚੋਰੀ ਕੀਤੇ ਪੈਸੇ ਅਤੇ ਸੋਨੇ ਦੇ ਝੁਮਕੇ ਮੈਨੂੰ ਵਾਪਿਸ ਦਿਵਾਏ ਜਾਣ।

## ਸਟਾਫ ਨਰਸ ਨਾਲ ਮਰੀਜ਼ ਦੇ ਵਾਰਸਾਂ ਵੱਲੋਂ ਦੁਰਵਿਹਾਰ



**ਕਲਾਨੌਰ (ਮਨਦੀਪ ਕੋਹਲੀ)**-ਬੀਤੀ ਰਾਤ ਸਰਕਾਰੀ ਹਸਪਤਾਲ ਕਲਾਨੌਰ ਵਿਖੇ ਮਰੀਜ਼ ਦੇ ਨਾਲ ਆਏ ਰਿਸ਼ਤੇਦਾਰਾਂ ਵੱਲੋਂ ਮਹਿਲਾ ਸਟਾਫ ਨਰਸ ਨਾਲ ਦੁਰਵਿਹਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸਟਾਫ ਨਰਸ ਕੰਵਲਜੀਤ ਕੌਰ ਜੋ ਕਿ ਰਾਤ ਦੇ ਸਮੇਂ ਡਿਊਟੀ 'ਤੇ ਤਾਇਨਾਤ ਸੀ ਕਿ ਪਿੰਡ ਰਹੀਮਾਬਾਦ ਤੋਂ ਰਾਤ ਦੇ 11.45 ਵਜੇ ਮਰੀਜ਼ ਨੂੰ ਲੈ ਕੇ ਪਰਿਵਾਰਿਕ ਮੈਂਬਰ ਹਸਪਤਾਲ ਆਏ। ਉਨ੍ਹਾਂ ਵੱਲੋਂ ਡਿਊਟੀ 'ਤੇ ਤਾਇਨਾਤ ਡਾਕਟਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਡਿਊਟੀ 'ਤੇ ਡਾਕਟਰ ਨਹੀਂ ਹਨ। ਇਸ ਤੋਂ ਬਾਅਦ ਮਰੀਜ਼ ਦੇ ਨਾਲ ਆਏ ਰਿਸ਼ਤੇਦਾਰਾਂ ਵੱਲੋਂ ਤੈਸ਼ ਵਿੱਚ ਆਣ ਕੇ ਉਸ ਨਾਲ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਗਿਆ ਅਤੇ ਬਦਤਮੀਜ਼ੀ ਕੀਤੀ। ਇਸ ਸਬੰਧੀ ਐੱਸਐੱਮਓ ਕਲਾਨੌਰ ਡਾਕਟਰ ਸੁਖਦੀਪ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਕਲਾਨੌਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਐੱਸਐੱਚਓ ਮੇਜਰ ਸਿੰਘ ਨੇ ਕਿਹਾ ਕਿ ਸਾਨੂੰ ਲਿਖਤੀ ਸ਼ਿਕਾਇਤ ਮਿਲੀ ਹੈ। ਅਸੀਂ ਹਸਪਤਾਲ ਦੇ ਕੈਮਰਿਆਂ ਦੀ ਚੈਕਿੰਗ ਕਰਕੇ ਜੋ ਵੀ ਦੋਸ਼ੀ ਪਾਇਆ ਗਿਆ ਉਸ ਖਿਲਾਫ ਸਖਤ ਕਾਰਵਾਈ ਕਰਾਂਗੇ।

## ਪੱਤਰਕਾਰ ਜਨਕ ਮਹਾਜਨ ਨੂੰ ਸਦਮਾ, ਭਰਜਾਈ ਦਾ ਦਿਹਾਂਤ



**ਗੁਰਦਾਸਪੁਰ (ਨਜ਼ਸ)**-ਗੁਰਦਾਸਪੁਰ ਤੋਂ 'ਨਵਾਂ ਜ਼ਮਾਨਾ' ਅਖ਼ਬਾਰ ਦੇ ਪੱਤਰਕਾਰ ਜਨਕ ਮਹਾਜਨ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਅੱਜ ਤੜਕੇ ਉਨ੍ਹਾਂ ਦੀ ਭਰਜਾਈ ਰਾਜ ਰਾਣੀ ਪਤਨੀ ਸਵ. ਵਿਸ਼ਵਾ ਮਿੱਤਰ ਮਹਾਜਨ ਦਾ ਅਚਾਨਕ ਦਿਹਾਂਤ ਹੋ ਗਿਆ। ਉਹ ਕਰੀਬ 90 ਵਰ੍ਹਿਆਂ ਦੇ ਸਨ। ਉਹ ਬੜੇ ਹੀ ਮਿਲਾਪੜੇ ਅਤੇ ਧਾਰਮਿਕ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿਚ ਇਲਾਕੇ ਦੇ ਸਮੂਹ ਪੱਤਰਕਾਰ ਭਾਈਚਾਰੇ, ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਪੱਤਰਕਾਰ ਜਨਕ ਮਹਾਜਨ ਨਾਲ ਗ਼ਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮ੍ਰਿਤਕ ਰਾਜਰਾਣੀ ਦੇ ਸਪੁੱਤਰ ਸਤੀਸ਼ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਦਾ ਸਸਕਾਰ ਅੱਜ ਦਿਨ ਐਤਵਾਰ ਨੂੰ ਨਗਰ ਸੁਧਾਰ ਟਰੱਸਟ ਸਕੀਮ ਨੰਬਰ 5 ਗੁਰਦਾਸਪੁਰ ਨੇੜੇ ਪੈਂਦੇ ਪਿੰਡ ਬਾਬੋਵਾਲ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

## ਭਲਕੇ ਕਲਾਨੌਰ ਵਿਖੇ ਲੱਗੇਗਾ ਡੇਅਰੀ ਵਿਭਾਗ ਦਾ ਬਲਾਕ ਪੱਧਰੀ ਸੈਮੀਨਾਰ

**ਗੁਰਦਾਸਪੁਰ (ਜਨਕ ਮਹਾਜਨ)**-ਡੇਅਰੀ ਵਿਕਾਸ ਵਿਭਾਗ ਪੰਜਾਬ ਅਤੇ ਨੈਸ਼ਨਲ ਲਾਈਵ ਸਟਾਕ ਮਿਸ਼ਨ ਦੀਆਂ ਸਕੀਮਾਂ ਸਬੰਧੀ ਪਿੰਡ ਕਲਾਨੌਰ ਵਿਖੇ 8 ਜਨਵਰੀ 2024 ਨੂੰ ਸਵੇਰੇ 10 ਵਜੇ ਬਲਾਕ ਪੱਧਰੀ ਸੈਮੀਨਾਰ ਲਗਾਇਆ ਜਾਵੇਗਾ। ਡੇਅਰੀ ਵਿਕਾਸ ਵਿਭਾਗ ਦੇ ਡਿਪਟੀ ਡਾਇਰੈਕਟਰ ਵਰਿਆਮ ਸਿੰਘ ਨੇ ਪਸ਼ੂ ਪਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨੈਸ਼ਨਲ ਲਾਈਵ ਸਟਾਕ ਮਿਸ਼ਨ ਸਕੀਮ ਅਧੀਨ ਦੁੱਧ ਉਤਪਾਦਕ ਜਾਗਰੂਕਤਾ ਸੈਮੀਨਾਰ ਵਿਚ ਪਹੁੰਚ ਕੇ ਸਰਕਾਰ ਦੀਆਂ ਸਕੀਮਾਂ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਸੈਮੀਨਾਰ ਵਿਚ ਪਸ਼ੂ ਪਾਲਕਾਂ/ਕਿਸਾਨਾਂ ਨੂੰ ਉਨ੍ਹਾਂ ਦੇ ਪਸ਼ੂਆਂ ਲਈ ਮਿਨਰਲ ਮਿਕਸਸਰ (ਧਾਤਾਂ ਦਾ ਚੂਰਾ) ਅਤੇ ਕਿੱਟਾਂ ਦੇ ਨਾਲ ਲਿਟਰੇਚਰ ਵੀ ਵੰਡਿਆ ਜਾਵੇਗਾ।

## ਸ਼ਿਪਸ ਇੰਸਟੀਚਿਊਟ ਰਾਣੀ ਵਾਲਾਹ ਵਿਖੇ ਆਫ਼ਤ ਪ੍ਰਬੰਧਨ 'ਤੇ ਵਰਕਸ਼ਾਪ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸ਼ਿਪਸ ਗਰੁੱਪ ਆਫ ਇੰਸਟੀਟਿਊਟ ਦੇ ਚੇਅਰਮੈਨ ਗੁਲਵਿੰਦਰ ਸਿੰਘ ਸੰਧੂ ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਦੀ ਅਗਵਾਈ ਵਿੱਚ ਚੱਲ ਰਹੀ ਸੰਸਥਾ ਐੱਸ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਾਲਾਹ ਵਿਖੇ ਸਕੂਲ ਦੇ ਪ੍ਰਿੰ. ਡਾ. ਸੁਮਨ ਡਡਵਾਲ, ਪ੍ਰਿੰ. ਨਿਰਭੈ ਸਿੰਘ ਸੰਧੂ ਵਲੋਂ ਆਫ਼ਤ ਪ੍ਰਬੰਧਨ ਤੇ ਵਰਕਸ਼ਾਪ ਲਗਾਈ। ਉਨ੍ਹਾਂ ਦੱਸਿਆ ਕਿ ਕੁਦਰਤੀ ਆਫ਼ਤਾਂ ਸਮੁੱਚੇ ਵਾਤਾਵਰਣ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਅਧਿਆਪਕਾਂ ਲਈ ਆਫ਼ਤ ਪ੍ਰਬੰਧਨ ਨਾਲ ਨਜਿੱਠਣ ਲਈ ਇਸਦੀ ਜਾਣਕਾਰੀ ਹੋਣੀ ਬਹੁਤ ਮਹੱਤਵਪੂਰਨ ਹੈ ਕਿਉਕਿ ਜਾਣਕਾਰੀ ਵਿਚ ਹੀ ਬਚਾਵ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਸਕੂਲ ਵਿਚ ਕੁਝ ਕੁਦਰਤੀ ਅਤੇ ਗੈਰ ਕੁਦਰਤੀ ਆਫ਼ਤਾਂ ਕਰਕੇ ਜ਼ਿੰਦਗੀਆਂ ਪ੍ਰਭਾਵਿਤ ਹੁੰਦੀਆਂ ਹਨ। ਅਸੀਂ ਇਨਾਂ ਆਫ਼ਤਾਂ ਨੂੰ ਰੋਕ ਤਾਂ ਨਹੀਂ ਸਕਦੇ ਪਰ ਸਹੀ ਤਰੀਕੇ ਅਪਣਾ ਕੇ ਇਨ੍ਹਾਂ ਆਫ਼ਤਾਂ ਦਾ ਪ੍ਰਭਾਵ ਜ਼ਰੂਰ ਘੱਟ ਕਰ ਸਕਦੇ ਹੈ ਜਿਵੇਂ ਕਿ ਅੱਗ ਦੀਆਂ ਸੰਕਟਕਾਲਾਂ, ਹੜ੍ਹ, ਤੂਫ਼ਾਨ, ਭੂਚਾਲ, ਬਿਮਾਰੀ ਦੇ ਫੈਲਣ ਦੌਰਾਨ ਆਫ਼ਤ ਪ੍ਰਬੰਧਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਐੱਸ ਐੱਸ ਪੀ/ਡੀ ਐੱਸ ਪੀ ਦੇ ਪੁਤਲੇ ਫੂਕੇ



**ਤਰਨ ਤਾਰਨ, (ਪ੍ਰਿਤਪਾਲ ਸਿੰਘ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਲੋਂ ਦਿੱਤੇ ਸੱਦੇ ਤਹਿਤ ਪੱਧਰੀ ਗੋਲੀ ਕਾਂਡ, ਭੋਜੀਆਂ, ਅਲਾਵਲਪੁਰ ਆਦਿ ਦੇ ਦੋਸ਼ੀ ਵਿਅਕਤੀਆਂ ਨੂੰ ਨਾ ਫੜਨ ਵਿਰੁੱਧ ਐੱਸਐੱਸਪੀ ਤੇ ਡੀਐੱਸਪੀ ਤਰਨ ਤਾਰਨ ਦੇ ਪੁਤਲੇ ਐੱਮ ਐੱਲ ਏ ਤਰਨ ਤਾਰਨ ਦੇ ਦਫ਼ਤਰ ਮੂਹਰੇ ਪੁਲਸ ਦੀ ਹਾਜ਼ਰੀ ਵਿੱਚ ਸਾੜੇ ਗਏ।ਅੱਜ ਦਾ ਐਕਸ਼ਨ ਮਨਜੀਤ ਸਿੰਘ, ਸੁਖਦੇਵ ਸਿੰਘ ਮਾਨੋਚਾਹਲ, ਬਲਵਿੰਦਰ ਸਿੰਘ, ਨਰਬਿੰਦਰ ਸਿੰਘ, ਅਜੈਬ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ।ਇਸ ਮੌਕੇ ਕਿਸਾਨ ਮੋਰਚਾ ਦੇ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਚਰਨ ਸਿੰਘ ਸਭਰਾ, ਕੁਲਦੀਪ ਸਿੰਘ ਮਾਨੋਚਾਹਲ, ਹਰਵਿੰਦਰ ਸਿੰਘ, ਦਲਵਿੰਦਰ ਸਿੰਘ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵਲੋਂ 20 ਦਸੰਬਰ ਨੂੰ ਐੱਸਐੱਸਪੀ ਦਫ਼ਤਰ ਅੱਗੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ ਜਿਸ ਵਿੱਚ ਪੱਧਰੀ ਕਲਾਂ ਗੋਲੀ ਕਾਂਡ, ਭੋਜੀਆਂ ਤੇ ਅਲਾਵਲਪੁਰ ਕਾਂਡ ਵਿੱਚ ਪੀੜਤ ਧਿਰਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ ਸੀ।ਉਸ ਸਮੇਂ ਐੱਸ ਐੱਸ ਪੀ ਤਰਨ ਤਾਰਨ ਨੇ ਮੌਕੇ 'ਤੇ ਸੰਯੁਕਤ ਕਿਸਾਨ ਮੋਰਚਾ ਦੇ ਜ਼ਿਲ੍ਹਾ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਦੋ ਦਿਨ ਦੇ ਵਿੱਚ ਵਿੱਚ ਦੋਸ਼ੀ ਗ੍ਰਿਫਤਾਰ ਕੀਤੇ ਜਾਣਗੇ ਅਤੇ ਹੋਰ ਕੇਸਾਂ ਸਬੰਧੀ ਵੀ 29 ਦਸੰਬਰ ਨੂੰ ਵਿਸਥਾਰ ਸਹਿਤ ਗੱਲ ਕਰਾਂਗੇ ਪਰ 29 ਦਸੰਬਰ ਨੂੰ ਜਦ ਵਫ਼ਦ ਮਿਲਿਆ ਤਾਂ ਪਹਿਲਾਂ ਐੱਸ ਐੱਸ ਪੀ ਨੇ ਕਿਹਾ ਕਿ ਡੀ ਐੱਸ ਪੀ ਤਰਨਤਾਰਨ ਅਨੁਸਾਰ ਐੱਫ਼ਆਈਆਰ 'ਚ ਦਰਜ ਦੋਸ਼ੀ ਅਸਲੀ ਨਹੀਂ ਹਨ, ਜੇ ਤੁਸੀਂ ਚਾਹੁੰਦੇ ਹੋ ਤਾਂ ਮੁੜ ਇਨਕੁਆਰੀ ਐੱਸਪੀ ਹੈਡਕੁਆਰਟਰ ਰਾਹੀਂ ਕਰ ਲੈਂਦੇ ਹਾਂ ਪਰ ਅੱਧੇ ਘੰਟੇ ਬਾਅਦ ਹੀ ਐੱਸਐੱਸਪੀ ਇਸ ਵਾਅਦੇ ਤੋਂ ਵੀ ਮੁਨਕਰ ਹੋ ਗਿਆ ਤੇ ਕਹਿੰਦਾ ਕਿ ਜੋ ਕਰਨਾ ਕਰ ਲੋ, ਉਪਰ ਅਧਿਕਾਰੀਆਂ ਨੂੰ ਮਿਲ ਲਵੋ।ਐੱਮਐੱਲਏ ਤਰਨਤਾਰਨ ਵੀ ਬਣਦਾ ਫਰਜ਼ ਨਹੀਂ ਨਿਭਾ ਰਿਹਾ।ਇਸ ਕਰਕੇ ਜਨਵਰੀ 'ਚ ਲਗਾਤਾਰ ਵੱਖ-ਵੱਖ ਥਾਵਾਂ 'ਤੇ ਐੱਸਐੱਸਪੀ ਤਰਨ ਤਾਰਨ ਤੇ ਡੀ ਐੱਸ ਪੀ ਤਰਨਤਾਰਨ ਦੇ ਪੁਤਲੇ ਫੂਕੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਬਲਕਾਰ ਸਿੰਘ ਵਲਟੋਹਾ, ਬਲਵਿੰਦਰ ਸਿੰਘ ਸਖੀਰਾ, ਤਰਸੇਮ ਸਿੰਘ ਲੁਹਾਰਕੇ, ਤਰਸੇਮ ਸਿੰਘ ਲਾਲੂਘੁੰਮਣ, ਦਲਬੀਰ ਸਿੰਘ ਦਿਓਲ, ਕਵਲਜੀਤ ਸਿੰਘ ਡੇਰਾ ਸਾਹਿਬ, ਰਾਜਗੋਬਿੰਦ ਸਿੰਘ ਜਮਾਲਪੁਰ ਨੇ ਵੀ ਆਪਣੇ ਵਿਚਾਰ ਰੱਖੇ।

## ਦਿਹਾਤੀ ਮਜ਼ਦੂਰ ਸਭਾ ਵੱਲੋਂ ਰਾਸ਼ਨ ਕਾਰਡਾਂ ਦੀ ਬਹਾਲੀ ਤੇ ਹੋਰ ਮੰਗਾਂ ਸਬੰਧੀ ਧਰਨਾ 15 ਨੂੰ




**ਪਠਾਨਕੋਟ (ਦਵਿੰਦਰ ਸਿੰਘ)**-ਗਰੀਬ ਪਰਿਵਾਰਾਂ ਦੇ ਕੱਟੇ ਰਾਸ਼ਨ ਕਾਰਡਾਂ ਦੀ ਬਹਾਲੀ, ਰਾਸ਼ਨ ਕਾਰਡਾਂ ਵਿੱਚ ਸ਼ਾਮਲ ਹੋਣ ਤੋਂ ਰਹਿ ਗਏ ਮੈਂਬਰਾਂ ਦੇ ਨਾਮ ਮੁੜ ਸ਼ਾਮਲ ਕਰਾਉਣ ਲਈ ਅਤੇ ਲੋੜਵੰਦ ਗਰੀਬ ਲੋਕਾਂ ਨਵੇਂ ਕਾਰਡ ਬਣਾਉਣ ਲਈ ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਪਠਾਨਕੋਟ ਵਲੋਂ ਪਿਛਲੇ ਛੇ ਮਹੀਨਿਆਂ ਤੋਂ ਕੀਤੀ ਜਾ ਰਹੀ ਜੱਦੋਜਹਿਦ ਨੂੰ ਹੋਰ ਤਿੱਖਾ ਕਰਦਿਆਂ 15 ਜਨਵਰੀ 2024 ਨੂੰ ਦੁਬਾਰਾ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਧਰਨਾ ਦੇ ਕੇ ਮੁੱਖ ਮੰਤਰੀ ਅਤੇ ਫੂਡ ਤੇ ਸਿਵਲ ਸਪਲਾਈ ਮੰਤਰੀ ਪੰਜਾਬ ਸਰਕਾਰ ਨੂੰ ਡਿਪਟੀ ਕਮਿਸ਼ਨਰ ਜਿਲ੍ਹਾ ਪਠਾਨਕੋਟ ਰਾਹੀਂ ਯਾਦ ਪੱਤਰ ਦੇ ਕੇ ਲੋਕ ਲਾਮਬੰਦੀ ਵਿਸ਼ਾਲ ਕਰਨ ਲਈ ਸੰਘਰਸ਼ ਦੀ ਰੂਪ-ਰੇਖਾ ਦਾ ਐਲਾਨ ਕੀਤਾ ਜਾਵੇਗਾ। ਪਿੰਡ ਸ਼ੈਦੀਪੁਰ, ਫੂਲਪਿਆਰਾ, ਰਤਨਗੜ੍ਹ ਤੋਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਦਿਆਂ ਉਨ੍ਹਾਂ ਦੇ ਨਾਲ ਕਾਮਰੇਡ ਸ਼ਿਵ ਕੁਮਾਰ ਨੇ ਸਬੰਧਤ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਏਕੇ ਨੂੰ ਹੋਰ ਵਿਸ਼ਾਲ ਅਤੇ ਤਿੱਖੇ ਸੰਘਰਸ਼ ਬਗੈਰ ਸਰਕਾਰਾਂ ਤੇ ਪ੍ਰਸ਼ਾਸ਼ਨ ਗੱਲ ਸੁਣਨ ਲਈ ਤਿਆਰ ਨਹੀਂ।15 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸਵਰਨ ਕੁਮਾਰ, ਜੀਰਾ ਰਾਮ, ਰਾਜ ਕੁਮਾਰ, ਪਰਸ਼ੋਤਮ ਲਾਲ, ਸ਼ਿਵ ਲਾਲ, ਰਜਿੰਦਰ ਕੁਮਾਰ, ਬੀਬੀ ਪਰਮਜੀਤ, ਸ਼ੀਲਾ ਦੇਵੀ, ਸ਼ਕੁੰਤਲਾ ਦੇਵੀ, ਯਸ਼ਪਾਲ, ਬਲਕਾਰ ਚੰਦ, ਨਰੇਸ਼ ਕੁਮਾਰ, ਸੁਭਾਸ਼ ਕੁਮਾਰ, ਰੇਖਾ ਦੇਵੀ, ਲੀਲਾ ਦੇਵੀ, ਬਿਸ਼ਨੋ ਦੇਵੀ ਹਾਜ਼ਰ ਸਨ।

## ਧਾਰੀਵਾਲ ਕਲਾਂ 'ਚ ਪ੍ਰਕਾਸ਼ ਦਿਹਾੜੇ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਧਾਰੀਵਾਲ ਕਲਾਂ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਨਗਰ ਦੀਆਂ ਸਮੂਹ ਸੰਗਤਾਂ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ (ਚੜ੍ਹਦੀ ਪੱਤੀ) ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸੁੰਦਰ ਪਾਲਕੀ ਵਿੱਚ ਸ਼ੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਚੜ੍ਹਦੀ ਪੱਤੀ ਤੋਂ ਆਰੰਭ ਹੋ ਕੇ ਗੁਰਦੁਆਰਾ ਸਾਹਿਬ ਚੀਮਾ ਪੱਤੀ ਅਤੇ ਗੁਰਦੁਆਰਾ ਸਾਹਿਬ (ਡੇਰਾ ਪੱਡਿਆਂ) ਅਤੇ ਗੁਰਦੁਆਰਾ ਸਾਹਿਬ (ਪੱਤੀ ਧਾਲੀਵਾਲ) ਤੋਂ ਹੁੰਦਾ ਹੋਇਆ ਸਾਰੇ ਪਿੰਡ ਦੀਆਂ ਪਰਿਕਰਮਾ ਕਰਦਾ ਹੋਇਆ ਮੁੜ ਵਾਪਿਸ ਆਰੰਭਿਕ ਸਥਾਨ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਗਤਕਾ ਪਾਰਟੀ ਨੇ ਪੜਾਅਵਾਰ ਗੱਤਕੇ ਦੇ ਆਕਰਸ਼ਕ ਜੌਹਰ ਵਿਖਾਏ। ਨਗਰ ਕੀਰਤਨ ਦਾ ਸ਼ਰਧਾਲੂਆਂ ਵਲੋਂ ਵੱਖ-ਵੱਖ ਥਾਵਾਂ ਤੇ ਨਿੱਘਾ ਸੁਆਗਤ ਕੀਤਾ ਅਤੇ ਸੰਗਤ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ।

ਨਗਰ ਕੀਰਤਨ ਦੌਰਾਨ ਪਿੰਡ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਪੜਾਅਵਾਰ ਸਜਾਏ ਗਏ ਧਾਰਮਿਕ ਦੀਵਾਨਾਂ ਵਿੱਚ ਕਵੀਸ਼ਰੀ ਜਥਾ ਭਾਈ ਖਜਾਨ ਸਿੰਘ ਅਤੇ ਸਾਥੀਆਂ ਨੇ ਕਵੀਸ਼ਰੀਆਂ ਪੇਸ਼ ਕਰਦੇ ਹੋਏ ਗੁਰੂ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਨਗਰ ਕੀਰਤਨ ਦੌਰਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ (ਪੱਤੀ ਚੀਮਾ) ਜਥਾ ਬੀਬੀਆਂ ਵਲੋਂ ਸਬਦ ਗਾਇਨ ਕੀਤੇ ਗਏ। ਨਗਰ ਕੀਰਤਨ ਵਿੱਚ ਪਿੰਡ ਦੇ ਸਰਪੰਚ ਗੁਰਮੁੱਖ ਸਿੰਘ ਪੰਧੇਰ, ਬਾਬਾ ਅਜੈਬ ਸਿੰਘ ਨਿਊ ਸੂਰਜ ਟ੍ਰਾਂਸਪੋਰਟ ਵਾਲੇ, ਗ੍ਰੰਥੀ ਬਾਬਾ ਧਿਆਨ ਸਿੰਘ, ਗ੍ਰੰਥੀ ਬਾਬਾ ਜੋਗਿੰਦਰ ਸਿੰਘ, ਗ੍ਰੰਥੀ ਭਾਈ ਮਨਜੀਤ ਸਿੰਘ ਗਿੱਲਮੰਜ, ਜਥੇ. ਰਤਨ ਸਿੰਘ ਪੱਡਾ, ਸਾਬਕਾ ਸਰਪੰਚ ਗੁਰਨਾਮ ਸਿੰਘ, ਕੈਪਟਨ ਮਨਜੀਤ ਸਿੰਘ, ਸਲਵਿੰਦਰ ਸਿੰਘ, ਹੈਪੀ ਚੀਮਾ, ਬੀਬੀ ਬਲਬੀਰ ਕੌਰ ਖਾਲਸਾ, ਬੀਬੀ ਲਖਵਿੰਦਰ ਕੌਰ, ਹਰਪ੍ਰੀਤ ਕੌਰ, ਬੀਬੀ ਸੋਨੀਆਂ, ਗੁਰਦੀਪ ਸਿੰਘ ਚੀਮਾ, ਠੇਕੇਦਾਰ ਸ਼ਮਸ਼ੇਰ ਸਿੰਘ, ਮੰਗਲ ਸਿੰਘ, ਪਲਵਿੰਦਰ ਸਿੰਘ, ਸੁੱਚਾ ਸਿੰਘ ਪੱਡਾ, ਆਸਾ ਸਿੰਘ, ਹਰਚਰਨ ਸਿੰਘ ਆਦਿ ਸ਼ਰਧਾਲੂ ਸੇਵਾਦਾਰਾਂ ਸਮੇਤ ਨਗਰ ਦੀਆਂ ਸਮੂਹ ਸੰਗਤਾਂ ਸ਼ਾਮਲ ਸਨ।

## 75ਵੇਂ ਗਣਤੰਤਰ ਦਿਵਸ ਮੌਕੇ ਅੰਮ੍ਰਿਤਸਰ 'ਚ ਅਮਨ ਅਰੋੜਾ ਲਹਿਰਾਉਣਗੇ ਕੌਮੀ ਝੰਡਾ




**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-26 ਜਨਵਰੀ ਨੂੰ ਗੁਰੂ ਨਾਨਕ ਸਟੇਡੀਅਮ, ਅੰਮ੍ਰਿਤਸਰ ਵਿਖੇ 75ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਏਡੀਸੀ ਹਰਪ੍ਰੀਤ ਸਿੰਘ ਨੇ ਅੱਜ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਵਿਭਾਗ ਹੁਣ ਤੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ।

ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਅਮਨ ਅਰੋੜਾ ਮੰਤਰੀ ਨਵੇਂ ਤੇ ਨਵਿਆਉਣਯੋਗ ਊਰਜਾ ਅਤੇ ਛਪਾਈ ਤੇ ਲਿਖਣ ਸਮੱਗਰੀ ਪੰਜਾਬ ਹੋਣਗੇ। ਉਨ੍ਹਾਂ ਦੱਸਿਆ ਕਿ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸੱਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਸਮਾਗਮ ਦੌਰਾਨ ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਕਲਚਰਲ ਪ੍ਰੋਗਰਾਮ ਅਤੇ ਪਰੇਡ ਦੀ ਰਿਹਰਸਲ 19 ਜਨਵਰੀ ਤੋਂ ਸ਼ੁਰੂ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ।

ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਮੈਡਮ ਗੁਰਸਿਮਰਨ ਕੌਰ, ਐੱਸਡੀਐੱਮ ਨਿਕਾਸ ਕੁਮਾਰ ਅਤੇ ਮਨਕੰਵਲ ਚਾਹਲ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਵਿਵੇਕ ਮੋਦੀ, ਜ਼ਿਲ੍ਹਾ ਸਮਾਜਿਕ ਤੇ ਸੁਰੱਖਿਆ ਅਫ਼ਸਰ ਅਸੀਸਇੰਦਰ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਅਮਨਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਕੁਲਦੀਪ ਕੌਰ, ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਗੋਡੇ/ਚੂਲੇ ਬਦਲਣ ਦਾ ਮੁਫ਼ਤ ਕੈਂਪ 31 ਤੱਕ: ਡਾ: ਸਤਨਾਮ ਗਿੱਲ



**ਮਜੀਠਾ (ਸੋਇਮ ਆਨੰਦ)**-ਸਰਕਾਰੀ ਹਸਪਤਾਲ ਸੀਐੱਮਸੀ ਮਜੀਠਾ ਵਿਖੇ ਮੁਫਤ ਗੋਡੇ ਅਤੇ ਚੂਲੇ ਬਦਲਣ ਦਾ ਕੈਂਪ ਇੱਕ ਜਨਵਰੀ ਤੋਂ 31 ਜਨਵਰੀ ਤੱਕ ਲਗਾਇਆ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸਰਕਾਰੀ ਹਸਪਤਾਲ ਮਜੀਠਾ ਦੇ ਐੱਸਐੱਮਓ ਡਾ: ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਬਜ਼ੁਰਗਾਂ ਦੇ ਗੋਡੇ ਅਤੇ ਚੂਲੇ ਬਦਲਣ ਦਾ ਇਹ ਕੈਂਪ 31 ਜਨਵਰੀ ਤੱਕ ਜਾਰੀ ਰਹੇਗਾ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਲਾਭ ਉਹ ਲਾਭਪਾਤਰੀ ਲੈ ਸਕਦੇ ਹਨ ਜਿਨ੍ਹਾਂ ਦੇ ਆਯੁਸ਼ਮਾਨ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ (5 ਲੱਖ ਤੱਕ ਦਾ ਸਿਹਤ ਬੀਮਾ ਯੋਜਨਾ) ਤਹਿਤ ਕਾਰਡ ਬਣਿਆ ਹੈ। ਡਾ. ਗਿੱਲ ਨੇ ਦੱਸਿਆ ਕਿ ਇਸ ਸਕੀਮ ਤਹਿਤ ਮਜੀਠਾ ਹਸਪਤਾਲ ਵਿਚ ਹੱਡੀਆਂ ਅਤੇ ਜੋੜ ਰੋਗਾਂ ਦੇ ਮਾਹਿਰ ਡਾਕਟਰ ਮਨਜਿੰਦਰ ਸਿੰਘ ਅਤੇ ਡਾ. ਕਨਵ ਸ਼ਰਮਾ (ਐੱਮ. ਡੀ. ਐਨਸਥੀਸੀਆ) ਵੱਲੋਂ ਲਾਭਪਾਤਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ ਤੇ ਇਸ ਤਰ੍ਹਾਂ ਦਾ ਇੱਕ ਕੈਂਪ ਪਹਿਲਾਂ ਵੀ ਲਗਾਇਆ ਜਾ ਚੁੱਕਾ ਹੈ ਜਿਸ ਵਿੱਚ ਬਹੁਤ ਸਾਰੇ ਲਾਭਪਾਤਰੀਆਂ ਨੇ ਇਸ ਕੈਂਪ ਦਾ ਲਾਭ ਲਿਆ।ਡਾ. ਗਿੱਲ ਨੇ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀ ਦਾ ਇਲਾਜ ਦੌਰਾਨ ਕੋਈ ਖਰਚਾ ਨਹੀਂ ਹੋਵੇਗਾ, ਸਾਰਾ ਖਰਚਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਇਲਾਕਾ ਵਾਸੀਆਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

## ਖਾਲਸਾ ਕਾਲਜ 'ਚ ਕਿਸਾਨ ਸਿਖਲਾਈ ਪ੍ਰੋਗਰਾਮ ਸਮਾਪਤ, ਵਿਦਿਆਰਥੀਆਂ ਨੇ ਦਿਖਾਇਆ ਚੋਖਾ ਉਤਸ਼ਾਹ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਕਾਰੀ ਸਕੂਲ ਜੱਬੋਵਾਲ ਅਤੇ ਸਰਕਾਰੀ ਸਕੂਲ ਕਿਆਮਪੁਰ ਦੇ ਲਗਭਗ 25 ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਨਾਲ ਖਾਲਸਾ ਕਾਲਜ, ਅੰਮ੍ਰਿਤਸਰ ਦੇ ਕਿਸਾਨ ਸਿਖਲਾਈ ਕੇਂਦਰ ਵਿਖੇ ਆਯੋਜਤ ਸਿਖਲਾਈ ਪ੍ਰੋਗਰਾਮ ਸਮਾਪਤ ਹੋ ਗਿਆ। ਖੇਤੀਬਾੜੀ ਸੂਚਨਾ ਅਫ਼ਸਰ ਜਸਵਿੰਦਰ ਸਿੰਘ ਭਾਟੀਆ ਦੀ ਮਾਹਿਰ ਅਗਵਾਈ ਹੇਠ ਕਰਵਾਈ ਗਈ ਇਸ ਸਿਖਲਾਈ ਦੌਰਾਨ ਖੁੰਬਾਂ ਦੀ ਕਾਸ਼ਤ ਬਾਰੇ ਡੂੰਘਾਈ ਨਾਲ ਅਤੇ ਵਿਆਪਕ ਜਾਣਕਾਰੀ ਦਿੱਤੀ ਗਈ। ਸ਼੍ਰੀ ਭਾਟੀਆ ਨੇ ਹਰ ਪਹਿਲੂ ਨੂੰ ਬਾਰੀਕੀ ਨਾਲ ਸਮਝਾਇਆ। ਸਿਧਾਂਤਕ ਸੂਝ ਤੋਂ ਅੱਗੇ ਵਧਦੇ ਹੋਏ ਸਿਖਲਾਈ ਪ੍ਰੋਗਰਾਮ ਨੇ ਭਾਗੀਦਾਰਾਂ ਨੂੰ ਵਰਮੀਕੰਪੋਸਟਿੰਗ ਵਿੱਚ ਹੱਥੀਂ ਅਨੁਭਵ ਦੀ ਪੇਸ਼ਕਸ਼ ਕਰਦੇ ਹੋਏ ਵਿਹਾਰਕ ਕਾਰਜਾਂ ਵਿੱਚ ਲੀਨ ਕੀਤਾ। ਪ੍ਰੋਗਰਾਮ ਦੌਰਾਨ ਭਾਟੀਆ ਨੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਵਰਮੀਕੰਪੋਸਟ ਅਤੇ ਮਸ਼ਰੂਮ ਕਲਚਰ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਵਿਦਿਆਰਥੀਆਂ ਨੇ ਨਾ ਸਿਰਫ਼ ਸਿਧਾਂਤਕ ਗਿਆਨ ਹਾਸਲ ਕੀਤਾ ਸਗੋਂ ਵਿਹਾਰਕ ਹੁਨਰ ਵੀ ਹਾਸਲ ਕੀਤੇ ਜੋ ਖੇਤਰ ਵਿੱਚ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਲਈ ਮਹੱਤਵਪੂਰਨ ਹਨ। ਅੰਤਿਮ ਦਿਨ ਖੇਤੀਬਾੜੀ ਵਿਕਾਸ ਅਫਸਰ ਡਾ: ਸ਼ਿਵਾਨੀ ਪਾਲਿਆਲ ਦੇ ਨਾਲ ਰੀਨੂ ਵਿਰਦੀ ਅਤੇ ਹਰਮਨ ਬਾਠ ਜੋ ਖੇਤੀਬਾੜੀ ਵਿਕਾਸ ਅਫਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ, ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸਿਖਲਾਈ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ। ਵੋਕੇਸ਼ਨਲ ਲੈਕਚਰਾਰ ਸੰਜੀਵ ਕੁਮਾਰ ਅਤੇ ਜਸਬੀਰ ਸਿੰਘ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਪ੍ਰਸ਼ੰਸਾ ਦੇ ਪ੍ਰਗਟਾਵੇ ਕੀਤੇ। ਉਨ੍ਹਾਂ ਨੇ ਜਸਵਿੰਦਰ ਭਾਟੀਆ ਅਤੇ ਡਾ: ਮਹਿਲ ਸਿੰਘ, ਪ੍ਰਿੰਸੀਪਲ, ਖਾਲਸਾ ਕਾਲਜ, ਦਾ ਇਸ ਭਰਪੂਰ ਸਿਖਲਾਈ ਸੈਸ਼ਨ ਦਾ ਆਯੋਜਨ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਵਿਦਿਆਰਥੀਆਂ ਦੀ ਭਲਾਈ ਲਈ ਉਨ੍ਹਾਂ ਦੇ ਅਣਮੁੱਲੇ ਯੋਗਦਾਨ ਅਤੇ ਸਮਰਪਣ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰੋਗਰਾਮ ਨੇ ਨਾ ਸਿਰਫ਼ ਗਿਆਨ ਪ੍ਰਦਾਨ ਕੀਤਾ ਸਗੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਵਿੱਚ ਟਿਕਾਊ ਖੇਤੀਬਾੜੀ ਅਭਿਆਸਾਂ ਪ੍ਰਤੀ ਉਤਸ਼ਾਹ ਅਤੇ ਵਚਨਬੱਧਤਾ ਦੀ ਭਾਵਨਾ ਨੂੰ ਵੀ ਵਧਾਇਆ।

## ਪਾਰਟੀ ਦੀ ਡਟ ਕੇ ਸੇਵਾ ਕਰਲ ਲਈ ਮਜੀਠੀਆ ਨੇ ਛੱਜਲਵੱਡੀ ਨੂੰ ਦਿੱਤਾ ਥਾਪੜਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਸਤਿੰਦਰਜੀਤ ਸਿੰਘ ਛੱਜਲਵੱਡੀ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਬੀਤੇ ਕੱਲ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਦੌਰਾਨ ਛੱਜਲਵੱਡੀ ਵੱਲੋਂ ਹਲਕਾ ਜੰਡਿਆਲਾ ਦੇ ਅੰਦਰ ਚੱਲ ਰਹੀਆਂ ਸਿਆਸੀ ਗਤੀਵਿਧੀਆਂ ਬਾਰੇ ਸ. ਮਜੀਠੀਆ ਨੂੰ ਜਾਣੂ ਕਰਵਾਇਆ ਗਿਆ ਅਤੇ ਹਲਕੇ ਵਿਚ ਪਾਰਟੀ ਦੀ ਮਜ਼ਬੂਤੀ ਲਈ ਉਲੀਕੇ ਜਾਣ ਵਾਲੇ ਅਗਾਮੀ ਪ੍ਰੋਗਰਾਮਾਂ ਤੇ ਵਿਚਾਰ ਵਿਟਾਂਦਰਾ ਕੀਤਾ।ਉਨ੍ਹਾਂ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕੰਮ ਕਰ ਰਹੇ ਮਿਹਨਤੀ ਵਰਕਰਾਂ ਨੂੰ ਯੋਗ ਅਹੁਦੇਦਾਰੀਆਂ ਦੇਣ ਬਾਰੇ ਵੀ ਮਸ਼ਵਰਾ ਕੀਤਾ।ਇਸ ਦੌਰਾਨ ਮਜੀਠੀਆ ਨੇ ਸਤਿੰਦਰਜੀਤ ਛੱਜਲਵੱਡੀ ਦੇ ਵਿਚਾਰਾਂ ਨੂੰ ਬਰੀਕੀ ਨਾਲ ਸੁਣਿਆ ਅਤੇ ਉਨ੍ਹਾਂ ਦੀ ਪਿੱਠ ਥਾਪੜਦਿਆਂ ਤਗੜੇ ਹੋ ਕੇ ਪਾਰਟੀ ਦੀ ਸੇਵਾ ਕਰਨ ਲਈ ਕਿਹਾ।ਮਜੀਠੀਆ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਹੁਤ ਜਲਦ ਪੰਜਾਬ ਬਚਾਉ ਯਾਤਰਾ ਕੱਢੀ ਜਾਵੇਗੀ ਜਿਸ ਤਹਿਤ ਪੰਜਾਬ ਦੇ ਹਰ ਹਲਕੇ ਵਿਚ ਪ੍ਰੋਗਰਾਮ ਕੀਤੇ ਜਾਣਗੇ, ਇਸ ਦੌਰਾਨ 'ਆਪ' ਪਾਰਟੀ ਦੇ ਕਾਲੇ ਚਿੱਠੇ ਜਨਤਾ ਦੀ ਸੱਥ ਦੇ ਵਿਚਾਲੇ ਖੋਲ੍ਹੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੈ, ਅਤੇ ਪੰਜਾਬੀ ਇੱਕ ਬਹਾਦਰ ਕੌਮ ਹੈ।ਪੰਜਾਬ ਦੀਆਂ ਦੇਸ਼ ਦੀ ਖਾਤਰ ਕੁਰਬਾਨ ਹੋਣ ਦੀਆਂ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ, ਪੰਜਾਬੀ ਪੂਰੇ ਦੇਸ਼ ਨੂੰ ਰਸਤਾ ਦਿਖਾਉਂਦੇ ਹਨ, ਪਰ ਅਫਸੋਸ਼ ਭਗਵੰਤ ਮਾਨ ਉਸ ਪੰਜਾਬ ਤੇ ਦਿੱਲੀ ਮਾਡਲ ਲਾਗੂ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਆਪ ਦੀ ਸਿਆਸਤ ਖਾਤਰ ਪੰਜਾਬ ਨੂੰ ਦਿੱਲੀ ਦੇ ਸਪੁਰਦ ਕਰ ਦਿੱਤਾ ਹੈ। ਸ. ਮਜੀਠੀਆ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਦ ਸਾਰੇ ਪੰਜਾਬੀ ਪੰਜਾਬ ਦੇ ਵਿਚ 'ਆਪ' ਭਜਾਉ ਯਾਤਰਾ ਕੱਢਣਗੇ।

## ਕੋਲਕਾਤਾ ਦਾ ਸਮੀਰ ਤੇ ਪਾਕਿ ਦੀ ਜਾਵੇਰਿਆ ਵਿਆਹ ਬੰਧਨ 'ਚ ਬੱਝੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਰਾਚੀ ਦੀ ਰਹਿਣ ਵਾਲੀ ਜਾਵੇਰਿਆ ਅਤੇ ਕੋਲਕਾਤਾ ਦੇ ਰਹਿਣ ਵਾਲੇ ਸਮੀਰ ਖ਼ਾਨ ਇੱਕ ਦੂਜੇ ਦੇ ਹੋ ਗਏ।ਉਨ੍ਹਾਂ ਦਾ ਵਿਆਹ 4 ਜਨਵਰੀ ਨੂੰ ਕੋਲਕਾਤਾ ਦੇ ਨਿਕੋਬਾਰ ਪਵੇਲੀਅਨ ਵਿੱਚ ਬੜੀ ਧੂਮਧਾਮ ਨਾਲ ਸੰਪੰਨ ਹੋ ਗਿਆ।ਇਸ ਵਿਆਹ ਦੀ ਗਵਾਹ ਤਾਹਿਰਾ ਮਕਬੂਲ ਬਣੀ ਜੋ ਕਿ ਪਾਕਿਸਤਾਨ ਦੇ ਫ਼ੈਸਲਾਬਾਦ ਦੀ ਰਹਿਣ ਵਾਲੀ ਹੈ।ਉਨ੍ਹਾਂ ਦਾ ਵਿਆਹ ਕਾਦੀਆਂ (ਪੰਜਾਬ) ਵਾਸੀ ਪੱਤਰਕਾਰ ਮਕਬੂਲ ਅਹਿਮਦ ਨਾਲ 7 ਦਸੰਬਰ 2003 ਨੂੰ ਹੋਇਆ ਸੀ ਅਤੇ ਅੰਤਰਰਾਸ਼ਟਰੀ ਮੀਡੀਆ ਦੀ ਖਿੱਚ ਦਾ ਕੇਂਦਰ ਇਹ ਜੋੜਾ ਬਣਿਆ ਸੀ।ਅਕਸਰ ਇਹ ਜੋੜਾ ਭਾਰਤ-ਪਾਕਿ ਸਬੰਧਾਂ ਨੂੰ ਲੈ ਕੇ ਚਰਚਾ ਵਿੱਚ ਆਉਂਦਾ ਰਹਿੰਦਾ ਹੈ। ਸਮੀਰ ਖ਼ਾਨ ਜੋ ਕਿ ਕੋਲਕਾਤਾ ਦੇ ਰਹਿਣ ਵਾਲੇ ਸਨ ਅਤੇ 2018 ਵਿੱਚ ਕਰਾਚੀ ਦੀ ਰਹਿਣ ਵਾਲੀ ਜਾਵੇਰਿਆ ਨੂੰ ਆਪਣਾ ਦਿਲ ਦੇ ਬੈਠੇ ਸਨ।ਵਿਆਹ ਕਰਨਾ ਚਾਹੁੰਦੇ ਸਨ।ਦੋ ਵਾਰ ਜਾਵੇਰਿਆ ਨੇ ਭਾਰਤ ਦਾ ਵੀਜ਼ਾ ਅਪਲਾਈ ਕੀਤਾ ਸੀ ਪਰ ਦੋਵੇਂ ਵਾਰ ਉਨ੍ਹਾਂ ਦਾ ਵੀਜ਼ਾ ਨਹੀਂ ਲੱਗਿਆ, ਜਿਸ ਤੇ ਸਮੀਰ ਖ਼ਾਨ ਨੇ ਪੱਤਰਕਾਰ ਮਕਬੂਲ ਅਹਿਮਦ ਨਾਲ ਸੰਪਰਕ ਕਰ ਕੇ ਜਾਵੇਰਿਆ ਦੇ ਭਾਰਤ ਦਾ ਵੀਜ਼ਾ ਲੈਣ ਲਈ ਮਦਦ ਮੰਗੀ ਸੀ ਜਿਸ 'ਤੇ ਮਕਬੂਲ ਅਹਿਮਦ ਨੇ ਜਾਵੇਰਿਆ ਦੇ ਵੀਜ਼ਾ ਲਈ ਭਰਪੂਰ ਮਦਦ ਕੀਤੀ ਅਤੇ ਉਸ ਨੂੰ ਨਵੰਬਰ 2023 ਨੂੰ ਭਾਰਤ ਸਰਕਾਰ ਨੇ ਵੀਜ਼ਾ ਜਾਰੀ ਕਰ ਦਿੱਤਾ।ਜਾਵੇਰਿਆ ਦਸੰਬਰ 2023 ਦੇ ਪਹਿਲੇ ਹਫ਼ਤੇ ਵਾਹਗਾ ਬਾਰਡਰ ਰਾਹੀਂ ਭਾਰਤ ਪਹੁੰਚੀ।ਸਮੀਰ ਖ਼ਾਨ ਅਤੇ ਉਨ੍ਹਾਂ ਦੇ ਪਰਵਾਰ ਦੇ ਸੱਦੇ 'ਤੇ ਇਹ ਚਰਚਿਤ ਜੋੜਾ 2 ਜਨਵਰੀ ਨੂੰ ਕੋਲਕਾਤਾ ਪਹੁੰਚਿਆ।13 ਜਨਵਰੀ ਨੂੰ ਕੋਲਕਾਤਾ ਦੇ ਸ਼ੇਰੇ ਪੰਜਾਬ ਪੈਲੇਸ ਵਿੱਚ ਮਹਿੰਦੀ ਦੀ ਰਸਮ ਰੱਖੀ ਗਈ ਜਦਕਿ 4 ਜਨਵਰੀ ਨੂੰ ਨਿਕੋਬਾਰ ਪੈਲੇਸ ਵਿੱਚ ਸ਼ਾਦੀ ਹੋਈ।ਇਸ ਵਿਆਹ ਵਿੱਚ ਸਮੀਰ ਖ਼ਾਨ ਦੇ ਵਿਦੇਸ਼ੀ ਦੋਸਤ ਵੀ ਪਹੁੰਚੇ।ਇਸ ਮੌਕੇ 'ਤੇ ਨਿਕਾਹ ਦੀ ਰਸਮ ਤੋਂ ਬਾਅਦ ਦੋ ਦਿਲ ਇੱਕ ਹੋ ਗਏ।

## ਸਕੋਡਾ ਆਟੋ ਇੰਡੀਆ ਵੱਲੋਂ ਦੋ ਸਾਲਾਂ 'ਚ 1,00,000 ਤੋਂ ਵੱਧ ਕਾਰਾਂ ਦੀ ਵਿਕਰੀ ਦਰਜ

**ਅੰਮ੍ਰਿਤਸਰ**- ਸਕੋਡਾ ਆਟੋ ਇੰਡੀਆ ਨੇ ਆਪਣੀ ਵਿਕਰੀ ਦੀ ਗਤੀ ਨੂੰ ਬਰਕਰਾਰ ਰੱਖਿਆ ਹੈ ਅਤੇ ਪਿਛਲੇ ਦੋ ਸਾਲਾਂ ਵਿੱਚ 1,00,000 ਤੋਂ ਵੱਧ ਕਾਰਾਂ ਦੀ ਵਿਕਰੀ ਦਾ ਇੱਕ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ। ਇਹ ਇਸਦੀ ਭਾਰਤ-ਕੇਂਦ੍ਰਿਤ ਉਤਪਾਦ ਰਣਨੀਤੀ ਦਾ ਇੱਕ ਮਜ਼ਬੂਤ ਪ੍ਰਮਾਣ ਹੈ, ਜਿਸ ਵਿੱਚ ਦੋ ਵਿਸ਼ਵ-ਪੱਧਰੀ ਉਤਪਾਦ, ਭਾਰਤੀ ਬਾਜ਼ਾਰ ਲਈ ਤਿਆਰ ਕੀਤੇ ਗਏ-ਕੁਸ਼ਾਕ ਅਤੇ ਸਲਾਵੀਆ ਦੀ ਸ਼ੁਰੂਆਤ ਹੋਈ। ਵਿਕਰੀ ਪ੍ਰਦਰਸ਼ਨ ਤੇ ਬੋਲਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਨਿਰਦੇਸ਼ਕ ਪੇਟਰ ਜਨੇਬਾ ਨੇ ਕਿਹਾ ਕਿ ਸਾਡੇ ਲਈ 2022 ਦੇ ਰਿਕਾਰਡ-ਉੱਚੇ ਤੋਂ ਬਾਅਦ 2023 ਤੱਕ ਆਪਣੀ ਗਤੀ ਨੂੰ ਬਰਕਰਾਰ ਰੱਖਣਾ ਬਹੁਤ ਮਹੱਤਵਪੂਰਨ ਸੀ। 2023 ਵਿੱਚ ਸਾਡੀਆਂ ਕੋਸ਼ਿਸ਼ਾਂ ਲਗਾਤਾਰ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ 'ਤੇ ਕੇਂਦਰਿਤ ਸਨ। ਸਾਡੇ ਸਾਰੇ ਗਾਹਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਡੇ ਹਿਊਮਨ ਟੱਚ ਫਲਸਫੇ ਰਾਹੀਂ ਜੁੜੇ ਹੋਏ ਵਧੇਰੇ ਸੰਤੁਸ਼ਟ ਗਾਹਕਾਂ ਲਈ ਸਾਡੇ ਉਤਪਾਦਾਂ ਦੀ ਰੇਂਜ ਵਿੱਚ ਸੁਧਾਰ, ਸਾਡੇ ਨੈੱਟਵਰਕ ਨੂੰ ਚੌੜਾ ਕਰਨਾ ਅਤੇ ਵਿਕਰੀ ਅਤੇ ਵਿਕਰੀ ਤੋਂ ਬਾਅਦ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ।

## 'ਇਸ ਵਾਰ 400 ਤੋਂ ਪਾਰ' ਨਾਅਰੇ ਨਾਲ ਭਾਜਪਾ ਲੋਕ ਸਭਾ ਚੋਣਾਂ 'ਚ ਨਿੱਤਰੇਗੀ : ਪ੍ਰੋ. ਮੰਮਣਕੇ'



**ਅਜਨਾਲਾ (ਸੁਖਤਿੰਦੇਰ ਸਿੰਘ ਰਾਜੂ)**-ਪੰਜਾਬ ਭਾਜਪਾ ਦੇ ਸੂਬਾਈ ਸਪੋਕਸਪਰਸਨ ਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਗੁਰਵਿੰਦਰ ਸਿੰਘ ਮੰਮਣਕੇ ਨੇ ਆਮੀ ਲੋਕ ਸਭਾ ਚੋਣਾਂ ਦੀਆਂ ਮੁੱਢਲੀਆਂ ਚੋਣ ਪ੍ਰਚਾਰ ਤਿਆਰੀਆਂ ਨੂੰ ਲੈ ਕੇ ਤੀਸਰੀ ਵਾਰ ਮੋਦੀ ਸਰਕਾਰ-ਇਸ ਵਾਰੀ 400 ਤੋਂ ਪਾਰ ਦਾ ਨਾਅਰਾ ਦਿੰਦਿਆਂ ਕਿਹਾ ਕਿ ਪੰਜਾਬ ਸਮੇਤ ਦੇਸ਼ ਭਰ 'ਚ ਕੇਂਦਰੀ ਮੋਦੀ ਸਰਕਾਰ ਦੀਆਂ ਦੇਸ਼ ਭਗਤੀ ਤੇ ਲੋਕ ਪੱਖੀ ਨੀਤੀਆਂ ਦੇ ਸਾਹਮਣੇ ਆ ਰਹੇ ਸਾਜ਼ਗਾਰ ਨਤੀਜਿਆਂ ਕਾਰਨ ਦੇਸ਼ ਭਰ 'ਚ ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਭਾਜਪਾ ਤੇ ਉਸ ਦੀਆਂ ਭਾਈਵਾਲ ਰਾਜਸੀ ਪਾਰਟੀਆਂ ਦੇ ਹੱਕ 'ਚ ਹਾਂ ਪੱਖੀ ਮਾਹੌਲ ਸਿਰਜ ਚੁੱਕਾ ਹੈ ਜਿਸ ਦੇ ਅੱਗੇ 14 ਜਨਵਰੀ ਤੋਂ 20 ਮਾਰਚ ਤੱਕ ਕਾਂਗਰਸ ਵੱਲੋਂ ਕੌਮੀ ਆਗੂ ਰਾਹੁਲ ਗਾਂਧੀ ਦੀ ਅਗਵਾਈ 'ਚ ਉੱਤਰ, ਪੂਰਬੀ ਤੇ ਪੱਛਮੀ ਰਾਜਾਂ 'ਚ ਕੱਢੀ ਜਾ ਰਹੀ ਭਾਰਤ ਜੋੜੋ ਨਿਆਂ ਯਾਤਰਾ ਟਿਕ ਨਹੀਂ ਸਕੇਗੀ ਅਤੇ ਇਸ ਯਾਤਰਾ ਦਾ ਸਿਆਸੀ ਤੌਰ 'ਤੇ ਹਸ਼ਰ ਵੀ ਇਸ ਤੋਂ ਪਹਿਲਾਂ ਰਾਹੁਲ ਗਾਂਧੀ ਵੱਲੋਂ ਕੱਢੀ ਗਈ ਭਾਰਤ ਜੋੜੋ ਯਾਤਰਾ ਦੀ ਤਰਜ਼ 'ਤੇ ਹੋਵੇਗਾ। ਕਿਉਂਕਿ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਭਾਰਤ ਜੋੜੋ ਯਾਤਰਾ ਉਪਰੰਤ 3 ਸੂਬਿਆਂ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਹਾਰ ਦੇ ਰੂਪ ਵਿੱਚ ਭਾਜਪਾ ਦੇ ਹੱਥੋਂ ਮੂੰਹ ਦੀ ਖਾਣੀ ਪਈ ਹੈ। ਪ੍ਰੋਫੈਸਰ ਮੰਮਣਕੇ, ਅੰਮ੍ਰਿਤਸਰ ਤੋਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਤੀ ਗਈ 250 ਕਿਲੋਮੀਟਰ ਲੰਬੀ 10 ਰੋਜ਼ਾ ਪੈਦਲ ਯਾਤਰਾ ਤੋਂ ਬਾਅਦ ਪਹਿਲੀ ਵਾਰ ਸਿਆਸੀ ਤੌਰ 'ਤੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਹੇ ਸਨ।

## ਮੋਦੀ ਸਰਕਾਰ ਨੇ ਪੰਜਾਬ ਦੀ ਝਾਕੀ ਨੂੰ ਰੱਦ ਕਰਕੇ ਪੰਜਾਬੀਆਂ ਦਾ ਨਿਰਾਦਰ ਕੀਤਾ : ਜਗਰੂਪ ਸੇਖਵਾਂ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਝਾਕੀ ਰੱਦ ਕੀਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਅਜਿਹਾ ਕਰਕੇ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਵਲੋਂ ਪਾਏ ਲਾਮਿਸਾਲ ਯੋਗਦਾਨ ਦਾ ਨਿਰਾਦਰ ਕੀਤਾ ਹੈ। ਸ. ਸੇਖਵਾਂ ਨੇ ਕਿਹਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਇਸ ਮੁੱਦੇ 'ਤੇ ਪੰਜਾਬ ਦਾ ਪੱਖ ਲੈਣ ਦੀ ਬਜਾਏ ਦਿੱਲੀ ਸਥਿਤ ਆਪਣੇ ਅਕਾਵਾਂ ਨੂੰ ਖੁਸ਼ ਕਰਨ ਲਈ ਝੂਠੇ ਤੇ ਮਨਘੜਤ ਬਿਆਨ ਦੇ ਕੇ ਕੇਂਦਰ ਸਰਕਾਰ ਦੇ ਇਸ ਪੰਜਾਬ ਵਿਰੋਧੀ ਫੈਸਲੇ ਨੂੰ ਜਾਇਜ਼ ਠਹਿਰਾਇਆ ਗਿਆ ਹੈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਹੁਣ ਰੱਖਿਆ ਮੰਤਰਾਲੇ ਨੇ ਇਹ ਬਿਲਕੁੱਲ ਸਾਫ਼ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਵਲੋਂ ਜੋ ਝਾਕੀਆਂ ਦੇ ਨਮੂਨੇ ਭੇਜੇ ਗਏ ਸਨ ਉਨ੍ਹਾਂ ਉਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਕੋਈ ਤਸਵੀਰਾਂ ਨਹੀਂ ਸੀ, ਜਿਸ ਤੋਂ ਬਾਅਦ ਸੁਨੀਲ ਜਾਖੜ ਦੇ ਝੂਠ ਦਾ ਪਰਦਾਫ਼ਾਸ਼ ਹੋ ਗਿਆ ਹੈ। ਚੇਅਰਮੈਨ ਸੇਖਵਾਂ ਨੇ ਕਿਹਾ ਕਿ ਪੰਜਾਬ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਜਾਖੜ ਵਰਗੇ ਇਹ ਆਗੂ ਮਹਿਜ਼ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਆਪਣੀ ਹਾਈ ਕਮਾਂਡ ਨਾਲ ਮਿਲ ਕੇ ਸੂਬੇ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਦੇ ਝੂਠ ਦਾ ਪਰਦਾਫਾਸ਼ ਹੋਣ ਤੋਂ ਬਾਅਦ ਹੁਣ ਉਨ੍ਹਾਂ ਨੂੰ ਜਨਤਕ ਤੌਰ 'ਤੇ ਆਪਣੇ ਝੂਠ ਨੂੰ ਕਬੂਲ ਕਰਕੇ ਪੰਜਾਬੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਦੌਰਾਨ ਲਏ ਗਏ ਕਈ ਅਹਿਮ ਫੈਸਲੇ

### ਗੁਰੂ ਘਰਾਂ ਅੰਦਰ ਸਿਰੋਪਾਓ ਦੀ ਵਰਤੋਂ ਨੂੰ ਨਿਯਮਤ ਕਰਨ ਸਬੰਧੀ ਸਿਧਾਂਤਕ ਮਤਾ ਪਾਸ



**ਅੰਮ੍ਰਿਤਸਰ (ਜਸਬੀਰ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੱਜ ਇਥੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਗੁਰਦੁਆਰਾ ਸਾਹਿਬਾਨ ਅੰਦਰ ਸਿਰੋਪਾਓ ਦੇਣ ਦੇ ਪ੍ਰਚੱਲਣ ਨੂੰ ਬੰਦ ਕਰਦਿਆਂ ਇਸ ਤੋਂ ਹੋਣ ਵਾਲੀ ਵਿੱਤੀ ਬੱਚਤ ਨੂੰ ਕੌਮ ਦੀ ਨੌਜੁਆਨੀ ਦੇ ਅਕਾਦਮਿਕ ਵਿਕਾਸ ਲਈ ਵਰਤਣ ਦਾ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਤਹਿਤ ਸਿਰੋਪਾਓ ਦੇਣ ਦੀ ਆਮ ਵਰਤੋਂ 'ਤੇ ਪਾਬੰਦੀ ਲਗਾਉਂਦਿਆਂ ਕੇਵਲ ਧਾਰਮਿਕ ਸ਼ਖ਼ਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ, ਰਾਗੀ ਅਤੇ ਧਰਮ ਪ੍ਰਚਾਰਕਾਂ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਈ ਹੋਰ ਅਹਿਮ ਫੈਸਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ, ਖੁਸ਼ਵਿੰਦਰ ਸਿੰਘ ਭਾਟੀਆ, ਇੰਦਰਮੋਹਨ ਸਿੰਘ ਲਖਮੀਰਵਾਲਾ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਮਲਕੀਤ ਕੌਰ ਕਮਾਲਪੁਰ, ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ, ਜਸਵੰਤ ਸਿੰਘ ਪੁੜੈਣ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਤੇਜਿੰਦਰ ਸਿੰਘ ਪੱਡਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਸ਼ਾਹਬਾਜ ਸਿੰਘ, ਐਡਵੋਕੇਟ ਅਮਨਬੀਰ ਸਿੰਘ ਸਿਆਲੀ ਆਦਿ ਹਾਜ਼ਰ ਸਨ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਪੀਰ ਦੀ ਸੈਨ ਤੋਂ ਨਗਰ ਕੀਰਤਨ ਸਜਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਥੋਂ ਨਜ਼ਦੀਕੀ ਪਿੰਡ ਪੀਰ ਦੀ ਸੈਨ ਵਿਖੇ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਜਾਇਆ ਗਿਆ। ਸੁੰਦਰ ਪਾਲਕੀ ਵਿੱਚ ਸ਼ੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਹ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਪੀਰ ਦੀ ਸੈਨ ਤੋਂ ਸਾਹਿਬ ਤੋਂ ਆਰੰਭ ਹੋ ਕੇ ਪੁਰਾਣਾ ਧਾਰੀਵਾਲ ਤੋਂ ਹੁੰਦਾ ਹੋਇਆ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਪਹੁੰਚਾ, ਜਿਥੇ ਨਗਰ ਕੀਰਤਨ ਦਾ ਨਿੱਘਾ ਸੁਆਗਤ ਕਰਦਿਆਂ ਗੁਰਦੁਆਰਾ ਬੁਰਜ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਅਤੇ ਗ੍ਰੰਥੀ ਸਿੰਘਾਂ ਵਲੋਂ ਪੰਜ ਪਿਆਰਿਆ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਬੁਰਜ ਸਾਹਿਬ ਵਿੱਚ ਨਤਮਸਤਕ ਹੋਣ ਤੋਂ ਬਾਅਦ ਇਹ ਨਗਰ ਕੀਰਤਨ ਮੁੜ ਵਾਪਿਸ ਵੱਖ ਵੱਖ ਥਾਵਾਂ ਤੋਂ ਹੁੰਦਾ ਹੋਇਆ ਪਿੰਡ ਪੀਰ ਦੀ ਸੈਨ ਦੀ ਪਰਿਕਰਮਾ ਕਰਕੇ ਅਰੰਭਿਕ ਸਥਾਨ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਰਾਗੀ ਸਿੰਘਾਂ ਵਲੋਂ ਰਸਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਕੇ ਗੁਰੂ ਨਾਲ ਜੋੜਿਆ। ਇਸ ਮੌਕੇ ਪ੍ਰਧਾਨ ਗੁਰਜਿੰਦਰ ਸਿੰਘ, ਮੈਨੇਜਰ ਰਣਜੀਤ ਸਿੰਘ, ਬਾਬਾ ਗੁਰਦੇਵ ਸਿੰਘ, ਕਥਾਵਾਚਕ ਭਾਈ ਜਸਵਿੰਦਰ ਸਿੰਘ ਕਲੇਰ, ਗ੍ਰੰਥੀ ਬਾਬਾ ਤਜਿੰਦਰ ਸਿੰਘ, ਸਰਪੰਚ ਮਨਿੰਦਰ ਸਿੰਘ ਪੀਰਦੀ ਸੈਨ, ਸਾਬਕਾ ਸਰਪੰਚ ਬਲਜਿੰਦਰ ਸਿੰਘ, ਰਛਪਾਲ ਸਿੰਘ, ਡਾ: ਰਮਿੰਦਰ ਸਿੰਘ ਸੋਹਲ, ਸੰਦੀਪ ਸਿੰਘ, ਪਲਵਿੰਦਰ ਸਿੰਘ, ਮਨਜੀਤ ਸਿੰਘ, ਹਰਮਨਜੀਤ ਸਿੰਘ, ਸਵਰਨਜੀਤ ਸਿੰਘ ਕਲੇਰ ਆਦਿ ਸਮੇਤ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਪੰਜਾਬ ਯੂਥ ਕਾਂਗਰਸ ਵੱਲੋਂ ਨਗਰ ਕੌਂਸਲ ਅੱਗੇ ਧਰਨਾ

## ਸ਼ਹਿਰ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਦਾ ਰਹਾਂਗਾ : ਸ਼ਰਮਾ



**ਧੂਰੀ (ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸੁਭਮ ਸ਼ਰਮਾ ਨਾਲ ਹੋ ਰਹੇ ਪੱਖਪਾਤ ਦੇ ਚੱਲਦਿਆਂ ਪੰਜਾਬ ਯੂਥ ਕਾਂਗਰਸ ਤੇ ਉਸ ਦੇ ਸਮਰਥਕਾਂ ਵੱਲੋਂ ਨਗਰ ਕੌਂਸਲ ਧੂਰੀ ਅੱਗੇ ਕਾਰਜ ਸਾਧਕ ਅਫਸਰ ਅਸ਼ਵਨੀ ਕੁਮਾਰ ਵਿਰੁੱਧ ਧਰਨਾ ਲਾ ਕੇ ਨਾਅਰੇਬਾਜ਼ੀ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਫਲੈਕਸਾਂ ਲਾਈਆਂ ਸਨ, ਜਿਨ੍ਹਾਂ ਨੂੰ ਕਾਰਜ ਸਾਧਕ ਅਫਸਰ ਦੇ ਕਹਿਣ 'ਤੇ ਲੁਹਾ ਦਿੱਤੀਆਂ ਗਈਆਂ ਜਦੋਂਕਿ ਸਰਕਾਰ ਨਾਲ ਸੰਬੰਧਤ ਆਗੂਆਂ ਦੀਆਂ ਫਲੈਕਸਾਂ ਨੂੰ ਛੇੜਿਆ ਤੱਕ ਨਹੀਂ ਗਿਆ। ਉਨ੍ਹਾਂ ਕਿਹਾ ਕਾਰਜ ਸਾਧਕ ਅਫਸਰ, ਜੋ ਬਿਨਾਂ ਪੈਸੇ ਤੋਂ ਕਿਸੇ ਦਾ ਕੰਮ ਨਹੀਂ ਕਰਦਾ, ਜਿਸ ਕਾਰਨ ਸ਼ਹਿਰ ਦੇ ਲੋਕ ਵੱਖ ਵੱਖ ਕੰਮਾਂ ਨੂੰ ਕਰਵਾਉਣ ਲਈ ਦਫਤਰ ਦੇ ਚੱਕਰ ਕੱਟ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕਾਰਜ ਸਾਧਕ ਅਫਸਰ ਦਾ ਰਵੱਈਆ ਆਮ ਲੋਕਾਂ ਪ੍ਰਤੀ ਠੀਕ ਨਹੀਂ ਹੈ। ਉਨ੍ਹਾਂ ਕਿਹਾ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨ ਤੇ ਅਪਣੇ ਨਾਲ ਹੋਏ ਪੱਖਪਾਤ ਕਾਰਨ ਉਨ੍ਹਾਂ ਦੇ ਸਮੱਰਥਕਾਂ ਵੱਲੋਂ ਮਜਬੂਰਨ ਧਰਨਾ ਲਾਇਆ ਗਿਆ ਹੈ। ਇਹ ਧਰਨਾ ਕਾਰਜ ਸਾਧਕ ਅਫਸਰ ਅਸ਼ਵਨੀ ਕੁਮਾਰ ਦੀ ਬਦਲੀ ਹੋਣ ਤੋਂ ਬਾਅਦ ਹੀ ਸਮਾਪਤ ਕੀਤਾ ਜਾਵੇਗਾ।

ਦੂਸਰੇ ਪਾਸੇ ਧੂਰੀ ਦੇ ਕਾਰਜ ਸਾਧਕ ਅਫਸਰ ਅਸ਼ਵਨੀ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਕਿਸੇ ਨਾਲ ਪੱਖਪਾਤ ਜਾਂ ਧੱਕੇਸ਼ਾਹੀ ਨਹੀਂ ਕੀਤੀ ਜਾ ਰਹੀ, ਕਾਨੂੰਨ ਅਨੁਸਾਰ ਹੀ ਕੰਮ ਕੀਤਾ ਜਾਂਦਾ ਹੈ। ਇਸ ਦੌਰਾਨ ਐੱਸ ਡੀ ਐੱਮ ਅੰਮਿਤ ਗੁਪਤਾ ਧਰਨੇ ਵਿੱਚ ਪਹੁੰਚੇ ਤੇ ਉਨ੍ਹਾਂ ਧਰਨਾਕਾਰੀਆਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਹੱਲ ਕਰਵਾਉਣ ਦੇ ਭਰੋਸੇ ਮਗਰੋਂ ਧਰਨੇ ਨੂੰ ਸਮਾਪਤ ਕਰਵਾਇਆ।

# ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਰਕਾਰ ਦੇ ਅੜੀਅਲ ਰਵੱਈਏ ਦੀ ਪੁਰਜ਼ੋਰ ਨਿੰਦਾ

**ਜਲਾਲਾਬਾਦ (ਜੀਤ ਕੁਮਾਰ)**

ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਦੇਸ ਰਾਜ ਗਾਂਧੀ ਦੀ ਅਗਵਾਈ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਜਨਰਲ ਸਕੱਤਰ ਗੁਰਦੀਪ ਸਿੰਘ ਛਾਬੜਾ ਨੇ ਪੰਜਾਬ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਅੜੀਅਲ ਰਵੱਈਏ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਕੈਸ਼ੀਅਰ ਰਾਜ ਕੁਮਾਰ ਬਜਾਜ ਨੇ 17 ਦਸੰਬਰ ਨੂੰ ਪੈਨਸ਼ਨਰਜ਼ ਦਿਵਸ ਮਨਾਉਣ ਸਮੇਂ ਕੀਤੇ ਗਏ ਖਰਚੇ ਦਾ ਵੇਰਵਾ ਦਿੰਦੇ ਹੋਏ ਸਮੂਹ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕੀਤਾ।



ਮੀਟਿੰਗ ਦੇ ਦੌਰਾਨ ਇਕੱਠੇ ਹੋਏ ਪੈਨਸ਼ਨਰਜ਼।

ਦੇਸ ਰਾਜ ਕੰਬੋਜ ਨੇ ਡੀ. ਏ. ਦੀਆਂ ਰਹਿੰਦੀਆਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕਰਨ ਲਈ ਪੰਜਾਬ ਸਰਕਾਰ ਨੂੰ ਲੋੜੀਦੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ ਤੇ ਪੈਨਸ਼ਨਰਜ਼ ਦੀਆਂ ਬਾਕੀ ਜਾਇਜ਼ ਤੇ ਹੱਕੀ ਮੰਗਾਂ ਸਬੰਧੀ ਸਰਕਾਰ ਨੂੰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਚੇਤਾਵਨੀ ਦਿੱਤੀ। ਦੁਨੀ ਚੰਦ ਬੱਤਰਾ ਨੇ ਕਿਹਾ ਕਿ ਪੈਨਸ਼ਨਰਜ਼ ਦੇ ਬਣਦੇ ਬਕਾਏ 1-1-2016 ਤੋਂ 2.59 ਫੈਕਟਰ ਨੂੰ ਅਧਾਰ ਮੰਨਣ ਤੇ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ। ਇਸ ਦੇ ਇਲਾਵਾ ਉਨ੍ਹਾਂ ਨੇ ਮੁਲਾਜ਼ਮਾਂ ਲਈ ਪੈਨਸ਼ਨ ਦੀ ਮਹੱਤਤਾ ਬਾਰੇ ਸਾਥੀਆਂ ਨੂੰ ਪੂਰੀ ਜਾਣਕਾਰੀ ਦਿੱਤੀ। ਬਲਬੀਰ ਸਿੰਘ ਪੁਆਰ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਜਲਦੀ ਤੋਂ ਜਲਦੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਬਲਵੰਤ ਸਿੰਘ ਖਾਲਸਾ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪੈਨਸ਼ਨਰਜ਼ ਦੀਆਂ ਲਟਕਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਲੋੜੀਂਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ। ਮੀਟਿੰਗ ਵਿੱਚ ਹੋਰਾਂ ਤੋਂ ਇਲਾਵਾ ਤੀਰਥ ਰਾਮ ਸਚਦੇਵਾ, ਜੋਗਿੰਦਰ ਸਿੰਘ, ਰਾਮ ਚੰਦ ਪਟਵਾਰੀ, ਬਲਬੀਰ ਸਿੰਘ, ਸੁਰਜੀਤ ਸਿੰਘ ਰੋਡਵੇਜ਼ ਨੇ ਵੀ ਸੰਬੋਧਨ ਕੀਤਾ।

# ਈ ਵੀ ਐੱਮ ਦੇ ਵਿਰੋਧ 'ਚ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਜਸਵੰਤ ਸਿੰਘ ਜ਼ਿਲ੍ਹਾ ਪ੍ਰਧਾਨ ਬਹੁਜਨ ਮੁਕਤ ਪਾਰਟੀ ਮਾਨਸਾ ਤੇ ਰਾਸ਼ਟਰੀ ਪੱਛੜਾ ਵਰਗ ਮੋਰਚਾ ਦੇ ਪ੍ਰਧਾਨ ਡਾ. ਕੇਵਲ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਈ. ਵੀ. ਐੱਮ. ਵਿੱਚ ਵੱਡੀ ਧਾਂਦਲੀ ਹੋ ਸਕਦੀ ਹੈ।ਮਾਨਸਾ ਵਿਖੇ ਵਾਮਨ ਮੇਸ਼ ਰਾਮ ਸਾਹਿਬ ਦੇ ਹੁਕਮਾਂ ਅਨੁਸਾਰ ਇੱਕੋ ਮੰਗ ਪੱਤਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਨੂੰ ਸੌਂਪ ਕੇ ਮੰਗ ਕੀਤੀ ਕਿ ਈ.ਵੀ.ਐੱਮ. ਮਸ਼ੀਨਾਂ ਬੰਦ ਕੀਤੀਆਂ ਜਾਣ ਤੇ ਵੋਟਾਂ ਬੈਲਟ ਪੇਪਰ ਨਾਲ ਹੀ ਪਵਾਈਆਂ ਜਾਣ।ਮਾਨਯੋਗ ਸੁਪਰੀਮ ਕੋਰਟ ਦੇ ਵਿੱਚ 2013 ਤੋਂ ਈ.ਵੀ.ਐੱਮ. ਦੇ ਵਿਰੋਧ ਦੇ ਵਿੱਚ ਵਾਮਨ ਮੇਸ਼ ਰਾਮ ਕੇਸ ਲੜ ਰਹੇ ਹਨ।ਮਾਨਯੋਗ ਸੁਪਰੀਮ ਕੋਰਟ ਨੇ ਮੰਨਿਆ ਹੈ ਕਿ ਈ.ਵੀ.ਐੱਮ. ਮਸ਼ੀਨਾਂ ਰਾਹੀਂ ਨਿਰਪੱਖ ਚੋਣ ਨਹੀਂ ਹੋ ਸਕਦੀ।ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਈ.ਵੀ.ਐੱਮ. ਨਾਲ ਵੀ. ਵੀ. ਪੈਡ ਲਾਈ ਜਾਵੇ ਤੇ ਦੋਵਾਂ ਦਾ ਆਪਸੀ ਮਿਲਾਨ ਵੀ ਕੀਤਾ ਜਾਵੇ, ਪਰ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ ਮੈਂ ਵੀ. ਵੀ. ਪੈਡ ਵੋਟਾਂ ਦੀ ਗਿਣਤੀ ਸਿਰਫ 1 ਪ੍ਰਤੀਸ਼ਤ ਹੀ ਕਰਵਾਵਾਈ ਜਾਵੇਗੀ।ਅਮਰੀਕਾ ਸਰਕਾਰ ਨੇ ਅਜੇ ਕੱਲ੍ਹ ਹੀ ਫੈਸਲਾ ਕੀਤਾ ਹੈ ਕਿ ਈ.ਵੀ.ਐੱਮ. ਮਸ਼ੀਨਾਂ ਇੱਕ ਮਿੰਟ ਵਿੱਚ ਹੈਕ ਕੀਤੀਆਂ ਜਾ ਸਕਦੀਆਂ ਹਨ।ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਬਸਪਾ ਦੇ ਵਿਧਾਇਕ ਨੇ ਕਿਹਾ ਸੀ ਕਿ ਜਿਸ ਬੂਥ 'ਤੇ ਮੇਰੀ ਤੇ ਮੇਰੇ ਪਰਿਵਾਰ ਦੀਆਂ ਸੱਤ ਵੋਟਾਂ ਹਨ, ਪਰ ਈ.ਵੀ.ਐੱਮ. ਮਸ਼ੀਨ ਨੇ ਸਾਰੀਆਂ ਵੋਟਾਂ ਖਾ ਲਈਆਂ।ਜੇਕਰ ਈ.ਵੀ.ਐੱਮ. ਮਸ਼ੀਨਾਂ ਨਾ ਬੰਦ ਹੋਈਆਂ ਤਾਂ 31 ਜਨਵਰੀ ਨੂੰ ਇੱਕ ਲੱਖ ਵਿਅਕਤੀਆਂ ਦਾ ਮੋਰਚਾ ਭਾਰਤੀ ਚੋਣ ਕਮਿਸ਼ਨਰ ਦੇ ਦਿੱਲੀ ਸਥਿਤ ਦਫਤਰ ਦਾ ਘਿਰਾਓ ਕਰਕੇ ਮੰਗ ਕੀਤੀ ਜਾਵੇਗੀ ਕਿ 2024 ਵਿੱਚ ਲੋਕ ਸਭਾ ਦੀਆਂ ਚੋਣਾਂ ਬੈਲਟ ਪੇਪਰ ਰਾਹੀਂ ਹੀ ਕਰਵਾਈਆਂ ਜਾਣ। ਇਸ ਸਮੇਂ ਡਾ. ਸੁਰਿੰਦਰ ਸਿੰਘ ਬਾਂਮਸੇਫ ਆਗੂ, ਦਲਵਿੰਦਰ ਸਿੰਘ ਭਾਰਤ ਮੁਕਤੀ ਮੋਰਚੇ ਦਾ ਜ਼ਿਲ੍ਹਾ ਪ੍ਰਧਾਨ, ਜਰਨੈਲ ਸਿੰਘ ਰੇਹੜੀ ਯੂਨੀਅਨ ਦੇ ਪ੍ਰਧਾਨ, ਲਾਲ ਚੰਦ, ਲਾਲ ਚੰਦ ਯਾਦਵ, ਬਿੱਕਰ ਸਿੰਘ ਮਘਾਣੀਆਂ ਆਦਿ ਆਗੂ ਹਾਜ਼ਰ ਸਨ।

## ਕਾਤਰਾਂ

### ਬਨਾਉਟੀ ਅੰਗ ਲਾਉਣ ਲਈ ਅਸੈਸਮੈਂਟ ਕੈਂਪ 18 ਨੂੰ

**ਲੁਧਿਆਣਾ (ਰਾਜ ਸਿੰਗਲਾ)**-ਦਿਵਿਆਂਗਜਨਾਂ ਦੀ ਭਲਾਈ ਤੇ ਉਨ੍ਹਾਂ ਦੀ ਰੋਜ਼ਮਰਾ ਜ਼ਿੰਦਗੀ ਨੂੰ ਸੁਖਾਵੀਂ ਬਣਾਉਣ ਦੇ ਮੰਤਵ ਨਾਲ 18 ਜਨਵਰੀ ਨੂੰ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਿਖੇ ਦਿਵਿਆਂਗਜਨਾਂ ਲਈ ਬਨਾਉਟੀ ਅੰਗ ਲਾਉਣ ਲਈ ਅਲਿਮਕੋ ਵੱਲੋਂ ਇਕ ਰੋਜ਼ਾ ਅਸੈਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ ਲੁਧਿਆਣਾ ਗੌਤਮ ਜੈਨ, ਆਈ.ਏ.ਐਸ. ਵੱਲੋਂ ਦੱਸਿਆ ਗਿਆ ਕਿ ਡਿਪਟੀ ਕਮਿਸ਼ਨਰ, ਲੁਧਿਆਣਾ ਸੁਰਭੀ ਮਲਿਕ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਮਾਜਿਕ ਨਿਆਂ ਤੇ ਸ਼ਸ਼ਕਤੀਕਰਨ ਮੰਤਰਾਲਾ ਅਧੀਨ ਆਉਂਦੀ ਸੰਸਥਾ ਅਲਿਮਕੋ ਵੱਲੋਂ ਦਿਵਿਆਂਗਜਨਾਂ ਦੀ ਭਲਾਈ ਲਈ ਉਨ੍ਹਾਂ ਨੂੰ ਬਨਾਉਟੀ ਅੰਗ ਲਗਾਉਣ ਲਈ 18 ਜਨਵਰੀ ਨੂੰ ਇਕ ਰੋਜ਼ਾ ਅਸੈਸਮੈਂਟ ਕੈਂਪ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਸਮਾਜ ਭਲਾਈ ਕੰਪਲੈਕਸ ਨੇੜੇ ਗਿੱਲ ਨਹਿਰ, ਸ਼ਿਮਲਾਪੁਰੀ, ਲੁਧਿਆਣਾ ਵਿਖੇ ਲਾਇਆ ਜਾਣਾ ਹੈ। ਉਨ੍ਹਾ ਅੱਗੇ ਦੱਸਿਆ ਕਿ ਅਲਿਮਕੋ ਸੰਸਥਾ ਦਿਵਿਆਂਗਜਨਾਂ ਨੂੰ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਜਿਊਣ ਦੇ ਸਮਰੱਥ ਬਣਾਉਣ ਤੇ ਜ਼ਿੰਦਗੀ ਜਿਊਣ ਲਈ ਨਕਲੀ ਅੰਗ ਮੁਹੱਈਆ ਕਰਾ ਕੇ ਹਰ ਇੱਕ ਦਿਵਿਆਂਗਜਨ ਨੂੰ ਆਪਣੀ ਜ਼ਿੰਦਗੀ ਵਿੱਚ ਸਮਰੱਥ ਬਣਾਉਣ ਲਈ ਹਰ ਸੰਭਵ ਉਪਰਾਲਾ ਕਰਦੀ ਹੈ। ਇਹ ਕੈਂਪ ਸਵੇਰੇ 10:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਲਾਇਆ ਜਾਵੇਗਾ।

### ਸਲਾਇਟ ਵਿਖੇ ਜਾਗਰੂਕਤਾ ਕੈਂਪ ਅੱਜ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਭਾਰਤ ਸਰਕਾਰ ਦਾ ਮੁੱਖ ਵਿੱਦਿਅਕ ਅਦਾਰਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਟੈਕਨੋਲੋਜੀ ਵਿੱਚ ਡਿਸੇਬਲ ਸਟੱਡੀ ਵਿਭਾਗ ਵੱਲੋਂ ਅੰਗਹੀਣਾਂ ਦੀ ਇੱਕ ਜਰਨਲ ਸਵੈ ਰੁਜ਼ਗਾਰ ਅੰਗਹੀਣ ਕੈਂਪ ਸੱਤ ਜਨਵਰੀ ਨੂੰ ਸੰਸਥਾ ਦੇ ਕੈਂਪਸ ਵਿਖੇ ਸਵੇਰ 11:00 ਵਜੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਮਨੀ ਕਾਂਤ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਮੁੱਖ ਬੁਲਾਰੇ ਦੇ ਤੌਰ 'ਤੇ ਕਸ਼ਮੀਰ ਸਿੰਘ ਸਨਾਵਾ ਚੇਅਰਮੈਨ ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ, ਕਿਰਨਦੀਪ ਕੌਰ ਪ੍ਰਿੰਸੀਪਲ ਬੀਬੀ ਭਾਨੀ ਪਬਲਿਕ ਸਕੂਲ ਲੌਂਗੋਵਾਲ, ਚਮਕੌਰ ਸਿੰਘ ਸਾਹਪੁਰ, ਕਮਲਜੀਤ ਸਿੰਘ ਵਿੱਕੀ, ਅੰਗਹੀਣਾਂ ਪ੍ਰਤੀ ਆਪਣੇ ਤਜਰਬੇ ਵਿੱਚੋਂ ਵਿਚਾਰ ਪੇਸ਼ ਕਰਨਗੇ।

### ਯੁਵਕ ਸੇਵਾਵਾਂ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਯੁਵਕ ਮੇਲਾ 11-12 ਨੂੰ

**ਮੋਗਾ (ਅਮਰਜੀਤ ਬੱਬਰੀ)**-ਨੌਜਵਾਨਾਂ ਵਿਚਲੀ ਕਲਾ ਦਾ ਨਿਖਾਰ ਕਰਨ ਲਈ ਤੇ ਉਨ੍ਹਾਂ ਦੀ ਸ਼ਖਸੀਅਤ ਦੀ ਉਸਾਰੀ ਕਰਨ ਲਈ ਦਵਿੰਦਰ ਸਿੰਘ ਲੋਟੇ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਮੋਗਾ ਦੀ ਅਗਵਾਈ ਵਿੱਚ ਇੱਕ ਜ਼ਿਲ੍ਹਾ ਪੱਧਰ ਦਾ ਦੋ ਰੋਜ਼ਾ ਓਪਨ ਯੁਵਕ ਮੇਲਾ 11-12 ਜਨਵਰੀ 2024 ਨੂੰ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ ਮੋਗਾ ਵਿਖੇ ਕਰਵਾਇਆ ਜਾ ਰਿਹਾ ਹੈ। ਮੇਲੇ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਲੋਟੇ ਨੇ ਦੱਸਿਆ ਕਿ ਇਸ ਮੇਲੇ ਦੌਰਾਨ 11 ਜਨਵਰੀ ਨੂੰ ਭੰਗੜਾ, ਲੁੱਡੀ/ਸੰਮੀ, ਲੋਕ-ਸਾਜ਼ ਮੁਕਾਬਲਾ, ਭਾਸ਼ਣ ਪ੍ਰਤੀਯੋਗਤਾ/ਡੀਬੇਟ, ਵਾਰ-ਗਾਇਨ, ਕਵੀਸ਼ਰੀ ਤੇ ਫਾਈਨ ਆਰਟਸ ਮੁਕਾਬਲੇ ਮੁਕਾਬਲੇ ਕਰਵਾਏ ਜਾਣਗੇ ਅਤੇ 12 ਜਨਵਰੀ ਨੂੰ ਗਿੱਧਾ, ਰਵਾਇਤੀ ਲੋਕ-ਗੀਤ (ਲੰਮੀਆਂ ਹੇਕਾਂ ਵਾਲੇ), ਪੁਰਾਤਨ ਪਹਿਰਾਵਾ, ਭੰਡ, ਮੋਨੋ-ਐਕਟਿੰਗ ਤੇ ਰਵਾਇਤੀ ਲੋਕ ਕਲਾ ਮੁਕਾਬਲੇ ਕਰਵਾਏ ਜਾਣਗੇ।ਮੇਲੇ ਦੌਰਾਨ ਕਰਵਾਈਆਂ ਜਾਣ ਵਾਲੀਆਂ ਵੰਨਗੀਆਂ 'ਚ ਭਾਗ ਲੈਣ ਦੇ ਇੱਛੁਕ ਪ੍ਰਤੀਯੋਗੀ/ਕਲੱਬ/ਸੰਸਥਾਵਾਂ ਦਾਖਲਾ ਫਾਰਮ ਦਫਤਰ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਮੋਗਾ ਇਨਡੋਰ ਖੇਡ ਸਟੇਡੀਅਮ, ਨੇੜੇ ਪੀ ਡਬਲਿਊ ਡੀ ਗੈਸਟ ਹਾਊਸ, ਜੀ ਟੀ ਰੋਡ, ਮੋਗਾ ਤੋਂ ਮੋ. ਨੰਬਰ 75891-97789 ਨਾਲ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹਨ।

### ਏਕਨੂਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਧੀਆਂ ਦੀ ਲੋਹੜੀ ਮੇਲਾ 9 ਨੂੰ

**ਬੁਢਲਾਡਾ (ਅਸ਼ੋਕ ਲਾਕੜਾ)**-ਏਕਨੂਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਪ੍ਰਧਾਨ ਜੀਤ ਦਹੀਆ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੀਆਂ ਦੀ ਲੋਹੜੀ ਤੇ ਸੱਭਿਆਚਾਰਕ ਮੇਲਾ ਅਗਰਸੈਨ ਭਵਨ ਮਾਨਸਾ ਵਿਖੇ 9 ਜਨਵਰੀ 2024 ਨੂੰ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏਕਨੂਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਪ੍ਰਧਾਨ ਜੀਤ ਦਹੀਆ ਨੇ ਦੱਸਿਆ ਕਿ ਉਨ੍ਹਾ ਵੱਲੋਂ ਪਿਛਲੇ ਤਿੰਨ ਸਾਲ ਤੋਂ ਲੜਕੀਆਂ ਦੇ ਸਰਬਪੱਖੀ ਵਿਕਾਸ ਤੇ ਉਨ੍ਹਾਂ ਦੇ ਸ਼ਸਕਤੀਕਰਨ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਾਲ ਦੌਰਾਨ ਨਾਮਣਾ ਖੱਟਣ ਵਾਲੀਆਂ ਧੀਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਏਕਨੂਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਪ੍ਰਧਾਨ ਜੀਤ ਦਹੀਆ ਤੇ ਸਿੱਖਿਆ ਵਿਭਾਗ ਮੰਚ ਮਾਨਸਾ ਦੇ ਚੇਅਰਮੈਨ ਡਾ. ਸੰਦੀਪ ਘੰਡ ਨੇ ਸਮੂਹ ਮਾਨਸਾ ਵਾਸੀਆਂ ਨੂੰ ਸਮਾਗਮ ਵਿੱਚ ਧੀਆਂ ਦੇ ਸਨਮਾਨ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ।

# ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਤੇ ਗੁਰੂ ਹਰਿਗੋਬਿੰਦ ਸਾਹਿਬ ਸੇਵਕ ਜਥਾ ਘੁਲਾਲ ਵੱਲੋਂ ਸਫਾਈ ਮੁਹਿੰਮ





**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ. ਐੱਸ ਐੱਸ ਯੂਨਿਟ, ਗ੍ਰਾਮ ਪੰਚਾਇਤ ਪਿੰਡ ਘੁਲਾਲ ਤੇ ਗੁਰੂ ਹਰਗੋਬਿੰਦ ਸਾਹਿਬ ਸੇਵਕ ਜੱਥਾ ਘੁਲਾਲ ਦੇ ਸਹਿਯੋਗ ਨਾਲ ਪਿੰਡ ਵਿੱਚ ਸਫਾਈ ਤੇ ਜਾਗਰੂਕਤਾ ਮੁਹਿੰਮ ਚਲਾਈ ਗਈ। ਇਹ ਮੁਹਿੰਮ ਸੀ ਆਈ ਆਈ ਫਾਊਂਡੇਸ਼ਨ ਤੇ ਐੱਚ ਡੀ ਐੱਫ ਸੀ ਬੈਂਕ ਦੀ ਭਾਗੀਦਾਰੀ ਨਾਲ ਕੀਤੀ ਗਈ। ਇਸ ਸਫਾਈ ਮੁਹਿੰਮ ਦਾ ਆਰੰਭ ਪਿੰਡ ਦੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ ਤੋਂ ਕੀਤਾ ਗਿਆ ਤੇ ਇਸ ਤੋਂ ਇਲਾਵਾ ਪਿੰਡ ਦੇ ਆਲੇ ਦੁਆਲੇ ਦੇ ਰਸਤਿਆਂ ਨੂੰ ਸਾਫ ਕੀਤਾ ਗਿਆ। ਸਫਾਈ ਕਰਨ ਤੋਂ ਬਾਅਦ ਐੱਨ ਐੱਸ ਐੱਸ ਟੀਮ ਵੱਲੋਂ ਪਿੰਡ ਵਾਸੀਆਂ ਨੂੰ ਸਮਾਜ ਦੀਆਂ ਵੱਖਰੀਆਂ ਵੱਖਰੀਆਂ ਬੁਰਾਈਆਂ ਬਾਰੇ ਜਾਗਰੂਕ ਕਰਨ ਲਈ ਪਿੰਡ ਵਿੱਚ ਰੈਲੀ ਦਾ ਆਯੋਜਨ ਵੀ ਕੀਤਾ ਗਿਆ। ਇਸ ਸਮੇਂ ਵਲੰਟੀਅਰਾਂ ਵੱਲੋਂ ਪਿੰਡ ਦੇ ਹਰ ਇੱਕ ਘਰ ਵਿੱਚ ਜਾ ਕੇ ਨਸ਼ੇ ਤੋਂ ਪੰਜਾਬ ਨੂੰ ਬਚਾਉਣ ਤੇ ਪਰਾਲੀ ਸਾੜਨ ਤੋਂ ਰੋਕਣ ਲਈ ਹੋਕਾ ਵੀ ਦਿੱਤਾ ਗਿਆ।

ਇਸ ਮੌਕੇ ਪ੍ਰੋਗਰਾਮ ਅਫਸਰ ਡਾ. ਲਵਲੀਨ ਬੈਂਸ, ਪ੍ਰੋ. ਅਮਨਦੀਪ ਕੌਰ, ਪ੍ਰੋ. ਗੁਰਦੀਪ ਸਿੰਘ ਪ੍ਰੋਜੈਕਟ ਕੋਆਰਡੀਨੇਟਰ ਸੀ. ਆਈ. ਆਈ. ਫਾਊਂਡੇਸ਼ਨ ਪ੍ਰੋ. ਹਰਪ੍ਰੀਤ ਸਿੰਘ, ਸ੍ਰ. ਗੁਰਮੁੱਖ ਸਿੰਘ ਮੁਖੀ ਗੁਰੂ ਹਰਗੋਬਿੰਦ ਸਾਹਿਬ ਸੇਵਕ ਜੱਥਾ, ਸਰਪੰਚ ਸਰਦਾਰ ਕੁਲਜਿੰਦਰ ਸਿੰਘ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਰਮਨਦੀਪ ਕੌਰ, ਮਨਿੰਦਰ ਸਿੰਘ ਹਾਜ਼ਰ ਸਨ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਬਲੱਡ ਡੋਨਰਜ਼ ਸੁਸਾਇਟੀ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਮਾਨਵ ਸੇਵਾ ਬਲੱਡ ਡੋਨਰਜ਼ ਸੁਸਾਇਟੀ ਫੂਲ ਟਾਊਨ ਵੱਲੋਂ ਪ੍ਰੈੱਸ ਕਲੱਬ ਰਾਮਪੁਰਾ ਫੂਲ, ਐੱਚ ਡੀ ਐੱਫ ਸੀ ਬੈਂਕ ਮੌੜ, ਬੀ ਡੀ ਸੀ ਰਾਮਪੁਰਾ ਤੇ ਭਾਈ ਰਵੀ ਖਾਲਸਾ ਕੈਨੇਡਾ ਵਾਲਿਆਂ ਦੇ ਸਵ: ਮਾਤਾ ਰਾਜਿੰਦਰ ਕੌਰ ਪਤਨੀ ਸ੍ਰ. ਸੁਖਦਰਸ਼ਨ ਸਿੰਘ ਦੀ ਨਿੱਘੀ ਯਾਦ 'ਚ ਗੁਰਦੁਆਰਾ ਅਕਾਲਗੜ੍ਹ ਸਾਹਿਬ ਫੂਲ ਟਾਊਨ ਵਿਖੇ 11ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਸੁਸਾਇਟੀ ਪ੍ਰਧਾਨ ਮੱਖਣ ਸਿੰਘ ਬੁੱਟਰ, ਸੀਨੀਅਰ ਮੀਤ ਪ੍ਰਧਾਨ ਸਿਕੰਦਰ ਸਿੰਘ ਸਪਰਾ, ਮੀਤ ਪ੍ਰਧਾਨ ਜਸਵੀਰ ਸਿੰਘ ਰਿੰਪੀ, ਖਜ਼ਾਨਚੀ ਡਾਕਟਰ ਇਕਬਾਲ ਸਿੰਘ ਮਾਨ, ਸੈਕਟਰੀ ਅਮਨਦੀਪ ਸਿੰਘ ਬਾਵਾ ਤੇ ਸਹਾਇਕ ਸੈਕਟਰੀ ਭੁਪਿੰਦਰ ਸਿੰਘ ਜਟਾਣਾ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਹਰਮਿੰਦਰ ਸਿੰਘ ਰਿਟਾਇਰਡ ਏ ਐੱਸ ਆਈ ਪੰਜਾਬ ਪੁਲਸ, ਗੁਰਕੀਰਤ ਸਿੰਘ ਔਲਖ ਲ, ਮ/ਏ ਜੀ ਈ ਤੇ ਰੇਸ਼ਮ ਸਿੰਘ ਦਰੋਗਾ ਵੱਲੋਂ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ ਗਿਆ ਅਤੇ ਖ਼ੂਨਦਾਨੀਆਂ ਨੂੰ ਇਨਾਮ ਵੰਡ ਦੀ ਰਸਮ ਕ੍ਰਿਸ਼ਨ ਸਿੰਘ ਫੌਜੀ ਪ੍ਰਧਾਨ ਕਮੇਟੀ ਮੰਦਰ ਬੀਬੀ ਪਾਰੋ ਤੇ ਮਨਪ੍ਰੀਤ ਸਿੰਘ ਰਾਜਪੂਤ (ਕੈਨੇਡਾ) ਵੱਲੋਂ ਕੀਤੀ ਗਈ। ਕੈਂਪ ਦੌਰਾਨ ਖ਼ੂਨਦਾਨੀਆਂ ਵੱਲੋਂ 113 ਯੂਨਿਟ ਖ਼ੂਨ ਦਾਨ ਕੀਤਾ ਗਿਆ ਤੇ ਆਦੇਸ਼ ਹਸਪਤਾਲ ਭੁੱਚੋ ਬਲੱਡ ਬੈਂਕ ਤੇ ਗੁਰੂ ਨਾਨਕ ਦੇਵ ਚੈਰੀਟੇਬਲ ਬਲੱਡ ਬੈਂਕ ਬਠਿੰਡਾ ਦੀ ਟੀਮ ਵੱਲੋਂ ਬਲੱਡ ਇਕੱਤਰ ਕੀਤਾ ਗਿਆ। ਮਾਨਵ ਸੇਵਾ ਬਲੱਡ ਡੋਨਰਜ਼ ਸੁਸਾਇਟੀ ਵੱਲੋਂ ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨੂੰ ਸੁਭਾਸ਼ ਗੋਇਲ ਮਿੰਟੂ ਤੇ ਹਰਪ੍ਰੀਤ ਸਿੰਘ ਮਾਨ ਨੇ ਸੁਚੱਜੇ ਢੰਗ ਨਾਲ ਨਿਭਾਇਆ। ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸਮੇਤ ਮੁੱਖ ਮਹਿਮਾਨ, ਸਹਿਯੋਗੀ ਕਲੱਬਾਂ ਤੇ ਮੋਹਤਬਰ ਵਿਅਕਤੀਆਂ ਦਾ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੈਂਪ ਵਿੱਚ ਮੱਖਣ ਸਿੰਘ ਬੁੱਟਰ ਨੇ 55ਵੀਂ ਵਾਰ ਖ਼ੂਨ ਦਾਨ ਕੀਤਾ। ਕੈਂਪ ਨੂੰ ਸਫਲ ਬਣਾਉਣ ਲਈ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਸੇਵਾ ਕਲੱਬ ਫੂਲ ਟਾਊਨ ਦੇ ਉਦਮੀ ਨੌਜਵਾਨਾਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਕੈਂਪ ਦੌਰਾਨ ਕੁਲਵਿੰਦਰ ਸਿੰਘ 'ਮਾਨ ਲੈਬੋਰਟਰੀ ਵੱਲੋਂ ਬਲੱਡ ਗਰੁੱਪ ਦਾ ਮੁਫਤ ਚੈੱਕਅੱਪ ਕੀਤਾ ਗਿਆ। ਸੁਸਾਇਟੀ ਪ੍ਰਧਾਨ ਮੱਖਣ ਸਿੰਘ ਬੁੱਟਰ ਤੇ ਸਮੂਹ ਮੈਂਬਰਾਂ ਨੇ ਕੈਂਪ ਵਿੱਚ ਪਹੁੰਚੇ ਸਾਰੇ ਹਾਜ਼ਰੀਨਾਂ ਦਾ ਧੰਨਵਾਦ ਕੀਤਾ। ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਦੀ ਸੇਵਾ ਜਗਤਾਰ ਸਿੰਘ ਭਾਰੀ ਤੇ ਦੁੱਧ ਦੀ ਸੇਵਾ ਜਸ਼ਨ ਸਿੰਘ, ਟਹਿਲ ਸਿੰਘ ਖਾਲਸਾ ਤੇ ਰਾਜੂ ਬਿੰਨੜ ਡੇਅਰੀ ਵੱਲੋਂ ਕੀਤੀ ਗਈ।



# ਵਿਕਸਿਤ ਭਾਰਤ ਸੰਕਲਪ ਯਾਤਰਾ ਬਰੇਟਾ ਪੁੱਜੀ

ਬਰੇਟਾ (ਗੀਤਵਾਲ)-ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਚਲਾਈ ਵਿਕਸਿਤ ਭਾਰਤ ਸੰਕਲਪ ਯਾਤਰਾ ਸ਼ੁੱਕਰਵਾਰ ਬਰੇਟਾ ਵਿਖੇ ਪੁੱਜੀ, ਜਿਸ ਦੀ ਅਗਵਾਈ ਨਗਰ ਕੌਂਸਲ ਬਰੇਟਾ ਵੱਲੋਂ ਕੀਤੀ ਜਾ ਰਹੀ ਸੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਤੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਾਂ ਹਿੱਤ ਵਿੱਚ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਆਯੂਸ਼ਮਾਨ ਬੀਮਾ ਕਾਰਡ, ਕਿਸਾਨ ਸਨਮਾਨ ਨਿਧੀ, ਉਜਵਲਾ ਯੋਜਨਾ, ਸਵੈਨਿਧੀ ਯੋਜਨਾ, ਵਿਸ਼ਵਕਰਮਾ ਯੋਜਨਾਵਾਂ ਮੁੱਖ ਹਨ। ਇਨ੍ਹਾਂ ਯੋਜਨਾਵਾਂ ਦਾ ਲਾਭ ਘਰਾਂ ਤੱਕ ਪਹੁੰਚਾਉਣ ਲਈ ਇਹ ਵੈਨ ਚਲਾਈ ਗਈ ਹੈ। ਉਨ੍ਹਾ ਕਿਹਾ ਕਿ ਇਸ ਵੈਨ ਨਾਲ ਹਰ ਵਿਭਾਗ ਨਾਲ ਸਬੰਧਤ ਅਧਿਕਾਰੀ ਮੌਜੂਦ ਹੁੰਦੇ ਹਨ, ਜੋ ਮੌਕੇ 'ਤੇ ਹੀ ਲੋਕਾਂ ਨੂੰ ਸਕੀਮਾਂ ਦੀ ਜਾਣਕਾਰੀ ਦਿੰਦੇ ਹਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਕਰਦੇ ਹਨ। ਇਸ ਮੌਕੇ ਭਾਜਪਾ ਦੇ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ, ਸੂਰਜ ਪ੍ਰਕਾਸ਼, ਅਸ਼ੋਕ ਕੁਮਾਰ, ਪੁਨੀਤ ਮਿੱਤਲ, ਮੋਹਿਤ ਜਾਂਗੜਾ ਤੇ ਨਗਰ ਕੌਂਸਲ ਦਾ ਸਮੂਹ ਸਟਾਫ ਹਾਜ਼ਰ ਸੀ।

# ਬੈਟਰ ਸਕਿੱਲ ਇਮੀਗ੍ਰੇਸ਼ਨ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਮਰਨ ਕੌਰ ਨੇ 2019 ਵਿੱਚ ਆਪਣੀ +2 ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਸਿਮਰਨ ਦਾ 4 ਸਾਲ ਦਾ ਗੈਪ ਸੀ ਅਤੇ ਸਿਮਰਨ ਗੈਪ ਕਰਨ ਬਹੁਤ ਚਿੰਤਤ ਸੀ। ਸਿਮਰਨ ਨੇ ਸਾਨੂੰ ਦੱਸਿਆ ਕਿ ਉਨ੍ਹਾ ਨੇ ਬਹੁਤ ਸਾਰੇ ਏਜੰਟਾਂ ਨਾਲ ਗੱਲਬਾਤ ਕੀਤੀ, ਪਰ ਕਿਤੋਂ ਵੀ ਚੰਗਾ ਰਿਜ਼ਲਟ ਨਹੀਂ ਮਿਲ ਰਿਹਾ ਸੀ।ਫਿਰ ਕਿਸੇ ਕਰੀਬੀ ਦੋਸਤ ਨੇ ਬੈਟਰ ਸਕਿੱਲ ਇਮੀਗ੍ਰੇਸ਼ਨ ਬਾਰੇ ਦੱਸਿਆ ਤੇ ਉਸ ਤੋਂ ਬਾਅਦ ਉਨ੍ਹਾ ਨੇ ਸੋਸ਼ਲ ਮੀਡੀਆ 'ਤੇ ਆਏ ਹੋਏ ਸਟੱਡੀ ਵੀਜ਼ਾ ਦੇ ਰਿਜ਼ਲਟਾਂ ਨੂੰ ਦੇਖਦਿਆਂ ਸਿਮਰਨ ਕੌਰ ਨੇ ਆਪਣੀ ਪ੍ਰੋਫਾਈਲ ਸ਼ੇਅਰ ਕਰਦਿਆਂ ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਤੇ 8 ਦਿਨਾਂ ਵਿੱਚ ਸਿਮਰਨ ਕੌਰ ਨੇ ਆਪਣਾ ਸਟੱਡੀ ਵੀਜ਼ਾ ਹਾਸਲ ਕੀਤਾ।

# ਇੰਸਪੈਕਸ਼ਨ ਟੀਮ ਵੱਲੋਂ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਜਾਂਚ

**ਮਲੋਟ (ਗੁਰਮੀਤ ਸਿੰਘ ਮੱਕੜ)**

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤੇ ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ ਜ਼ਿਲ੍ਹੇ ਵਿੱਚੋਂ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਦੇ ਉਦੇਸ਼ ਨਾਲ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਡਾ. ਨਵਜੋਤ ਕੌਰ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ ਇੰਸਪੈਕਸ਼ਨ ਟੀਮ ਵੱਲੋਂ ਮਲੋਟ ਦੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਇੰਸਪੈਕਸ਼ਨ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਸੰਜੀਵ ਕੁਮਾਰ ਐੱਸ.ਡੀ.ਐੱਮ. ਮਲੋਟ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਿਵਲ ਹਸਪਤਾਲ ਸ਼੍ਰੀ ਮੁਕਤਸਰ ਸਾਹਿਬ ਤੇ ਮਲੋਟ ਵਿਖੇ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਕਿ ਨਸ਼ਾ ਪੀੜਤ ਵਿਅਕਤੀਆਂ ਨੂੰ ਦਾਖਲ ਕਰਕੇ ਮਾਹਰ ਡਾਕਟਰਾਂ ਦੀ ਨਿਗਰਾਨੀ ਵਿੱਚ ਬਿਨਾਂ ਤਕਲੀਫ ਤੇ ਬਿਲਕੁੱਲ ਮੁਫਤ ਨਸ਼ਾ ਛੁਡਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਤੋਂ ਬਾਅਦ ਕੋਈ ਵੀ ਵਿਅਕਤੀ ਪੁਨਰਵਾਸ ਕੇਂਦਰ ਥੇਹੜੀ ਵਿਖੇ ਦਾਖਲ ਹੋ ਸਕਦਾ ਹੈ, ਜਿੱਥੇ ਕੇ ਉਸ ਨੂੰ ਲੋੜੀਂਦੀ ਮੈਡੀਕਲ ਸਹਾਇਤਾ ਦੇ ਨਾਲ ਖਾਣਾ ਵੀ ਬਿਲਕੁੱਲ ਮੁਫਤ ਦਿੱਤਾ ਜਾਂਦਾ ਹੈ ਅਤੇ 2 ਤੋਂ 6 ਮਹੀਨੇ ਤੱਕ ਵਿਅਕਤੀ ਇੱਥੇ ਰਹਿ ਸਕਦਾ ਹੈ, ਜਿੱਥੇ ਕਿ ਮਾਹਰ ਕਾਊਂਸਲਰਾਂ ਵੱਲੋਂ ਉਨ੍ਹਾਂ ਦੀ ਰੋਜ਼ਾਨਾ ਕਾਊਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਉਹ ਦੁਬਾਰਾ ਨਸ਼ਾ ਨਾ ਕਰਨ। ਇਸ ਮੌਕੇ ਡਾ. ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਹਰ ਡਾਕਟਰ ਦੀ ਸਹਾਇਤਾ ਨਾਲ ਕੋਈ ਵਿਅਕਤੀ ਕਿੰਨਾ ਵੀ ਨਸ਼ਾ ਕਰਦਾ ਹੋਵੇ, ਬਿਨਾਂ ਤਕਲੀਫ ਤੋਂ ਨਸ਼ਾ ਛੱਡ ਸਕਦਾ ਹੈ। ਇਸ ਦੌਰਾਨ ਮਲੋਟ ਵਿਖੇ ਚੱਲ ਰਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਇੰਸਪੈਕਸ਼ਨ ਕੀਤੀ ਗਈ। ਇਸ ਇੰਸਪੈਕਸ਼ਨ ਟੀਮ ਵਿੱਚ ਡਾ. ਰਛਮੀ ਚਾਵਲਾ ਐੱਸ.ਐੱਮ.ਓ. ਮਨੋਰੋਗ ਮਾਹਰ, ਸ਼੍ਰੀ ਪੰਕਜ ਕੁਮਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਹਰਜਿੰਦਰ ਸਿੰਘ ਜ਼ਿਲ੍ਹਾ ਡਰੱਗ ਇੰਸਪੈਕਟਰ, ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਸ਼੍ਰੀਮਤੀ ਬੀਨੂੰ ਕਾਊਂਸਲਰ ਸ਼ਾਮਲ ਸਨ।



# ਚੇਤਨ ਪਰਖ ਪ੍ਰੀਖਿਆ 'ਚੋਂ ਸੁਪਰੀਮ ਕੌਨਵੈਂਟ ਦੀ ਵਿਦਿਆਰਥਣ ਦੂਜੇ ਸਥਾਨ 'ਤੇ



**ਜਗਰਾਉਂ (ਨਛੱਤਰ ਸੰਧੂ)**-ਸੁਪਰੀਮ ਕੌਨਵੈਂਟ ਸਕੂਲ ਦੀ ਵਿਦਿਆਰਥਣ ਮਨਵੀਰ ਕੌਰ ਸਰਾਂ ਨੇ ਵਿਦਿਆਰਥੀ ਚੇਤਨ ਪਰਖ ਪ੍ਰੀਖਿਆ-2023 'ਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਇਹ ਪ੍ਰੀਖਿਆ ਤਰਕਸ਼ੀਲ ਸੁਸਾਇਟੀ ਵੱਲੋਂ ਜੀਵ ਵਿਕਾਸ ਸਿਧਾਂਤਾਂ ਦੇ ਪਿਤਾਮਾ ਚਾਰਲਸ ਡਾਰਬਿਨ ਨੂੰ ਸਮਰਪਤ ਕਰਵਾਈ ਗਈ। ਇਸ ਪ੍ਰੀਖਿਆ ਵਿੱਚ ਸੁਪਰੀਮ ਕੌਨਵੈਂਟ ਸਕੂਲ ਦੀ ਗਿਆਰਵੀਂ ਕਲਾਸ ਦੀ ਵਿਦਿਆਰਥਣ ਨੂੰ ਮਨਵੀਰ ਕੌਰ ਸਰਾਂ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਤਰਕਸ਼ੀਲ ਸੁਸਾਇਟੀ ਵੱਲੋਂ ਵੀ ਮਾਪਿਆਂ, ਅਧਿਆਪਕਾਂ ਦੀ ਯੋਗ ਅਗਵਾਈ ਤੇ ਵਿਦਿਆਰਥੀ ਦੀ ਮਿਹਨਤ ਤੇ ਉਦਮ ਦੀ ਪ੍ਰਸੰਸਾ ਕੀਤੀ ਗਈ। ਸਕੂਲ ਦੇ ਡਾਇਰੈਕਟਰ ਚਰਨ ਸਿੰਘ, ਚੇਅਰਮੈਨ ਜੋਗਿੰਦਰ ਪ੍ਰਸਾਦ ਸ਼ਰਮਾ, ਮਨਦੀਪ ਕੌਰ ਭਦੌੜ ਤੇ ਪ੍ਰਿੰਸੀਪਲ ਸੰਦੀਪ ਕੁਮਾਰ ਵੱਲੋਂ ਮਨਵੀਰ ਕੌਰ ਸਰਾਂ ਨੂੰ ਵਧਾਈ ਦਿੱਤੀ ਗਈ ਅਤੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

# ਕਲਾਲ ਮਾਜਰਾ 'ਚ ਨਗਰ ਕੀਰਤਨ ਸਜਾਇਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਲਾਲ ਮਾਜਰਾ ਵਿਖੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮਹਾਨ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ।ਜਿਸ ਦਾ ਹਰ ਪੜਾਅ ਉਪਰ ਸੰਗਤਾਂ ਵਲੋਂ ਭਰਵਾਂ ਸੁਆਗਤ ਕੀਤਾ ਗਿਆ। ਰਾਗੀ ਭਾਈ ਜਗਸੀਰ ਜਲਾਲਦੀਵਾਲ ਨੇ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਉਜਾਗਰ ਸਿੰਘ, ਬਲਵਿੰਦਰ ਸਿੰਘ ਗਿੱਲ, ਮਹਿੰਦਰ ਸਿੰਘ ਧਾਲੀਵਾਲ, ਪ੍ਰੇਮ ਸਿੰਘ ਨੇ ਦਸ਼ਮੇਸ਼ ਪਿਤਾ ਦੇ ਅਵਤਾਰ ਦਿਹਾੜੇ ਦੀ ਵਧਾਈ ਦਿੰਦਿਆਂ ਗੁਰੂ ਸਾਹਿਬਾਨ ਦੇ ਕੁਰਬਾਨੀਆਂ ਭਰੇ ਜੀਵਨ ਬਾਰੇ ਜਾਣਕਾਰੀ ਦਿੱਤੀ। ਢਾਡੀ ਪਰਮਿੰਦਰ ਸਿੰਘ ਅਮਲੋਹ ਦੇ ਜਥੇ ਨੇ ਸੂਰਮਿਆਂ ਦੀਆਂ ਵਾਰਾਂ ਪੇਸ਼ ਕੀਤੀਆਂ।ਇਸ ਮੌਕੇ ਪ੍ਰਬੰਧਕ ਗੁਰਮੇਲ ਸਿੰਘ ਗਿੱਲ, ਲਛਮਣ ਸਿੰਘ ਧਾਲੀਵਾਲ, ਜਗਤਾਰ ਸਿੰਘ ਗਿੱਲ, ਕਮਲਜੀਤ ਸਿੰਘ, ਬੂਟਾ ਸਿੰਘ ਧਾਲੀਵਾਲ, ਭੋਲਾ ਸਿੰਘ ਕਲਾਲ ਮਾਜਰਾ, ਗੁਰਮੀਤ ਸਿੰਘ, ਭਾਈ ਰਾਜਵਿੰਦਰ ਸਿੰਘ, ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਬਾਰ ਐਸੋਸੀਏਸ਼ਨ ਨਾਭਾ ਵੱਲੋਂ ਧਾਰਮਿਕ ਸਮਾਗਮ



**ਨਾਭਾ (ਵਰਿੰਦਰ ਵਰਮਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਵੇਂ ਵਰ੍ਹੇ ਦੀ ਆਮਦ 'ਤੇ ਬਾਰ ਐਸੋਸੀਏਸ਼ਨ ਨਾਭਾ ਪ੍ਰਧਾਨ ਗਿਆਨ ਸਿੰਘ ਮੂੰਗੋ ਦੀ ਅਗਵਾਈ ਹੇਠ ਸਮੂਹ ਵਕੀਲਾਂ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ 'ਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਜਗਜੀਤ ਸਿੰਘ ਸੰਗਤਪੁਰਾ ਹਜ਼ੂਰੀ ਰਾਗੀ ਗੁਰਦੁਆਰਾ ਰੋਹਟਾ ਸਾਹਿਬ ਪਾਤਸ਼ਾਹੀ ਨੌਵੀਂ ਨੇ ਸੰਗਤਾਂ ਨੂੰ ਸੰਗਤਾਂ ਨੂੰ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਜਿੱਥੇ ਸਮੁੱਚੇ ਵਕੀਲ ਭਾਈਚਾਰੇ ਨੂੰ ਵਧਾਈ ਦਿੱਤੀ, ਉਥੇ ਹੀ ਕੀਤੇ ਗਏ ਇਸ ਮਹਾਨ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਆਇਕ ਵਿਵਸਥਾ ਲਈ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਗਿਆਨ ਸਿੰਘ ਮੂੰਗੋ ਨੇ ਆਈਆਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾਨਯੋਗ ਰੁਪਿੰਦਰ ਕੌਰ ਚਹਿਲ ਜ਼ਿਲ੍ਹਾ ਸੈਸ਼ਨ ਜੱਜ, ਜਸਵੀਰ ਸਿੰਘ ਜੱਸੀ ਸੋਹੀਆ ਵਾਲ਼ਾ ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ, ਐੱਸ ਡੀ ਐੱਮ ਨਾਭਾ ਤਰਸੇਮ ਚੰਦ, ਅੰਕਿਤ ਸ਼ਰਮਾ ਤਹਿਸੀਲਦਾਰ, ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਡੀ ਐੱਸ ਪੀ ਦਵਿੰਦਰ ਅੱਤਰੀ ਆਦਿ ਨੇ ਹਾਜ਼ਰੀ ਲਗਵਾਈ।ਇਸ ਮੌਕੇ ਐਡਵੋਕੇਟ ਚੰਦਰ ਸ਼ੇਖਰ ਜੋਲੀ, ਅਮਨ ਗੁਪਤਾ ਪ੍ਰਧਾਨ ਗਊਸ਼ਾਲਾ ਨਾਭਾ, ਐਡਵੋਕੇਟ ਭਾਰਤ ਭੂਸ਼ਣ, ਨਿਤਿਨ ਜੈਨ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਐਡਵੋਕੇਟ ਯੋਗੇਸ਼ ਮੰਗਲਾ, ਡਾ. ਜੇ ਪੀ ਨਰੂਲਾ ਪ੍ਰਧਾਨ ਇੰਡੀਅਨ ਮੈਡੀਕਲ ਐਸੋਸੀਏਸ਼ਨ, ਮੋਹਨ ਲਾਲ ਵਰਮਾ ਐਡਵੋਕੇਟ, ਸੁਖਦੇਵ ਸਿੰਘ ਨੌਂਕਬਾਲ ਐਡਵੋਕੇਟ, ਦਰਸ਼ਨ ਸਿੰਘ ਬੁੱਟਰ ਪ੍ਰਧਾਨ ਰੋਟਰੀ ਕਲੱਬ, ਤੇਜਿੰਦਰ ਸਿੰਘ ਖਹਿਰਾ, ਐਡਵੋਕੇਟ ਨਰਿੰਦਰ ਸ਼ਰਮਾ, ਜੀ ਐੱਸ ਭੱਟੀ ਸਾਬਕਾ ਪ੍ਰਧਾਨ ਨਗਰ ਕੌਂਸਲ, ਰਾਮ ਕ੍ਰਿਸ਼ਨ ਭੱਲਾ, ਜਸਵੀਰ ਸਿੰਘ ਵਜੀਦਪੁਰ, ਸਿਮਰਨ ਸਿੰਘ, ਮਾਂਟੂ ਪਾਹੂਜਾ, ਨਰੇਸ਼ ਸਿੰਗਲਾ, ਰਾਜਿੰਦਰ ਸਿੰਘ ਮੋਹਲ, ਅਤੁਲ ਬਾਂਸਲ, ਚਮਕੌਰ ਸਿੰਘ, ਮਹੇਸ਼ ਇੰਦਰ ਸ਼ਰਮਾ ਤੇ ਹੋਰ ਵੱਡੀ ਗਿਣਤੀ ਵਿੱਚ ਧਾਰਮਿਕ ਸਮਾਜਿਕ ਤੇ ਰਾਜਨੀਤਕ ਆਗੂਆਂ ਤੋਂ ਇਲਾਵਾ ਸਮੂਹ ਵਕੀਲ ਭਾਈਚਾਰਾ ਹਾਜ਼ਰ ਸੀ।

# ਬੋਰਡ ਪ੍ਰੀਖਿਆਵਾਂ ਸਿਰ 'ਤੇ ਪ੍ਰੰਤੂ ਸਿੱਖਿਆ ਵਿਭਾਗ ਮੇਲਿਆਂ 'ਤੇ...!

**ਮਾਨਸਾ (ਆਤਮਾ ਸਿੰਘ ਪਮਾਰ)**

- **ਪ੍ਰੀਖਿਆਵਾਂ ਨੇੜੇ ਵਿੱਦਿਅਕ ਮੇਲੇ ਲਗਾਉਣੇ ਪੈਸੇ ਤੇ ਸਮੇਂ ਦੀ ਬਰਬਾਦੀ : ਡੀ ਟੀ ਐੱਫ**

ਸਿੱਖਿਆ ਵਿਭਾਗ 'ਤੇ ਪੰਜਾਬੀ ਦੀ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ ਕਿ ਬੂਹੇ ਆਈ ਜੰਞ ਤੇ ਵਿੰਨੋਂ ਕੁੜੀ ਦੇ ਕੰਨ। ਹੁਣ ਜਦੋਂ ਬੋਰਡ ਦੀਆਂ ਪ੍ਰੀਖਿਆਵਾਂ ਲਈ ਡੇਟ ਸ਼ੀਟ ਜਾਰੀ ਹੋ ਚੁੱਕੀ ਹੈ ਤੇ ਬਕਾਇਦਾ ਵਿਦਿਆਰਥੀ ਅਤੇ ਅਧਿਆਪਕ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਜੁਟੇ ਹੋਏ ਹਨ, ਠੀਕ ਉਸੇ ਸਮੇਂ ਐੱਸ ਸੀ ਈ ਆਰ ਟੀ ਵੱਲੋਂ ਪੱਤਰ ਜਾਰੀ ਕਰਕੇ ਵਿਗਿਆਨ, ਗਣਿਤ, ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਦੇ ਮੇਲੇ ਲਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਵਿਭਾਗੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਰਾਜ ਸਿੱਖਿਆ ਅਤੇ ਖੋਜ ਕੌਂਸਲ ਵਿੱਚ ਆਪਸੀ ਤਾਲਮੇਲ ਦੀ ਘਾਟ ਦਾ ਖਮਿਆਜ਼ਾ ਵਿਦਿਆਰਥੀ ਤੇ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ। ਜਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਬੈਹਣੀਵਾਲ ਤੇ ਨਵਜੋਸ਼ ਸਪੋਲੀਆ ਨੇ ਕਿਹਾ ਕਿ ਬੇਸ਼ੱਕ ਸਹਿ-ਵਿੱਦਿਅਕ ਗਤੀਵਿਧੀਆਂ ਵਿਦਿਆਰਥੀਆਂ ਦੀ ਵਿਸ਼ੇ ਵਿੱਚ ਮੁਹਾਰਤ ਤੇ ਰੁਚੀ ਪੈਦਾ ਕਰਨ 'ਚ ਸਹਾਇਤਾ ਕਰਦੀਆਂ ਹਨ, ਪ੍ਰੰਤੂ ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ ਵਾਂਗ ਇਹ ਮੇਲੇ ਲਾਉਣ ਦਾ ਸਮਾਂ ਨਹੀਂ ਸਗੋਂ ਵਿਦਿਆਰਥੀਆਂ ਦੇ ਸਿਲੇਬਸ ਦੀ ਦੁਹਰਾਈ ਦਾ ਸਮਾਂ ਹੈ। ਜਥੇਬੰਦੀ ਦੇ ਬਲਾਕ ਪ੍ਰਧਾਨਾਂ ਨਿਧਾਨ ਸਰਦੂਲਗੜ੍ਹ, ਸ਼ਿੰਗਾਰਾ ਸਿੰਘ ਝੁਨੀਰ, ਹਰਫੂਲ ਬੋਹਾ, ਤਰਸੇਮ ਬੁਢਲਾਡਾ ਤੇ ਰਾਜਿੰਦਰ ਮਾਨਸਾ ਨੇ ਮੰਗ ਕੀਤੀ ਕਿ ਇਹ ਮੇਲੇ ਵਿਦਿਅਕ ਸੈਸ਼ਨ ਦੇ ਸ਼ੁਰੂ ਵਿੱਚ ਲਗਾਏ ਜਾਣ ਸਹਿ ਵਿੱਦਿਅਕ ਗਤੀਵਿਧੀਆਂ ਦਾ ਬਕਾਇਦਾ ਕੈਲੰਡਰ ਜਾਰੀ ਕੀਤਾ ਜਾਵੇ। ਇਸ ਸਮੇਂ ਅਮ੍ਰਿਤਪਾਲ ਖੈਰਾ, ਚਰਨਪਾਲ ਸਿੰਘ, ਜਸਵਿੰਦਰ ਸਿੰਘ, ਜਗਦੇਵ ਸਿੰਘ, ਸੁਖਚੈਨ ਸੇਖੋਂ, ਕੁਲਦੀਪ ਅੱਕਾਂਵਾਲੀ, ਗੁਰਬਚਨ ਸਿੰਘ, ਗੁਰਪ੍ਰੀਤ ਭੀਖੀ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਬੱਸ ਧਾਰਮਿਕ ਅਸਥਾਨਾਂ ਲਈ ਰਵਾਨਾ



**ਮੱਖੂ (ਰਛਪਾਲ ਸਿੰਘ ਸੰਧੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੀ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮਖੂ ਤੋਂ ਸ਼ਰਧਾਲੂਆਂ ਦੀ ਬੱਸ ਚਿੰਤਪੁਰਨੀ, ਜਵਾਲਾ ਜੀ, ਨੈਣਾਂ ਦੇਵੀ ਤੇ ਸ੍ਰੀ ਅਨੰਦਪੁਰ ਸਾਹਿਬ ਲਈ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਅਤੇ ਐੱਸਡੀਐਮ ਜ਼ੀਰਾ ਗੁਰਮੀਤ ਸਿੰਘ ਵੱਲੋਂ ਰਵਾਨਾ ਕੀਤਾ ਗਿਆ ਤੇ ਯਾਤਰਾ ਮੌਕੇ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਲੋੜਦੀਆਂ ਵਸਤਾਂ ਦੀਆਂ ਕਿੱਟਾਂ ਵੀ ਸ਼ਰਧਾਲੂਆਂ ਨੂੰ ਦਿੱਤੀਆਂ ਗਈਆਂ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਮੁੱਖ ਮੰਤਰੀ ਯਾਤਰਾ ਸਕੀਮ ਸ਼ੁਰੂ ਕੀਤੀ ਹੋਈ ਹੈ।ਇਸ ਯਾਤਰਾ ਤਹਿਤ ਸ਼ਰਧਾਲੂਆਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ।ਇਸ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।ਇਸ ਮੌਕੇ ਐੱਸਡੀਐਮ ਜ਼ੀਰਾ ਗੁਰਮੀਤ ਸਿੰਘ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਬਲਾਕ ਪ੍ਰਧਾਨ ਸੰਦੀਪ ਠੁਕਰਾਲ, ਬਲਾਕ ਪ੍ਰਧਾਨ ਸੌਰਵ ਅਹੂਜਾ, ਅਜੈ ਕੰਧਾਰੀ, ਰੋਹਿਤ ਕਟਾਰੀਆ, ਬੱਬੂ ਰੇਲੀਆ, ਮਨੋਜ ਸਿਕਰੀ, ਗੌਰਵ ਮਦਾਨ, ਸ੍ਰੀ ਸਨਾਤਨ ਧਰਮ ਸਭਾ ਮਖੂ ਦੇ ਸਰਪ੍ਰਸਤ ਸੰਜੀਵ ਅਹੂਜਾ, ਨਰੇਸ਼ ਮੋਗਾ, ਸੰਜੀਵ ਮਾਨਕਟਾਲਾ, ਰਮਨ ਸ਼ਰਮਾ, ਧਰਮਿੰਦਰ ਬਜਾਜ, ਥੋਮਸ ਭੱਟੀ, ਭਾਰਤ ਕਲਿਆਣ, ਬੱਬੀ ਗਰੋਵਰ, ਸੋਨੂੰ ਖੰਨਾ, ਕੇਵਲ ਕ੍ਰਿਸ਼ਨ ਸਚਦੇਵਾ ਤੇ ਧਰਮਪਾਲ ਆਦਿ ਹਾਜ਼ਰ ਸਨ।

# ਨੇਤਰਹੀਣ ਵਿਦਿਆਰਥੀਆਂ ਲੂਈ ਬਰੇਲ ਦੀ 215ਵੀਂ ਜਯੰਤੀ ਮਨਾਈ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅੰਗਹੀਣਾਂ ਦੀ ਭਲਾਈ ਲਈ ਜ਼ਿਲ੍ਹਾ ਪ੍ਰੀਸ਼ਦ ਦੇ ਬੈਨਰ ਹੇਠ ਨੇਤਰਹੀਣਾਂ ਦੀ ਦੇਖਭਾਲ ਲਈ ਵਿਸ਼ੇਸ਼ ਤੌਰ 'ਤੇ ਕੰਮ ਕਰਨ ਵਾਲੀ ਸੰਸਥਾ ਹੋਮ ਫਾਰ ਦਾ ਬਲਾਇੰਡ ਫਿਰੋਜ਼ਪੁਰ ਵਿਖੇ ਨੇਤਰਹੀਣ ਵਿਦਿਆਰਥੀਆਂ ਨੇ ਲੂਈ ਬਰੇਲ (4 ਜਨਵਰੀ, 1809) ਦਾ 215ਵਾਂ ਜਨਮ ਦਿਨ ਮਨਾਇਆ। (6 ਜਨਵਰੀ, 1852) - ਨੇਤਰਹੀਣ ਵਿਅਕਤੀਆਂ ਦੁਆਰਾ ਪੜ੍ਹਨ ਲਈ ਕਾਰਡ ਸ਼ੀਟ 'ਤੇ ਪੰਚ ਕੀਤੀ ਛੇ ਬਿੰਦੀਆਂ ਵਾਲੀ ਭਾਸ਼ਾ ਦਾ ਖੋਜੀ।ਇਸ ਮੌਕੇ ਰਮੇਸ਼ ਸੇਠੀ, ਮੈਨੇਜਰ ਅਵਤਾਰ ਸਿੰਘ, (ਰਿਟਾ. ਟੀ. ਓ.) ਸੁਪਰਵਾਈਜ਼ਰ, ਪੂਰਨ ਲੇਖਾਕਾਰ, ਹੋਮ ਫਾਰ ਦਾ ਬਲਾਇੰਡ ਯੂਨਿਟ ਵੀ ਹਾਜ਼ਰ ਸਨ, ਜਿਨ੍ਹਾਂ ਨੇ ਕੈਦੀਆਂ, ਸਟਾਫ਼ ਤੇ ਪ੍ਰਬੰਧਕੀ ਮੈਂਬਰਾਂ ਸਮੇਤ ਲੂਈ ਬਰੇਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਸ਼ੁੱਭ ਸਮਾਗਮ ਵਿੱਚ ਸੁਖਪਾਲ ਸਿੰਘ ਨੇ ਨੇਤਰਹੀਣਾਂ ਲਈ ਭਾਸ਼ਾ ਦੇ ਖੋਜੀ ਲੁਈਸ ਬ੍ਰੇਲ ਦੀ ਯਾਦ ਵਿੱਚ ਬਰੇਲ ਭਾਸ਼ਾ ਦਾ ਜੀਵਨ ਚਿੱਤਰ ਪੜ੍ਹ ਕੇ ਸੁਣਾਇਆ ਤੇ ਸਮੂਹ ਨੇਤਰਹੀਣਾਂ ਨੂੰ ਇਹ ਭਾਸ਼ਾ ਸਿੱਖਣ ਦੀ ਅਪੀਲ ਕੀਤੀ। ਸੰਗੀਤ ਅਧਿਆਪਕ ਸੁਖਚੈਨ ਸਿੰਘ ਨੇ ਕਿਹਾ ਕਿ ਬ੍ਰੇਲ ਭਾਸ਼ਾ ਨੇ ਨੇਤਰਹੀਣ ਵਰਗ ਵਿੱਚ ਇੱਕ ਕ੍ਰਾਂਤੀ ਲਿਆ ਦਿੱਤੀ ਹੈ।ਲੂਈਸ ਬ੍ਰੇਲ ਇੱਕ ਫਰਾਂਸੀਸੀ ਸਿੱਖਿਅਕ ਤੇ ਅੰਨ੍ਹੇ ਜਾਂ ਨੇਤਰਹੀਣਾਂ ਦੁਆਰਾ ਵਰਤਣ ਲਈ ਪੜ੍ਹਨ ਤੇ ਲਿਖਣ ਦੀ ਇੱਕ ਪ੍ਰਣਾਲੀ ਦਾ ਖੋਜੀ ਸੀ।ਉਸਦੀ ਪ੍ਰਣਾਲੀ ਅੱਜ ਤੱਕ ਲਗਭਗ ਬਦਲੀ ਨਹੀਂ ਹੈ ਤੇ ਦੁਨੀਆ ਭਰ ਵਿੱਚ ਬ੍ਰੇਲ ਵਜੋਂ ਜਾਣੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਭਾਸ਼ਾ ਨੇ ਉਨ੍ਹਾਂ ਨੂੰ ਸਿੱਖਿਆ, ਸੰਗੀਤ, ਹੁਨਰ ਵਿਕਾਸ ਦੇ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਵਿੱਚ ਮਦਦ ਕੀਤੀ ਹੈ। ਪ੍ਰਬੰਧਕ ਰਮੇਸ਼ ਸੇਠੀ ਨੇ ਦੱਸਿਆ ਕਿ ਬ੍ਰੇਲ ਭਾਸ਼ਾ ਨੇ ਨੇਤਰਹੀਣ ਵਰਗ ਨੂੰ ਵਧੇਰੇ ਮੌਕੇ ਪ੍ਰਦਾਨ ਕੀਤੇ ਹਨ ਤੇ ਇਸ ਸਮੇਂ ਸਕੂਲ ਵਿੱਚ 28 ਕੈਦੀ ਹਨ, ਜਿਨ੍ਹਾਂ ਵਿੱਚੋਂ 23 ਸਕੂਲ ਤੇ ਕਾਲਜ ਜਾਣ ਵਾਲੇ ਅਤੇ ਪਲੱਸ ਵਨ ਤੋਂ ਅੱਗੇ ਦੀਆਂ ਕਲਾਸਾਂ ਵਿੱਚ ਪੜ੍ਹਦੇ ਹਨ।



ਪਿਛਲੇ ਤਿੰਨ ਸਾਲਾਂ ਦੌਰਾਨ 31 ਕੈਦੀ ਅੰਗਹੀਣਾਂ ਲਈ ਰਾਖਵੇਂ ਕੋਟੇ ਦੇ ਉਲਟ ਸਰਕਾਰੀ ਨੌਕਰੀ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਹੋਰ ਸੰਸਥਾ ਨੂੰ ਦਾਨ ਦੇਣ ਤੋਂ ਇਲਾਵਾ ਨੇਤਰਹੀਣ ਵਿਅਕਤੀਆਂ ਦੀ ਦੇਖਭਾਲ ਲਈ ਨੇਤਰਹੀਣ ਸੰਸਥਾ ਦੀ ਮਦਦ ਲਈ ਵੀ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

# ਦਸਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪਿੰਡ ਦਿਉਣ ਦੇ ਗੁਰਦੁਆਰਾ ਚੰਮੀਆਨਾ ਸਾਹਿਬ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ ਉਪਰੰਤ ਸੁੰਦਰ ਫੁੱਲਾਂ ਨਾਲ ਸ਼ਿੰਗਾਰੀ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ। ਨਗਰ ਕੀਰਤਨ ਗੁਰਦੁਆਰਾ ਚੰਮੀਆਨਾ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਭਗਤ ਰਵਿਦਾਸ ਮਹਾਰਾਜ ਜੀ ਵਿਖੇ ਪਹਿਲਾ ਪੜਾਅ ਕੀਤਾ ਗਿਆ। ਜਿੱਥੇ ਗੁਰਦੁਆਰਾ ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਤੇ ਜਲ ਪਾਨ ਕਰਵਾਇਆ ਗਿਆ। ਸਰਕਾਰੀ ਪ੍ਰਾਇਮਰੀ ਸਕੂਲ ਮੇਨ ਬ੍ਰਾਂਚ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਨਗਰ ਕੀਰਤਨ 'ਚ ਲੱਗੀਆਂ ਸ਼ਹੀਦਾਂ ਸੂਰਮਿਆਂ ਦੀਆਂ ਝਾਕੀਆਂ ਨੂੰ ਦੇਖ ਕੇ ਪ੍ਰੇਰਨਾ ਲਈ। ਭਾਈ ਜਗਤਾਰ ਸਿੰਘ ਮਹਿਮਾ ਸਰਜਾ ਦੇ ਕਵੀਸ਼ਰੀ ਜਥੇ ਤੇ ਗੁਰਦੁਆਰਾ ਚੰਮੀਆਨਾ ਸਾਹਿਬ ਦੀਆਂ ਬੀਬੀਆਂ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਦਸਵੇਂ ਪਾਤਸ਼ਾਹ ਜੀ ਦੇ ਕੁਰਬਾਨੀਆਂ ਭਰੇ ਇਤਿਹਾਸ ਦੀਆਂ ਵਾਰਾਂ ਰਾਹੀਂ ਜੋੜਿਆ। ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰਿਆਂ ਨੂੰ ਨਗਰ ਦਿਉਣ ਦੇ ਸਮੁੱਚੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।



ਨਗਰ ਦੀਆਂ ਸਮੁੱਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਨਗਰ ਕੀਰਤਨ ਦਾ ਸਤਿਕਾਰ ਕੀਤਾ ਗਿਆ। ਪਿੰਡ ਦੇ 18 ਪੜਾਵਾਂ 'ਤੇ ਸੰਗਤਾਂ ਵੱਲੋਂ ਚਾਹ, ਦੁੱਧ, ਬਰੈੱਡ, ਭੁਜੀਆ ਬਦਾਣਾ, ਬਿਸਕੁਟ, ਜਲੇਬੀਆਂ ਦੇ ਲੰਗਰ ਲਗਾਏ ਗਏ ਤੇ ਗੁਰਦੁਆਰਾ ਚੰਮੀਆਨਾ ਦੀ ਸਤਿਕਾਰ ਕਮੇਟੀ ਵੱਲੋਂ ਨਗਰ ਕੀਰਤਨ ਅੱਗੇ ਸਫਾਈ ਕੀਤੀ ਗਈ ਅਤੇ ਪਾਣੀ ਦੀ ਸੇਵਾ ਕੀਤੀ ਗਈ।

# ਕੁਲਰੀਆਂ ਦੇ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਤੱਕ ਮੋਰਚਾ ਜਾਰੀ ਰਹੇਗਾ : ਏਕਤਾ ਡਕੌਂਦਾ

## ਡੀ ਐੱਸ ਪੀ ਦਫ਼ਤਰ ਅੱਗੇ ਪੱਕਾ ਮੋਰਚਾ ਜਾਰੀ



**ਬੁਢਲਾਡਾ (ਅਸ਼ੋਕ ਲਾਕੜਾ)**-ਕੁਲਰੀਆਂ ਦੇ ਅਬਾਦਕਾਰ ਕਿਸਾਨਾਂ 'ਤੇ ਚੱਲ ਰਹੇ ਜ਼ਮੀਨੀ ਵਿਵਾਦ ਨੂੰ ਲੈ ਕੇ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗਿ੍ਫਤਾਰ ਕਰਵਾਉਣ ਤੇ ਝੂਠੇ ਕੇਸ ਵਾਪਸ ਕਰਾਉਣ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਐਲਾਨਿਆ ਪੱਕਾ ਮੋਰਚਾ ਅੱਜ ਸ਼ੁਰੂ ਹੋ ਗਿਆ।ਮੋਰਚੇ ਦੇ ਪਹਿਲੇ ਦਿਨ ਵੱਡੀ ਗਿਣਤੀ ਵਿੱਚ ਕਿਸਾਨ, ਮਰਦ ਤੇ ਔਰਤਾਂ ਨੇ ਸ਼ਮੂਲੀਅਤ ਕੀਤੀ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਸਟੇਜ ਤੋਂ ਪਹੁੰਚ ਕੇ ਹਮਾਇਤ ਦਾ ਐਲਾਨ ਕੀਤਾ ਗਿਆ।ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ ਤੇ ਕਿਸਾਨਾਂ 'ਤੇ ਪਾਏ ਝੂਠੇ ਮਾਮਲੇ ਵਾਪਸ ਲਏ ਜਾਣਗੇ।ਇਸੇ ਗੱਲ 'ਤੇ ਭਰੋਸਾ ਕਰਕੇ ਜਥੇਬੰਦੀ ਨੇ 15 ਦਸੰਬਰ ਤੋਂ ਲੱਗਣ ਵਾਲਾ ਮੋਰਚਾ ਮੁਲਤਵੀ ਕੀਤਾ ਸੀ, ਪ੍ਰੰਤੂ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਵੱਲੋਂ ਭਰੋਸਾ ਤੋੜ ਦਿੱਤਾ ਗਿਆ, ਜਿਸ ਕਰਕੇ ਜਥੇਬੰਦੀ ਨੂੰ ਮਜਬੂਰਨ ਪੱਕਾ ਮੋਰਚਾ ਲਾਉਣਾ ਪਿਆ। ਉਨ੍ਹਾਂ ਐਲਾਨ ਕੀਤਾ ਕਿ ਜਿੰਨਾ ਸਮਾਂ ਕਾਸ਼ਤਕਾਰ ਕਿਸਾਨਾਂ ਨੂੰ ਮਾਲਕੀ ਹੱਕ ਨਹੀਂ ਦਿੱਤੇ ਜਾਂਦੇ, ਕਿਸਾਨਾਂ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ੇ ਬੰਦ ਨਹੀਂ ਕੀਤੇ ਜਾਂਦੇ ਤੇ ਕੁਲਰੀਆਂ ਦੇ ਕਿਸਾਨ ਸੀਤਾ ਸਿੰਘ ਨੂੰ ਗੰਭੀਰ ਜ਼ਖਮੀ ਕਰਨ ਵਾਲੇ ਰਾਜੂ ਸਰਪੰਚ ਤੇ ਉਸ ਦੀ ਗੁੰਡਾ ਢਾਣੀ ਨੂੰ ਗਿ੍ਫਤਾਰ ਕਰਕੇ ਸਖਤ ਕਾਰਵਾਈ ਨਹੀਂ ਕੀਤੀ ਜਾਂਦੀ ਤੇ ਕਿਸਾਨਾਂ 'ਤੇ ਪਾਏ ਝੂਠੇ ਕੇਸ ਵਾਪਸ ਨਹੀਂ ਕੀਤੇ ਜਾਂਦੇ।ਉਨ੍ਹਾਂ ਸਮਾਂ ਅਣਮਿੱਥੇ ਸਮੇਂ ਦਾ ਪੱਕਾ ਮੋਰਚਾ ਜਾਰੀ ਰਹੇਗਾ।ਇਸ ਤੋਂ ਇਲਾਵਾ ਭਾਕਿਯੂ ਮਾਲਵਾ ਦੇ ਸੂਬਾ ਪ੍ਰਧਾਨ ਮਲੂਕ ਸਿੰਘ ਹੀਰਕੇ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਸਾਨ ਆਪਣਾ ਖ਼ੂਨ ਤੇ ਪਸੀਨਾ ਡੋਲ੍ਹ ਕੇ ਜ਼ਮੀਨਾਂ ਦੇ ਕਾਬਜ਼ ਤੇ ਮਾਲਕ ਬਣੇ ਹਨ, ਇਸ ਨੂੰ ਕਿਸੇ ਵੀ ਸੂਰਤ ਵਿੱਚ ਜ਼ਮੀਨਾਂ ਤੋਂ ਬੇਦਖਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਮੋਰਚੇ ਦੀ ਡੱਟਵੀਂ ਹਮਾਇਤ ਕੀਤੀ ਜਾਵੇਗੀ।ਭਾਕਿਯੂ (ਏਕਤਾ) ਉਗਰਾਹਾਂ ਦੇ ਬਲਾਕ ਆਗੂ ਜਗਸੀਰ ਸਿੰਘ ਦੋਦੜਾ ਨੇ ਕਿਹਾ ਕਿ ਜ਼ਮੀਨਾਂ ਖੋਹਣ ਦੀਆਂ ਸਰਕਾਰੀ ਨੀਤੀਆਂ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ ਤੇ ਮੋਰਚੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਬਲਵਿੰਦਰ ਸਿੰਘ ਜੇਠੂਕੇ, ਲਖਵੀਰ ਸਿੰਘ ਅਕਲੀਆ, ਕੁਲਵੰਤ ਸਿੰਘ ਭਦੌੜ, ਕਰਮਜੀਤ ਸਿੰਘ ਛੰਨਾ, ਸੱਤਪਾਲ ਸਿੰਘ ਵਰ੍ਹੇ, ਸੁਖਜਿੰਦਰ ਸਿੰਘ ਰਾਮਪੁਰ, ਅਮਨਦੀਪ ਕੌਰ ਅਕਲੀਆ ਆਦਿ ਨੇ ਸੰਬੋਧਨ ਕੀਤਾ।

# ਨਕਲੀ ਮੋਬਾਈਲ ਵੇਚਣ ਵਾਲੇ 2 ਵਿਅਕਤੀ ਗਿ੍ਫਤਾਰ



ਗਿ੍ਫਤਾਰ ਕੀਤੇ ਮੁਲਜ਼ਮ ਰਿੰਕੂ ਕੁਮਾਰ ਤੇ ਵੰਸ਼ ਪੁਲਸ ਪਾਰਟੀ ਨਾਲ।

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਮਾੜੇ ਅਨਸਰਾਂ 'ਤੇ ਨਕੇਲ ਕੱਸਣ ਲਈ ਚਲਾਈ ਗਈ ਮੁਹਿੰਮ ਤਹਿਤ ਸੀ.ਆਈ.ਏ. ਸਟਾਫ ਬਠਿੰਡਾ ਦੀ ਪੁਲਸ ਪਾਰਟੀ ਨੂੰ ਉਸ ਸਮੇਂ ਸਫਲਤਾ ਹਾਸਲ ਹੋਈ, ਜਦੋਂ ਪੁਲਸ ਨੇ ਨਕਲੀ ਮੋਬਾਈਲ ਫੋਨ ਤਿਆਰ ਕਰਕੇ ਨਕਲੀ ਆਈ ਈ ਐੱਮ ਈ ਆਈ ਨੰਬਰ ਲਗਾ ਕੇ ਵੇਚਣ ਵਾਲੇ 2 ਵਿਅਕਤੀਆਂ ਨੂੰ 130 ਮੋਬਾਈਲ ਫੋਨਾਂ ਸਮੇਤ ਗਿ੍ਫਤਾਰ ਕੀਤਾ।ਸ਼੍ਰੀ ਮਨਮੋਹਨ ਸ਼ਰਮਾ ਡੀ.ਐੱਸ.ਪੀ. (ਡੀ) ਨੇ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸੀ ਆਈ ਏ ਸਟਾਫ-1 ਦੀ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਥਾਣਾ ਥਰਮਲ ਦੇ ਏਰੀਏ ਵਿੱਚ ਗਸ਼ਤ ਕਰ ਰਹੀ ਸੀ, ਤਾਂ ਉਸ ਸਮੇਂ ਮੁਖਬਰੀ ਹੋਈ ਕਿ ਰਿੰਕੂ ਕੁਮਾਰ ਤੇ ਵੰਸ਼ ਵਾਸੀ ਅਬੋਹਰ, ਜੋ ਨਕਲੀ ਮੋਬਾਈਲ ਫੋਨ ਤਿਆਰ ਕਰਕੇ ਨਕਲੀ ਆਈ.ਈ.ਐੱਮ.ਈ.ਆਈ. ਨੰਬਰ ਲਗਾ ਕੇ ਵੇਚਦੇ ਹਨ, ਨੂੰ ਸੀ.ਆਈ.ਏ. ਸਟਾਫ-1 ਦੀ ਪੁਲਸ ਪਾਰਟੀ ਵੱਲੋਂ ਬਠਿੰਡਾ ਦੀਆਂ ਝੀਲਾਂ ਪਾਸੋਂ ਕਾਬੂ ਕਰਕੇ ਗਿ੍ਫਤਾਰ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 130 ਨਕਲੀ ਮੋਬਾਈਲ ਫੋਨ ਕੀ-ਪੈਡ ਵਾਲੇ ਬਰਾਮਦ ਕਰਵਾ ਕੇ ਇਨ੍ਹਾਂ ਖਿਲਾਫ ਮੁੱਕਦਮਾ ਨੰਬਰ 2 ਮਿਤੀ 5.1.2024 ਅ/ਧ 420,471 ਆਈ.ਪੀ.ਸੀ. ਥਾਣਾ ਥਰਮਲ ਦਰਜ ਰਜਿਸਟਰ ਕੀਤਾ ਗਿਆ।ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਜਾਵੇਗਾ, ਜਿਨ੍ਹਾਂ ਤੋਂ ਹੋਰ ਵੀ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।

# ਸਾਥੀ ਭੀਮ ਸਿੰਘ ਆਲਮਪੁਰ ਨੂੰ ਇਨਕਲਾਬੀ ਸਨਮਾਨਾਂ ਨਾਲ ਅੰਤਮ ਵਿਦਾਇਗੀ

## ਖੱਬੀਆਂ ਪਾਰਟੀਆਂ, ਜਨਤਕ ਜਥੇਬੰਦੀਆਂ ਤੇ ਸਮਾਜਿਕ ਸੰਗਠਨਾਂ ਦੇ ਆਗੂ ਸ਼ਰਧਾਂਜਲੀ ਭੇਟ ਕਰਨ ਪੁੱਜੇ



**ਸੰਗਰੂਰ (ਪ੍ਰਵੀਨ ਸਿੰਘ)**-ਬੀਤੇ ਕੱਲ੍ਹ ਸਦੀਵੀ ਵਿਛੋੜਾ ਦੇ ਗਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੇ ਸਿਰਮੌਰ ਆਗੂ ਸਾਥੀ ਭੀਮ ਸਿੰਘ ਦਾ ਅੰਤਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਆਲਮਪੁਰ ਵਿਖੇ ਇਨਕਲਾਬੀ ਸਨਮਾਨਾਂ ਨਾਲ ਕੀਤਾ ਗਿਆ।ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਹਰਿਆਣਾ ਰਾਜ ਕਮੇਟੀ ਦੇ ਸਕੱਤਰ ਸਾਥੀ ਤਾਜਿੰਦਰ ਸਿੰਘ ਥਿੰਦ, ਸੰਗਰੂਰ ਜ਼ਿਲ੍ਹਾ ਕਮੇਟੀ ਦੇ ਸਕੱਤਰ ਊਧਮ ਸਿੰਘ ਸੰਤੋਖਪੁਰਾ, ਪਟਿਆਲਾ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਕਾਮਰੇਡ ਪੂਰਨ ਚੰਦ, ਰਾਜ ਕਮੇਟੀ ਦੇ ਮੈਂਬਰਾਨ ਸਾਥੀ ਦੇਵ ਰਾਜ ਵਰਮਾ, ਸਰਬਜੀਤ ਸਿੰਘ ਵੜੈਚ ਤੇ ਮੱਖਣ ਸਿੰਘ ਜਖੇਪਲ ਅਤੇ ਬਠਿੰਡਾ ਜ਼ਿਲ੍ਹਾ ਕਮੇਟੀ ਦੇ ਸਕੱਤਰੇਤ ਦੇ ਮੈਂਬਰ ਅਮਰੀਕ ਸਿੰਘ ਫਫੜੇ ਨੇ ਜੋਸ਼ੀਲੇ ਇਨਕਲਾਬੀ ਨਾਹਰਿਆਂ ਦੀ ਗੂੰਜ ਦਰਮਿਆਨ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਸੂਹਾ ਝੰਡਾ ਪਾਇਆ।ਜਮਹੂਰੀ ਕਿਸਾਨ ਸਭਾ, ਜਿਸ ਦੇ ਮਰਹੂਮ ਕਾਮਰੇਡ ਭੀਮ ਸਿੰਘ ਸੰਸਥਾਪਕ ਮੀਤ ਪ੍ਰਧਾਨ ਸਨ, ਦੇ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਹੋਰਨਾਂ ਸੂਬਾਈ ਆਗੂਆਂ ਨੇ ਵੀ ਜਥੇਬੰਦੀ ਦਾ ਝੰਡਾ ਪਾਇਆ।ਸੀ ਪੀ ਆਈ ਦੀ ਸੂਬਾ ਕਾਰਜਕਾਰਨੀ ਦੇ ਮੈਂਬਰ ਸਾਥੀ ਸਤਵੰਤ ਸਿੰਘ ਖੰਡੇਬਾਦ, ਐੱਮ ਸੀ ਪੀ ਆਈ-ਯੂ ਦੇ ਕੌਮੀ ਆਗੂ ਕਿਰਨਜੀਤ ਸਿੰਘ ਸੇਖੋਂ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਨੇ ਵੀ ਅਕੀਦਤ ਭੇਟ ਕੀਤੀ।ਬੀਕੇਯੂ ਏਕਤਾ ਉਗਰਾਹਾਂ, ਬੀਕੇਯੂ ਡਕੌਂਦਾ, ਸੀਟੀਯੂ ਪੰਜਾਬ, ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ, ਪਸਸਫ, ਗੌਰਮਿੰਟ ਟੀਚਰਜ਼ ਯੂਨੀਆ, ਡੀ ਟੀ ਐੱਫ, ਜਮਹੂਰੀ ਅਧਿਕਾਰ ਸਭਾ, ਲੋਕ ਸੰਗਰਾਮ ਮੰਚ, ਮਿਡ ਡੇਅ ਮੀਲ ਵਰਕਰਜ਼ ਯੂਨੀਅਨ ਅਤੇ ਹੋਰ ਅਨੇਕਾਂ ਜਨ ਸੰਗਠਨਾਂ ਦੇ ਆਗੂਆਂ ਨੇ ਵੀ ਵਿਛੜੇ ਸਾਥੀ ਦੇ ਸਨਮਾਨ ਵਜੋਂ ਝੰਡੇ ਪਾਏ।ਸਰਵਸਾਥੀ ਲਛਮਣ ਸਿੰਘ ਅਲੀਸ਼ੇਰ, ਜਗਦੀਸ਼ ਪਾਪੜਾ, ਭਰਪੂਰ ਸਿੰਘ ਦੁੱਗਾਂ ਦੀ ਅਗਵਾਈ ਹੇਠ ਪਾਰਟੀ ਤੇ ਜਨਤਕ ਜਥੇਬੰਦੀਆਂ ਦੇ ਆਗੂ ਆਕਾਸ਼ ਗੁੰਜਾਊ ਨਾਹਰੇ ਮਾਰਦੇ ਇਨਕਲਾਬ ਦੇ ਪ੍ਰਤੀ ਸੁਰਖ ਫਰੇਰੇ ਤੇ ਰੰਗ ਬਿਰੰਗੇ ਸੰਘਰਸ਼ੀ ਝੰਡੇ ਲੈ ਕੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸ਼ਮਸ਼ਾਨ ਘਾਟ ਤੀਕ ਲੈ ਕੇ ਗਏ।ਵਿਛੜੇ ਸਾਥੀ ਦੇ ਬੇਟਾ-ਬੇਟੀ ਨੇ ਇਸ ਮੌਕੇ ਆਪਣੇ ਪਿਤਾ ਦੇ ਦਿਖਾਏ ਰਸਤੇ 'ਤੇ ਤੁਰਨ ਦਾ ਅਹਿਦ ਲਿਆ।ਸਾਥੀ ਪਰਗਟ ਸਿੰਘ ਜਾਮਾਰਾਏ ਨੇ ਸਭਨਾਂ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਪੁੱਜੇ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ।

## ਕਾਤਰਾਂ

### ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਦੁਆਰਾ ਸ੍ਰੀ ਸੰਗਤਸਰ ਸਾਹਿਬ ਸ਼ਹੀਦ ਭਗਤ ਸਿੰਘ ਨਗਰ ਫਿਰੋਜ਼ਪੁਰ ਸ਼ਹਿਰ ਵੱਲੋਂ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾ ਕੇ, ਰਸਭਿੰਨਾ ਕੀਰਤਨ ਭਾਈ ਜਸਪ੍ਰੀਤ ਸਿੰਘ ਦੇ ਜਥੇ ਵੱਲੋਂ ਕੀਤਾ ਗਿਆ। ਇਸ ਮੌਕੇ ਭਾਈ ਸੁਖਵਿੰਦਰ ਸਿੰਘ ਪ੍ਰਚਾਰਕ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਸਾਹਿਬ ਜੀ ਦੇ ਜੀਵਨ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਆਖਰ ਵਿੱਚ ਅਮਰੀਕ ਸਿੰਘ ਮੁੱਖ ਸੇਵਾਦਾਰ ਵੱਲੋਂ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।

### ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਲੜਕੀ ਨੂੰ ਵਰਗਲਾ ਕੇ ਲੈ ਜਾਣ ਦੇ ਦੋਸ਼ ਹੇਠ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਨੌਜਵਾਨ ਵਿਰੁੱਧ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇੱਕ ਔਰਤ ਨੇ ਦੱਸਿਆ ਕਿ ਬਾਰਵੀਂ ਜਮਾਤ 'ਚ ਪੜ੍ਹਦੀ ਉਸ ਦੀ ਲੜਕੀ ਨਵੇਂ ਸਾਲ ਵਾਲੇ ਦਿਨ ਘਰ ਤੋਂ ਸਕੂਲ ਲਈ ਗਈ ਸੀ, ਪਰ ਨਾ ਉਹ ਸਕੂਲ ਪਹੁੰਚੀ ਤੇ ਨਾ ਹੀ ਮੁੜ ਘਰ ਵਾਪਸ ਆਈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਸਤਵਿੰਦਰ ਸਿੰਘ ਉਰਫ ਕਾਕਾ ਵਾਸੀ ਪਿੰਡ ਗੜੌਲੀਆਂ ਉਸ ਦੀ ਲੜਕੀ ਨੂੰ ਵਰਗਲਾ ਕੇ ਕਿੱਧਰੇ ਭਜਾ ਕੇ ਲੈ ਗਿਆ ਹੈ।ਥਾਣਾ ਬਡਾਲੀ ਆਲਾ ਸਿੰਘ ਵਿਖੇ ਸਤਵਿੰਦਰ ਸਿੰਘ ਵਿਰੁੱਧ ਅ/ਧ 363, 366 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਵਾ ਕੇ ਚੁੰਨੀ ਕਲਾਂ ਚੌਕੀ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਵੱਖ ਵੱਖ ਮਾਮਲਿਆਂ 'ਚ 7 ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪੁਲਸ ਫਿਰੋਜ਼ਪੁਰ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।ਇਸ ਮੁਹਿੰਮ ਤਹਿਤ ਬੀਤੇ ਦਿਨ ਥਾਣਾ ਕੈਂਟ ਫਿਰੋਜ਼ਪੁਰ, ਸਦਰ ਜ਼ੀਰਾ, ਮਮਦੋਟ, ਗੁਰੂ ਹਰਸਹਾਏ, ਮੱਲਾਂਵਾਲਾ ਤੇ ਮੱਖੂ ਦੀਆਂ ਟੀਮਾਂ ਨੂੰ ਸਫਲਤਾ ਹੱਥ ਲੱਗੀ, ਜਿਨ੍ਹਾਂ ਵੱਲੋਂ ਕਾਨੂੰਨ ਅਨੁਸਾਰ ਕਾਰਵਾਈ ਕਰਦਿਆਂ 07 ਅਪਰਾਧੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 01 ਦੋਨਾਲੀ ਬੰਦੂਕ 12 ਬੋਰ, 02 ਜ਼ਿੰਦਾ ਰੌਂਦ 12 ਬੋਰ, 120 ਗ੍ਰਾਮ ਹੈਰੋਇਨ, 05 ਕਿੱਲੋ ਭੁੱਕੀ ਚੂਰਾ ਪੋਸਤ, 500 ਨਸ਼ੀਲੀਆਂ ਗੋਲੀਆਂ ਅਤੇ 01 ਮੋਟਰਸਾਈਕਲ ਬਰਾਮਦ ਕੀਤਾ।ਇਸ ਤੋਂ ਇਲਾਵਾ ਫਿਰੌਤੀ ਮੰਗਣ ਵਾਲੇ 03 ਦੋਸ਼ੀਆਂ ਨੂੰ ਗਿ੍ਫਤਾਰ ਕੀਤਾ ਗਿਆ।

### ਯਾਰੀ ਲਾਉਣੀ ਸੌਖੀ, ਪਰ ਨਿਭਾਉਣੀ ਔਖੀ !

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)** : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਸੀਨੀਅਰ ਆਗੂ ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈੱਸ ਸਕੱਤਰ ਅਮਰਜੀਤ ਸਿੰਘ ਨੇ ਕਿਹਾ ਕਿ ਜਦੋਂ ਕਿਸੇ ਇਨਸਾਨ 'ਤੇ ਭੀੜ ਪੈਂਦੀ ਹੈ ਤਾਂ ਹਰੇਕ ਪਾਰਟੀ ਦੇ ਆਗੂ ਤੇ ਯਾਰੀ ਲਾਉਣ ਵਾਲੇ ਸਭ ਭੱਜ ਜਾਂਦੇ ਹਨ ਜਿਵੇਂ ਕਿ ਜੋ ਪਿਛਲੇ ਦਿਨੀਂ ਕਸਬਾ ਲੌਂਗੋਵਾਲ ਦੇ ਪੱਤਰਕਾਰ ਪ੍ਰਦੀਪ ਸਿੰਘ ਸੱਪਲ ਦਾ ਇੱਕ ਸੜਕ ਹਾਦਸਾ ਵਾਪਰ ਗਿਆ ਸੀ ਅਤੇ ਉਸ ਦੀ ਸੱਜੀ ਲੱਤ ਫਰੈਕਚਰ ਹੋਣ ਕਰਕੇ ਪਲਾਸਤਰ ਲੱਗਿਆ ਸੀ, ਪਰ ਇਸ ਇਨਸਾਨ ਦਾ ਹਾਲ-ਚਾਲ ਤੇ ਦਿਲੋਂ ਮਦਦ ਕਰਨੀ ਕੀ ਸੀ, ਪਰ ਸਭ ਮੈਦਾਨ ਛੱਡ ਕੇ ਭੱਜ ਗਏ, ਪਰ ਇੱਕ ਇਨਸਾਨ ਨਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਤੇ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਵਰਕਰ ਅਤੇ ਇਸ ਪੱਤਰਕਾਰ ਦੇ ਨਿੱਜੀ ਦੋਸਤ ਖੜੇ ਸਨ। ਲੋਕਾਂ ਦਾ ਕਹਿਣਾ ਸੱਚ ਹੈ ਕਿ ਯਾਰੀ ਲਾਉਣੀ ਸੌਖੀ ਹੈ, ਪਰ ਨਿਭਾਉਣੀ ਬੜੀ ਔਖੀ ਹੈ।

# ਤਹਿਸੀਲਦਾਰ ਸਿੰਗਲਾ ਦੀ ਅਗਵਾਈ 'ਚ 250 ਪੈਂਡਿੰਗ ਇੰਤਕਾਲਾਂ ਦਾ ਫੈਸਲਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਰੈਵਨਿਊ ਮਨਿਸਟਰ ਬ੍ਰਹਮ ਸ਼ੰਕਰ ਜਿੰਪਾ, ਐੱਫ ਸੀ ਆਰ ਪੰਜਾਬ ਕੇ ਏ ਪੀ ਸਿਨਹਾ ਨੇ ਪੰਜਾਬ ਵਿੱਚ ਪਏ ਪੈਂਡਿੰਗ ਇੰਤਕਾਲਾਂ ਦੀ ਪੰਡੈਂਸੀ ਨੂੰ ਖਤਮ ਕਰਨ ਲਈ ਸਾਰੇ ਡਿਪਟੀ ਕਮਿਸ਼ਨਰਾਂ ਤੇ ਐਸ ਡੀ ਐਮ ਸਾਹਿਬਾਨਾਂ ਨੂੰ ਵਿਸ਼ੇਸ਼ ਕੈਂਪ ਲਗਾ ਕੇ ਪੈਂਡਿੰਗ ਇੰਤਕਾਲਾਂ ਨੂੰ ਖਤਮ ਕਰਨ ਲਈ ਹਦਾਇਤ ਕੀਤੀ ਗਈ ਸੀ, ਜਿਸ ਦਾ ਤਹਿਸੀਲਦਾਰ ਐਸੋਸੀਏਸ਼ਨ ਪੰਜਾਬ ਨੇ ਸਵਾਗਤ ਕਰਦਿਆਂ ਅੱਜ ਛੁੱਟੀ ਵਾਲੇ ਦਿਨ ਆਪਣੀਆਂ ਆਪਣੀਆਂ ਸਬ ਡਵੀਜ਼ਨਾਂ 'ਤੇ ਵਿਸ਼ੇਸ਼ ਕੈਂਪਾਂ ਦਾ ਅਯੋਜਨ ਕਰਕੇ ਪੈਂਡਿੰਗ ਇੰਤਕਾਲਾਂ ਦੇ ਨਿਬੇੜੇ ਕੀਤੇ ਗਏ।ਇਸੇ ਤਰ੍ਹਾਂ ਐੱਸ ਡੀ ਐਮ ਸਮਾਣਾ ਚਰਨਜੀਤ ਸਿੰਘ ਦੀ ਅਗਵਾਈ ਹੇਠ ਸਮਾਣਾ ਵਿਖੇ ਤਹਿਸੀਲਦਾਰ ਲਾਰਸਨ ਸਿੰਗਲਾ ਵੱਲੋਂ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਸਬੰਧੀ ਲਾਰਸਨ ਸਿੰਗਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਸਮਾਣਾ ਵਿਖੇ ਲਗਾਏ ਗਏ ਇੱਕ ਵਿਸ਼ੇਸ਼ ਕੈਂਪ ਵਿੱਚ 250 ਪੈਂਡਿੰਗ ਇੰਤਕਾਲ ਮਨਜ਼ੂਰ ਕੀਤੇ ਗਏ, ਫਰਦ ਬਦਰਾਂ ਵੀ ਪ੍ਰਵਾਨ ਕੀਤੀਆਂ, ਦੋ ਪਰਿਵਾਰਾਂ ਦੀ ਸਹਿਮਤੀ ਨਾਲ ਖਾਨਗੀ ਤਕਸੀਮਾਂ ਤੇ ਖਾਨਗੀ ਵਸੀਅਤਾਂ ਦੇ ਆਧਾਰ 'ਤੇ ਇੰਤਕਾਲ ਵੀ ਮਨਜ਼ੂਰ ਕੀਤੇ ਗਏ।

# ਸੰਵਾਦ ਗਰੁੱਪ ਵੱਲੋਂ ਨਸ਼ਿਆਂ ਤੇ ਪਾਣੀ ਦੇ ਮੁੱਦੇ 'ਤੇ ਸਾਈਕਲ ਰੈਲੀ

## ਨੌਜਵਾਨ ਪੀੜ੍ਹੀ ਨਸ਼ਿਆਂ ਨੂੰ ਤਿਆਗ ਕੇ ਖੇਡਾਂ ਤੇ ਪੜ੍ਹਾਈ ਵੱਲ ਧਿਆਨ ਦੇਵੇ : ਦੇਵ ਮਾਨ, ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**

ਧਰਮੀ ਰਾਜਿਆਂ ਦੇ ਸ਼ਹਿਰ ਵਜੋਂ ਜਾਣੇ ਜਾਂਦੇ ਨਾਭਾ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਸੰਸਥਾ 'ਸੰਵਾਦ ਗਰੁੱਪ' ਵੱਲੋਂ ਨਾਭਾ ਸ਼ਹਿਰ 'ਚ ਸਾਈਕਲ ਰੈਲੀ ਕੱਢ ਕੇ ਲੋਕਾਂ ਨੂੰ ਨਸ਼ਿਆਂ ਤੇ ਪਾਣੀ ਦੀ ਸਮੱਸਿਆ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਮੌਕੇ ਰੈਲੀ ਵਿੱਚ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਜੱਸੀ ਸੋਹੀਆਂ ਵਾਲਾ, ਐੱਸ ਡੀ ਐੱਮ ਤਰਸੇਮ ਚੰਦ, ਸਾਬਕਾ ਮੰਤਰੀ ਸਾਬਕਾ ਸਾਧੂ ਸਿੰਘ ਧਰਮਸੋਤ, ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਸ਼ਿਰਕਤ ਕਰਦਿਆਂ ਰੀਬਨ ਕੱਟ ਕੇ ਰੈਲੀ ਨੂੰ ਰਵਾਨਾ ਕੀਤਾ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਨੂੰ ਤਿਆਗ ਕੇ ਖੇਡਾਂ ਤੇ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ।ਇਹ ਨੌਜਵਾਨ ਪੀੜ੍ਹੀ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਾਣੀ ਸਾਡੇ ਲਈ ਸਭ ਤੋਂ ਵੱਧ ਕੀਮਤੀ ਹੈ, ਇਸ ਦੀ ਸੰਭਾਲ ਸਾਨੂੰ ਸਾਰਿਆਂ ਨੂੰ ਕਰਨੀ ਪਵੇਗੀ।

ਉਨ੍ਹਾ ਕਿਹਾ ਕਿ ਪਾਣੀ ਦੀ ਇੱਕ ਇਕ ਬੂੰਦ ਸਭ ਤੋਂ ਕੀਮਤੀ ਹੈ।ਇਸ ਵੱਲ ਸਾਨੂੰ ਸਭ ਤੋਂ ਵੱਧ ਧਿਆਨ ਦੇਣ ਦੀ ਜ਼ਰੂਰਤ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮੂਹ ਧਾਰਮਿਕ, ਸਮਾਜਿਕ ਤੇ ਰਾਜਨੀਤਕ ਜਥੇਬੰਦੀਆਂ ਨੇ ਇਸ ਸਾਈਕਲ ਰੈਲੀ ਵਿੱਚ ਹਿੱਸਾ ਲਿਆ। ਸੰਵਾਦ ਗਰੁੱਪ ਦੇ ਮੁੱਖ ਸੇਵਾਦਾਰ ਤੇ ਸਮਾਜ ਸੇਵਕ ਡਾ. ਬੈਸਟ ਫਾਰਮਾਂ ਦੇ ਮੈਨੇਜਿੰਗ ਡਾਇਰੈਕਟਰ ਰਾਜੇਸ਼ ਢੀਂਗਰਾ ਨੇ ਰੈਲੀ ਵਿੱਚ ਭਾਗ ਲੈਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਵਿਧਾਇਕ ਦੇਵ ਮਾਨ ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਹਲਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੀਆਂ ਗਰੰਟੀਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਤੇ ਪੰਜਾਬ ਦੀ ਜਨਤਾ ਲਈ ਭਲਾਈ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ।ਇਸ ਮੌਕੇ ਟਰੱਕ ਯੂਨੀਅਨ ਪ੍ਰਧਾਨ ਅਮਨਦੀਪ ਸਿੰਘ ਰਹਿਲ, ਸੰਨੀ ਸਿੰਗਲਾ, ਕੌਂਸਲਰ ਗੌਤਮ ਬਾਤਿਸ਼, ਪ੍ਰਵੀਨ ਮਿੱਤਲ ਗੋਗੀ, ਵਿਵੇਕ ਸਿੰਗਲਾ ਪ੍ਰਧਾਨ, ਪ੍ਰਿੰਸੀਪਲ ਸੰਦੀਪ ਨਾਗਰ, ਰਾਮ ਕ੍ਰਿਸ਼ਨ ਭੱਲਾ, ਗੁਰਤੇਜ ਸਿੰਘ ਕੋਲ, ਦਰਸ਼ਨ ਅਰੋੜਾ, ਹਰਬੀਰ ਸਿੰਘ, ਜੀ ਐੱਸ ਭੱਟੀ ਸਾਬਕਾ ਪ੍ਰਧਾਨ, ਰਾਣਾ ਨਾਭਾ, ਦਰਸ਼ਨ ਸਿੰਘ ਬੁੱਟਰ ਪ੍ਰਧਾਨ, ਤੇਜਿੰਦਰ ਸਿੰਘ ਖਹਿਰਾ, ਹਰਪ੍ਰੀਤ ਸਿੰਘ ਪ੍ਰੀਤ ਕੌਂਸਲਰ, ਜਸਵੀਰ ਸਿੰਘ ਵਜੀਦਪੁਰ, ਦਵਿੰਦਰ ਸਿੰਘ ਕਲਾਰਾ ਸਾਬਕਾ ਪ੍ਰਧਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।



ਸੁਤੰਤਰ ਭਵਨ ਸੰਗਰੂਰ ਵਿਖੇ ਨੌਜਵਾਨ ਅਤੇ ਵਿਦਿਆਰਥੀਆਂ ਦੀ ਦੋ ਰੋਜ਼ਾ ਵਰਕਸ਼ਾਪ ਦੌਰਾਨ ਲੈਕਚਰ ਦਿੰਦੇ ਹੋਏ ਸਾਥੀ ਜਗਰੂਪ ਸਿੰਘ।(ਫੋਟੋ ਤੇ ਵੇਰਵਾ : ਪ੍ਰਵੀਨ ਸਿੰਘ, ਸੰਗਰੂਰ)

# ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੀਆਂ ਵਿਦਿਆਰਥਣਾਂ ਨੇ ਦੁਮਾਲਾ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਸਥਾਨ ਹਾਸਲ ਕੀਤਾ। ਗੁਰਕੀਰਤ ਕੌਰ ਨੇ ਦੂਜਾ ਸਥਾਨ, ਮਹਿਕਪ੍ਰੀਤ ਕੌਰ ਨੇ ਪਹਿਲਾ, ਗੁਰਲੀਨ ਕੌਰ ਨੇ ਲੰਬੇ ਵਾਲਾਂ ਦੇ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕੀਤਾ।ਪਿਛਲੇ ਦਿਨੀਂ ਗੁਰਦੁਆਰਾ ਰਾਮ ਧੰਨ ਸਮਾਧਾਂ ਲੋਹਗੜ੍ਹ ਵਿਖੇ ਹੋਏ ਦਸਤਾਰ ਮੁਕਾਬਲਿਆਂ, ਦੁਮਾਲਾ ਮੁਕਾਬਲੇ, ਲੰਬੇ ਵਾਲਾਂ ਦੇ ਮੁਕਾਬਲੇ 'ਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਅੱਜ ਸਕੂਲ ਦੇ ਪ੍ਰਬੰਧਕ ਕਮੇਟੀ ਮੈਂਬਰਾਂ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਅਤੇ ਸਕੂਲ ਪ੍ਰਿੰਸੀਪਲ ਕੋਮਲ ਅਗਰਵਾਲ ਵੱਲੋਂ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਬੱਚਿਆਂ ਨੂੰ ਇੱਕ ਸਿੱਖ ਲਈ ਦਸਤਾਰ ਦੇ ਮਹੱਤਵ ਅਤੇ ਬੱਚਿਆਂ ਨੂੰ ਗੁਰਬਾਣੀ ਵਿੱਚ ਹਿੱਸਾ ਲੈਣ ਦੇ ਲਈ ਪ੍ਰੇਰਿਆ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਤੇ ਵਿਦਿਆਰਥੀ ਸ਼ਾਮਲ ਸਨ।

# ਇਤਿਹਾਸਕ ਮੇਲਾ ਮਾਘੀ ਕਾਨਫਰੰਸ ਸੰਬੰਧੀ ਜ਼ੈਲ ਬਰੀਵਾਲਾ ਦਾ ਦੌਰਾ

## ਪੰਜਾਬ ਦੇ ਹੱਕਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮੂਹਰੇ ਹੋ ਕੀਤਾ ਸੰਘਰਸ਼ : ਬਿੱਟੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਇਤਿਹਾਸਕ ਮਾਘੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਦੁਆਰਾ ਸਥਾਨਕ ਮਲੋਟ ਰੋਡ 'ਤੇ 12 ਤੇ 14 ਜਨਵਰੀ ਨੂੰ ਕੀਤੀਆਂ ਜਾ ਰਹੀਆਂ ਵਿਸ਼ਾਲ ਕਾਨਫਰੰਸਾਂ ਦੇ ਮੱਦੇਨਜ਼ਰ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਤੇ ਜਗਜੀਤ ਸਿੰਘ ਹਨੀ ਫੱਤਣਵਾਲਾ ਸਾਬਕਾ ਚੇਅਰਮੈਨ ਵੱਲੋਂ ਜੈਲ ਬਰੀਵਾਲਾ ਦੇ ਦੋ ਦਿਨਾਂ ਦੌਰੇ ਦੇ ਪਹਿਲੇ ਦਿਨ ਪਿੰਡ ਝਬੇਲਵਾਲੀ, ਡੋਡਾਂਵਾਲੀ, ਤਖਤ ਮਲਾਣਾ, ਚੱਕ ਗਾਂਧਾ ਸਿੰਘ ਵਾਲਾ, ਜੰਮੂਆਣਾ, ਸੀਰਵਾਲੀ, ਡੋਹਕ, ਜੰਡੋਕੇ, ਬੁੱਢੀਮਾਲ ਵਿਖੇ ਸੰਗਤਾਂ ਨਾਲ ਰਾਬਤਾ ਕਾਇਮ ਕੀਤਾ ਗਿਆ।ਇਸ ਦੌਰਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਬੀਬੀ ਹਰਗੋਬਿੰਦ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਦੀ ਯੋਗ ਅਗਵਾਈ 'ਚ ਜਿੱਥੇ 12 ਜਨਵਰੀ ਨੂੰ ਇਸਤਰੀ ਅਕਾਲੀ ਦਲ ਦੀ ਭਾਰੀ ਕਾਨਫਰੰਸ ਹੋਵੇਗੀ, ਉਥੇ ਹੀ 14 ਜਨਵਰੀ ਨੂੰ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਮੇਲਾ ਮਾਘੀ ਕਾਨਫਰੰਸ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦੇਵੇਗੀ।ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਮਨਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਕੁਰਬਾਨੀਆਂ ਭਰਿਆ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਦੇ ਹੱਕਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮੂਹਰੇ ਹੋ ਕੇ ਸੰਘਰਸ਼ ਕੀਤਾ ਹੈ ਅਤੇ ਮਾਘੀ ਮੇਲੇ ਦੀ ਇਹ ਕਾਨਫਰੰਸ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ ਮੁੱਢ ਬੰਨ੍ਹੇਗੀ।ਇਸ ਮੌਕੇ ਹਨੀ ਫੱਤਣਵਾਲਾ ਨੇ ਵਰਕਰਾਂ ਨੂੰ ਸਮੇਂ ਸਿਰ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ ਕੀਤੀ।ਇਸ ਦੌਰਾਨ ਵੱਖ-ਵੱਖ ਪਿੰਡਾਂ 'ਚ ਮੰਚ ਸੰਚਾਲਨ ਜਸਪਾਲ ਸਿੰਘ ਛਾਬੜਾ ਵੱਲੋਂ ਕੀਤਾ ਗਿਆ।

ਇਸ ਮੌਕੇ ਹੀਰਾ ਸਿੰਘ ਚੜੇਵਾਨ, ਜਗਵੰਤ ਸਿੰਘ ਲੰਬੀਢਾਬ, ਗੁਰਨਾਮ ਸਿੰਘ, ਲਛਮਣ ਚੰਦ ਪੀਟੀ, ਇੰਦਰਜੀਤ ਸਿੰਘ, ਸੂਬਾ ਭੁੱਲਰ, ਰਮੀਜ ਰਿੱਪਾ ਖਾਨ, ਸਖਜਿੰਦਰ ਕੌਰ, ਮੱਖਣ ਸਿੰਘ, ਪੱਪਾ ਸਿੰਘ, ਸੁਖਦੇਵ ਸਿੰਘ, ਨਿਰਮਲ ਸਿੰਘ, ਦਲਜੀਤ ਸਿੰਘ, ਜਗਜੀਵ ਸਿੰਘ, ਟਿੱਕਾ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪਾਲ ਸਿੰਘ, ਨਿਸ਼ਾਨ ਸਿੰਘ, ਜਸਵੀਰ ਸਿੰਘ, ਇਕਬਾਲ ਸਿੰਘ, ਜੱਜੀ ਸ਼ਰਮਾ, ਸਨੀ ਸ਼ਰਮਾ ਆਦਿ ਹਾਜ਼ਰ ਸਨ।

# ਸਿਵਲ ਸਰਜਨ ਨੇ ਰਾਤ ਨੂੰ ਬਸੀ ਪਠਾਣਾ ਹਸਪਤਾਲ ਦੀ ਕੀਤੀ ਚੈਕਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਵੱਲੋਂ ਸੀ.ਐੱਚ.ਸੀ. ਬਸੀ ਪਠਾਣਾ ਵਿਖੇ ਐਮਰਜੈਂਸੀ ਸਿਹਤ ਸੇਵਾਵਾਂ ਦੀ ਰਾਤ ਨੂੰ ਅਚਨਚੇਤ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਉਨ੍ਹਾਂ ਰਾਤ ਦੀ ਡਿਊਟੀ 'ਤੇ ਤਾਇਨਾਤ ਸਟਾਫ ਦੀ ਹਾਜ਼ਰੀ ਚੈੱਕ ਕੀਤੀ, ਸਾਰਾ ਸਟਾਫ ਡਿਊਟੀ 'ਤੇ ਹਾਜ਼ਰ ਪਾਇਆ ਗਿਆ।ਇਸ ਚੈਕਿੰਗ ਦੌਰਾਨ ਉਨ੍ਹਾਂ ਦਵਾਈਆਂ ਦਾ ਸਟਾਕ ਚੈੱਕ ਕਰਕੇ ਤਸੱਲੀ ਪ੍ਰਗਟ ਕੀਤੀ।ਉਨ੍ਹਾਂ ਰਾਤ ਦੀ ਡਿਊਟੀ 'ਤੇ ਤੈਨਾਤ ਸਟਾਫ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਮਰਜੈਂਸੀ ਡਿਊਟੀਆਂ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈਆਂ ਜਾਣ।ਉਨ੍ਹਾਂ ਕਿਹਾ ਕਿ ਰਾਤ ਸਮੇਂ ਐਮਰਜੈਂਸੀ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਸਾਂਭ ਸੰਭਾਲ ਪਹਿਲ ਦੇ ਅਧਾਰ 'ਤੇ ਕੀਤੀ ਜਾਵੇ, ਕਿਉਂਕਿ ਸਿਹਤ ਸਬੰਧੀ ਜ਼ਿਆਦਾ ਮਜਬੂਰੀ ਹੋਣ ਕਰਕੇ ਹੀ ਮਰੀਜ਼ ਰਾਤ ਨੂੰ ਹਸਪਤਾਲਾਂ ਵਿੱਚ ਆਉਂਦੇ ਹਨ, ਇਸ ਕਰਕੇ ਉਨ੍ਹਾਂ ਨੂੰ ਐਮਰਜੈਂਸੀ ਵਿੱਚ ਦਾਖਲ ਕਰਕੇ ਲੋੜੀਂਦਾ ਇਲਾਜ ਤੁਰੰਤ ਸ਼ੁਰੂ ਕੀਤਾ ਜਾਵੇ ਅਤੇ ਲੋੜ ਪੈਣ 'ਤੇ ਘੱਟ ਤੋਂ ਘੱਟ ਮਰੀਜ਼ਾਂ ਨੂੰ ਹੀ ਬਾਹਰਲੇ ਹਸਪਤਾਲਾਂ ਵਿੱਚ ਰੈਫਰ ਕੀਤਾ ਜਾਵੇ।ਉਨ੍ਹਾ ਕਿਹਾ ਕਿ ਐਮਰਜੈਂਸੀ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਪਹਿਲੇ 24 ਘੰਟੇ ਬਿਲਕੁਲ ਮੁਫਤ ਕੀਤਾ ਜਾਵੇ।ਉਨ੍ਹਾਂ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਿਹਤ ਸੇਵਾਵਾਂ ਦਾ ਲਾਭ ਲੈਣ ਲਈ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰਿਤ ਕਰਨ ਤੇ ਹਸਪਤਾਲ ਦੀ ਸਾਫ ਸਫਾਈ ਦਾ ਖਿਆਲ ਰੱਖਿਆ ਜਾਵੇ।ਇਸ ਮੌਕੇ ਮੈਡੀਕਲ ਅਫਸਰ ਡਾ. ਰਚਨਜੀਤ ਕੌਰ, ਸਟਾਫ ਨਰਸ ਹਰਵਿੰਦਰ ਕੌਰ, ਗੁਰਮੀਤ ਕੌਰ, ਬਲਜੀਤ ਕੌਰ ਆਦਿ ਹਾਜ਼ਰ ਸਨ।

# ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਪਾਉਣ ਲਈ ਸਹਾਈ ਸਿੱਧ ਹੋਣਗੇ ਡੈਸ਼ ਬੋਰਡ ਨਾਲ ਲੈਸ ਪੀ ਸੀ ਆਰ ਵਾਹਨ : ਚਾਹਲ



**ਲੁਧਿਆਣਾ (ਰਾਜ ਸਿੰਗਲਾ)**

ਕਾਨੂੰਨ ਵਿਵਸਥਾ ਨੂੰ ਹੋਰ ਸੁਚਾਰੂ ਬਣਾਉਣ ਦੇ ਮੰਤਵ ਨਾਲ ਪੁਲਸ ਕਮਿਸ਼ਨਰ ਲੁਧਿਆਣਾ ਕੁਲਦੀਪ ਸਿੰਘ ਚਾਹਲ ਵੱਲੋਂ ਡੈਸ਼ ਬੋਰਡ ਕੈਮਰਿਆਂ ਨਾਲ ਲੈਸ ਪੀ.ਸੀ.ਆਰ. ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਸਥਾਨਕ ਦਫ਼ਤਰ ਪੁਲਸ ਕਮਿਸ਼ਨਰ ਦੀ ਪਾਰਕਿੰਗ ਵਿਖੇ ਵਾਹਨਾਂ ਨੂੰ ਝੰਡੀ ਦਿੰਦਿਆਂ ਪੁਲਸ ਕਮਿਸ਼ਨਰ ਚਾਹਲ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਾਨੂੰਨ ਵਿਵਸਥਾ ਨੂੰ ਹਰ ਹੀਲੇ ਕਾਇਮ ਰੱਖਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

ਉਨ੍ਹਾ ਦੱਸਿਆ ਕਿ ਇਸੇ ਲੜੀ ਤਹਿਤ, ਐੱਨ.ਜੀ.ਓ. ਰਾਊਂਡ ਟੇਬਲ ਇੰਡੀਆ ਦੇ ਸਹਿਯੋਗ ਨਾਲ ਪੀ.ਸੀ.ਆਰ. ਵਾਹਨਾਂ ਦੇ ਡੈਸ਼ ਬੋਰਡ 'ਤੇ ਕੈਮਰੇ ਸਥਾਪਤ ਕੀਤੇ ਗਏ ਹਨ ਤਾਂ ਜੋ ਸ਼ਹਿਰ ਵਿੱਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਵਾਰਦਾਤਾਂ 'ਤੇ ਨਕੇਲ ਕੱਸੀ ਜਾਵੇ।ਉਨ੍ਹਾਂ ਦੱਸਿਆ ਕਿ ਹਰ ਕੈਮਰੇ ਦੀ ਮੈਮਰੀ 64 ਜੀ. ਬੀ. ਹੈ, ਜਿਸ ਵਿੱਚ ਕਰੀਬ 7 ਦਿਨਾਂ ਦਾ ਡਾਟਾ ਸਟੋਰ ਰਹੇਗਾ ਤੇ ਪੀ.ਸੀ.ਆਰ. ਵਾਹਨਾਂ ਵੱਲੋਂ ਭੀੜ-ਭਾੜ ਵਾਲੇ ਇਲਾਕਿਆਂ ਵਿੱਚ ਪੈਟਰੋਲਿੰਗ ਦੌਰਾਨ ਕੈਮਰਿਆਂ ਰਾਹੀਂ ਲਗਾਤਾਰ ਰਿਕਾਰਡਿੰਗ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਕੈਮਰਿਆਂ ਵਿੱਚ ਸਪੀਡ ਰਾਡਾਰ ਵੀ ਸਥਾਪਤ ਹੈ, ਜੋ ਸੜਕ 'ਤੇ ਚੱਲ ਰਹੇ ਵਾਹਨ ਤੋਂ ਕਰੀਬ 300 ਮੀਟਰ ਦੀ ਦੂਰੀ ਤੋਂ ਗੱਡੀ ਦੀ ਸਪੀਡ ਚੈੱਕ ਕਰਨ ਵਿੱਚ ਸਮਰੱਥ ਹੈ।

ਸ੍ਰੀ ਚਾਹਲ ਨੇ ਦੱਸਿਆ ਕਿ ਪੁਲਸ ਪ੍ਰਸ਼ਾਸਨ ਨਾਗਰਿਕਾਂ ਦੀ ਸੁਰੱਖਿਆ ਲਈ ਦਿਨ-ਰਾਤ ਕੰਮ ਕਰਦਾ ਹੈ, ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਵਿਭਾਗ ਦਾ ਅਕਸ ਖਰਾਬ ਕਰਨ ਦੀਆਂ ਕੋਝੀਆਂ ਹਰਕਤਾਂ ਵੀ ਕੀਤੀਆਂ ਜਾਂਦੀਆਂ ਹਨ।ਉਨ੍ਹਾ ਦੱਸਿਆ ਕਿ ਕੁਝ ਰਸੂਖਦਾਰ ਲੋਕਾਂ ਵੱਲੋਂ ਡਿਊਟੀ ਦੌਰਾਨ ਮੁਲਾਜ਼ਮਾਂ ਨਾਲ ਬਦਸਲੂਕੀ ਵੀ ਕੀਤੀ ਜਾਂਦੀ ਹੈ, ਜੋ ਹੁਣ ਕੈਮਰਿਆਂ ਵਿੱਚ ਰਿਕਾਰਡ ਹੋ ਜਾਵੇਗੀ ਤੇ ਅਜਿਹੀ ਸਥਿਤੀ ਵਿੱਚ ਡਿਊਟੀ ਮੁਲਾਜ਼ਮ ਰਿਕਾਰਡਿੰਗ ਸਮੇਤ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕਰਨਗੇ।ਉਨ੍ਹਾ ਦੱਸਿਆ ਕਿ ਵਿਭਾਗ ਵੱਲੋਂ ਇਹ ਰਿਕਾਰਡਿੰਗ ਸਬੂਤ ਵਜੋਂ ਵੀ ਸਾਂਭ ਕੇ ਰੱਖੀ ਜਾ ਸਕਦੀ ਹੈ।

# ਚਕਰ ਦੇ ਸੰਧੂ ਪਰਵਾਰ ਨੇ ਫੁੱਟਬਾਲ ਖਿਡਾਰੀਆਂ ਨੂੰ ਦਿੱਤੇ ਬੂਟ



**ਹਠੂਰ (ਨਛੱਤਰ ਸੰਧੂ)**-ਹਰ ਕੋਈ ਨਵਾਂ ਸਾਲ ਆਪਣੇ ਆਪਣੇ ਤਰੀਕੇ ਨਾਲ ਮਨਾਉਂਦਾ ਹੈ। ਪਿੰਡ ਚਕਰ ਵਿੱਚ ਸਵ. ਸਰਪੰਚ ਜੋਗਿੰਦਰ ਸਿੰਘ ਸੰਧੂ ਦੇ ਪਰਵਾਰ ਵੱਲੋਂ ਨਿਵੇਕਲੀ ਪਹਿਲਕਦਮੀ ਕਰਦਿਆਂ ਚਕਰ ਦੇ ਫੁੱਟਬਾਲ ਖਿਡਾਰੀਆਂ ਦੀ ਸਹਾਇਤਾ ਕੀਤੀ ਗਈ।

ਨਵੇਂ ਵਰ੍ਹੇ ਮੌਕੇ ਸਵ. ਸਰਪੰਚ ਜੋਗਿੰਦਰ ਸਿੰਘ ਸੰਧੂ ਦੇ ਸਪੁੱਤਰਾਂ ਵੱਲੋਂ ਖਿਡਾਰੀਆਂ ਦੀ ਮਦਦ ਕਰਨ ਲਈ ਚਕਰ ਦੀਆਂ ਵੱਖ ਵੱਖ ਉਮਰ ਵਰਗਾਂ ਦੀਆਂ ਸਾਰੀਆਂ ਫੁੱਟਬਾਲ ਟੀਮਾਂ ਦੇ ਖਿਡਾਰੀਆਂ ਨੂੰ ਬੂਟ ਲੈ ਕੇ ਦਿੱਤੇ। ਸੰਧੂ ਭਰਾਵਾਂ ਨੇ ਕਿਹਾ ਕਿ ਜਿਸ ਤਰ੍ਹਾਂ ਫੁੱਟਬਾਲ ਖਿਡਾਰੀ ਮਿਹਨਤ ਕਰਦੇ ਹਨ, ਪ੍ਰਾਪਤੀਆਂ ਕਰ ਰਹੇ ਹਨ ਤੇ ਪਿੰਡ ਦਾ ਨਾਮ ਰੌਸ਼ਨ ਕਰ ਰਹੇ ਹਨ, ਸਾਨੂੰ ਵੀ ਇਨ੍ਹਾਂ ਖਿਡਾਰੀਆਂ ਲਈ ਕੁੱਝ ਨਾ ਕੁੱਝ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਨੌਜਵਾਨ ਆਗੂ ਸੁੱਖਾ ਬਾਠ ਨੇ ਕਿਹਾ ਕਿ ਸਵ. ਸਰਪੰਚ ਜੋਗਿੰਦਰ ਸਿੰਘ ਸੰਧੂ ਦਾ ਪਰਵਾਰ ਪਿੰਡ ਵਿੱਚ ਲੋਕ ਭਲਾਈ ਹਿੱਤ ਕੁੱਝ ਨਾ ਕੁੱਝ ਕਾਰਜ ਕਰਦਾ ਰਹਿੰਦਾ ਹੈ। ਅਜੇ ਕੁੱਝ ਦਿਨ ਪਹਿਲਾਂ ਹੀ ਪਰਵਾਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਗੁਰੂਸਰ ਚਕਰ ਦੇ ਬੱਚਿਆਂ ਨੂੰ ਕਿੱਟਾਂ ਵੰਡੀਆਂ ਗਈਆਂ ਸਨ। ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਸੰਧੂ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਵੇਂ ਸਾਲ ਨੂੰ ਅਜਿਹੇ ਤਰੀਕੇ ਨਾਲ ਸ਼ੁਰੂ ਕਰਨਾ ਆਪਣੇ ਆਪ ਵਿੱਚ ਇੱਕ ਚੰਗਾ ਉਪਰਾਲਾ ਹੈ। ਪਿੰਡ ਵਾਸੀਆਂ ਦੀ ਸੋਚ ਵਿੱਚ ਆ ਰਿਹਾ ਬਦਲਾਅ ਇੱਕ ਸ਼ੁੱਭ ਸੰਕੇਤ ਹੈ। ਇਸ ਮੌਕੇ ਰਣਜੀਤ ਸਿੰਘ ਸੰਧੂ, ਰਣਜੀਤ ਸਿੰਘ ਬਿੱਲੂ, ਸੁੱਖਾ ਬਾਠ, ਫੁੱਟਬਾਲ ਕੋਚ ਅਮਿਤ ਕੁਮਾਰ ਤੇ ਫੁੱਟਬਾਲ ਖਿਡਾਰੀ ਹਾਜ਼ਰ ਸਨ।

# ਲੰਗਰ ਜੀ ਸਦਕੇ ਲਾਓ, ਪਰ ਸਫਾਈ ਦਾ ਖਿਆਲ ਜ਼ਰੂਰ ਰੱਖਿਓ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਅਗਲੇ ਕੁਝ ਦਿਨਾਂ ਵਿੱਚ ਸਥਾਨਕ ਸ਼ਹਿਰ 'ਚ ਮਾਘੀ ਦਾ ਤਿਉਹਾਰ ਬੜੀ ਸ਼ਰਧਾ ਤੇ ਆਸਥਾ ਨਾਮ ਮਨਾਇਆ ਜਾਂਦਾ ਹੈ।ਲੱਖਾਂ ਦੀ ਗਿਣਤੀ ਵਿੱਚ ਦੇਸ਼ ਤੇ ਵਿਦੇਸ਼ ਦੇ ਸ਼ਰਧਾਲੂ ਇਥੇ ਨਤਮਸਤਕ ਹੋਣ ਲਈ ਆਉਂਦੇ ਹਨ।ਸ਼ਹਿਰ ਦੇ ਸਾਰੇ ਗੁਰਦੁਆਰਿਆਂ ਵਿੱਚ ਭਾਰੀ ਭੀੜ ਹੁੰਦੀ ਹੈ।ਮਾਘੀ ਮੇਲੇ ਦੌਰਾਨ ਸ਼ਰਧਾਲੂ ਵਿਅਕਤੀਆਂ ਤੇ ਸੰਸਥਾਵਾਂ ਵੱਲੋਂ ਆਮ ਜਨਤਾ ਲਈ ਚਾਹ, ਪਕੌੜੇ ਤੇ ਦਾਲ ਰੋਟੀ ਆਦਿ ਸਮੇਤ ਵੱਡੀ ਗਿਣਤੀ 'ਚ ਲੰਗਰ ਲਗਾਏ ਜਾਂਦੇ ਹਨ।ਇਨ੍ਹਾਂ ਲੰਗਰਾਂ ਸਮੇਂ ਆਮ ਕਰਕੇ ਡਿਸਪੋਜੇਬਲ ਬਰਤਨਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਦੇਖਣ ਵਿੱਚ ਆਉਂਦਾ ਹੈ ਕਿ ਵਰਤਣ ਤੋਂ ਪਿੱਛੋਂ ਇਹ ਡਿਸਪੋਜੇਬਲ ਭਾਂਡੇ ਸਹੀ ਤਰੀਕੇ ਨਾਲ ਸੰਭਾਲੇ ਨਹੀਂ ਜਾਂਦੇ।ਸੜਕਾਂ 'ਤੇ ਐਧਰ ਓਧਰ ਸੁੱਟ ਦਿੱਤੇ ਜਾਂਦੇ ਹਨ।ਅਜਿਹਾ ਕੀਤੇ ਜਾਣ ਨਾਲ ਜਿੱਥੇ ਗੰਦਗੀ ਫੈਲਦੀ ਹੈ, ਉਥੇ ਪ੍ਰਦੂਸ਼ਣ ਵਿੱਚ ਵੀ ਵਾਧਾ ਹੁੰਦਾ ਹੈ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ- ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਲੰਗਰ ਲਾਉਣ ਵਾਲੇ ਸ਼ਰਧਾਲੂਆਂ ਨੂੰ ਸਫਾਈ ਦਾ ਖਾਸ ਖਿਆਲ ਰੱਖਣ ਦੀ ਅਪੀਲ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਲੰਗਰ ਦੇ ਨੇੜੇ ਵੱਡੇ ਵੱਡੇ ਡਸਟਬਿਨ ਜਾਂ ਵੱਡੇ ਬੋਰੇ ਰੱਖੇ ਜਾਣ ਤਾਂ ਜੋ ਵਰਤੇ ਹੋਏ ਡਿਸਪੋਜੇਬਲ ਭਾਂਡੇ ਇਨ੍ਹਾਂ ਵਿੱਚ ਸੁੱਟੇ ਜਾ ਸਕਣ।ਉਨ੍ਹਾਂ ਅਪੀਲ ਕੀਤੀ ਕਿ ਲੰਗਰ ਲਾਉਣ ਲਈ ਸਹੀ ਸਥਾਨ ਦੀ ਚੋਣ ਕੀਤੀ ਜਾਵੇ, ਜਿੱਥੇ ਟ੍ਰੈਫਿਕ ਵਿੱਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ।ਪ੍ਰਧਾਨ ਢੋਸੀਵਾਲ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਮੇਲਾ ਮਾਘੀ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਕੇ ਪ੍ਰਸ਼ਾਸਨ ਦਾ ਸਹਿਯੋਗ ਦਿੱਤਾ ਜਾਵੇ।ਅਜਿਹਾ ਕਰਕੇ ਅਮਨ, ਸ਼ਾਂਤੀ ਤੇ ਧਾਰਮਿਕ ਆਸਥਾ ਪੂਰੀ ਤਰ੍ਹਾਂ ਕਾਇਮ ਰੱਖੀ ਜਾ ਸਕਦੀ ਹੈ।

# ਤਹਿਸੀਲਦਾਰ ਸਹੋਤਾ ਨੇ ਅਵਤਾਰ ਪੁਰਬ 'ਤੇ ਲਗਾਇਆ ਅੱਖਾਂ ਦਾ ਕੈਂਪ



**ਬਾਘਾਪੁਰਾਣਾ (ਮਨੀ ਸਿੰਗਲਾ)**-ਜ਼ਿਲ੍ਹਾ ਰੂਰਲ ਐਨ ਜੀ ਓ ਕਲੱਬਜ਼ ਐਸੋਸੀਏਸ਼ਨ ਮੋਗਾ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਤਹਿਸੀਲਦਾਰ ਗੁਰਮੀਤ ਸਿੰਘ ਸਹੋਤਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ 'ਚ ਤੀਸਰਾ ਅੱਖਾਂ ਦਾ ਵਿਸ਼ਾਲ ਚੈੱਕਅਪ ਕੈਂਪ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ।ਜਿਸ ਦਾ ਉਦਘਾਟਨ ਨਾਨਕਸਰ ਕਲੇਰਾਂ ਦੇ ਮਹਾਪੁਰਖ ਸੰਤ ਬਾਬਾ ਲੱਖਾ ਸਿੰਘ ਨੇ ਰੀਬਨ ਕੱਟ ਕੇ ਕੀਤਾ।ਜਦਕਿ ਇਸ ਕੈਂਪ ਵਿੱਚ ਏ.ਡੀ.ਸੀ. ਅਨੀਤਾ ਦਰਸ਼ੀ, ਚਾਰੂਮਿਤਾ ਐਸ.ਡੀ.ਐਮ ਧਰਮਕੋਟ, ਸਿਵਲ ਸਰਜਨ ਡਾ. ਰਾਜੇਸ਼ ਅੱਤਰੀ ਵਿਸ਼ੇਸ਼ ਮਹਿਮਾਨ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਏ.ਡੀ.ਸੀ. ਅਨੀਤਾ ਦਰਸ਼ੀ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਤਹਿਗੜ੍ਹ ਕੋਰੋਟਾਨਾ ਵਿਖੇ ਸ਼ੁਰੂ ਹੋ ਰਹੇ ਮੁਫਤ ਸਿਖਲਾਈ ਕੋਰਸ ਦੇ ਸੈਂਟਰ ਦੀ ਆਰੰਭਤਾ ਵੀ ਕੀਤੀ ਗਈ। ਅੱਖਾਂ ਦੇ ਚੈੱਕਅਪ ਕੈਂਪ ਵਿੱਚ 300 ਮਰੀਜ਼ਾਂ ਦਾ ਚੈੱਕਅਪ ਹੋਇਆ। ਜ਼ਰੂਰਤਮੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। 120 ਜ਼ਰੂਰਤਮੰਦ ਮਰੀਜ਼ਾਂ ਨੂੰ ਮੁਫਤ ਐਨਕਾਂ ਅਤੇ ਇਨ੍ਹਾਂ ਵਿਚੋਂ 14 ਮਰੀਜ਼ਾਂ ਦਾ ਮੁਫਤ ਅਪ੍ਰੇਸ਼ਨ ਕੀਤਾ ਜਾ ਰਿਹਾ ਹੈ। ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰ ਸਮੀਆ ਅਤੇ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਗਿਆ। ਜਰਨਲ ਬਿਮਾਰੀਆਂ ਦੇ ਚੈੱਕਅਪ ਸਮੇਤ ਤਕਰੀਬਨ 500 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਗੁਰਦੁਆਰਾ ਸ੍ਰੀ ਅਕਾਲਸਰ ਸਾਹਿਬ (ਪਾਤਸ਼ਾਹੀ ਛੇਵੀਂ) ਫਤਹਿਗੜ੍ਹ ਕੋਰੋਟਾਨਾ ਵਿਖੇ ਲਗਾਏ ਗਏ ਇਸ ਕੈਂਪ ਵਿੱਚ ਗੁਰਮੀਤ ਸਿੰਘ ਸਹੋਤਾ ਵੱਲੋਂ ਐਨ.ਆਰ.ਆਈ. ਵੀਰਾਂ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਯੂਥ ਕਲੱਬ ਦੇ ਸਹਿਯੋਗ ਨਾਲ ਸਾਰੇ ਮਰੀਜ਼ਾਂ ਵਾਸਤੇ ਲੰਗਰ, ਚਾਹ ਪਾਣੀ ਅਤੇ ਉਨ੍ਹਾਂ ਦੇ ਬੈਠਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਗੁਰਪ੍ਰੀਤ ਸਿੰਘ ਕੈਨੇਡਾ, ਸੂਰਜ ਕੁਮਾਰ ਧਮੀਜਾ, ਸਾਬਕਾ ਐਸ.ਪੀ. ਬਲਵੀਰ ਸਿੰਘ ਨੇ ਕੈਂਪ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ।

ਇਸ ਕੈਂਪ 'ਚ ਹੋਰਨਾਂ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੈਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਜ਼ਿਲ੍ਹਾ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਜ਼ਿਲ੍ਹਾ ਰੂਰਲ ਐਨ ਜੀ ਓ ਕਲੱਬਜ਼ ਐਸੋਸੀਏਸ਼ਨ ਮੋਗਾ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਸਾਬਕਾ ਐਸ.ਪੀ. ਮੁਖਤਿਆਰ ਸਿੰਘ, ਐਸ.ਐਚ.ਓ. ਜਗਤਾਰ ਸਿੰਘ ਮਹਿਣਾ, ਉਗਰਸੈਨ ਨੌਹਰੀਆ, ਗੁਰਬਚਨ ਸਿੰਘ ਗਗੜਾ, ਰਾਮ ਸਿੰਘ ਜਾਨੀਆ, ਕਲੱਬ ਦੇ ਪ੍ਰਧਾਨ ਬਲਜੀਤ ਸਿੰਘ, ਸਰਜੀਤ ਸਿੰਘ, ਜਸਵੰਤ ਸਿੰਘ, ਮਲਕੀਤ ਸਿੰਘ ਸੈਕਟਰੀ, ਸਾਬਕਾ ਬਲਾਕ ਸੰਮਤੀ ਮੈਂਬਰ ਤਾਰਾ ਸਿੰਘ, ਬੈਂਕ ਮੁਲਾਜਮ ਤਾਰਾ ਸਿੰਘ ਆਦਿ ਮੁੱਖ ਤੌਰ 'ਤੇ ਹਾਜ਼ਰ ਹੋਏ।

# ਕਾਇਆਕਲਪ ਸਕੀਮ ਤਹਿਤ ਸੀ ਐੱਚ ਸੀ ਢੁੱਡੀਕੇ ਨੂੰ ਤੀਜਾ ਸਥਾਨ



**ਅਜੀਤਵਾਲ (ਨਛੱਤਰ ਸੰਧੂ)**-ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਕਰਵਾਏ ਗਏ ਸਰਵੇ ਮੁਤਾਬਿਕ ਕਾਇਆਕਲਪ ਸਕੀਮ ਤਹਿਤ ਸੀ. ਐੱਚ. ਸੀ. ਢੁੱਡੀਕੇ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੁਰਿੰਦਰ ਸਿੰਘ ਝਮਟ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਇਸ ਸਫਲਤਾ ਪਿੱਛੇ ਸਮੁੱਚੇ ਸਟਾਫ ਦੀ ਮਿਹਨਤ ਦਾ ਨਤੀਜਾ ਹੈ, ਜਿਨ੍ਹਾਂ ਨੇ ਪੂਰੀ ਲਗਨ ਤੇ ਮਿਹਨਤ ਨਾਲ ਕੰਮ ਕੀਤਾ। ਉਨ੍ਹਾ ਦੱਸਿਆ ਕਿ ਇਸ ਸਕੀਮ ਤਹਿਤ ਪੂਰੇ ਪੰਜਾਬ ਦੇ 150 ਸਿਹਤ ਕੇਂਦਰਾਂ ਨੇ ਭਾਗ ਲਿਆ ਸੀ। ਅੱਜ ਅਸੀਂ ਇਸ ਸਟਾਫ 'ਤੇ ਫੱਖਰ ਮਹਿਸੂਸ ਕਰ ਰਹੇ ਹਾਂ।

# ਕਾਲੀ ਮਾਤਾ ਮੰਡਲ ਬਰੇਟਾ ਨੇ ਚਾਹ ਬਿਸਕੁਟ ਦਾ ਲੰਗਰ ਲਗਾਇਆ



**ਬਰੇਟਾ (ਗੋਬਿੰਦ ਸ਼ਰਮਾ)**-ਜੈ ਕਾਲੀ ਮਾਤਾ ਮੰਡਲ ਬਰੇਟਾ ਵੱਲੋਂ ਕਾਲੀ ਮਾਤਾ ਮੰਦਰ ਪਟਿਆਲਾ ਵਿਖੇ ਚਾਹ ਅਤੇ ਬਿਸਕੁਟ ਦਾ ਲੰਗਰ ਲਗਾਇਆ ਗਿਆ। ਕਾਲੀ ਮਾਤਾ ਮੰਡਲ ਬਰੇਟਾ ਦੇ ਪ੍ਰਧਾਨ ਗੁਰਦੀਪ ਸ਼ਰਮਾ ਨੇ ਦੱਸਿਆ ਕਿ ਇਹ ਲੰਗਰ ਹਰ ਸ਼ਨੀਵਾਰ ਨੂੰ ਕਾਲੀ ਮਾਤਾ ਮੰਦਰ ਪਟਿਆਲਾ ਵਿਖੇ ਲਗਾਇਆ ਜਾਂਦਾ ਹੈ। ਇਸ ਮੌਕੇ ਕਾਲੀ ਮਾਤਾ ਮੰਡਲ ਬਰੇਟਾ ਦੇ ਸਾਰੇ ਸੇਵਾਦਾਰਾਂ ਨੇ ਸੇਵਾ ਨਿਭਾਈ।

# ਪ੍ਰਿਆ ਸੂਦ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਵੱਲੋਂ ਸਬ ਜੇਲ੍ਹ ਪੱਟੀ ਦਾ ਅਚਨਚੇਤ ਦੌਰਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸ਼੍ਰੀਮਤੀ ਪ੍ਰਿਆ ਸੂਦ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਮੈਡਮ ਪ੍ਰਤਿਮਾ ਅਰੋੜਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਅਤੇ ਸ਼੍ਰੀਮਤੀ ਸ਼ਿਲਪਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਤਰਨ ਤਾਰਨ ਦੇ ਸਹਿਯੋਗ ਨਾਲ ਸਬ ਜੇਲ੍ਹ ਪੱਟੀ ਵਿਖੇ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਜਤਿੰਦਰਪਾਲ ਸਿੰਘ, ਸੁਪਰਡੰਟ, ਸਬ ਜੇਲ੍ਹ ਪੱਟੀ ਅਤੇ ਉੱਥੋਂ ਦਾ ਸਟਾਫ ਹਾਜ਼ਰ ਸਨ। ਜੱਜ ਸਾਹਿਬ ਨੇ ਇਸ ਮੌਕੇ ਬੰਦ ਹਵਾਲਾਤੀ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ 'ਤੇ ਹੀ ਜੇਲ੍ਹ ਦੇ ਸੁਪਰਡੈਂਟ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਜੱਜ ਸਾਹਿਬ ਵੱਲੋਂ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਿਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਸਾਫ-ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈਸ (ਰਸੋਈ) ਚੈੱਕ ਕੀਤੀ। ਜੱਜ ਸਾਹਿਬ ਨੇ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ। ਜੱਜ ਸਾਹਿਬ ਵੱਲੋਂ ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਹ ਵੀ ਦੱਸਿਆ ਕਿ ਉਹ ਆਪਣੀ ਅਪੀਲ ਕਦੋਂ ਅਤੇ ਕਿਸ ਪੀਰੀਅਡ ਦੇ ਦੌਰਾਨ ਲਗਾ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਲੋਅਰ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਵਕੀਲ ਮੁਫਤ ਦਿੱਤੇ ਜਾਂਦੇ ਹਨ। ਜੱਜ ਸਾਹਿਬ ਨੇ ਹਵਾਲਾਤੀਆਂ ਅਤੇ ਕੈਦੀਆਂ ਦੇ ਮੁਫਤ ਕਾਨੂੰਨੀ ਸਹਾਇਤਾ ਲੈਣ ਵਾਸਤੇ ਫਾਰਮ ਵੀ ਭਰੇ ਅਤੇ ਆਪਣੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਫਾਰਮਾਂ ਦਾ ਸਾਰਾ ਪ੍ਰੋਸੈਸ ਪੂਰਾ ਕਰਕੇ ਜਲਦੀ ਤੋਂ ਜਲਦੀ ਮੁਫਤ ਕਾਨੂੰਨੀ ਸਹਾਇਤਾ ਦੁਆਈ ਜਾਵੇ। ਇਸ ਮੌਕੇ ਉਨ੍ਹਾਂ ਕੈਦੀਆਂ/ਹਵਾਲਾਤੀਆਂ ਨੂੰ ਇਹ ਸਲਾਹ ਦਿੱਤੀ ਕਿ ਉਹ ਸਮਾਜ ਵਿੱਚ ਰਹਿ ਕੇ ਆਮ ਇਨਸਾਨ ਵਾਂਗ ਆਪਣਾ ਜੀਵਨ ਦਾ ਨਿਰਬਾਹ ਕਰਨ ਅਤੇ ਦੁਬਾਰਾ ਕੋਈ ਵੀ ਗਲਤ ਕੰਮ ਕਰਕੇ ਜੇਲ੍ਹ ਵਿੱਚ ਨਾ ਆਉਣ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਫ਼ਤਰ ਵਿਖੇ ਮਿਲਣ ਜਾਂ ਜਾਣਕਾਰੀ ਵਾਸਤੇ ਜ਼ਿਲ੍ਹਾ ਕਚਹਿਰੀ, ਤਰਨ ਤਾਰਨ ਵਿਖੇ ਦਫ਼ਤਰ ਦੇ ਸਮੇਂ ਵਿੱਚ ਆ ਕੇ ਮਿਲਿਆ ਜਾ ਸਕਦਾ ਹੈ ਅਤੇ ਵਧੇਰੇ ਜਾਣਕਾਰੀ ਵਾਸਤੇ ਟੋਲ ਫ੍ਰੀ ਨੰ. 1968 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਬੇਦਾਗ ਸ਼ਖਸੀਅਤ ਕਾਮਰੇਡ ਤਰਲੋਚਨ ਸਿੰਘ ਗਿੱਲ

**ਸੇਵਾ ਮੁਕਤੀ 'ਤੇ ਵਿਸ਼ੇਸ਼**



ਕਾਮਰੇਡ ਤਰਲੋਚਨ ਸਿੰਘ ਗਿੱਲ, ਜੋ ਕਿ ਪੰਜਾਬ ਰੋਡਵੇਜ਼ ਤੋਂ ਹੈੱਡ ਮਕੈਨਿਕ ਵਜੋਂ ਸੇਵਾ ਮੁਕਤ ਹੋਏ ਹਨ, ਜੋ ਬਹੁਤ ਮਿਲਾਪੜੇ ਅਤੇ ਹੱਸਮੁੱਖ ਸੁਭਾਅ ਦੇ ਮਾਲਕ ਹਨ, ਜਿਨ੍ਹਾ ਦਾ ਜਨਮ ਪਿਤਾ ਲਾਭ ਸਿੰਘ ਗਿੱਲ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ 28 ਅਕਤੂਬਰ 1965 ਨੂੰ ਪਿੰਡ ਸਿੱਬਲ ਝੱਲੀਆਂ (ਰੂਪਨਗਰ) ਵਿਖੇ ਹੋਇਆ। ਸਾਥੀ ਹੁਰੀਂ ਚਾਰ ਭੈਣ ਅਤੇ ਭਰਾ ਸਨ। ਦੋ ਭਰਾ ਛੋਟੀ ਉਮਰ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ ਅਤੇ ਭੈਣ ਆਪਣੇ ਘਰ ਵਿੱਚ ਸੁਖੀ ਰਹਿ ਰਹੀ ਹੈ। ਸਾਥੀ ਨੂੰ ਪਰਵਾਰ ਨੇ ਬਹੁਤ ਲਾਡ-ਪਿਆਰ ਅਤੇ ਚਾਵਾਂ ਨਾਲ ਪਾਲਿਆ ।ਸਾਥੀ ਨੇ ਆਪਣੀ ਪ੍ਰਾਇਮਰੀ ਸਿੱਖਿਆ ਪਿੰਡ ਦੇ ਸਕੂਲ ਅਤੇ ਹਾਇਰ ਸੈਕੰਡਰੀ ਸਿੱਖਿਆ ਅਤੇ ਮੋਟਰ ਮਕੈਨਿਕ ਡਿਪਲੋਮਾ ਆਈ ਟੀ ਆਈ ਰੋਪੜ ਤੋਂ ਕੀਤਾ । ਸਾਥੀ ਹੁਰੀਂ ਪਰਵਾਰਕ ਪਿਛੋਕੜ ਤੋਂ ਹੀ ਦੇਸ਼ ਭਗਤੀ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਦੀ ਸੁਰੱਖਿਆ ਲਈ ਜਥੇਬੰਦਕ ਗਤੀਵਿਧੀਆਂ ਵਿੱਚ ਸ਼ਾਮਲ ਰਹਿੰਦੇ ਸਨ, ਜਿਸ ਦੇ ਨਤੀਜੇ ਵਜੋਂ ਸਾਥੀ ਆਈ ਟੀ ਆਈ ਰੋਪੜ ਵਿਖੇ ਵਿਦਿਆਰਥੀ ਲਹਿਰ ਪੀ ਐੱਸ ਯੂ ਦੇ ਮੀਤ ਪ੍ਰਧਾਨ ਵੀ ਰਹੇ। ਸਾਥੀ ਨੇ 1986 ਵਿੱਚ ਆਪਣੀ ਪੜ੍ਹਾਈ ਖਤਮ ਉਪਰੰਤ ਪ੍ਰਾਈਵੇਟ ਕੰਪਨੀ ਪੰਜਾਬ ਮੋਟਰ ਗੈਰਿਜ ਕੁਰਾਲੀ ਵਿੱਚ ਬਤੌਰ ਮੈਨੇਜਰ ਸੇਲਜ਼ ਚੈਸੀ ਅਤੇ ਸਪੇਅਰ ਪਾਰਟਸ ਦੀ ਨੌਕਰੀ ਕਰ ਲਈ, ਪਰ ਉਹਨਾ ਇਸ ਦੇ ਨਾਲ-ਨਾਲ ਸਰਕਾਰੀ ਨੌਕਰੀ ਲਈ ਰੁਜ਼ਗਾਰ ਦਫ਼ਤਰ ਵਿੱਚ ਆਪਣਾ ਨਾਂਅ ਵੀ ਦਰਜ ਕਰਵਾਇਆ ਹੋਇਆ ਸੀ। 1987 ਵਿੱਚ ਪੰਜਾਬ ਰੋਡਵੇਜ਼ ਚੰਡੀਗੜ੍ਹ ਡਵੀਜ਼ਨਲ ਟਰਾਂਸਪੋਰਟ ਦਫ਼ਤਰ ਵੱਲੋਂ ਜੂਨੀਅਰ ਟੈਕਨੀਸ਼ਨ (ਮਕੈਨਿਕ) ਦੀਆਂ ਅਸਾਮੀਆਂ ਦੀ ਭਰਤੀ ਨਿਕਲੀ ਤੇ 31-8-1988 ਨੂੰ (ਮਕੈਨਿਕ) ਦੀ ਅਸਾਮੀ 'ਤੇ ਸਿਲੈਕਟ ਹੋ ਗਏ। ਸਾਥੀ ਦੀ ਪਹਿਲੀ ਜੋਆਨਿੰਗ ਰਿਪੋਰਟ ਮੋਗਾ ਡਿਪੂ ਵਿੱਚ ਹੋਈ। ਤਿੰਨ ਦਿਨ ਉਪਰੰਤ ਸਾਥੀ ਦਾ ਮਿਲਾਪ ਬਾਈ ਨਛੱਤਰ ਸਿੰਘ ਧਾਲੀਵਾਲ ਨਾਲ ਹੋਇਆ। ਭਾਵੇਂ ਉਸ ਸਮੇਂ ਸਾਥੀ ਬਾਈ ਨਛੱਤਰ ਸਿੰਘ ਧਾਲੀਵਾਲ ਨੂੰ ਨਹੀਂ ਸਨ ਜਾਣਦੇ, ਪਰ ਬਾਈ ਜੀ ਹਰ ਮਿਲਣ ਵਾਲੇ ਨੂੰ ਪਹਿਲੀ ਨਜ਼ਰੇ ਪਰਖ ਲੈਂਦੇ ਸਨ। ਉਨ੍ਹਾ ਸਾਥੀ ਤਰਲੋਚਨ ਸਿੰਘ ਅਤੇ ਉਸ ਦੇ ਨਾਲ ਹੋਰ ਨਵੇਂ ਆਏ ਸਾਥੀਆਂ ਨਾਲ ਗੱਲਬਾਤ ਕੀਤੀ। ਸਾਥੀ ਨੇ ਆਪਣੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਂ ਰੋਪੜ ਆਈ ਟੀ ਆਈ ਵਿੱਚ ਮੋਟਰ ਮਕੈਨਿਕ ਦਾ ਡਿਪਲੋਮਾ ਕੀਤਾ ਹੈ, ਮੈਂ ਉਥੇ ਪੀ ਐੱਸ ਯੂ ਵਿਚ ਦਾ ਮੀਤ ਪ੍ਰਧਾਨ ਵੀ ਰਿਹਾ ਹਾਂ। ਬੱਸ ਫਿਰ ਕੀ ਸੀ, ਬਾਈ ਨਛੱਤਰ ਸਿੰਘ ਧਾਲੀਵਾਲ ਉਸ ਵੇਲੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸਨ। ਉਨ੍ਹਾਂ ਉਸੇ ਦਿਨ ਤੋਂ ਤਰਲੋਚਨ ਸਿੰਘ ਗਿੱਲ ਨੂੰ ਜਥੇਬੰਦੀ ਦੀ ਐਸੀ ਗੁੜ੍ਹਤੀ ਦਿੱਤੀ ਕਿ ਸਾਥੀ ਨੇ ਮੁੜ ਕੇ ਪਿੱਛੇ ਨਹੀਂ ਦੇਖਿਆ ਅਤੇ ਜਥੇਬੰਦੀ ਦੇ ਮੈਂਬਰ ਬਣ ਗਏ। ਉਸ ਸਮੇਂ ਸਾਥੀ ਦੇ ਨਾਲ ਹੋਰ ਕਈ ਸਾਥੀਆਂ ਨੇ ਵੀ ਜਥੇਬੰਦੀ ਦੀ ਮੈਂਬਰਸ਼ਿਪ ਲਈ।

ਤਰਲੋਚਨ ਸਿੰਘ ਗਿੱਲ ਦੀ ਸ਼ਾਦੀ 15 ਮਾਰਚ 1987 ਨੂੰ ਬੀਬੀ ਅਮਰਜੀਤ ਕੌਰ ਪੁੱਤਰੀ ਸ਼ੇਰ ਸਿੰਘ ਨਾਲ ਪਿੰਡ ਗਗੜਬੱਲ (ਫਤਿਹਗੜ੍ਹ ਸਾਹਿਬ) ਵਿਖੇ ਹੋਈ। ਉਹਨਾ ਦੇ ਗ੍ਰਹਿ ਵਿਖੇ ਇਕ ਬੇਟੀ ਅਤੇ ਪੁੱਤਰ ਨੇ ਜਨਮ ਲਿਆ ।ਸਾਥੀ ਦੇ ਪਿਤਾ ਜੀ 1991 ਵਿੱਚ ਸਖਤ ਬਿਮਾਰ ਹੋ ਗਏ। ਉਹਨਾ ਆਪਣੀ ਮਿਊਚਲ ਬਦਲੀ ਮੋਗਾ ਤੋਂ ਨੰਗਲ ਕਰਵਾ ਲਈ, ਪਰ ਇਕ ਮਹੀਨੇ ਬਾਅਦ ਬਦਲੀ ਕੈਂਸਲ ਹੋ ਗਈ ਤੇ ਮੁੜ ਮੋਗਾ ਚਲੇ ਗਏ। 1994 ਵਿੱਚ ਨੰਗਲ ਵਿਖੇ ਜਥੇਬੰਦੀ ਦਾ ਦੋ ਸਾਲਾ ਸੂਬੇ ਦਾ ਅਜਲਾਸ ਕੀਤਾ ਜਾਣਾ ਸੀ, ਪਰ ਉਸ ਸਮੇਂ ਨੰਗਲ ਡਿਪੂ ਦੀ ਮੈਂਬਰਸ਼ਿਪ ਵੀ ਕਾਫ਼ੀ ਘਟ ਚੁੱਕੀ ਸੀ ਅਤੇ ਵਿੱਤੀ ਹਾਲਤ ਵੀ ਠੀਕ ਨਹੀਂ ਸੀ ਤਾਂ ਜਥੇਬੰਦੀ ਵੱਲੋਂ ਸਾਥੀ ਨੂੰ ਨੰਗਲ ਡਿਪੂ ਬ੍ਰਾਂਚ ਦਾ ਕੈਸ਼ੀਅਰ ਨਿਯੁਕਤ ਕਰਕੇ ਨੰਗਲ ਦੀ ਬਦਲੀ ਕਰਵਾ ਦਿੱਤੀ। ਉੱਥੇ ਸਾਥੀ ਨੇ ਹਰਜੀਤ ਸਿੰਘ ਸੈਣੀ, ਬਲਵੀਰ ਸਿੰਘ, ਜਮੀਤ ਸਿੰਘ ਸੰਧੂ ਅਤੇ ਅਵਤਾਰ ਸਿੰਘ ਦੇ ਤਾਲਮੇਲ ਨਾਲ ਪੂਰੀ ਮਿਹਨਤ ਕਰਕੇ ਮੈਂਬਰਸ਼ਿਪ ਵਿੱਚ ਵਾਧਾ ਵੀ ਕੀਤਾ ਅਤੇ ਦੋ ਸਾਲਾ ਅਜਲਾਸ ਬੀ ਬੀ ਐੱਮ ਬੀ ਨੰਗਲ ਵਿੱਚ ਕਰਵਾਇਆ। ਅਜਲਾਸ ਵਿੱਚ ਏ ਬੀ ਬਰਧਨ, ਈਸ਼ਰ ਸਿੰਘ ਡੀ ਟੀ ਸੀ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਲਈ ਪੁੱਜੇ। ਇਸ ਮੌਕੇ ਕੁਲਦੀਪ ਸਿੰਘ ਹੁਸ਼ਿਆਰਪੁਰ ਨੇ ਪੂਰਾ ਸਹਿਯੋਗ ਕੀਤਾ। ਸਾਥੀ ਨੰਗਲ ਡਿਪੂ ਵਿੱਚ 2002 ਤੱਕ ਜਥੇਬੰਦੀ ਦੇ ਬਤੌਰ ਕੈਸ਼ੀਅਰ ਰਹੇ। 2002 ਵਿੱਚ ਸਾਥੀ ਦੀ ਬਦਲੀ ਰੋਪੜ ਡਿਪੂ ਦੀ ਹੋ ਗਈ। ਸਾਥੀ ਦਾ ਰੋਪੜ ਡਿਪੂ ਦੇ ਸੀਨੀਅਰ ਸਾਥੀਆਂ ਗੁਰਦੇਵ ਸਿੰਘ ਸੂਬਾ ਐਕਟਿੰਗ ਪ੍ਰਧਾਨ, ਹਰਬੰਸ ਸਿੰਘ ਸੈਣੀ, ਗੁਰਬਖਸ਼ ਮੁੱਲਾਂ, ਜਗਜੀਤ ਸਿੰਘ ਪਟਵਾਰੀ, ਬਲਵਿੰਦਰ ਸਿੰਘ ਸੰਧੂ, ਹਰਭਜਨ ਸਿੰਘ ਸਰਪੰਚ, ਬਲਵਿੰਦਰ ਸਿੰਘ ਨੰਬਰਦਾਰ ਤੇ ਨਸੀਬ ਸਿੰਘ ਜੜੌਤ ਹੁਰਾਂ ਨਾਲ ਬਹੁਤ ਚੰਗਾ ਤਾਲਮੇਲ ਰਿਹਾ। ਉਨ੍ਹਾਂ ਸਾਥੀਆ ਨਾਲ ਹਰ ਸੰਘਰਸ਼ ਵਿੱਚ ਫਰੰਟ ਲਾਈਨ 'ਤੇ ਕੰਮ ਕੀਤਾ। 2011 ਵਿੱਚ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਬਾਈ ਗੁਰਮੇਲ ਸਿੰਘ ਬਿਮਾਰ ਸਨ। ਇਸੇ ਦੌਰਾਨ ਸੈਂਟਰਲ ਏਟਕ ਅਤੇ ਲੇਬਰ ਵਿਭਾਗ ਵੱਲੋਂ ਸਾਂਝੇ ਕੇਂਦਰੀ ਟਰੇਡ ਯੂਨੀਅਨ ਦੀ ਲੀਡਰਸ਼ਿਪ ਨੂੰ ਯੋਗ ਬਣਾਉਣ ਲਈ ਵੀ ਵੀ ਗਿਰੀ ਨੈਸ਼ਨਲ ਸੰਸਥਾ ਨੋਇਡਾ ਵਿਖੇ 11-15 ਜੁਲਾਈ 2011 ਸਕੂਲਿੰਗ ਲਈ ਤਰਲੋਚਨ ਸਿੰਘ ਗਿੱਲ ਨੂੰ ਟਰਾਂਸਪੋਰਟ ਵਿੰਗ ਵੱਲੋਂ ਇਕੱਲੇ ਦੀ ਚੋਣ ਕਰਕੇ ਉਸ ਸੰਸਥਾ ਵਿੱਚ ਭੇਜਿਆ ਗਿਆ। ਸਾਥੀ ਨੇ ਇਸ ਸੰਸਥਾ ਵਿੱਚ ਚੱਲੇ ਪੰਜ ਦਿਨਾ ਸਕੂਲ ਵਿਚ ਪਹਿਲੇ ਦਰਜੇ ਦਾ ਸਰਟੀਫੀਕੇਟ ਹਾਸਲ ਕਰਕੇ ਜਥੇਬੰਦੀ ਦਾ ਨਾਂਅ ਰੋਸ਼ਨ ਕੀਤਾ। ਇਹ ਸਭ ਬਾਈ ਗੁਰਮੇਲ ਸਿੰਘ ਦੀ ਪਾਰਖੂ ਨਜ਼ਰ ਦੀ ਉਪਜ ਸੀ। ਸਾਥੀ ਨੇ ਰੋਪੜ ਬ੍ਰਾਂਚ ਵਿੱਚ 6 ਸਾਲ ਕੈਸ਼ੀਅਰ, ਇੱਕ ਸਾਲ ਸੀਨੀਅਰ ਮੀਤ ਪ੍ਰਧਾਨ, 6 ਸਾਲ ਸੂਬਾ ਜਾਇੰਟ ਸਕੱਤਰ, ਜ਼ਿਲ੍ਹਾ ਏਟਕ ਦੇ ਜਾਇੰਟ ਸਕੱਤਰ ਦੀ ਸੇਵਾ ਨਿਭਾਈ ਅਤੇ ਹੁਣ ਮੀਤ ਪ੍ਰਧਾਨ ਹਨ। ਸਾਥੀ ਜੀ ਪੰਜਾਬ ਰੋਡਵੇਜ਼ ਦੇ ਰੋਪੜ ਡਿਪੂ ਤੋਂ 25/09/2023 ਨੂੰ ਹੈੱਡ ਮਕੈਨਿਕ ਪਦ ਉੱਨਤ ਹੋ ਕੇ ਲੁਧਿਆਣਾ ਵਿਖੇ ਗਏ, ਜਿੱਥੋਂ ਉਹ ਮਿਤੀ 31/10/2023 ਨੂੰ 35 ਸਾਲ 2 ਮਹੀਨੇ ਦੀ ਸਰਕਾਰੀ ਨੌਕਰੀ ਤੋਂ ਬੇਦਾਗ਼ ਹੈੱਡ ਮਕੈਨਿਕ ਸੇਵਾ-ਮੁਕਤ ਹੋ ਕੇ ਆਪਣੇ ਪਰਵਾਰ ਵਿੱਚ ਆਏ ਹਨ।

ਤਰਲੋਚਨ ਸਿੰਘ ਗਿੱਲ ਨੇ ਜਿੱਥੇ ਆਪਣੀ ਸਰਵਿਸ ਅਤੇ ਜਥੇਬੰਦੀ ਦੌਰਾਨ ਇਮਾਨਦਾਰੀ ਨਾਲ ਕੰਮ ਕੀਤਾ, ਉੱਥੇ ਆਪਣੇ ਪਰਵਾਰ ਪ੍ਰਤੀ ਵੀ ਜ਼ਿੰਮੇਵਾਰੀ ਨਿਭਾਉਣ ਵਿੱਚ ਪਿੱਛੇ ਨਹੀਂ ਰਹੇ।ਉਨ੍ਹਾ ਆਪਣੀ ਬੇਟੀ ਸੁਖਵਿੰਦਰ ਕੌਰ ਨੂੰ ਉੱਚ ਵਿਦਿਆ ਐੱਮ ਏ, ਬੀ ਐੱਡ ਕਰਾਈ, ਜੋ ਬਤੌਰ ਟੀਚਰ ਹਨ, ਜਿਨ੍ਹਾਂ ਦੀ ਸ਼ਾਦੀ ਜਤਿੰਦਰ ਪਾਲ ਸਿੰਘ ਨਾਲ ਪਿੰਡ ਮੁਗਲ ਮਾਜਰੀ (ਰੋਪੜ) ਵਿਖੇ ਹੋਈ, ਜੋ ਅੱਜਕੱਲ੍ਹ ਡੀ ਸੀ ਦਫਤਰ ਵਿਚ ਬਤੌਰ ਕਲਰਕ ਹਨ। ਬੇਟੇ ਅਮਨਪ੍ਰੀਤ ਸਿੰਘ ਗਿੱਲ ਜਿਨ੍ਹਾਂ ਨੂੰ ਵੀ ਉੱਚ ਵਿੱਦਿਆ ਬੀ ਸੀ ਏ, ਐੱਮ ਸੀ ਏ ਦੀ ਡਿਗਰੀ ਹਾਸਲ ਕੀਤੀ ਅਤੇ ਰੋਪੜ ਵਿਖੇ ਆਈ ਆਈ ਟੀ ਖੋਜ ਕੇਂਦਰ ਵਿਖੇ ਸੀਨੀਅਰ ਆਫਿਸ ਐਗਜ਼ੈਕਟਿਵ ਤੌਰ 'ਤੇ ਕੇਂਦਰ ਸਰਕਾਰ ਦੀ ਨੌਕਰੀ ਕਰ ਰਹੇ ਹਨ, ਜਿਨ੍ਹਾਂ ਦੀ ਸ਼ਾਦੀ 5 ਜਨਵਰੀ 2024 ਨੂੰ ਮੁਹਾਲੀ ਵਿਖੇ ਲਵਪ੍ਰੀਤ ਕੌਰ ਨਾਲ ਕੀਤੀ ਗਈ, ਜਿਨ੍ਹਾਂ ਦਾ ਸਮੁੱਚਾ ਪਰਵਾਰ ਜਰਮਨ ਵਿੱਚ ਪਹਿਲਾਂ ਹੀ ਸੈੱਟ ਹੈ। ਸੋ ਅੱਜ ਅਸੀਂ ਜਿੱਥੇ ਉਹਨਾ ਦੇ ਬੇਟੇ ਦੇ ਵਿਆਹ ਦੀ ਵਧਾਈ ਦਿੰਦੇ ਹਾਂ, ਉੱਥੇ ਅਸੀਂ ਕਾਮਰੇਡ ਤਰਲੋਚਨ ਸਿੰਘ ਗਿੱਲ ਦੀ ਬੇਦਾਗ਼ ਸੇਵਾ-ਮੁਕਤੀ 'ਤੇ ਪੰਜਾਬ ਪੈਨਸ਼ਨ ਯੂਨੀਅਨ ਦੀ ਸੂਬਾ ਕਮੇਟੀ ਵੱਲੋਂ ਅਤੇ ਸਮੂਹ ਜ਼ਿਲ੍ਹਾ ਬ੍ਰਾਂਚਾਂ ਵੱਲੋਂ ਵਧਾਈ ਦਿੰਦੇ ਹਾਂ, ਜਿਨ੍ਹਾਂ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦਾ ਨਾਂਅ ਉੱਚਾ ਕੀਤਾ ਹੈ।

—ਬਲਵਿੰਦਰ ਸਿੰਘ ਸੰਧੂ,
ਸੂਬਾ ਸੀਨੀਅਰ ਮੀਤ ਪ੍ਰਧਾਨ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ,
—ਜਗਤਾਰ ਸਿੰਘ, ਬ੍ਰਾਂਚ ਪ੍ਰਧਾਨ, ਪੰਜਾਬ ਰੋਡਵੇਜ਼ ਰੂਪਨਗਰ

# ਮਹਾਂਰਾਸ਼ਟਰ ਦੀ ਤਰਜ਼ 'ਤੇ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣਾ ਸਮੇਂ ਦੀ ਲੋੜ: ਡਾ. ਗੋਰੇਰਾਓ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਮਾਝਾ ਜ਼ੋਨ ਦੀਆਂ ਸਮੂਹ ਇਕਾਈਆਂ ਦੇ ਅਹੁਦੇਦਾਰਾਂ ਦੀ ਮੀਟਿੰਗ ਵਿੱਚ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਦੇ ਜਨਰਲ ਸਕੱਤਰ ਪ੍ਰੋਫੈਸਰ ਡਾਕਟਰ ਸੁਦੇਸ ਗੋੜੇਰਾਓ ਨੇ ਮਹਾਂਰਾਸਟਰ ਤੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਦੱਸਿਆ ਕਿ ਮਹਾਂਰਾਸ਼ਟਰ ਵਿੱਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਵਿੱਚ ਨਰਿੰਦਰ ਦਭੋਲਕਰ ਦਾ ਵਿਸ਼ੇਸ਼ ਯੋਗਦਾਨ ਰਿਹਾ ਜਿਸਦੀ ਕੁਰਬਾਨੀ ਤੋਂ ਬਾਅਦ ਹੀ ਰਾਜ ਸਰਕਾਰ ਨੂੰ ਜਨਤਾ ਦੇ ਰੋਹ ਨੂੰ ਵੇਖਦੇ ਹੋਏ ਇਹ ਕਾਨੂੰਨ ਬਣਾਉਣਾ ਪਿਆ। ਉਨ੍ਹਾਂ ਦੱਸਿਆ ਕਿ ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਮਹਾਂਰਾਸ਼ਟਰ ਵਿਚ ਅੰਧ ਸ਼ਰਧਾ ਨਿਰਮੂਲਨ ਸੰਮਤੀ ਵਲੋਂ ਆਮ ਜਨਤਾ ਦੀ ਸਰੀਰਕ ਆਰਥਿਕ ਤੇ ਮਾਨਸਿਕ ਲੁੱਟ ਖਸੁੱਟ ਕਰਨ ਵਾਲੇ ਕਈ ਪਾਖੰਡੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ। ਚਰਚਿਤ ਬਾਬੇ ਧਰੇਂਦਰ ਸ਼ਾਸਤਰੀ ਵਲੋਂ ਚਮਤਕਾਰਾਂ ਦੇ ਨਾਂ 'ਤੇ ਪ੍ਰੋਗਰਾਮ ਨੂੰ ਮਹਾਂਰਾਸ਼ਟਰ ਵਿੱਚ ਅੰਧ ਸ਼ਰਧਾ ਨਿਰਮੂਲਨ ਸੰਮਤੀ ਵੱਲੋਂ ਚਣੌਤੀ ਦੇਣ ਤੇ ਆਪਣਾ ਪ੍ਰੋਗਰਾਮ ਵਿਚਾਲੇ ਛੱਡ ਕੇ ਭੱਜਣਾ ਪਿਆ। ਇਸ ਮੌਕੇ ਜ਼ੋਨ ਮੁੱਖੀ ਰਜਵੰਤ ਬਾਗੜੀਆਂ, ਮੁਖਤਾਰ ਗੋਪਾਲਪੁਰ, ਸੰਦੀਪ ਧਾਰੀਵਾਲ ਭੋਜਾ ਦੀ ਅਗਵਾਈ ਹੇਠ ਤਰਕਸ਼ੀਲਾਂ ਦੀ ਟੀਮ ਨੇ ਡਾ. ਸੁਦੇਸ਼ ਗੋੜੇਰਾਓ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਦਾ ਖਰੜਾ ਪੰਜਾਬ ਦੇ ਸਾਰੇ ਐੱਮਐੱਲਏ ਨੂੰ ਦਿੱਤਾ ਹੈ ਪਰ ਅਜੇ ਤੱਕ ਪੰਜਾਬ ਦੇ ਕਿਸੇ ਵੀ ਐੱਮਐੱਲਏ ਨੇ ਸੰਜੀਦਗੀ ਨਹੀਂ ਵਿਖਾਈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰਾਂ ਪਾਖੰਡੀ ਸਾਧਾਂ ਸੰਤਾਂ, ਜੋਤਸ਼ੀਆਂ, ਪਾਸਟਰਾਂ, ਤਾਂਤਰਿਕਾਂ ਆਦਿ ਦੁਆਰਾ ਹੁੰਦੀ ਲੁੱਟ-ਖਸੁੱਟ ਬੰਦ ਕਰਵਾਉਣ ਵੱਲ ਕੋਈ ਧਿਆਨ ਨਹੀਂ ਦੇ ਰਹੀ, ਸਗੋਂ ਪੰਜਾਬ ਸਰਕਾਰ ਚਾਹੁੰਦੀ ਹੈ ਕਿ ਆਮ ਜਨਤਾ ਇਨ੍ਹਾਂ ਪਾਖੰਡੀਆਂ ਦੇ ਚੁੰਗਲ ਵਿਚ ਫਸੀ ਰਹੇ ਜੋ ਬਹੁਤ ਚਿੰਤਾ ਦਾ ਵਿਸ਼ਾ ਹੈ।

ਇਸ ਮੌਕੇ ਤਰਲੋਚਨ ਸਿੰਘ ਗੁਰਦਾਸਪੁਰ, ਜਸਵਿੰਦਰ ਤਲਵੰਡੀ, ਜਸਪਾਲ ਬਾਸਰਕੇ, ਮਾਸਟਰ ਕੁਲਵੰਤ ਸਿੰਘ, ਮੇਲਾ ਰਾਮ ਅੰਮ੍ਰਿਤਸਰ, ਰਾਜੂ ਝਾਖੋਲਾੜੀ, ਸੁੱਚਾ ਸਿੰਘ, ਡਾਕਟਰ ਰਾਜ ਕੁਮਾਰ, ਰਾਮ ਲਾਲ ਸਦਾਣਾ, ਬਲਦੇਵ ਰਾਜ ਵੇਰਕਾ, ਮਾਸਟਰ ਕੁਲਜੀਤ ਵੇਰਕਾ, ਪਰਮਜੀਤ ਸਿੰਘ, ਅਨਮੋਲ ਸਿੰਘ ਆਦਿ ਨੇ ਦੱਸਿਆ ਕਿ ਚੇਤਨਾ ਪਰਖ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਜਲਦ ਤੋਂ ਜਲਦ ਸਨਮਾਨਿਤ ਕੀਤਾ ਜਾਵੇਗਾ ਅਤੇ ਫਰਵਰੀ ਮਹੀਨੇ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਣ ਜਾ ਰਹੇ ਪੰਜ ਦਿਨਾ ਪੁਸਤਕ ਮੇਲੇ ਵਿੱਚ ਤਰਕਸ਼ੀਲ ਸਾਹਿਤ ਦਾ ਸਟਾਲ ਲਗਾ ਕੇ ਉਸਾਰੂ ਸਾਹਿਤ ਆਮ ਜਨਤਾ ਦੇ ਹੱਥਾਂ ਵਿਚ ਪਹੁਚਾਉਣ ਲਈ ਜ਼ੋਨ ਦੀਆਂ ਸਮੂਹ ਇਕਾਈਆਂ ਦੇ ਅਹੁਦੇਦਾਰ ਸਹਿਯੋਗ ਕਰਨਗੇ।

# ਹਾਈਟੈਕ ਨਾਕਾ ਆਸਰੋਂ ਵਿਖੇ ਇੱਕ ਕਿੱਲੋ ਅਫੀਮ ਸਮੇਤ ਕਾਬੂ



ਕਾਠਗੜ੍ਹ (ਸੁਭਾਸ਼ ਭਾਟੀਆ ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਅਖਿਲ ਚੌਧਰੀ ਦੇ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਦੇ ਹੋਏ ਕਾਠਗੜ੍ਹ ਦੇ ਐਸ ਐਚ ਓ ਇੰਸਪੈਕਟਰ ਪੰਕਜ ਸ਼ਰਮਾ ਤੇ ਐਸ ਆਈ ਪੂਰਨ ਸਿੰਘ ਚੌਂਕੀ ਇੰਚਾਰਜ ਆਸਰੋਂ ਨੇ ਪੁਲਸ ਪਾਰਟੀ ਸਮੇਤ ਨਾਕਾਬੰਦੀ ਕਰਕੇ ਸ਼ੱਕੀ ਵਹੀਕਲਾਂ ਦੀ ਜਦੋਂ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਇੱਕ ਸਵਾਰੀਆਂ ਵਾਲੀ ਬੱਸ ਜੋ ਚੰਡੀਗੜ੍ਹ ਤੋਂ ਬਲਾਚੌਰ ਸਾਇਡ ਆਈ ਨੂੰ ਰੋਕ ਚੈਕਿੰਗ ਕਰਨੀ ਸ਼ੁਰੂ ਕੀਤੀ ਤਾਂ ਚੈਕਿੰਗ ਦੌਰਾਨ ਵਹੀਕਲਾਂ ਦੀ ਲਾਇਨ ਲੱਗ ਗਈ ਅਤੇ ਕਿਸੇ ਇੱਕ ਵਹੀਕਲ ਵਿੱਚੋਂ ਇੱਕ ਮੋਨਾ ਵਿਅਕਤੀ ਆਪਣੇ ਸੱਜੇ ਹੱਥ ਵਿੱਚ ਇੱਕ ਕਾਲੇ ਰੰਗ ਦਾ ਵਜ਼ਨਦਾਰ ਲਿਫਾਫਾ ਚੁੱਕੀ ਨਾਕੇ ਤੋਂ ਥੋੜੀ ਦੂਰ ਰੋਪੜ ਸਾਇਡ ਨੂੰ ਜਾਂਦਾ ਦਿਖਾਈ ਦਿੱਤਾ ਤਾਂ ਉਸ ਨੂੰ ਰੁੱਕਣ ਲਈ ਉੱਚੀ ਅਵਾਜ਼ ਮਾਰੀ ਤਾਂ ਉਕਤ ਵਿਅਕਤੀ ਨੇ ਦੇਖਦੇ-ਦੇਖਦੇ ਆਪਣੇ ਸੱਜੇ ਹੱਥ ਵਿੱਚ ਚੁੱਕਿਆ ਕਾਲੇ ਰੰਗ ਦਾ ਵਜ਼ਨਦਾਰ ਲਿਫਾਫਾ ਸੜਕ ਦੇ ਸੱਜੇ ਪਾਸੇ ਨਹਿਰ ਦੇ ਨਾਲ ਉੱਗੇ ਸਰਕੰਡੇ ਵੱਲ ਸੁੱਟ ਕੇ ਮੌਕੇ ਤੋਂ ਖਿਸਕਣ ਲੱਗਾ ਲੇਕਿਨ ਮੁਲਾਜ਼ਮਾਂ ਨੇ ਸ਼ੱਕ ਦੀ ਬਿਨਾਹ 'ਤੇ ਕਾਬੂ ਕਰ ਲਿਆ ਤੇ ਉਸ ਦਾ ਨਾਂਅ ਪਤਾ ਪੁੱਛਿਆ ਤਾਂ ਉਸਨੇ ਆਪਣਾ ਨਾਂਅ ਅਮਰ ਸਿੰਘ ਪੁੱਤਰ ਭੰਡੂ ਸਿੰਘ ਵਾਸੀ ਬੜਾ ਗਾਉਂ ਥਾਣਾ ਸਰੋਲੀ ਜ਼ਿਲ੍ਹਾ ਬਰੇਲੀ (ਯੂ.ਪੀ) ਹਾਲ ਵਾਸੀ ਅੰਬਾਲਾ ਦੱਸਿਆ ਅਤੇ ਜਦੋਂ ਉਸ ਦੁਆਰਾ ਸੁੱਟੇ ਗਏ ਲਿਫਾਫੇ ਨੂੰ ਚੈੱਕ ਕੀਤਾ ਤਾਂ ਉਸ ਵਿੱਚ ਲਪੇਟੀ ਹੋਈ ਅਫੀਮ ਬ੍ਰਾਮਦ ਹੋਈ ਜੋ ਤੋਲਣ 'ਤੇ ਇੱਕ ਕਿੱਲੋ ਗ੍ਰਾਮ ਹੋਈ।ਐਸ ਆਈ ਰਕੇਸ਼ਵਿੰਦਰ ਸਿੰਘ ਐਸ ਆਈ ਪੂਰਨ ਸਿੰਘ ਨੇ ਉਕਤ ਆਰੋਪੀ ਨੂੰ ਕਾਬੂ ਕਰਕੇ ਐਨ ਡੀ ਪੀ ਐਸ ਦਾ ਮਾਮਲਾ ਦਰਜ ਕਰ ਲਿਆ ਹੈ।

# ਮੁੱਖ ਮੰਤਰੀ ਅੱਜ ਕਰਨਗੇ ਲੋਕਾਂ ਨਾਲ ਸਿੱਧੀ ਗੱਲਬਾਤ

ਚੰਡੀਗੜ੍ਹ (ਕ੍ਰਿਸ਼ਨ ਗਰਗ) - ਹਰਿਆਣਾ ਵਿਚ 30 ਨਵੰਬਰ ਤੋਂ ਚਲ ਰਹੀ ਵਿਕਸਿਤ ਭਾਰਤ ਸੰਕਲਪ ਯਾਤਰਾ ਨੂੰ ਰੋਜਾਨਾ ਅਪਾਰ ਜਨ ਸਹਿਯੋਗ ਮਿਲ ਰਿਹਾ ਹੈ। ਮੁੱਖ ਮੰਤਰੀ ਮਨੋਹਰ ਲਾਲ ਲਗਾਤਾਰ ਹਰ ਹਫਤੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨਾਲ ਯਾਤਰਾ ਸਬੰਧੀ ਫੀਡਬੈਕ ਲੈਂਦੇ ਹਨ ਅਤੇ ਪ੍ਰਸ਼ਾਸਨਿਕ ਜਾਂ ਹੋਰ ਕਿਸੇ ਵੀ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਹਲ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦੇ ਹਨ। ਉਨ੍ਹਾਂ ਦੀ ਇਸ ਕੰਮ ਦਾ ਨਤੀਜਾ ਹੈ ਕਿ ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਤਰੱਕੀ ਦੇ ਮਾਮਲੇ ਵਿਚ ਵੀ ਹਰਿਆਣਾ ਦੇਸ਼ ਵਿਚ ਮੋਹਰੀ ਸੂਬਾ ਬਣ ਰਿਹਾ ਹੈ। ਕੱਲ੍ਹ ਦੇਰ ਸ਼ਾਮ ਮੁੱਖ ਮੰਤਰੀ ਨੇ ਵੀਡਿਓ ਕਾਨਫਰੈਂਸਿੰਗ ਰਾਹੀਂ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨਾਲ ਅਹਿਮ ਮੀਟਿੰਗ ਕਰਕੇ ਉਨ੍ਹਾਂ ਨਾਲ ਯਾਤਰਾ ਦੀ ਤਰੱਕੀ ਦੀ ਫੀਡਬੈਕ ਲਿਆ। ਮੁੱਖ ਮੰਤਰੀ ਨੇ ਆਦੇਸ਼ ਦਿੰਦੇ ਹੋਏ ਕਿਹਾ ਕਿ ਯਾਤਰਾ ਦੌਰਾਨ ਲਗਭਗ 70 ਫੀਸਦੀ ਯਾਨੀ 4800 ਤੋਂ ਵੱਧ ਪਿੰਡਾਂ ਨੂੰ ਕਵਰ ਕੀਤਾ ਜਾ ਚੁੱਕਿਆ ਹੈ, ਇਸ ਲਈ ਹੁਣ ਸ਼ਹਿਰਾਂ ਵਿਚ ਯਾਤਰਾ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਯਾਤਰਾ ਦੇ ਰਥ ਯਾਨੀ ਮੋਦੀ ਦੀ ਗਾਰੰਟੀ ਦੀ ਗੱਡੀ ਪੂਰੇ ਸੂਬੇ ਵਿਚ ਪੰਚਾਇਤ ਤੋਂ ਪੰਚਾਇਤ ਅਤੇ ਬਲਾਕ ਤੋਂ ਬਲਾਕ ਘੁਮ ਰਹੀ ਹੈ। ਘਰ-ਘਰ ਜਾਕੇ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਜਨ ਭਲਾਈ ਯੋਜਨਾਵਾਂ ਨਾਲ ਜੋੜਣ ਲਈ ਇਹ ਗੱਡੀ ਹੈ। ਪਿੰਡਾਂ ਦੀ ਤਰ੍ਹਾਂ ਸ਼ਹਿਰਾਂ ਵਿਚ ਵੀ ਇੰਨ੍ਹਾਂ ਗੱਡੀਆਂ ਦੇ ਦੌਰੇ ਵੱਏ ਜਾਣ। ਵਰਣਨਯੋਗ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਨੇ ਵਿਵਿਧਤ ਤੌਰ 'ਤੇ ਸੂਬੇ ਵਿਚ ਵਿਕਸਿਤ ਭਾਰਤ ਸੰਕਲਪ ਯਾਤਰਾ ਦੀ ਸ਼ੁਰੂਆਤ 30 ਨਵੰਬਰ, 2023 ਨੂੰ ਕੀਤਾ ਸੀ ਅਤੇ ਜਨਤਾ ਨੂੰ ਇਸ ਯਾਤਰਾ ਦਾ ਮੰਤਵ ਦੱਸਦੇ ਹੋਏ ਉਨ੍ਹਾਂ ਨਾਲ ਯੋਜਨਾਵਾਂ ਦਾ ਲਾਭ ਚੁੱਕਣ ਦੀ ਅਪੀਲ ਕੀਤੀ ਸੀ। ਉਸ ਤੋਂ ਬਾਅਦ ਹੁਣ ਮੁੱਖ ਮੰਤਰੀ ਇਕ ਵਾਰ ਫਿਰ 7 ਜਨਵਰੀ, 2024 ਨੂੰ ਇਸ ਯਾਤਰਾ ਵਿਚ ਹਿੱਸੇਦਾਰੀ ਕਰਨ ਵਾਲੇ ਲੋਕਾਂ ਨਾਲ ਸਿੱਧੀ ਗੱਲਬਾਤ ਕਰਨਗੇ ਅਤੇ ਉਨ੍ਹਾਂ ਨਾਲ ਯੋਜਨਾਵਾਂ ਦਾ ਫਾਇਦਾ ਲੈਣ ਦੇ ਸਬੰਧ ਫੀਡਬੈਕ ਲੈਣਗੇ। ਮੁੱਖ ਮੰਤਰੀ ਵੱਲੋਂ ਜਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਇਹ ਸਪਸ਼ਟ ਆਦੇਸ਼ ਦਿੱਤੇ ਹਨ ਕਿ ਨਾਗਰਿਕਾਂ ਦੀ ਸਮੱਸਿਆਵਾਂ ਦਾ ਮੌਕੇ 'ਤੇ ਹੀ ਹਲ ਹੋਵੇ, ਇਹੀ ਸੂਬਾ ਸਰਕਾਰ ਦੀ ਸੱਭ ਤੋਂ ਉੱਚ ਪਹਿਲ ਹੈ।


## Court Notice

(U/o 5 Rule 20 CPC)
In the Court of
**Rajbinder Kaur**
Civil Judge (Junior Division), Nakodar
CNR No. PBJLA0-000008-2023
Next Date : 15-01-2024
Manjit Singh
Vs.
Pavittar Singh

Suit for Grant of decree of declaration as Prayed for

Publication issued to : Def No. 2. Jatinder Singh S/o Pavittar Singh R/o Vill. Mehmoodpur, Tehsil Nakodar through his attorney Gurdial Singh S/o Karnail Singh R/o Vill. Mehmoodpur, Tehsil Nakodar, Distt. Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-01-2024 at 10.00 a.m.

For details logon to https://highcourtchd.gov.in/?trs=district_notice&district=Jalandhar

Civil Judge (Junior Division), Nakodar
Dated, this day of 26-12-2023

## ਜਨਤਕ ਸੂਚਨਾ

ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਸੂਚਿਤ ਕੀਤਾ ਜਾ ਰਿਹਾ ਹੈ, ਜੇ ਆਮ ਪਬਲਿਕ ਨੂੰ ਹੋਵੇ ਕਿ ਸਾਡਾ ਮੁਅੱਕਲ ਸ੍ਰੀਮਤੀ ਨੀਤੂ ਬਾਲਾ ਪਤਨੀ ਸ੍ਰੀ ਅੰਮ੍ਰਿਤ ਭਾਸਕਰ ਵਾਸੀ ਮਕਾਨ ਨੰ. 233, ਚੌਂਕ ਬਾਬਾ ਜੀਵਨ ਸਿੰਘ, ਨੇੜੇ ਜਗਦੇਵ ਗੈਸ ਗੋਦਾਮ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੂੰ ਐੱਲ ਆਈ ਸੀ ਹਾਊਸਿੰਗ ਫਾਈਨੇਂਸ ਲਿਮ. ਏਰੀਆ ਦਫਤਰ ਅੰਮ੍ਰਿਤਸਰ ਨੂੰ ਮਕਾਨ ਬਣਾਉਣ ਲਈ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਇਸ ਤੋਂ ਪਹਿਲਾਂ ਸ੍ਰ. ਮਨਪ੍ਰੀਤ ਸਿੰਘ ਪੁੱਤਰ ਸ੍ਰ. ਤਰਸੇਮ ਸਿੰਘ ਵਾਸੀ ਮਕਾਨ ਨੰ. 2956, ਗਲੀ ਨੰ. 2, ਹਰਗੋਬਿੰਦਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਜਾਇਦਾਦ ਦਾ ਮਾਲਕ ਇੱਕ ਮਕਾਨ, ਜਿਸ ਦਾ ਪਲਾਟ ਪ੍ਰਾਈਵੇਟ ਨੰ. 6, ਜਿਸ ਦੀ ਲੰਬਾਈ 45 ਫੁੱਟ, ਚੌੜਾਈ 20 ਫੁੱਟ ਕੁੱਲ 100 ਵਰਗ ਗਜ਼, ਜਿਸ ਦੀ ਹੱਦਬੰਦੀ ਇਸ ਤਰ੍ਹਾਂ ਹੈ : ਪੂਰਬ : ਪਲਾਟ ਨੰ. 7, ਪੱਛਮ : ਪਲਾਟ ਨੰ. 5, ਉੱਤਰ : ਗਲੀ 20 ਫੁੱਟ ਚੌੜੀ, ਦੱਖਣ : ਮਕਾਨ ਮਾਲਕੀ ਦੂਜਿਆਂ ਦੀ, ਖਸਰਾ ਨੰ. 2922/951/1 ਮਿੰਨ ਜਮ੍ਹਾਂਬੰਦੀ ਸਾਲ 2015-16 ਦੇ ਅਨੁਸਾਰ ਜਿਹੜੀ ਕਿ ਵਾਕਿਆ ਪਿੰਡ ਵਡਾਲੀ ਗੁਰੂ ਅਰਬਨ, ਅਬਾਦੀ ਹਰਗੋਬਿੰਦਪੁਰਾ, ਸਬ-ਡਵੀਜ਼ਨ ਨੰ. 2, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ। ਸੂਚਿਤ ਕੀਤਾ ਜਾਂਦਾ ਹੈ ਕਿ ਪੁਰਾਣੀ ਰਜਿਸਟਰੀ/ਸੇਲ-ਡੀਡ, ਜਿਹੜੀ ਕਿ ਮਿਤੀ 01-11-2023 ਨੂੰ ਗੁਆਚ ਗਈ ਹੈ, ਜਿਹੜੀ ਕਿ ਇਸ ਤਰ੍ਹਾਂ ਹੈ : 1. ਅਸਲ ਪੁਰਾਣੀ ਰਜਿਸਟਰੀ/ਸੇਲ-ਡੀਡ ਮਿਤੀ 10-07-2009, ਦਸਤਾਵੇਜ਼ ਨੰ. 3990, ਜਿਹੜੀ ਕਿ ਸ੍ਰੀਮਤੀ ਵਰਸ਼ਾ ਗੁਪਤਾ ਪਤਨੀ ਸ੍ਰੀ ਵਿਨੋਦ ਕੁਮਾਰ ਗੁਪਤਾ ਅਤੇ ਸ੍ਰੀਮਤੀ ਸੁਦਰਸ਼ਨ ਕੁਮਾਰੀ ਪਤਨੀ ਸ੍ਰੀ ਜਗਦੀਸ਼ ਰਾਜ ਗੁਆਚ ਗਈ ਹੈ ਅਤੇ ਇਸ ਸੰਬੰਧ ਵਿੱਚ ਡੀ ਡੀ ਆਰ ਨੰ. 412448/2023 ਮਿਤੀ 10-12-2023 ਰਜਿਸਟਰਡ ਪੀ ਐੱਸ ਓ ਸੀ ਛੇਹਰਟਾ, ਅੰਮ੍ਰਿਤਸਰ ਵਿੱਚ ਰਜਿਸਟਰਡ ਹੈ, ਜੇਕਰ ਕੋਈ ਵਿਅਕਤੀ ਕੋਈ ਕਲੇਮ, ਹੱਕ ਜਾਂ ਰੁਚੀ ਉਪਰੋਕਤ ਜਾਇਦਾਦ ਵਿੱਚ ਰੁਚੀ ਰੱਖਦਾ ਹੈ, ਕਿਸੇ ਵੀ ਤਰੀਕੇ ਸੇਲ, ਗਿਫਟ, ਲੀਜ਼ ਉਤਰਾਅਧਿਕਾਰ, ਤਬਦੀਲੀ ਰਹਿਣ, ਚਾਰਜ ਲੀਅਨ, ਟਰੱਸਟ ਪ੍ਰਜ਼ੀਸ਼ਨ ਅਟੈਚਮੈਂਟ ਜਾਂ ਹੋਰ ਕਿਸੇ ਵੀ ਤਰ੍ਹਾਂ ਨਾਲ ਰੱਖਦਾ ਹੋਵੇ, ਤਾਂ ਉਹ ਨਿਮਨਹਸਤਾਖਰੀ ਦੇ ਧਿਆਨ ਵਿੱਚ ਲਿਖਤੀ ਤੌਰ 'ਤੇ ਅਤੇ ਸਬੂਤ ਦਸਤਾਵੇਜ਼ ਗਵਾਹੀ ਨਾਲ ਇਸ ਨੋਟਿਸ ਦੇ ਜਾਰੀ ਹੋਣ ਦੀ ਤਰੀਕ ਤੋਂ 15 ਦਿਨਾਂ ਦੇ ਅੰਦਰ-ਅੰਦਰ ਲਿਆਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਕਲੇਮ ਹੋਵੇਗਾ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਕੋਈ ਵਿਅਕਤੀ ਕਲੇਮ ਨਹੀਂ ਕਰ ਰਿਹਾ ਅਤੇ ਸਾਡਾ ਮੁਅੱਕਲ ਜਾਂ ਉਹਨਾਂ ਦੇ ਵਾਰਸ ਨੌਮਨੀ ਕਿਸੇ ਵੀ ਤਰੀਕੇ ਪਾਬੰਦ ਨਹੀਂ ਹੋਣਗੇ।

ਸਹੀ/-ਜੇ ਕੇ ਸਿੰਘ ਐਡਵੋਕੇਟ,
ਚੈਂਬਰ ਨੰ. 110-ਬੀ, ਜ਼ਿਲ੍ਹਾ ਕਚਹਿਰੀਆਂ, ਅੰਮ੍ਰਿਤਸਰ।

## Court Notice

In the Court of
**Sh. Gagandeep Singh Garg,**
Civil Judge (Senior Division) N.R.I Court, Jalandhar
CNR No. PBJL02-005859-2023
Next Date : 22-01-2024
Jaspreet Kaur
Vs.
General Public

Notice to : General Public, General Public

In above titled case, the defendant(s)/respondent(s) could not be served. It is ordered that defendant(s)/respondent (s) should appear in person or through counsel on 22-01-2024 at 10.00 a.m.

For details logon to https://highcourtchd.gov.in/?trs=district_notice&district=Jalandhar

Civil Judge (Senior Division) N.R.I Court, Jalandhar
Dated, this day of 05-01-2024

## Court Notice

In the Court of
**Ms. Tripat Jot Kaur**
Additional Principal Judge Family Court-1, Jalandhar
CNR No. PBJL01-002464-2021
Next Date : 08-02-2024
Rajwant Kaur
Vs.
Harbhajan Singh

Publication issued to : Harbhajan Singh S/o Santokh R/o H.No. 552, Gali No 1 Ravidass Nagar Jalandhar Now at R/o B.S.N.L. Exchange Surgical Complex Jalandhar under the control and supervision of incharge sports and surgical complex Jalandhar J P Nagar Jalandhar and Principal General Manager GPO Building Jalandhar.

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 08-02-2024 at 10.00 a.m.

For details logon to https://highcourtchd.gov.in/?trs=district_notice&district=Jalandhar.

Additional Principal Judge Family Court-1, Jalandhar
Dated, this day of 05-01-2024

## ਸਰਕਾਰੀ ਕਰਮਚਾਰੀ ਕੋ-ਅਪਰੇਟਿਵ ਮਕਾਨ ਉਸਾਰੀ ਸੁਸਾਇਟੀ (ਫਸਟ) ਲਿਮਟਿਡ ਮਯੂਰ ਵਿਹਾਰ, ਸੈਕਟਰ 48-ਏ, ਚੰਡੀਗੜ੍ਹ

ਰਜਿ. ਨੰ. 647 — **ਜਨਤਕ ਨੋਟਿਸ**

ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਹਿੱਤ ਨੋਟੀਫਾਈ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਬਿਨੈਕਾਰਾਂ ਨੇ ਸਵਰਗੀ ਸ੍ਰੀ ਵਾਸੂਦੇਵ ਖੁਰਾਣਾ ਪੁੱਤਰ ਸਵਰਗੀ ਸ੍ਰੀ ਹੀਰਾ ਨੰਦ ਖੁਰਾਣਾ ਦੀ 19-03-2009 ਦੀ ਵਸੀਅਤ ਦੇ ਅਦਾਰ 'ਤੇ ਸ਼ੇਅਰ/ਫਲੈਟ ਦੇ ਤਬਾਦਲੇ ਅਤੇ ਪਟਾ ਅਧਿਕਤਰ ਦਸਤਾਵੇਜ਼ ਜਾਰੀ ਕਰਨ/ਤਬਾਦਲੇ ਲਈ ਮਨਜ਼ੂਰੀ ਵਾਸਤੇ ਸੁਸਾਇਟੀ/ਰਜਿਸਟਰਾਰ ਕੋ-ਅਪਰੇਟਿਵ ਸੁਸਾਇਟੀਜ਼, ਯੂ ਟੀ, ਚੰਡੀਗੜ੍ਹ ਦੀ ਪ੍ਰਬੰਧਕੀ ਕਮੇਟੀ ਸਨਮੁੱਖ ਬਿਨੈ ਕੀਤਾ ਹੈ।

| ਲੜੀ ਨੰ | ਵੇਰਵਾ | ਸ਼੍ਰੇਣੀ | ਫਲੈਟ ਨੰ. |
|---|---|---|---|
| 1 | ਸ੍ਰੀ ਵਾਸੂਦੇਵ ਖੁਰਾਣਾ ਪੁੱਤਰ ਸਵਰਗੀ ਸ੍ਰੀ ਹੀਰਾ ਨੰਦ ਖੁਰਾਣਾ ਦੀ ਮੌਤ 'ਤੇ ਮੈਂਬਰਸ਼ਿਪ, ਉਨ੍ਹਾਂ ਦੇ ਪੁੱਤਰਾਂ 1.ਸ੍ਰੀ ਨਰੇਸ਼ ਕੁਮਾਰ ਖੁਰਾਣਾ 2. ਸ੍ਰੀ ਰਾਜੇਸ਼ ਕੁਮਾਰ ਖੁਰਾਣਾ 3. ਰਕੇਸ਼ ਕੁਮਾਰ ਖੁਰਾਣਾ ਅਤੇ 4. ਸ੍ਰੀ ਅਰੁਣ ਕੁਮਾਰ ਖੁਰਾਣਾ (ਬਿਨੈਕਾਰ) ਦੇ ਨਾਂਅ ਤਬਦੀਲ ਕਰਨ ਸਬੰਧੀ। | 'ਏ' | 113, ਜ਼ਮੀਨੀ ਮੰਜ਼ਲ ਮਯੂਰ ਵਿਹਾਰ, ਸੈਕਟਰ 48-ਏ, ਚੰਡੀਗੜ੍ਹ |

ਜੇਕਰ ਕਿਸੇ ਵਿਅਕਤੀ ਨੂੰ ਸੁਸਾਇਟੀ ਦੇ ਉਪਰੋਕਤ ਦਰਸਾਏ ਫਲੈਟ ਦੇ ਹੱਕ, ਅਧਿਕਾਰ ਜਾਂ ਹਿੱਤ ਬਿਨੈਕਾਰਾਂ ਦੇ ਹੱਕ 'ਚ ਤਬਦੀਲ ਕਰਨ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਲਿਖਤੀ ਰੂਪ 'ਚ ਸੰਬੰਧਤ ਦਸਤਾਵੇਜ਼ਾਂ ਸਮੇਤ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਜਮ੍ਹਾਂ ਕਰਵਾ ਸਕਦਾ ਹੈ, ਅਸਫਲ ਰਹਿਣ 'ਤੇ ਉਪਰੋਕਤ ਫਲੈਟ ਦੀ ਮਲਕੀਅਤ ਬਿਨੈਕਾਰਾਂ ਦੇ ਹੱਕ 'ਚ ਤਬਦੀਲ ਕਰ ਦਿੱਤੀ ਜਾਵੇਗੀ ਅਤੇ ਬਾਅਦ 'ਚ ਕਿਸੇ ਤਰ੍ਹਾਂ ਦੇ ਦਾਅਵੇ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਮਿਤੀ : 28.12.2023 — ਪ੍ਰਧਾਨ/ਸਕੱਤਰ,
ਸਥਾਂਨ : ਚੰਡੀਗੜ੍ਹ — ਵਾਸਤੇ ਸਰਕਾਰੀ ਕਰਮਚਾਰੀ ਕੋ-ਅਪਰੇਟਿਵ ਮਕਾਨ ਉਸਾਰੀ ਸੁਸਾਇਟੀ (ਫਸਟ), ਲਿਮਟਿਡ

## ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ/ਇਕਮਾਤਰ ਸਾਲਸੀ ਜਲੰਧਰ

ਕੈਪੀਟਲ ਸਮਾਲ ਫਾਇਨਾਂਸ ਬੈਂਕ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ), ਕੰਪਨੀਜ਼ ਐਕਟ, 156 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ ਤੀਜੀ ਮੰਜ਼ਲ, 37, ਜੀ ਟੀ ਰੋਡ, ਜਲੰਧਰ ਅਤੇ ਇਸ ਦੀਆਂ ਹੋਰ ਸ਼ਖਾਵਾਂ 'ਚ ਇੱਕ ਸ਼ਾਖਾ ਦਫਤਰ ਜੰਡਿਆਲਾ ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ — ਬਿਨੈਕਾਰ.....

ਬਨਾਮ

1. ਮਨਜਿੰਦਰ ਸਿੰਘ ਪੁੱਤਰ ਸ੍ਰੀ ਇੰਦਰਜੀਤ ਸਿੰਘ ਵਾਸੀ ਪਿੰਡ ਖੱਖ, ਤਰਨ ਤਾਰਨ, ਪੰਜਾਬ-143115
2. ਮਨਰਾਜਪ੍ਰੀਤ ਕੌਰ ਪਤਨੀ ਮਨਜਿੰਦਰ ਸਿੰਘ, ਵਾਸੀ ਪਿੰਡ ਖੱਖ, ਤਰਨ ਤਾਰਨ, ਪੰਜਾਬ-143115
3. ਲਖਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਮਕਾਨ ਨੰ. 231, ਪਿੰਡ ਖੱਖ, ਤਰਨ ਤਾਰਨ, ਪੰਜਾਬ-143115

ਜਵਾਬਦੇਹ.....

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਜਵਾਬਦੇਹਾਂ ਨੂੰ ਦੂਜੀ ਵਾਰ ਭੇਜੇ ਗਏ ਨੋਟਿਸ ਜੋ ਕਿ ਲਿਫਾਫੇ ਅਤੇ ਪ੍ਰਾਪਤ ਰਸੀਦਾਂ ਸਨ, ਵੀ ਵਾਪਸ ਪ੍ਰਾਪਤ ਨਹੀਂ ਹੋਏ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਵਾਬਦੇਹਾਂ ਨੇ ਬਕਾਇਦਾ ਨੋਟਿਸ ਪ੍ਰਾਪਤ ਕੀਤੇ ਹਨ ਅਤੇ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਟਾਲਾ ਵੱਟ ਰਹੇ ਹਨ। ਬੇਸ਼ੱਕ ਉਕਤ ਜਵਾਬਦੇਹਾਂ ਨੂੰ ਇੱਕ ਹੋਰ ਮੌਕਾ ਦਿੰਦਿਆਂ ਹੁਕਮ ਦਿੱਤਾ ਜਾਂਦਾ ਹੈ ਕਿ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਉਨ੍ਹਾਂ ਦੀ ਤਾਮੀਲ ਕਰਵਾਈ ਜਾਵੇ ਤਾਂ ਜੋ ਉਹ ਵਿਵਾਦਤ ਮਾਮਲੇ 'ਚ ਆਪਣੇ ਵਿਰੋਧੀ ਦਾਅਵੇ ਅਤੇ ਇਤਰਾਜ਼ ਪੇਸ਼ ਕਰ ਸਕਣ ਅਤੇ ਤੁਹਾਨੂੰ ਜਵਾਬਦੇਹਾਂ ਨੂੰ ਖੁਦ ਜਾਂ ਤੁਹਾਡੇ ਏਜੰਟ ਜਾਂ ਅਟਾਰਨੀ ਰਾਹੀਂ ਸਾਲਸੀ ਸਾਹਮਣੇ 27.2.2024 ਨੂੰ ਦੁਪਹਿਰ 1.00 ਵਜੇ, ਚੈਂਬਰ ਨੰ. 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਇਤਰਾਜ਼ ਅਤੇ ਦਾਅਵੇ ਦਾਖਲ ਕਰਨ ਲਈ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 5-1-2024 — ਸੁਖਜੀਤ ਸਿੰਘ ਜੌਲੀ
ਜਲੰਧਰ — ਸਾਲਸ

## ਨਗਰ ਕੌਂਸਲ, ਲੌਂਗੋਵਾਲ, ਜ਼ਿਲ੍ਹਾ ਸੰਗਰੂਰ

### ਨਿਲਾਮੀ/ਬੋਲੀਆਂ ਨੋਟਿਸ

ਨਗਰ ਕੌਂਸਲ, ਲੌਂਗੋਵਾਲ ਵਿਖੇ ਅਨਾਜ ਮੰਡੀ ਲੌਂਗੋਵਾਲ (ਸਾਹਮਣੇ ਧਰਮਾ ਸਵੀਟਸ) ਵਿਖੇ ਕਾਰਜਕਾਰੀ ਇੰਜੀਨੀਅਰ, ਪੀ ਡਬਲਯੂ ਡੀ, ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ ਵੱਲੋਂ ਨਵੇਂ ਬੱਸ ਸਟੈਂਡ ਦੀ ਉਸਾਰੀ ਕੀਤੀ ਜਾਣੀ ਹੈ। ਉਕਤ ਜਗ੍ਹਾ ਉਪਰ ਆਉਂਦੇ ਖੜੇ ਦਰੱਖਤ, ਜਿਨ੍ਹਾਂ ਦੀ ਅੰਦਾਜ਼ਨ ਗਿਣਤੀ 12 ਹੈ, ਦੀ ਨਿਲਾਮੀ/ਬੋਲੀਆਂ, ਜਿਵੇਂ ਹੈ, ਜਿੱਥੇ ਹੈ ਦੇ ਅਧਾਰ 'ਤੇ ਮਿਤੀ 12.01.2024 ਨੂੰ ਸਮਾਂ ਸਵੇਰੇ 11.00 ਵਜੇ ਦਫਤਰ ਨਗਰ ਕੌਂਸਲ, ਲੌਂਗੋਵਾਲ ਵਿਖੇ ਰੱਖੀ ਗਈ ਹੈ। ਨਿਲਾਮੀ/ਬੋਲੀਆਂ ਲਈ ਬਿਆਨਾ ਰਕਮ ਮੁਬਲਿਗ 10,000/- ਰੁਪਏ ਰੱਖੀ ਗਈ ਹੈ। ਬੋਲੀਆਂ/ਨਿਲਾਮੀ ਸੰਬੰਧੀ ਸ਼ਰਤਾਂ ਦਫਤਰ ਨਗਰ ਕੌਂਸਲ, ਲੌਂਗੋਵਾਲ ਵਿਖੇ ਦਫਤਰੀ ਸਮੇਂ ਦੌਰਾਨ ਦੇਖੀਆਂ ਜਾ ਸਕਦੀਆਂ ਹਨ ਅਤੇ ਸ਼ਰਤਾਂ ਮੌਕੇ 'ਤੇ ਸੁਣਾਈਆਂ ਜਾਣਗੀਆਂ।

ਸਹੀ/- ਪ੍ਰਧਾਨ, ਨਗਰ ਕੌਂਸਲ, ਲੌਂਗੋਵਾਲ — ਸਹੀ/- ਕਾਰਜ ਸਾਧਕ ਅਫਸਰ, ਨਗਰ ਕੌਂਸਲ, ਲੌਂਗੋਵਾਲ
(ਪੱਤਰ ਨੰ. 1136/ ਮਿਤੀ : 04.01/24)

## Civil Courts Nabha

Court Notice
(U/o Rule 20 CPC)
In the Court of
**Ms. Anuradha Additional**
Civil Judge (Senior Division) Nabha
CNR No. PBPTB0-000485-2022
Next Date : 29-01-2024
Union Bank of India
Vs.
Jaswant Singh

The plaintiff Prays for Recovery of amount of Rs. 888346.26/-

Publication issued to : Lr-1. Nilamjit Kaur, Spouse : Late Jaswant Singh H.No. 166, Sandhu Colony, V.P.O. Bhadson, Near Co-operative Bank Branch, Bhadson, Teh. Nabha, Distt. Patiala, Lr-2. Savinder Kaur D/o Late Jaswant Singh H.No. 166, Sandhu Colony, V.P.O. Bhadson, Near Co-operative Bank Branch, Bhadson, Teh. Nabha, Distt. Patiala, Lr.-3, Sharanpreet Singh S/o Late Jaswant Singh, H.No. 166, Sandhu Colony, V.P.O. Bhadson, Near Co-operative Bank Branch, Bhadson, Teh. Nabha, Distt. Patiala, Lr-4. Karandeep Singh S/o Late Jaswant Singh H.No. 166, Sandhu Colony, V.P.O. Bhadson, Near Co-operative Bank Branch, Bhadson, Teh. Nabha, Distt. Patiala,

Def-2 Nilamjit Kaur W/o Late Jaswant Singh, H.No. 166, Sandhu Colony, V.P.O. Bhadson, Near Co-operative Bank Branch, Bhadson Teh. Nabha, Distt. Patiala.

Def-3 Gopal Singh S/o Amar Singh R/o Vill. Ram Singh Nau, P.O. Bhadson,Teh. Nabha, Distt. Patiala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-01-2024 at 10.00 a.m.

For details logon to https://highcourtchd.gov.in/?trs=district_notice&district= Patiala

Additional Civil Judge (Senior Division) Nabha
Dated, this day of 04-01-2024

# ਕਲਾਸੀਫਾਈਡ ਇਸ਼ਤਿਹਾਰ

## Public Notice

I, Balbir Chand S/o Piara Lal R/o V.P.O. Chachrari, Teh. Phillaur, Distt. Jalandhar declare that my son Rakesh Kumar and his wife Kamalpreet out of my control. I disinherit him from my moveable, immoveable Properties. I and my family shall not be held Responsible any kind of dealing done with them please note.

I, Satnam Singh S/o Balkar Singh R/o Vill. Pabbarali, Tehsil Batala, Distt. Gurdaspur declare that Satnam Singh and Satnam Singh Guraya both are my names. Satnam Singh and Satnam Singh Guraya is one of the same Person.

## ਆਮ ਸੂਚਨਾ

ਮੈਂ, ਅਵਨ ਨਾਗਪਾਲ ਪੁੱਤਰ ਸ਼ੰਕਰ ਲਾਲ ਨਾਗਪਾਲ ਵਾਸੀ 12 ਏ, ਗੋਲ ਹੱਟੀ ਚੌਕ, ਹਾਲ ਬਜ਼ਾਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਰਮਨ ਨਾਗਪਾਲ ਅਤੇ ਉਸ ਦੀ ਪਤਨੀ ਬਬੀਤਾ ਨਾਗਪਾਲ ਮੇਰੇ ਤੋਂ ਅਲੱਗ ਰਹਿੰਦੇ ਹਨ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹ ਆਪਣੇ ਕੀਤੇ-ਕਤਰੇ ਦੇ ਖੁਦ ਜ਼ਿੰਮੇਵਾਰ ਹੋਣਗੇ।

## ਬੇਦਖਲੀ ਨੋਟਿਸ

ਮੈਂ ਸੁਰਜੀਤ ਰਾਮ ਪੁੱਤਰ ਰਾਜੂ ਰਾਮ ਵਾਸੀ ਪਿੰਡ ਢਗਾਰਾ, ਡਾਕਖਾਨਾ ਤਲਵਣ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਮੇਰੇ ਕਹਿਣ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਇਸ ਨੂੰ ਬੇਦਖ਼ਲ ਕਰਦਾ ਹਾਂ। ਕੋਈ ਵੀ ਵਿਅਕਤੀ ਇਸ ਨਾਲ ਲੈਣ-ਦੇਣ ਕਰੇਗਾ, ਤਾਂ ਉਹ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਨਪ੍ਰੀਤ ਕੌਰ ਪਤਨੀ ਗੁਰਤੇਜ ਸਿੰਘ ਪੁੱਤਰੀ ਦਿਆਲ ਸਿੰਘ ਵਾਸੀ ਮਕਾਨ ਨੰ. 276/9, ਨੇੜੇ ਰੋਜ਼ੀ ਮਾਡਲ ਸਕੂਲ, ਸੰਤ ਨਗਰ, ਜਲੰਧਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਰਬਜੋਤ ਉਰਫ ਸਰਬਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਦੀਪ ਮੁੰਜਾਲ ਪੁੱਤਰ ਸੂਰਜ ਪ੍ਰਕਾਸ਼ ਵਾਸੀ ਮਕਾਨ ਨੰ. 907 ਡੀ, ਬਲਾਕ ਡੀ, ਮਾਡਲ ਟਾਊਨ, ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਰਵ ਮੁੰਜਾਲ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਲਾਭ ਸਿੰਘ ਪੁੱਤਰ ਸ਼ਿੰਦਾ ਸਿੰਘ ਅਤੇ ਸਵਿੰਦਰ ਕੌਰ ਪਤਨੀ ਲਾਭ ਸਿੰਘ ਦੋਨੋਂ ਵਾਸੀਆਨ ਮਕਾਨ ਨੰ. 27, 9 ਗਜਲਾ ਕਾਲੋਨੀ, ਭਰਾੜੀਵਾਲ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਦਿਆਲ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਪਿੰਡ ਪਾਲੀ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹੁਸ਼ਿਆਰ ਸਿੰਘ ਅਤੇ ਮੇਰੀ ਨੂੰਹ ਰਾਣੋ ਬਾਈ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਰੀਤੂ ਕਾਲੀਆ ਪਤਨੀ ਲੇਟ ਸ਼੍ਰੀ ਰਮਨ ਕਾਲੀਆ ਵਾਸੀ ਮਕਾਨ ਨੰਬਰ 125-ਏ, ਪ੍ਰਕਾਸ਼ ਐਵੇਨਿਉ , ਕਪੂਰਥਲਾ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੋਹਿਤ ਕਾਲੀਆ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਇਸ ਲਈ ਮੈਂ ਆਪਣੇ ਲੜਕੇ ਮੋਹਿਤ ਕਾਲੀਆ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਚੋਂ ਬੇਦਖਲ ਕਰਦੀ ਹਾਂ। ਅੱਜ ਤੋ ਬਾਅਦ ਜੋ ਕੋਈ ਵੀ ਇਸ ਨਾਲ ਲੈਣ-ਦੇਣ ਕਰੇਗਾ, ਉਹ ਖੁਦ ਜਿੰਮੇਵਾਰ ਹੋਵੇਗਾ, ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਦਾ ਇਸ ਲੈਣ-ਦੇਣ ਜਾ ਉਸਦੇ ਕਿਸੇ ਗੈਰ-ਕਾਨੂੰਨੀ ਕੰਮ ਦੀ ਕੋਈ ਜਿੰਮੇਦਾਰੀ ਨਹੀ ਹੋਵੇਗੀ ।

## ਨਾਂਅ ਦੀ ਬਦਲੀ

ਮੈਂ ਅਦਿਤੀ ਐਰੀ ਪਤਨੀ ਸ਼੍ਰੀ ਜਤਿੰਦਰ ਐਰੀ ਵਾਸੀ ਮਕਾਨ ਨੰ: 124 ਐਲ, ਮਾਡਲ ਟਾਊਨ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣਾ ਨਾਮ ਅਦਿਤੀ ਤੋਂ ਅਦਿਤੀ ਐਰੀ ਤਬਦੀਲ ਕਰ ਲਿਆ ਹੈ। ਅੱਜ ਤੋਂ ਮੈਨੂੰ ਅਦਿਤੀ ਐਰੀ ਦੇ ਨਾਮ ਤੋਂ ਹੀ ਜਾਣਿਆ ਜਾਵੇ। ਸਾਰੇ ਸਬੰਧਤ ਕਿਰਪਾ ਕਰਕੇ ਇਸ ਨੂੰ ਨੋਟ ਕਰ ਲੈਣ।

ਮੈਂ, ਹੈਰਿਸ ਪੁੱਤਰੀ ਸੁਖਚਰਨ/ਤੁਲਸਾ ਵਾਸੀ ਮਕਾਨ ਨੰ. 360/2, ਚੁਗਿੱਟੀ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਹੈਰਿਸ ਤੋਂ ਬਦਲ ਕੇ ਹੈਰਿਸ ਰਾਣੀ ਪੁੱਤਰੀ ਸੁਖਚਰਨ ਦਾਸ/ਤੁਲਸਾ ਰਾਣੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## Change of Name

I, Sahib Deep Singh S/o Hardip Singh R/o 18, Kot Karnail Singh, Sultanwind Road, Amritsar, Punjab have changed my name from Sahib Deep Singh to Singh is my surname and Sahibdeep is my given name.

I , Daljeet Singh Son of Puran Singh R/o Akalgarh Dhapian ,Tehsil & Distt , Amritsar, Punjab have changed my name from Daljeet Singh to Daljit Singh , concerned note.

I, Ritu Randhawa D/o Jagdish Randhawa W/o Abhay Bhatia R/o 238-A, Ganda Singh Colony Tarn Taran Road, Amritsar have changed my name from Ritu Randhawa to Ritu Bhatia

I Manish Saini S/O Parkash Chand R/O Hno 57-b-block Ranjit Avenue Opp Sun Rise Park Amritsar Have Changed My Name From Manish Saini To Maneesh Saini

I Satish Kumar S/O Ami Chand R/O 3135, Subash Road, Kohlu Ahata, Chheharta Amritsar, Punjab - 143001 Have Changed My Name From Satish Kumar To Satish Sharma.

I, Baljinder Kaur W/o Jaswinder Sandhu R/o VPO. Dialpur, Distt. Kapurthala have changed my name from Baljinder Kaur to Kaur Baljinder. (Kaur as Surname). All concerned please note.

I, Harpreet Singh S/o Jaswinder Singh R/o Village Dalla, PO. Bhallowal, Distt. Jalandhar, Punjab-144039, India have changed my name from Harpreet Singh to Harpreet Singh Thind. All concerned please note.

## Change of Name

I,Surjit kaur W/O Amarpal Singh R/O Village Chak Mukand P/O Khasa Bazar,Amritsar have changed my name from Surjit kaur to Manjit Kaur.Concerned note.

I,Dilbagh Singh S/O Sajjan Singh R/O 96, D-Block, Darshan Avenue,Amritsar have changed my name from Dilbagh Singh to Dilbag Singh.Concerned note.

Dharam Singh S/O Saroop Singh R/O Vill. Changali Jadid P.o Faride Wala Ferozepur Have Change Of My Name Is Dharm Singh To Dharam Singh

I Malkeet Singh S/O Kashmir Singh R/O H.no.94 Hargobind Avenue Sher Shah Suri Road B/S Bhalla Colony Chheharta Amritsar Have Changed My Name From Malkeet Singh To Given Name Malkeet Surname Singh

I Gurcharan Kaur Alias Manjit Kaur W/O Kashmir Singh R/O H.no.31 Police Quarter Thana Sadar Amritsar Have Changed My Name To Gurcharan Kaur.

I, Kuldeep Singh S/o Tara Singh R/o Village Nona PO Bundala Tehsil and District Tarn Taran have changed my name Kuldeep is my Given name and Singh is my Surname

I, Baljeet Kaur W/o Narinder Singh R/o Village Devi Dasspura District Amritsar have changed my name from Baljeet Kaur to Baljit Kaur

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ



ਪਠਾਨਕੋਟ, (ਦਵਿੰਦਰ ਸਿੰਘ)-ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਵਿਧਾਨ ਸਭਾ ਹਲਕਾ ਸੁਜਾਨਪੁਰ ਦੇ ਪੰਗੋਲੀ ਚੌਕ ਤੋਂ 43 ਸ਼ਰਧਾਲੂਆਂ ਨੂੰ ਲੈ ਕੇ ਇਕ ਬੱਸ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਜੀ (ਅੰਮ੍ਰਿਤਸਰ) ਦੇ ਦਰਸ਼ਨਾਂ ਲਈ ਰਵਾਨਾ ਹੋਈ ।

ਇਸ ਮੌਕੇ ਸ੍ਰੀ ਅੰਮਿਤ ਮੰਟੂ ਜ਼ਿਲ੍ਹਾ ਇੰਚਾਰਜ ਆਮ ਆਦਮੀ ਪਾਰਟੀ ਪਠਾਨਕੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਯਸ਼ਪਾਲ ਸਿੰਘ ਨਾਇਬ ਤਹਿਸੀਲਦਾਰ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ ।ਅੰਮਿਤ ਮੰਟੂ ਨੇ ਦੱਸਿਆ ਕਿ ਧਾਰਮਿਕ ਸਥਾਨਾਂ ਦੇ ਦਰਸ਼ਨਾਂ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਇੱਕ ਇੱਕ ਕਿੱਟ ਵੀ ਵੰਡੀ ਗਈ ਹੈ ਜਿਸ ਵਿੱਚ ਯਾਤਰਾ ਦੌਰਾਨ ਉਨ੍ਹਾਂ ਨੂੰ ਲੋੜੀਂਦਾ ਸਾਮਾਨ ਸ਼ਾਮਲ ਹੈ ।ਉਨ੍ਹਾਂ ਦੱਸਿਆ ਕਿ ਯਾਤਰੀਆਂ ਦੇ ਰਹਿਣ ਅਤੇ ਭੋਜਨ ਦੀ ਵਿਵਸਥਾ ਸਰਕਾਰ ਵੱਲੋਂ ਪਹਿਲਾਂ ਤੋਂ ਹੀ ਕਰ ਲਈ ਗਈ ਹੈ ਅਤੇ ਬੱਸ ਦੇ ਨਾਲ ਇੱਕ ਵਿਸ਼ੇਸ਼ ਤੌਰ 'ਤੇ ਮੈਡੀਕਲ ਟੀਮ ਵੀ ਰਵਾਨਾਂ ਕੀਤੀ ਗਈ ਹੈ ਤਾਂ ਜੋ ਸ਼ਰਧਾਲੂਆਂ ਨੂੰ ਯਾਤਰਾ ਕਰਦੇ ਸਮੇਂ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਚਲਾਈ ਯਾਤਰਾ ਨਾਲ ਆਮ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਜੋ ਕਿ ਕਿਸੇ ਨਾ ਕਿਸੇ ਕਾਰਨ ਆਪਣੀ ਸ਼ਰਧਾ ਵਾਲੀ ਥਾਂ ਦੀ ਯਾਤਰਾ ਕਰਨ ਤੋਂ ਅਸਮਰੱਥ ਸਨ ਪਰ ਪੰਜਾਬ ਸਰਕਾਰ ਨੇ ਲੋਕਾਂ ਨੂੰ ਇਹ ਯਾਤਰਾ ਕਰਵਾ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ ਅਤੇ ਸਰਕਾਰ ਦੇ ਇਸ ਉਪਰਾਲੇ ਨੂੰ ਲੈ ਕੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ।

# ਕੈਬਨਿਟ ਮੰਤਰੀ ਖੁੱਡੀਆਂ ਵੱਲੋਂ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਅਕਾਲ ਚਲਾਣੇ 'ਤੇ ਸ਼ਰਧਾਂਜਲੀ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )-ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਫਾਰਮ 'ਤੇ ਕੀਤਾ ਗਿਆ।

ਇਸ ਮੌਕੇ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਨੂੰ ਸ਼ਰਧਾਂਜਲੀ ਭੇਟ ਕੀਤੀ।ਜਥੇਦਾਰ ਖੁੱਡੀਆਂ ਨੇ ਇਸ ਮੌਕੇ ਆਖਿਆ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਜੀਵਨ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਰਿਹਾ ਹੈ ਅਤੇ ਉਨ੍ਹਾਂ ਨੇ ਕੌਮ ਲਈ ਹਮੇਸ਼ਾ ਅੱਗੇ ਹੋ ਕੇ ਕੰਮ ਕੀਤਾ ਹੈ।

ਇਸ ਮੌਕੇ ਉਨ੍ਹਾਂ ਨੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਪੁੱਤਰ ਸ਼ਿਵਰਾਜ ਸਿੰਘ ਨੰਦਗੜ੍ਹ (ਐਸ ਪੀ ਜੇਲ੍ਹਾਂ) ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਵਾਹਿਗੁਰੂ ਅੱਗੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਸ਼ਰਧਾਂਜਲੀ ਭੇਟ ਕੀਤੀ।

7-Jan-PAGE-7.qxd 1/6/2024 10:58 PM Page 1



# ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਵੱਲੋਂ ਸਰਗਰਮ ਯੂਥ ਕਲੱਬਾਂ ਨੂੰ ਗ੍ਰਾਂਟ ਰਿਲੀਜ਼



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਡਾਇਰੈਕਟੋਰੇਟ ਆਫ ਯੁਵਕ ਸੇਵਾਵਾਂ ਪੰਜਾਬ ਵੱਲੋਂ ਜ਼ਿਲ੍ਹੇ ਭਰ ਵਿਚੋਂ ਸਰਗਰਮ (ਐਕਟਿਵ) ਕਲੱਬਾਂ ਦੀ ਕੀਤੀ ਗਈ ਚੋਣ ਉਪਰੰਤ, ਇਨ੍ਹਾਂ ਕਲੱਬਾਂ ਨੂੰ ਆਪਣੇ ਕਲੱਬ ਪੱਧਰ ਤੇ ਸਮਾਜਿਕ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਵੱਲੋਂ ਪ੍ਰਤੀ ਕਲੱਬ 50,000/- ਰੁਪਏ ਦੀ ਗ੍ਰਾਂਟ ਰਾਸ਼ੀ ਰਿਲੀਜ਼ ਕੀਤੀ ਗਈ। ਇਹ ਗ੍ਰਾਂਟ ਰਾਸ਼ੀ 13 ਕਲੱਬਾਂ ਨੂੰ ਰਿਲੀਜ਼ ਕੀਤੀ ਗਈ। ਗੋਲਡੀ ਨੇ ਕਿਹਾ ਕਿ ਸਮਾਜਿਕ ਕਦਰਾਂ-ਕੀਮਤਾਂ ਦੀ ਰਖਵਾਲੀ ਕਰਨਾ ਕਲੱਬਾਂ ਦਾ ਮੁੱਢਲਾ ਫਰਜ ਹੈ। ਉਨ੍ਹਾਂ ਪਿੰਡ ਪੱਧਰ ਤੇ ਸਮਾਜਿਕ ਕਾਰਜਾਂ ਵਿੱਚ ਨੌਜਵਾਨਾਂ ਨੂੰ ਦਿਲਚਸਪੀ ਲੈਣ ਅਤੇ ਮੋਹਰੀ ਰੋਲ ਅਦਾ ਕਰਨ ਲਈ ਆਖਿਆ। ਉਨ੍ਹਾਂ ਨੇ ਕਲੱਬਾਂ ਨੂੰ ਨੌਜੁਆਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਅਤੇ ਸਮਾਜ ਸੇਵੀ ਗਤੀਵਿਧੀਆਂ ਰਾਹੀਂ ਉਸਾਰੂ ਗਤੀਵਿਧੀਆਂ ਚ ਹਿੱਸਾ ਲੈਣ ਲਈ ਪ੍ਰੇਰਨ ਲਈ ਆਖਿਆ। ਉਨ੍ਹਾਂ ਦੱਸਿਆ ਕਿ ਚੰਗੀ ਕਾਰਗੁਜ਼ਾਰੀ ਵਾਲੇ ਕਲੱਬਾਂ ਨੂੰ ਕੁੱਲ 6,25,000/- ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਭਵਿੱਖ ਵਿੱਚ ਵੀ ਸਹਾਇਤਾ ਗ੍ਰਾਂਟ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਭਾਗੀਦਾਰ ਬਣਨ ਦੀ ਅਪੀਲ ਵੀ ਕੀਤੀ। ਇਸ ਮੌਕੇ ਸਰਬਜੀਤ ਸਿੰਘ ਮੌਜੂਦਾ ਮਿਉਂਸਪਲ ਕੌਂਸਲਰ ਅਤੇ ਯੂਥ ਆਗੂ ਨੇ ਵੀ ਨੌਜਵਾਨਾਂ ਨੂੰ ਸੰਬੋਧਨ ਕੀਤਾ ਅਤੇ ਭਵਿੱਖ ਵਿੱਚ ਯੁਵਕ ਸੇਵਾਵਾਂ ਵਿਭਾਗ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਹਰਪਾਲ ਸਿੰਘ ਚੰਨਾ ਬਲਾਕ ਪ੍ਰਧਾਨ ਅਤੇ ਲੱਕੀ ਨਗਾਰੀ ਯੂਥ ਆਗੂ ਵੀ ਹਾਜ਼ਰ ਸਨ। ਡਾ. ਮਲਕੀਤ ਸਿੰਘ ਮਾਨ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਨੇ ਦੱਸਿਆ ਕਿ ਨੌਜਵਾਨ ਯੂਥ ਨੂੰ ਨਸ਼ਿਆਂ ਆਦਿ ਤੋਂ ਦੂਰ ਰੱਖਣ ਲਈ ਪਿੰਡ ਪੱਧਰ ਤੇ ਟੂਰਨਾਮੈਂਟ, ਪ੍ਰੋਗਰਾਮਾਂ ਆਦਿ ਲਈ ਗ੍ਰਾਂਟ ਜਾਰੀ ਕਰਨਾ ਪੰਜਾਬ ਸਰਕਾਰ ਦਾ ਇਹ ਬਹੁਤ ਕਾਰਗਰ ਉਪਰਾਲਾ ਹੈ। ਇਸ ਮੌਕੇ ਯੁਵਕ ਸੇਵਾਵਾਂ ਕਲੱਬ ਫੇਜ-11 ਮੁਹਾਲੀ ਹਰਪ੍ਰੀਤ ਸਿੰਘ, ਡਾ. ਬੀ.ਆਰ. ਅੰਬੇਦਕਰ ਯੁਵਕ ਸੇਵਾਵਾਂ ਕਲੱਬ ਖਰੜ ਡਾ. ਰਘਬੀਰ ਸਿੰਘ, ਯੁਵਕ ਸੇਵਾਵਾਂ ਕਲੱਬ ਕੰਬਾਲਾ ਰਘਬੀਰ ਸਿੰਘ, ਯੁਵਕ ਸੇਵਾਵਾਂ ਕਲੱਬ ਬਠਲਾਨਾ ਰਣਜੀਤ ਸਿੰਘ, ਯੁਵਕ ਸੇਵਾਵਾਂ ਕਲੱਬ ਫਤਿਹਗੜ੍ਹ, ਇੰਦਰਪ੍ਰੀਤ ਸਿੰਘ ਯੁਵਕ ਸੇਵਾਵਾਂ ਕਲੱਬ ਮੱਛਲੀ ਕਲਾਂ ਸੰਦੀਪ ਕੁਮਾਰ, ਯੁਵਕ ਸੇਵਾਵਾਂ ਕਲੱਬ ਨਵੀਪੁਰ ਜਗਜੀਵਨ ਰਾਮ, ਯੁਵਕ ਸੇਵਾਵਾਂ ਕਲੱਬ ਗੁਡਾਨਾ ਜਗਤਾਰ ਸਿੰਘ, ਯੁਵਕ ਸੇਵਾਵਾਂ ਕਲੱਬ ਸੋਤਲ ਤੋਂ ਮੋਹਨ ਸਿੰਘ, ਯੁਵਕ ਸੇਵਾਵਾਂ ਕਲੱਬ ਰੋੜਾ ਤੋਂ ਪ੍ਰਧਾਨ ਮਨਪ੍ਰੀਤ ਸਿੰਘ ਆਦਿ ਨੇ ਗ੍ਰਾਂਟ ਰਾਸ਼ੀ ਦੇ ਚੈੱਕ ਪ੍ਰਾਪਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨਜੀਤ ਕੌਰ ਸਟੈਨੋ ਅਤੇ ਗੁਰਵਿੰਦਰ ਸਿੰਘ ਕਲੱਬ ਪ੍ਰਧਾਨ ਆਦਿ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੁਖਸਾਲ ਵਿਖੇ ਵਿਸ਼ਿਆਂ ਦਾ ਲਾਇਆ ਮੇਲਾ



**ਭਲਾਣ (ਢਿੱਲੋਂ)**-ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੁਖਸਾਲ ਵਿਖੇ ਗਣਿਤ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਦਾ ਮੇਲਾ ਸਕੂਲ ਪ੍ਰਿੰਸੀਪਲ ਗੁਰਦੀਪ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ 'ਤੇ ਜਾਣਕਾਰੀ ਦਿੰਦਿਆਂ ਗਣਿਤ ਅਧਿਆਪਕ ਸੋਹਨ ਸਿੰਘ ਚਾਹਲ ਨੇ ਕਿਹਾ ਕਿ ਇਸ ਵਿਸ਼ੇ ਮੇਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿੱਚ ਦੀ ਰੁਚੀ ਵਧਾਉਣ ਲਈ ਉਪਰਾਲੇ ਦੇ ਤੌਰ 'ਤੇ ਕੀਤਾ ਗਿਆ ਹੈ।

ਇਸ ਮੇਲੇ ਵਿੱਚ ਵਿਦਿਆਰਥੀਆਂ ਦੁਆਰਾ ਨੂੰ ਕਈ ਤਰ੍ਹਾਂ ਦੇ ਵਾਧੂ ਸਮਾਨ ਜਿਸ ਵਿੱਚ ਪੁਰਾਣੀ ਉੱਨ, ਬਟਨ, ਮਣਕੇ, ਗੱਤੇ, ਮਾਚਿਸ ਦੀਆਂ ਡੱਬੀਆਂ ਆਦਿ ਦੀ ਵਰਤੋਂ ਕਰਕੇ ਮਾਡਲ, ਚਾਰਟ, 3-ਡੀ ਚਾਰਟ, ਸਕ੍ਰੈਪ ਬੁੱਕ ਆਦਿ ਬਣਾਈਆਂ ਗਈਆਂ। ਇਸ ਮੌਕੇ 'ਤੇ ਅਧਿਆਪਕ ਰਾਜੇਸ਼ ਕੁਮਾਰ ਰਮਾ, ਮੈਡਮ ਸਮਰਿਤੀ ਹਰਚੰਦ, ਬਿੰਦੀਆ, ਨੀਰੂ, ਸਿੰਮੀ, ਰੰਜਨਾ, ਚਰਨਜੀਤ ਕੌਰ, ਸੋਨੀਆ ਆਦਿ ਹਾਜਰ ਸਨ।

# ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਦਾ ਕੈਲੰਡਰ ਰਿਲੀਜ਼



**ਹੁਸ਼ਿਆਰਪੁਰ (ਬਲਵੀਰ ਸੈਣੀ)** ਸਿਹਤ ਵਿਭਾਗ ਅੰਦਰ ਕੰਮ ਕਰਦੇ ਫੀਲਡ ਸਟਾਫ ਦੀ ਜੱਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜੱਥੇਬੰਦੀ ਦਾ ਸਾਲ 2024 ਦਾ ਕਲੰਡਰ ਲੋਕ ਅਰਪਣ ਕੀਤਾ ਗਿਆ। ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਵਿਖੇ ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮਨੋਹਰ ਸਿੰਘ ਸੈਣੀ ਦੀ ਅਗਵਈ ਹੇਠ ਕੀਤੀ ਇੱਕ ਇਕੱਰਤਤਾ ਮੌਕੇ ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਡੁਮਾਣਾ ਵੱਲੋਂ ਇਹ ਕਲੰਡਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਜੱਥੇਬੰਦੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਸੰਬੰਧੀ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸੰਘਰਸ਼ ਜਾਰੀ ਰਹੇਗਾ। ਸਰਕਾਰ ਤੋਂ ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਨੀਤੀ ਬਹਾਲ ਕੀਤੀ ਜਾਵੇ, ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ, ਪਰਖ ਅਧੀਨ ਸਮੇਂ ਨੂੰ ਇੱਕ ਸਾਲ ਦਾ ਕੀਤਾ ਜਾਵੇ, ਐਫ.ਟੀ.ਏ. ਸਹਿਤ ਬੰਦ ਕੀਤੇ ਬਾਈ ਭੱਤਿਆਂ ਨੂੰ ਮੁੜ ਚਾਲੂ ਕੀਤਾ ਜਾਵੇ। ਉਹਨਾਂ ਕਿਹਾ ਕਿ ਕਲੰਡਰ ਜੱਥੇਬੰਦੀ ਦੀ ਇੱਕ ਪਹਿਚਾਣ ਹੈ ਅਤੇ ਹਰੇਕ ਦਫਤਰ ਅੰਦਰ ਕਲੰਡਰ ਪਹੁੰਚਾਇਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਜਗਦੀਪ ਸਿੰਘ, ਐ.ਐਮ.ਓ. ਡਾਕਟਰ ਹਰਜੀਤ ਸਿੰਘ, ਤਰਸੇਮ ਸਿੰਘ, ਦਵਿੰਦਰ ਭੱਟੀ, ਗੁਰਦੇਵ ਸਿੰਘ, ਜਸਵੀਰ ਸਿੰਘ, ਉਮੇਸ਼, ਰਜੀਵ ਪਾਲ, ਸੱਤਪਾਲ, ਅਮਿਤ ਸ਼ਰਮਾ, ਸੁਰਿੰਦਰ ਕਲਸੀ, ਗਗਨ ਸਿਆਲ ਆਦਿ ਵੀ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਕਿੱਤਾਮੁਖੀ ਕੋਰਸਾਂ ਸੰਬੰਧੀ ਕੀਤਾ ਜਾ ਰਿਹਾ ਜਾਗਰੂਕ : ਡਿਪਟੀ ਡਾਇਰੈਕਟਰ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਜ਼ਿਲ੍ਹਾ ਰੋਜ਼ਗਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਵੱਲੋਂ ਐਸ ਡੀ ਸੀਨੀਅਰ ਸੈਕੰਡਰੀ (ਕੰਨਿਆ) ਸਕੂਲ ਫੁਲਰਵਾਨ ਵਿਖੇ ਕੈਰੀਅਰ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਵਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਮੇਲ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਬਿਊਰੋ ਵਲੋਂ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਨੌਜਵਾਨਾਂ ਨੂੰ ਰੁਚੀ ਅਨੁਸਾਰ ਉਚੇਰੀ ਸਿੱਖਿਆ ਤੇ ਕਿਤਾ ਮੁਖੀ ਕੋਰਸਾਂ ਸੰਬੰਧੀ ਜਾਣੂੰ ਕਰਵਾਉਣ ਲਈ ਅਜਿਹੇ ਸੈਮੀਨਾਰ ਕਰਵਾਏ ਜਾ ਰਹੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਨਾਲ ਸੰਪਰਕ ਕਰਕੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਕੇ ਇਨ੍ਹਾਂ ਦਾ ਲਾਭ ਉਠਾਉਣ। ਇਸ ਮੌਕੇ ਕਰੀਅਰ ਕਾਊਂਸਲਰ ਹਰਮਨਦੀਪ ਸਿੰਘ ਵਲੋਂ ਵੀ ਵਿਦਿਆਰਥੀਆਂ ਨਾਲ ਮੁਹੱਈਆ ਕਰਵਾਈਆਂ ਜਾ ਰਹੀਆਂ ਵੱਡਮੁੱਲੀਆਂ ਸੇਵਾਵਾਂ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ ਗਈ। ਸਕੂਲ ਪ੍ਰਿੰਸੀਪਲ ਅਮਰ ਜੋਤੀ ਸ਼ਰਮਾ ਵਲੋਂ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਤੇ ਕਿਤਾਮੁਖੀ ਕੋਰਸਾਂ ਬਾਰੇ ਜਾਗਰੂਕ ਕਰਨ ਲਈ ਉਨ੍ਹਾਂ ਦੇ ਸਕੂਲ ਵਿੱਚ ਸੈਮੀਨਾਰ ਕਰਵਾਉਣ 'ਤੇ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਸੈਮੀਨਾਰ ਕਰਵਾਉਣ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਲੈਕਚਰਾਰ ਅਤੇ ਸਕੂਲ ਅਧਿਆਪਕ ਵੀ ਮੌਜੂਦ ਸਨ।

## ਪੇਂਡੂ ਯੂਥ ਕਲੱਬਾਂ, ਨੌਜਵਾਨ ਸਭਾਵਾਂ ਨੂੰ ਯੁਵਕ ਸੇਵਾਵਾਂ ਵਿਭਾਗ ਵੱਲੋਂ ਦਿੱਤੀ ਜਾਵੇਗੀ ਸਹਾਇਤਾ ਰਾਸ਼ੀ : ਡਾ. ਮਲਕੀਤ ਸਿੰਘ

**ਨਵਾਂਸ਼ਹਿਰ, (ਮਨੋਜ ਲਾਡੀ)** ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਹਾਇਤਾ ਰਾਸ਼ੀ ਪ੍ਰਦਾਨ ਕਰ ਰਹੀ ਹੈ, ਤਾਂ ਜੋ ਨੌਜਵਾਨਾਂ ਦਾ ਖੇਡਾਂ ਪ੍ਰਤੀ ਰੁਝਾਨ ਵਧਾਇਆ ਜਾ ਸਕੇ। ਵਿਭਾਗ ਵਲੋਂ ਇਸ ਸੰਬੰਧੀ ਪਹਿਲਾ ਵੀ ਕਲੱਬਾਂ ਅਤੇ ਸੁਸਾਇਟੀਆਂ ਨਾਲ ਤਾਲਮੇਲ ਕੀਤਾ ਗਿਆ ਹੈ ਪਰ ਹਾਲੇ ਤੱਕ ਜਿਆਦਾਤਰ ਫਾਈਲਾਂ ਪ੍ਰਾਪਤ ਨਹੀਂ ਹੋਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਡਾ. ਮਲਕੀਤ ਸਿੰਘ ਮਾਨ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਯੁਵਕ ਸੇਵਾਵਾਂ ਵਿਭਾਗ ਨਾਲ ਉਤਸ਼ਾਹਿਤ ਕਰਨ ਲਈ ਸਹਾਇਤਾ ਗ੍ਰਾਂਟ ਪ੍ਰਦਾਨ ਕੀਤੀ ਜਾ ਰਹੀ ਹੈ।

ਯੁਵਕ ਸੇਵਾਵਾਂ ਵਿਭਾਗ ਨਾਲ ਸਬੰਧਤ ਮਾਨਤਾ ਪ੍ਰਾਪਤ ਸਰਗਰਮ ਯੂਥ ਕਲੱਬ ਅਤੇ ਰਜਿਸਟਡ ਐਨ.ਜੀ.ਓ. (ਵਿਭਾਗ ਨਾਲ ਐਫੀਲੇਟ ਕਰ ਦਿੱਤਾ ਜਾਵੇਗਾ) ਜੇਕਰ ਸਹਾਇਤਾ ਗ੍ਰਾਂਟ ਲੈਣ ਦੇ ਚਾਹਵਾਨ ਹਨ, ਤਾਂ ਉਹ ਆਪਣੀ ਤਿੰਨ ਸਾਲ ਦੀ ਪ੍ਰਗਤੀ ਰਿਪੋਰਟ 8 ਜਨਵਰੀ 2024 ਤੱਕ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਨੇੜੇ ਸਰਕਾਰੀ ਆਈ.ਟੀ.ਆਈ. ਕੁੜੀਆਂ ਜ਼ਿਲ੍ਹਾ ਐਸ.ਏ.ਐਸ.ਨਗਰ ਵਿਖੇ ਜਮ੍ਹਾਂ ਕਰਵਾਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਕਮੇਟੀ ਕਲੱਬਾਂ ਦੀ ਪ੍ਰਗਤੀ ਦਾ ਮੁਲਾਂਕਣ ਕਰਕੇ ਅਗਲੇਰੀ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਐਸ.ਏ.ਐਸ.ਨਗਰ ਦੇ ਮੋਬਾਇਲ ਨੰਬਰ 98762-67001 ਅਤੇ 7814472169 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲਾਇਨ ਕੰਗ ਨੇ ਮਹਿਲਾ ਮਰੀਜ਼ ਨੂੰ ਦਿੱਤਾ ਆਕਸੀਮੀਟਰ ਜਨਰੇਟਰ



**ਫਗਵਾੜਾ ( ਜਸਵਿੰਦਰ ਢੱਡਾ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਾਨਵਤਾਵਾਦੀ) ਲਾਇਨ ਗੁਰਦੀਪ ਸਿੰਘ ਨੇ ਫਗਵਾੜਾ ਨੇੜਲੇ ਪਿੰਡ ਵਿਰਕ ਦੀ ਇੱਕ ਲੋੜਵੰਦ ਮਹਿਲਾ ਮਰੀਜ ਨੂੰ ਬਿਮਾਰੀ ਦੌਰਾਨ ਵਰਤੋਂ ਲਈ ਆਕਸੀਮੀਟਰ ਜਨਰੇਟਰ ਭੇਂਟ ਕੀਤਾ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਉਕਤ ਔਰਤ ਦੇ ਪਰਵਾਰ ਦੀ ਆਰਥਿਕ ਹਾਲਤ ਕਾਫੀ ਕਮਜ਼ੋਰ ਹੈ। ਬਿਮਾਰੀ ਕਾਰਨ ਔਰਤ ਨੂੰ ਸਾਹ ਲੈਣ ਵਿੱਚ ਤਕਲੀਫ਼ ਸੀ। ਇਸ ਬਾਰੇ ਪਤਾ ਲੱਗਣ 'ਤੇ ਉਹਨਾਂ ਨੇ ਅੱਜ ਪਰਿਵਾਰ ਨੂੰ ਵਰਤੋਂ ਲਈ ਉਕਤ ਆਕਸੀਮੀਟਰ ਜਨਰੇਟਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਹ ਲੋੜਵੰਦ ਮਰੀਜ਼ਾਂ ਨੂੰ ਆਕਸੀਜਨ ਆਕਸੀਮੀਟਰ ਦੀ ਫ੍ਰੀ ਸਹੂਲਤ ਪ੍ਰਦਾਨ ਕਰਦੇ ਹਨ। ਇਹ ਆਕਸੀਮੀਟਰ ਜਨਰੇਟਰ ਕੋਵਿਡ ਦੇ ਸਮੇਂ ਦੌਰਾਨ ਤਤਕਾਲੀ ਡਿਸਟ੍ਰਿਕਟ ਗਵਰਨਰ ਲਾਇਨ ਜੀ. ਐਸ. ਸੇਠੀ ਵਲੋਂ ਫਗਵਾੜਾ ਵਿੱਚ ਲੋੜਵੰਦਾਂ ਦੀ ਸਹੂਲਤ ਲਈ ਭੇਂਟ ਕੀਤਾ ਗਿਆ, ਜੋ ਕਿ ਕਰੋਨਾ ਤੋਂ ਪੀੜਤ ਮਰੀਜਾਂ ਲਈ ਵਰਦਾਨ ਵਾਂਗ ਬਹੁਤ ਸਹਾਈ ਸਿੱਧ ਹੋਇਆ ਕਿਉਂਕਿ ਇਸ ਸਹੂਲਤ ਦਾ ਲਾਭ ਲੈਣ ਲਈ ਹਸਪਤਾਲ ਜਾਣ 'ਚ ਕਾਫੀ ਖਰਚਾ ਹੁੰਦਾ ਹੈ, ਜਦਕਿ ਇਹ ਸਹੂਲਤ ਉਹਨਾਂ ਵੱਲੋਂ ਬਿਨਾਂ ਕੋਈ ਫੀਸ ਲਏ ਮੁਹੱਈਆ ਕਰਵਾਈ ਜਾਂਦੀ ਹੈ। ਕੰਗ ਨੇ ਕਿਹਾ ਕਿ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ ਲੋੜ ਪੈਣ 'ਤੇ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਜਾਂ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਮੈਂਬਰਾਂ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਕਲੱਬ ਦੇ ਡਿਸਟ੍ਰਿਕਟ ਚੇਅਰਮੈਨ ਲਾਇਨ ਰਣਜੀਤ ਗੋਗਨਾ ਅਤੇ ਵਿਜੇ ਅਰੋੜਾ ਆਦਿ ਹਾਜ਼ਰ ਸਨ।

## ਕਿਸਾਨਾਂ ਨੂੰ ਸਹਾਇਕ ਧੰਦੇ ਅਪਨਾ ਕੇ ਆਰਥਿਕਤਾ ਮਜ਼ਬੂਤ ਕਰਨ ਲਈ ਕੀਤਾ ਜਾਵੇ ਜਾਗਰੂਕ : ਬੈਂਸ



**ਭਲਾਣ (ਹਰਭਜਨ ਢਿੱਲੋਂ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ। ਕਿਸਾਨਾਂ ਨੂੰ ਰਵਾਇਤੀ ਫਸਲੀ ਚੱਕਰ ਛੱਡ ਕੇ ਮੌਸਮ ਅਨੁਸਾਰ ਫਸਲਾਂ ਦੀ ਪੈਦਾਵਾਰ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕਿਸਾਨਾਂ ਦੀ ਆਰਥਿਕਤਾ ਮਜਬੂਤ ਕਰਨ ਲਈ ਡੇਅਰੀ, ਫਲਾਂ ਤੇ ਸਬਜੀਆਂ ਦੀ ਕਾਸ਼ਤ, ਸ਼ਹਿਦ ਉਤਪਾਦਨ, ਮੱਛੀ ਪਾਲਣ ਵਰਗੀ ਪੈਦਾਵਾਰ ਨੂੰ ਵਧਾਵਾ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਲਈ ਸਬੰਧਿਤ ਵਿਭਾਗਾ ਵੱਲੋਂ ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਅਗਾਹਵਧੂ ਕਿਸਾਨਾਂ, ਮਾਹਿਰਾਂ ਦੀਆਂ ਇਨ੍ਹਾਂ ਕੈਂਪਾਂ ਵਿਚ ਹੋਰ ਕਿਸਾਨਾਂ ਨਾਲ ਮਿਲਣੀਆਂ ਕਰਵਾਈਆਂ ਜਾਣ।

ਇਹ ਦਿਸ਼ਾ ਨਿਰਦੇਸ਼ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਖੇਤੀਬਾੜੀ, ਬਾਗਬਾਨੀ, ਮੱਛੀ ਪਾਲਣ, ਡੇਅਰੀ ਵਿਕਾਸ, ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਬੀਤੇ ਦਿਨ ਜਾਰੀ ਕੀਤੇ ਗਏ ਹਨ। ਉਨ੍ਹਾਂ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਕਿਸਾਨਾਂ ਨੂੰ ਸਮੇ ਦੇ ਹਾਣੀ ਬਣਾਉਣ ਲਈ ਮਾਹਿਰਾਂ ਨੂੰ ਕਿਸਾਨਾ ਦੇ ਖੇਤਾਂ ਤੱਕ ਲੈ ਕੇ ਜਾਇਆ ਜਾਵੇ ਤਾਂ ਜੋ ਉਨ੍ਹਾਂ ਕਿਸਾਨਾਂ ਨੂੰ ਆਪਣੀ ਆਰਥਿਕਤਾ ਮਜਬੂਤ ਕਰਨ ਲਈ ਸਰਕਾਰ ਵੱਲੋ ਕੀਤੇ ਜਾ ਰਹੇ ਉਪਰਾਲਿਆਂ ਦੀ ਸਹੀ ਜਾਣਕਾਰੀ ਮਿਲ ਸਕੇ। ਇਨ੍ਹਾਂ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਕੁਲਦੀਪ ਸਿੰਘ ਜੱਸੋਵਾਲ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਦੀ ਅਗਵਾਈ ਹੇਠ ਡਿਪਟੀ ਡਾਇਰੈਕਟਰ ਰੂਪਨਗਰ ਵੱਲੋਂ ਨੈਸ਼ਨਲ ਲਾਈਵਸਟੋਕ ਮਿਸ਼ਨ ਸਕੀਮ ਤਹਿਤ ਪਿੰਡ ਅਜੋਲੀ ਵਿਖੇ ਇੱਕ ਦਿਨਾ ਦੁੱਧ ਉਤਪਾਦਕ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇਸ ਕੈਂਪ ਵਿੱਚ ਲਗਭਗ 200 ਕਿਸਾਨਾਂ ਨੇ ਭਾਗ ਲਿਆ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਜੀ.ਐਸ.ਕਾਹਲੋ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਦੁੱਧ ਦੀ ਪੈਦਾਵਾਰ ਵਧਾਉਣ ਅਤੇ ਦੁੱਧ ਦੀ ਖਪਤ ਬਾਰੇ ਵੀ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਅਸਿਸਟੈਂਟ ਡਾਇਰੈਕਟਰ ਬਾਗਬਾਨੀ ਨੇ ਆਪਣੇ ਵਿਭਾਗ ਦੀਆਂ ਸਕੀਮਾਂ ਸਬੰਧੀ ਦੱਸਿਆ। ਡਾ.ਜੋਸ਼ੀ ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂਆਂ ਦੀਆਂ ਨਸਲਂ ਅਤੇ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਗਿਆ। ਡਾ.ਪਰਮਿੰਦਰ ਨੇ ਵਿਕਰੀ ਸਕੀਮਾਂ ਤੇ ਡਾ.ਅੰਕੁਰ ਨੇ ਪਾਪੂਲਰ ਤੇ ਕਣਕ ਦੀਆ ਬਿਮਾਰੀਆ ਸਬੰਧੀ ਜਾਗਰੂਕ ਕੀਤਾ। ਇਸ ਕੈਂਪ ਵਿਚ ਯੂਕੋਂ ਬੈਂਕ ਦੇ ਮੈਨੇਜਰ ਵੱਲੋਂ ਵੀ ਕਿਸਾਨਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ। ਰਾਮ ਸ਼ਰਨ ਡੇਅਰੀ ਵਿਕਾਸ ਅਫਸਰ ਨੇ ਵਿਭਾਗੀ ਸਕੀਮਾਂ ਸਬੰਧੀ ਦੱਸਿਆ ਅਤੇ ਡਾ.ਹਰਪ੍ਰੀਤ ਸਿੰਘ ਨੇ ਸਾਫ ਦੁੱਧ ਪੈਦਾ ਕਰਨ ਤੇ ਖੁਰਾਕੀ ਤੱਤਾਂ ਦੀ ਮਹੱਤਤਾ ਸਬੰਧੀ ਜਾਗਰੂਕ ਕੀਤਾ। ਵਿਭਾਗ ਵੱਲੋਂ ਧਾਤਾਂ ਦਾ ਚੂਰ ਵੰਡਿਆ ਗਿਆ। ਇਸ ਮੌਕੇ ਵੱਖ ਵੱਖ ਪਿੰਡਾਂ ਦੇ ਸਰਪੰਚ, ਪੰਚ ਤੇ ਇਲਾਕੇ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਅਤੇ ਕਿਸਾਨਾਂ ਨਾਲ ਸਬੰਧਿਤ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।

## ਜਨਤਾ ਸੇਵਾ ਸੰਮਤੀ ਨੇ ਮਰੀਜ਼ਾਂ ਨੂੰ ਵੰਡਿਆ ਦੁੱਧ ਤੇ ਬੇਕਰੀ ਦਾ ਸਮਾਨ

**ਫਗਵਾੜਾ ( ਡਾ. ਰਮਨ)** ਪਿਛਲੇ ਕਰੀਬ ਤਿੰਨ ਦਹਾਕੇ ਤੋਂ ਫਗਵਾੜਾ ਦੇ ਰੇਲਵੇ ਪਲੇਟਫਾਰਮ 'ਤੇ ਭੱਖਦੀ ਗਰਮੀ ਦੇ ਮੌਸਮ 'ਚ ਠੰਡੇ ਪਾਣੀ ਦੀ ਸੇਵਾ ਵਰਤਾਉਣ ਲਈ ਪਛਾਣੀ ਜਾਂਦੀ ਸਮਾਜ ਸੇਵੀ ਜੱਥੇਬੰਦੀ ਜਨਤਾ ਸੇਵਾ ਸੰਮਤੀ ਨੇ ਨਵੇਂ ਸਾਲ ਦਾ ਸਵਾਗਤ ਸਿਵਲ ਹਸਪਤਾਲ ਫਗਵਾੜਾ ਵਿਖੇ ਸੰਮਤੀ ਪ੍ਰਧਾਨ ਵਿਪਨ ਖੁਰਾਨਾ ਦੀ ਅਗਵਾਈ ਹੇਠ ਇਲਾਜ ਅਧੀਨ ਮਰੀਜਾਂ ਨੂੰ ਦੁੱਧ ਤੇ ਬੇਕਰੀ ਦੇ ਸਮਾਨ ਦੀ ਵੰਡ ਕਰਦੇ ਹੋਏ ਕੀਤਾ। ਜਿਸਦੀ ਸ਼ੁਰੂਆਤ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ ਮਲਕੀਅਤ ਸਿੰਘ ਰਘਬੋਤਰਾ ਵਲੋਂ ਕਰਵਾਈ ਗਈ। ਜਿਸ ਤੋਂ ਬਾਅਦ ਸੰਮਤੀ ਮੈਂਬਰਾਂ ਜੁਗਲ ਕਿਸ਼ੋਰ, ਪ੍ਰੇਮ ਬੱਬਰ, ਬਲਦੇਵ ਕ੍ਰਿਸ਼ਨ, ਸੁਰਿੰਦਰ ਪਾਲ, ਅਮਿਤ ਕੁਮਾਰ, ਵਰਜਿੰਦਰ ਸਿੰਘ ਤੁਲੀ ਆਦਿ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਇਸ ਸੇਵਾ ਨੂੰ ਨੇਪਰੇ ਚਾੜ੍ਹਿਆ। ਇੱਥੇ ਦੱਸਣਯੋਗ ਹੈ ਕਿ ਜਨਤਾ ਸੇਵਾ ਸੰਮਤੀ ਦੇ ਮੈਂਬਰ ਮੋਹਨ ਲਾਲ ਤਨੇਜਾ ਰੋਜਾਨਾ ਸਵੇਰੇ ਸਿਵਲ ਹਸਪਤਾਲ ਫਗਵਾੜਾ 'ਚ ਮਰੀਜਾਂ ਨੂੰ ਦੁੱਧ ਦੀ ਸੇਵਾ ਵਰਤਾਉਂਦੇ ਹਨ। ਰਘਬੋਤਰਾ ਨੇ ਮਰੀਜਾਂ ਦਾ ਹਾਲਚਾਲ ਪੁੱਛਿਆ ਅਤੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਉਹਨਾਂ ਦੇ ਜਲਦੀ ਤੰਦਰੁਸਤ ਹੋਣ ਦੀ ਅਰਦਾਸ ਕੀਤੀ। ਜੱਥੇਬੰਦੀ ਦੇ ਇਸ ਪ੍ਰੋਜੈਕਟ ਵਿਚ ਫਰੰਟੀਅਰ ਕਲਾਥ ਹਾਊਸ, ਸੁਧੀਰ ਸਵੀਟਸ ਕਟੈਹਰਾ ਬਾਜ਼ਾਰ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।



## ਕਣਕ ਤੇ ਝੋਨੇ ਦੀ ਸੁਚੱਜੀ ਖ਼ਰੀਦ 'ਚ ਪੱਲੇਦਾਰਾਂ ਦਾ ਵੱਡਾ ਯੋਗਦਾਨ : ਕਟਾਰੂਚੱਕ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਣਕ ਅਤੇ ਝੋਨੇ ਦੇ ਖ਼ਰੀਦ ਸੀਜਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੱਲੇਦਾਰਾਂ ਵੱਲੋਂ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਹਰ ਪੱਖ ਤੋਂ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪੱਲੇਦਾਰ ਯੂਨੀਅਨਾਂ ਦੀ ਸਾਂਝੀ ਕਮੇਟੀ, ਜਿਸ ਵਿੱਚ ਫੂਡ ਗਰੇਨ ਐਂਡ ਅਲਾਈਡ ਵਰਕਰਜ ਯੂਨੀਅਨ, ਐਫ.ਸੀ.ਆਈ. ਅਤੇ ਪੰਜਾਬ ਫੂਡ ਏਜੰਸੀਆਂ ਪੱਲੇਦਾਰ ਆਜਾਦ ਯੂਨੀਅਨ ਅਤੇ ਆਲ ਫੂਡ ਐਂਡ ਅਲਾਈਡ ਵਰਕਰ ਯੂਨੀਅਨ ਸਾਮਲ ਹਨ, ਨਾਲ ਮੁਲਾਕਾਤ ਕੀਤੀ।

ਕਮੇਟੀ ਨੇ ਮੰਤਰੀ ਅੱਗੇ ਆਪਣੀਆਂ ਵੱਖ-ਵੱਖ ਮੰਗਾਂ ਰੱਖੀਆਂ। ਮੰਤਰੀ ਨੇ ਸਾਰੀਆਂ ਮੰਗਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੱਲੇਦਾਰਾਂ ਨੂੰ ਗੁਦਾਮਾਂ ਵਿੱਚ ਮੁੱਢਲੀ ਸੈਨੀਟੇਸਨ ਅਤੇ ਸਫਾਈ ਸਬੰਧੀ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਭਾਗ ਦੇ ਡਾਇਰੈਕਟਰ ਪੁਨੀਤ ਗੋਇਲ ਵੀ ਹਾਜਰ ਸਨ।

## ਸ਼ਰਧਾਲੂਆਂ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦਾ ਲਿਆ ਜਾ ਰਿਹਾ ਭਰਪੂਰ ਲਾਭ-ਢਿੱਲੋਂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ਼ਰਧਾਲੂਆਂ ਵਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦਾ ਭਰਪੂਰ ਲਾਭ ਲਿਆ ਜਾ ਰਿਹਾ ਹੈ। ਮਨਦੀਪ ਸਿੰਘ ਢਿੱਲੋਂ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਲੁਧਿਆਣਾ, ਬੁਢਲਾਡਾ ਤੇ ਮਖੂ ਤੋਂ ਆ ਰਹੇ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਮਾਤਾ ਸ਼੍ਰੀ ਨੈਣਾ ਦੇਵੀ ਮੰਦਿਰ ਅਤੇ ਫਿਰ ਮਾਤਾ ਚਿੰਤਪੁਰਨੀ ਜੀ ਦੇ ਦੁਆਰ ਮੱਥਾ ਟੇਕਣਗੇ।ਇਸ ਸਕੀਮ ਦੇ ਨਾਲ ਪੰਜਾਬ ਵਾਸੀਆਂ ਨੂੰ ਤੀਰਥ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਵੱਖ-ਵੱਖ ਹਲਕਿਆਂ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਬੱਸਾਂ ਰਾਹੀਂ ਤੀਰਥ ਸਥਾਨਾਂ 'ਤੇ ਪਹੁੰਚ ਰਹੇ ਹਨ।ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸ਼ਰਧਾਲੂਆਂ ਵੱਲੋਂ ਵਿਸ਼ੇਸ਼ ਤੌਰ 'ਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਸ ਸਕੀਮ ਦੇ ਨਾਲ ਸੂਬਾ ਵਾਸੀਆਂ ਨੂੰ ਖਾਸ ਕਰਕੇ ਬਜ਼ੁਰਗਾਂ ਨੂੰ ਬਿਨ੍ਹਾਂ ਪੈਸੇ ਖਰਚੇ ਗੁਰੂ ਘਰਾਂ, ਗੁਰਧਾਮਾਂ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਇਸ ਸਕੀਮ ਤਹਿਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਰਜਿਸਟਰੇਸ਼ਨ ਕਰਵਾ ਰਹੇ ਹਨ। ਇਸ ਸਕੀਮ ਤਹਿਤ ਵੱਧ ਤੋਂ ਵੱਧ ਲੋਕ ਆਸਥਾ ਵਿੱਚ ਬੱਝਣਗੇ ਅਤੇ ਆਪਸੀ ਭਾਈਚਾਰਕ ਸਾਂਝ ਅਤੇ ਸਮਾਜ ਨੂੰ ਇੱਕਜੁੱਟ ਕਰਨ ਲਈ ਵੀ ਇਹ ਇੱਕ ਚੰਗਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਉਨ੍ਹਾਂ ਲੋਕਾਂ ਲਈ ਬੇਹੱਦ ਲਾਹੇਵੰਦ ਹੈ ਜਿਹੜੇ ਤੀਰਥ ਸਥਾਨਾਂ ਦੀ ਯਾਤਰਾ ਤਾਂ ਕਰਨੀ ਚਾਹੁੰਦੇ ਹਨ ਪਰ ਅਰਥਿਕ ਤੰਗੀਆਂ ਕਾਰਨ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਉਹਨਾਂ ਕਿਹਾ ਕਿ ਯਾਤਰਾ ਸਬੰਧੀ ਰਜਿਸਟਰੇਸ਼ਨ ਉਹਨਾਂ ਦੇ ਦਫਤਰ ਵਿੱਚ ਵੀ ਕਰਵਾਈ ਜਾ ਸਕਦੀ ਹੈ।

# ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖਰਾ ਉਤਰਦੀ ਹੈ ਭਾਜਪਾ : ਐਡਵੋਕੇਟ ਲੱਕੀ

**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸੀਨੀਅਰ ਭਾਜਪਾ ਨੇਤਾ ਅਸ਼ਵਨੀ ਕੁਮਾਰ ਧੀਰ ਤੇ ਬਹਾਦਰ ਚੰਦ ਅਰੋੜਾ ਸੰਜੀਵ ਪਿੰਟੂ ਇੰਚਾਰਜ ਪੂਨਮ ਮਾਨਿਕ ਸੰਜੀਵ ਭਾਰਦਵਾਜ ਨੇ ਕਿਹਾ ਕਿ ਹਲਕਾ ਬਲਾਚੌਰ ਦੇ ਨੌਜਵਾਨ ਆਗੂ ਐਡਵੋਕੇਟ ਰਾਜਵਿੰਦਰ ਲੱਕੀ ਨੂੰ ਭਾਜਪਾ ਹਾਈ ਕਮਾਂਡ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ, ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਸਮੇਤ ਸਮੁੱਚੀ ਟੀਮ ਦਾ ਮਾਣ ਬਖ਼ਸ਼ਣ 'ਤੇ ਧੰਨਵਾਦ ਕੀਤਾ ਹੈ। ਉਨ੍ਹਾਂ ਆਖਿਆ ਕਿ ਪਾਰਟੀ ਪ੍ਰਤੀ ਪਹਿਲਾ ਹੀ ਸਮਰਪਿਤ ਭਾਵਨਾ ਨਾਲ ਕੰਮ ਕਰਦੇ ਆ ਰਹੇ ਹਨ, ਮਗਰ ਹੁਣ ਉਹ ਹੋਰ ਵੀ ਜੋਸ਼ ਨਾਲ ਸੇਵਾਵਾਂ ਦੇਣ ਲਈ ਵਚਨਬੱਧ ਹਨ। ਹਲਕਾ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਵਲੋਂ ਆਪਣੇ ਸੰਬੋਧਨ ਵਿੱਚ ਆਖਿਆ ਕਿ ਪਾਰਟੀ ਵਲੋਂ ਉਨ੍ਹਾ ਨੂੰ ਜੋ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਕੇ ਮਾਨ ਬਖਸ਼ਿਆ ਹੈ ਉਹ ਪਾਰਟੀ ਪ੍ਰਤੀ ਆਪਣੀਆ ਜਿੰਮੇਵਾਰੀਆ ਨੂੰ ਬਾਖੂਬੀ ਪਹਿਲਾ ਨਾਲੋਂ ਵੀ ਵੱਧ ਧਿਆਨ ਕੇਂਦਰਿਤ ਕਰਕੇ ਨਿਭਾਉਣਗੇ ਅਤੇ ਪਾਰਟੀ ਦੀ ਹੋਰ ਵੀ ਮਜਬੂਤੀ ਲਈ ਕੋਈ ਕਸਰ ਬਾਕੀ ਨਹੀ ਛੱਡਣਗੇ। ਉਨ੍ਹਾਂ ਆਖਿਆ ਕਿ ਭਾਜਪਾ ਦੀ ਅਗਵਾਈ ਵਿੱਚ ਜੋ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਵਲੋਂ ਭਾਰਤ ਦੇਸ਼ ਦੀ ਤਰੱਕੀ ਅਤੇ ਸਮੁੱਚੀਆਂ ਸਟੇਟਾਂ ਦੇ ਲੋਕਾਂ ਦੀ ਭਲਾਈ ਲਈ ਵੱਖ ਵੱਖ ਸਕੀਮਾਂ ਚਲਾਈਆਂ ਗਈਆਂ ਹਨ ਉਨ੍ਹਾਂ ਦਾ ਅੱਜ ਹਰ ਦੇਸ਼ ਵਾਸੀ ਆਪਣੀ ਜਰੂਰਤ ਅਨੁਸਾਰ ਲਾਭ ਪ੍ਰਾਪਤ ਕਰ ਰਿਹਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਵਲੋਂ ਜੋ ਕਿਸਾਨ ਭਰਾਵਾਂ ਨੂੰ ਸਹਾਇਤਾ ਦੇਣ ਦੇ ਇਵਜ ਵਿੱਚ ਸਕੀਮ ਚਲਾਈ ਗਈ ਹੈ ਉਸ ਦਾ ਅੱਜ ਕਿਸਾਨ ਭਰਾ ਵੀ ਪੂਰੀ ਤਰ੍ਹਾਂ ਨਾਲ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਭਾਵੇਂ ਭਾਜਪਾ ਵਲੋਂ ਇਸ ਤੋਂ ਪਿਛਲੀਆਂ ਚੋਣਾਂ ਇਕੱਲਿਆਂ ਹੀ ਲੜੀਆਂ ਹਨ ਉਸ ਵੇਲੇ ਵੀ ਪਾਰਟੀ ਨੂੰ ਲੋਕਾਂ ਵਲੋਂ ਚੰਗਾ ਹੁੰਗਾਰਾ ਦਿੱਤਾ ਗਿਆ ਸੀ। ਲੋਕ ਹਮੇਸ਼ਾ ਹੀ ਉਸ ਪਾਰਟੀ ਨੂੰ ਪਸੰਦ ਕਰਦੇ ਹਨ ਜਿਹੜੀ ਪਾਰਟੀ ਲੋਕਾਂ ਦੀਆਂ ਆਸਾਂ ਉਮੀਦਾਂ ਉਪਰ ਪੂਰੀ ਤਰ੍ਹਾਂ ਨਾਲ ਖਰਾ ਉਤਰਦੀ ਹੈ। ਅੱਜ ਭਾਜਪਾ ਦੀ ਕੇਂਦਰ ਸਰਕਾਰ ਲੋਕਾਂ ਦੀਆਂ ਆਸਾਂ ਉਪਰ ਪੂਰੀ ਤਰ੍ਹਾਂ ਨਾਲ ਖਰਾ ਉਤਰ ਰਹੀ ਹੈ ਜਿਸ ਕਾਰਨ ਅੱਜ ਪੰਜਾਬ ਵਿੱਚ ਭਾਜਪਾ ਦਾ ਦਾਇਰਾ ਹੋਰ ਵੀ ਜ਼ਿਆਦਾ ਵੱਡਾ ਹੋ ਗਿਆ ਹੈ।

## ਨਗਰ ਕੌਂਸਲ ਵੱਲੋਂ ਧੂਮ-ਧਾਮ ਨਾਲ ਮਨਾਇਆ ਜਾਵੇਗਾ ਗਣਤੰਤਰ ਦਿਵਸ : ਜੌਹਲ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਦਫ਼ਤਰ ਨਗਰ ਕੌਂਸਲ ਨੂਰਮਹਿਲ ਵੱਲੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਜਿਸ ਸਬੰਧੀ ਦਫ਼ਤਰ ਨਗਰ ਕੌਂਸਲ ਵਿੱਚ ਨੂਰਮਹਿਲ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਸਕੂਲ ਮੁਖੀਆਂ ਦੀ ਇੱਕ ਮੀਟਿੰਗ ਨਗਰ ਕੌਂਸਲ ਨੂਰਮਹਿਲ ਦੀ ਪ੍ਰਧਾਨ ਸ਼੍ਰੀਮਤੀ ਹਰਦੀਪ ਕੌਰ ਜੌਹਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਬੋਧਨ ਕਰਦਿਆਂ ਸ਼੍ਰੀਮਤੀ ਜੌਹਲ ਨੇ ਕਿਹਾ ਕਿ ਇਸ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਨਗਰ ਕੌਂਸਲ ਨੂਰਮਹਿਲ ਵੱਲੋਂ ਧੂਮ-ਧਾਮ ਨਾਲ ਮਨਾਇਆ ਜਾਵੇਗਾ, ਜਿਸ ਲਈ ਸਾਰੇ ਸਕੂਲਾਂ ਦੇ ਸਕੂਲ ਮੁਖੀਆਂ,ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਦੀ ਲੋੜ ਹੈ। ਇਸ ਮੀਟਿੰਗ ਵਿੱਚ ਗਣਤੰਤਰ ਦਿਵਸ ਮਨਾਉਣ ਸਬੰਧੀ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਸ ਵਿੱਚ ਸਾਰੇ ਸਕੂਲਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ। ਮੀਟਿੰਗ ਵਿੱਚ ਰਿਹਰਸਲ ਕਮੇਟੀ, ਸਟੇਜ ਸੈਕਟਰੀ, ਝੰਡਾ ਕਮੇਟੀ, ਸਟੇਜ ਡੈਕੋਰੇਸ਼ਨ ਕਮੇਟੀ ਅਤੇ ਹੋਰ ਕਮੇਟੀਆਂ ਬਣਾ ਕੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਹ ਵੀ ਫੈਸਲਾ ਕੀਤਾ ਗਿਆ ਕਿ 11 ਜਨਵਰੀ ਅਤੇ 18 ਜਨਵਰੀ ਨੂੰ ਵੱਖ-ਵੱਖ ਸਕੂਲਾਂ ਦੁਆਰਾ ਪੇਸ਼ ਕਰਵਾਈਆਂ ਜਾਣ ਵਾਲੀਆਂ ਦੇਸ਼ ਭਗਤੀ ਦੀਆਂ ਆਈਟਮਾਂ ਦੀ ਰਿਹਰਸਲ ਕਰਵਾਈ ਜਾਵੇਗੀ। ਇਸ ਮੀਟਿੰਗ ਵਿੱਚ ਪ੍ਰਧਾਨ ਹਰਦੀਪ ਕੌਰ ਜੌਹਲ ਤੋਂ ਇਲਾਵਾ ਸ਼ਿਵ ਕੁਮਾਰ ਸੂਦ, ਰਾਜਿੰਦਰ ਕਾਲੜਾ,ਨਿਸ਼ਾ ਮੈਹਨ, ਜਸਪ੍ਰੀਤ ਕੌਰ, ਸਿਫਾਲੀ ਗੌੜ ਤੇ ਹੋਰ ਸਕੂਲ ਮੁਖੀ ਅਤੇ ਅਧਿਆਪਕ ਵੀ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ 'ਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿਖੇ ਐੱਨ ਐੱਸ ਐੱਸ ਕੈਂਪ ਅਮਿੱਟ ਯਾਦਾਂ ਛੱਡਦਾ ਸਮਾਪਤ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ (ਜਲੰਧਰ) ਵਿਖੇ ਪ੍ਰਿੰਸੀਪਲ ਸਾਹਿਬ ਡਾ. ਸੁਖਵਿੰਦਰ ਸਿੰਘ ਰੰਧਾਵਾ ਦੀ ਰਹਿਨੁਮਾਈ ਅਤੇ ਐਨ.ਐਸ.ਐਸ. ਵਿਭਾਗ ਦੇ ਇੰਚਾਰਜ ਪ੍ਰੋ. ਗੌਰਵ ਸ਼ਰਮਾ ਦੀ ਅਗਵਾਈ ਹੇਠ 7 ਐਨ ਐਸ ਐਸ ਕੈਂਪ ਸੱਭਿਆਚਾਰਕ ਸਮਾਰੋਹ ਹਰਸ਼ੋ-ਹੁਲਾਸ ਨਾਲ ਸਮਾਪਤ ਹੋਇਆ।ਡਾ. ਲਖਵਿੰਦਰ ਸਿੰਘ ਜੌਹਲ, ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੁਆਰਾ ਮੁੱਖ ਮਹਿਮਾਨ ਅਤੇ ਮੱਖਣ ਲਾਲ ਪੱਲਣ ਮੌਜੂਦਾ ਸਰਪੰਚ ਜੰਡਿਆਲਾ ਮੰਜਕੀ (ਜਲੰਧਰ) ਦੁਆਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਪ੍ਰੋ. ਮਨਜੀਤ ਕੌਰ ਦੁਆਰਾ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਗਿਆ। ਉਪਰੰਤ ਪ੍ਰੋ. ਹਰਪ੍ਰੀਤ ਸਿੰਘ ਦੁਆਰਾ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੇ ਦੌਰਾਨ ਕਰਵਾਈਆਂ ਗਈਆਂ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਐਨ.ਐਸ.ਐਸ. ਕੈਂਪ ਦੇ ਲਈ ਪਿੰਡ ਜੰਡਿਆਲਾ ਮੰਜਕੀ (ਜਲੰਧਰ) ਨੂੰ ਆਡਾਪਟ ਕੀਤਾ ਗਿਆ। ਐਨ.ਐਸ.ਐਸ. ਕੈਂਪ ਦੇ ਦੌਰਾਨ 50 ਤੋਂ ਵੱਧ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਕਾਲਜ ਦੀਆਂ ਵਿਦਿਆਰਥੀਅਣਾਂ ਦੁਆਰਾ ਭਾਸ਼ਣ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਡਾ. ਓਮਿੰਦਰ ਸਿੰਘ ਜੌਹਲ ਦੁਆਰਾ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੇ ਫਾਇਦਿਆਂ ਬਾਰੇ ਦੱਸਦੇ ਹੋਏ ਕਿਹਾ ਕਿ ਐਨ.ਐਸ.ਐਸ. ਵਿਚ ਭਾਗ ਲੈਣ ਵਾਲੇ ਵਲੰਟੀਅਰ ਨੂੰ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੁਆਰਾ ਵੀ ਆਵਰਡ ਮਿਲਦੇ ਹਨ। ਉਨ੍ਹਾਂ ਨੇ ਵੱਖ-ਵੱਖ ਮਾਣ ਮੱਤੀਆਂ ਸ਼ਖਸੀਅਤਾਂ ਦੇ ਸੰਦਰਭ ਨੂੰ ਲੈ ਕੇ ਬੌਧਿਕ ਵਿਕਾਸ ਦੇ ਮਾਧਿਅਮ ਰਾਹੀਂ ਐਨ.ਐਸ.ਐਸ. ਬਾਰੇ ਸਮਝਾਇਆ। ਇਸ ਮੌਕੇ ਡਾ. ਲਖਵਿੰਦਰ ਸਿੰਘ ਜੌਹਲੀ ਦੁਆਰਾ ਕਾਲਜ ਪ੍ਰਿੰਸੀਪਲ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਰਸਤੇ ਵੱਲ ਤੋਰਨ, ਸਹੀ ਗੱਲਬਾਤ ਦਾ ਤਰੀਕਾ, ਹਲੀਮੀ ਅਤੇ ਦੂਸਰਿਆਂ ਪ੍ਰਤੀ ਸਤਿਕਾਰ, ਸਮਾਜ ਸੇਵਾ ਅਤੇ ਉਸਾਰੂ ਸੋਚ ਬਣਾਉਣ ਲਈ ਅਜਿਹੇ ਪ੍ਰੋਗਰਾਮ ਉਲੀਕਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਆਪ ਨੂੰ ਸਮਾਜ ਪ੍ਰਤੀ ਸਮਰਪਿਤ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਦੂਰ ਕੀਤਾ ਜਾ ਸਕੇ ਅਤੇ ਸਮਾਜ ਦਾ ਵਧੀਆ ਨਿਰਮਾਣ ਨੌਜਵਾਨ ਵਰਗ ਹੀ ਕਰ ਸਕਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸੁਖਵਿੰਦਰ ਸਿੰਘ ਰੰਧਾਵਾ ਦੁਆਰਾ ਆਏ ਹੋਏ ਮਹਿਮਾਨਾਂ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਕਾਲਜ ਵਲੋਂ ਵਿਦਿਆਰਥੀਆਂ ਦੀ ਸ਼ਖਸ਼ੀਅਤ ਉਸਾਰੀ ਅਤੇ ਵਿਦਿਆਰਥੀਆਂ ਦੇ ਅੰਦਰਲੀ ਕਲ੍ਹਾਂ ਨੂੰ ਉਭਾਰਨ ਲਈ ਅਜਿਹੇ ਪ੍ਰੋਗਰਾਮ ਉਲੀਕਦੇ ਰਹਿਣਗੇ। ਉਨ੍ਹਾਂ ਕਿਹਾ ਕਿ ਇਕ ਚੰਗੇ ਸਮਾਜ ਦੀ ਨੀਂਹ ਰੱਖਣ ਲਈ ਸਾਨੂੰ ਅਜਿਹੇ ਕੈਂਪਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਤਰਸੇਮ ਸਿੰਘ,ਲੋਕ ਭਲਾਈ ਮੰਚ ਜੰਡਿਆਲਾ ਸੁਰਜੀਤ ਸਿੰਘ, ਪੱਤਰਕਾਰ ਅਜੀਤ, ਜੰਡਿਆਲਾ, ਡਾ. ਜਸਪਾਲ ਸਿੰਘ, ਡਾ. ਰਣਜੀਤ ਸਿੰਘ ਖਾਲਸਾ ਸਕੂਲ ਜੰਡਿਆਲਾ ਤੋਂ ਇਲਾਵਾ ਕਾਲਜ ਦੇ ਸਮੂਹ ਸਟਾਫ਼ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਮੌਸਮ 'ਚ ਤਬਦੀਲੀ ਦਾ ਲੋਕਾਂ ਦੀ ਸਿਹਤ 'ਤੇ ਬੁਰਾ ਅਸਰ ਪੈ ਰਿਹਾ : ਡਾ. ਹਰਪ੍ਰੀਤ ਕੌਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰਾਓ ਮੋਹਣ ਮੈਮੋਰੀਅਲ ਹਸਪਤਾਲ ਗੜ੍ਹਸ਼ੰਕਰ ਦੇ ਮਾਹਿਰ ਡਾਕਟਰ ਹਰਪ੍ਰੀਤ ਕੌਰ ਨੇ ਕਿਹਾ ਕਿ ਮੌਸਮ 'ਚ ਆਈ ਤਬਦੀਲੀ ਦਾ ਲੋਕਾਂ ਦੀ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ। ਲੋਕ ਜ਼ੁਕਾਮ, ਖੰਘ ਅਤੇ ਬੁਖਾਰ ਦਾ ਸ਼ਿਕਾਰ ਹੋ ਰਹੇ ਹਨ। ਵਾਇਰਲ ਬੁਖਾਰ ਤੋਂ ਪੀੜਤ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਇਨ੍ਹੀਂ ਦਿਨੀਂ ਇਸ ਤੋਂ ਪੀੜਤ ਕਈ ਲੋਕ ਇਲਾਜ ਲਈ ਰਾਓ ਮੋਹਨ ਮੈਮੋਰੀਅਲ ਹਸਪਤਾਲ ਗੜ੍ਹਸ਼ੰਕਰ ਦੇ ਪਹੁੰਚ ਰਹੇ ਹਨ। ਲੋਕਾਂ ਨੂੰ ਵੀ ਵਾਇਰਲ ਬੁਖਾਰ ਨੇ ਆਪਣੀ ਲਪੇਟ ਲੈ ਲਿਆ ਹੈ ਜ਼ਿਆਦਾਤਰ ਬਜ਼ੁਰਗ, ਨੌਜਵਾਨ, ਔਰਤਾਂ ਅਤੇ ਬੱਚੇ ਜ਼ੁਕਾਮ ਅਤੇ ਖਾਂਸੀ ਤੋਂ ਪੀੜਤ ਹਨ। ਇਸ ਨਾਲ ਬੱਚੇ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਹਸਪਤਾਲ 'ਚ ਇਲਾਜ ਅਧੀਨ ਜ਼ਿਆਦਾਤਰ ਬੱਚੇ ਵਾਇਰਲ ਬੁਖਾਰ, ਉਲਟੀਆਂ, ਦਸਤ ਅਤੇ ਟਾਈਫਾਈਡ ਤੋਂ ਪੀੜਤ ਹਨ। ਮੌਸਮ ਵਿੱਚ ਤਬਦੀਲੀ ਕਾਰਨ ਬਿਮਾਰੀਆਂ ਦਾ ਪ੍ਰਕੋਪ ਵਧ ਗਿਆ ਹੈ। ਵਾਇਰਲ ਬੁਖਾਰ, ਉਲਟੀਆਂ ਅਤੇ ਦਸਤ ਤੋਂ ਪੀੜਤ ਬੱਚੇ ਇਲਾਜ ਲਈ ਆ ਰਹੇ ਹਨ। ਬੱਚਿਆਂ ਨੂੰ ਬਿਹਤਰ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਵਾਇਰਲ ਬੁਖਾਰ ਕਾਰਨ ਛੋਟੇ ਬੱਚਿਆਂ ਦੀ ਛਾਤੀ ਬੰਦ ਹੋ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਸਾਹ ਲੈਣ 'ਚ ਮੁਸ਼ਕਲ ਹੋ ਰਹੀ ਹੈ। ਮੌਸਮ 'ਚ ਬਦਲਾਅ ਕਾਰਨ ਖੰਘ, ਜ਼ੁਕਾਮ ਅਤੇ ਵਾਇਰਲ ਤੋਂ ਪ੍ਰਭਾਵਿਤ ਲੋਕ ਹਸਪਤਾਲ 'ਚ ਇਲਾਜ ਕਰਵਾ ਰਹੇ ਹਨ। ਲੋਕਾਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ। ਡਾਕਟਰ ਹਰਪ੍ਰੀਤ ਕੌਰ ਨੇ ਕਿਹਾ ਠੰਢ 'ਚ ਪਿਆਸ ਘੱਟ ਲੱਗਣਾ, ਕਮਜ਼ੋਰੀ ਮਹਿਸੂਸ ਕਰਨਾ। ਜਿਸ ਕਾਰਨ ਵਿਅਕਤੀ ਘੱਟ ਪਾਣੀ ਪੀਂਦਾ ਹੈ। ਪਾਣੀ ਘੱਟ ਪੀਣ ਨਾਲ ਕਮਜ਼ੋਰੀ ਸ਼ੁਰੂ ਹੋ ਜਾਂਦੀ ਹੈ। ਸਰੀਰ 'ਚ ਪਾਣੀ ਦੀ ਕਮੀ ਹੋਣ ਕਾਰਨ ਸਰੀਰ ਕਮਜ਼ੋਰ ਹੋਣ ਲੱਗਦਾ ਹੈ। ਇਸ ਦੇ ਨਾਲ ਹੀ ਸਰੀਰ 'ਚ ਖੂਨ ਅਤੇ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਜਿਸ ਕਾਰਨ ਵਿਅਕਤੀ ਥਕਾਵਟ ਵੀ ਮਹਿਸੂਸ ਕਰਦਾ ਹੈ। ਬੇਜਾਨ ਚਮੜੀ : ਪਾਣੀ ਦੀ ਕਮੀ ਕਾਰਨ ਚਮੜੀ ਬੇਜਾਨ ਹੋ ਜਾਂਦੀ ਹੈ। ਭਾਵ ਇਹ ਸੁੱਕਾ ਹੋ ਜਾਂਦਾ ਹੈ। ਇਸ ਲਈ ਹਰ ਰੋਜ 5-7 ਗਲਾਸ ਪਾਣੀ ਪੀਣਾ ਜ਼ਰੂਰੀ ਹੈ। ਜੇਕਰ ਤੁਸੀਂ ਸਰਦੀਆਂ 'ਚ ਵੀ ਸਿਹਤਮੰਦ ਅਤੇ ਹਾਈਡ੍ਰੇਟਿਡ ਰਹਿਣਾ ਚਾਹੁੰਦੇ ਹੋ ਤਾਂ ਇਹ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਤੁਸੀਂ ਇੱਕ ਦਿਨ 'ਚ 3-4 ਲੀਟਰ ਪਾਣੀ ਪੀਓ। ਇਹ ਤੁਹਾਨੂੰ ਸਿਹਤਮੰਦ ਅਤੇ ਤਰੋਤਾਜ਼ਾ ਰੱਖਦਾ ਹੈ।

# ਪਿੰਕੇ ਦੀ ਮੌਤ 'ਤੇ ਦੁੱਖ ਪ੍ਰਗਟ



**ਫਿਲੌਰ (ਬੀ ਐਸ ਕੈਨੇਡੀ)**— ਸਤਲੁਜ ਕਲੱਬ ਦੇ ਸੈਕਟਰੀ ਅਨਿਲ ਧੀਰ ਪਿੰਕੇ ਦਾ ਬੀਤੇ ਦਿਨੀਂ ਦਿਹਾਤ ਹੋ ਗਿਆ ਸੀ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪੇਮ ਕੁਮਾਰ ਸਾਬਕਾ ਸਰਪੰਚ ਹਰਕਮਲ ਸਿੰਘ ਬੇਗਮਪੁਰ ਪੀ ਐਸ ਗੁਲਸ਼ਨ ਮੁੱਖ ਸੰਪਾਦਕ ਪੰਜਾਬ ਨਿਊਜ਼ ਟਾਈਮ ਕਾਂਗਰਸੀ ਆਗੂ ਰਾਜਪਾਲ ਸਿੰਘ ਅਟਵਾਲ ਕੌਂਸਲਰ ਨੈਹਾ ਪੰਮਾ ਦੇ ਪਤੀ ਸੀ ਅੰਮਿਤ ਪੰਮਾ ਸੋਨੂੰ ਮੋਹਿਤ ਭੰਡਾਰੀ ਰਜਿੰਦਰ ਸ਼ਰਮਾ ਰਵਿੰਦਰ ਸ਼ਰਮਾ ਬਬਲੂ ਗੜ੍ਹੂਰਾ ਡਾ. ਹੁਕਮ ਚੰਦ ਥਰੇਜਾ ਮਾਸਟਰ ਚੰਦਰ ਮੋਹਨ ਸਤਪਾਲ ਸੁਮਨ ਕਾਮਰੇਡ ਪੰਮਾ ਕੌਂਸਲਰ ਰਾਕੇਸ਼ ਰੋਕਸੀ ਸਰਵਨ ਸਿੰਘ ਸ਼ੈਲੀ ਗੋਇਲ ਮੁਖ਼ਤਿਆਰ ਸਿੰਘ ਲਾਡਾਂ ਰਜਿੰਦਰ ਕਾਕੇ ਨੇ ਪਿੰਕੇ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

# ਅੱਟੀ ਵਿਖੇ ਸਬਰਸੀਬਲ ਪੰਪ ਦਾ ਉਦਘਾਟਨ



**ਫਿਲੌਰ (ਨਿਰਮਲ)**-ਹਲਕਾ ਫਿਲੌਰ ਦੇ ਪਿੰਡ ਅੱਟੀ ਵਿਖੇ ਪਾਣੀ ਵਾਲੇ ਸਬਰਸੀਬਲ ਪੰਪ ਦਾ ਉਦਘਾਟਨ ਆਮ ਆਦਮੀ ਪਰਟੀ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋਂ ਲੋਕਾਂ ਨਾਲ ਵਾਅਦੇ ਕੀਤੇ ਸਨ ਇੱਕ ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਘਰ ਘਰ ਤੱਕ ਪਾਣੀ ਪਹੁੰਚਾਉਣਾ ਤਹਿਤ ਪਿੰਡ ਅੱਟੀ ਵਿਖੇ ਸਬਰਸੀਬਲ ਪੰਪ ਲਗਾਇਆ ਗਿਆ ਹੈ। ਇਸ ਮੌਕੇ ਹਾਜ਼ਰ ਸੈਕਟਰੀ ਧਰਮਪਾਲ ਸਿੰਘ , ਚੇਅਰਮੈਨ ਮਾਰਕੀਟ ਕਮੇਟੀ ਫਿਲੌਰ ਰੌਸ਼ਨ ਲਾਲ ਰੋਸ਼ੀ , ਸਰਪੰਚ ਸੋਹਣ ਲਾਲ, ਬਲਾਕ ਪ੍ਰਧਾਨ ਯਸ਼ਪਾਲ ਗਿੰਡਾ ,ਬਲਾਕ ਪ੍ਰਧਾਨ ਬਲਬੀਰ ਸਿੰਘ ਛੋਕਰ, ਸਰਪੰਚ ਹਰਕਮਲ ਸਿੰਘ, ਦੀਪਾ ਬਕਾਪੁਰ ਪੀ .ਏ ਅਤੇ ਹੋਰ ਪਿੰਡ ਦੇ ਪੰਤਵੰਤੇ ਸੱਜਣ ਸਨ।

# ਦੀ ਇੰਪੀਰੀਅਲ ਸਕੂਲ, ਗ੍ਰੀਨ ਕੈਂਪਸ 'ਚ ਸਾਲਾਨਾ ਖੇਡ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**-ਇੰਪੀਰੀਅਲ ਸਕੂਲ ਗਰੀਨ ਕੈਂਪਸ ਆਦਮਪੁਰ ਦਾ ਪਹਿਲਾ ਖੇਡ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਖੇਡ ਦਿਵਸ 'ਚ ਸਕੂਲ ਦੇ ਸਾਰੇ ਬੱਚਿਆਂ ਨੇ ਉਤਸਾਹ ਨਾਲ ਭਾਗ ਲਿਆ। ਡੀ ਆਈ ਜੀ ਪੀ ਏ ਪੀ ਜਲੰਧਰ ਰਾਜਪਾਲ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ, ਵਿਸ਼ੇਸ਼ ਮਹਿਮਾਨ ਵਜੋਂ ਇੰਸਪੈਕਟਰ ਮੀਨਾ ਕੇ ਪਵਾਰ, ਇੰਟਰਨੈਸ਼ਨਲ ਵਾਈਟ ਲਿਫਟਰ , ਪ੍ਰਿੰਸੀਪਲ ਐਸ ਐਸ ਐਸ ਆਦਮਪੁਰ ਸਟੇਟ ਐਵਾਰਡੀ ਪ੍ਰਿੰਸੀਪਲ ਰਾਮ ਆਸਰਾ ਵਿਸ਼ੇਸ਼ ਮਹਿਮਾਨ ਤਹਿਸੀਲਦਾਰ ਆਦਮਪੁਰ ਸ੍ਰੀਮਤੀ ਸੁਖਬੀਰ ਕੌਰ, ਆਦਮਪੁਰ ਦੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਆਦਿ ਹਾਜ਼ਰ ਸਨ। ਉਨ੍ਹਾਂ ਦੀ ਹੌਸਲਾ ਅਫਜਾਈ ਲਈ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਪਸਰੀਚਾ, ਡਾਇਰੈਕਟਰ ਜਗਮੋਹਨ ਅਰੋੜਾ, ਪ੍ਰਿੰਸੀਪਲ ਸ੍ਰੀਮਤੀ ਸਵਿੰਦਰ ਕੌਰ ਮੱਲ੍ਹੀ, ਪ੍ਰਿੰਸੀਪਲ ਸਿਟੀ ਕੈਂਪਸ ਸ੍ਰੀਮਤੀ ਪੂਜਾ ਠਾਕੁਰ, ਪ੍ਰਿੰਸੀਪਲ ਯੂਰੋ ਕਿਡਜ ਸ੍ਰੀਮਤੀ ਦੀਪਾ ਪਾਂਡੇ, ਮੁੱਖ ਅਕਾਦਮਿਕ ਸਲਾਹਕਾਰ ਸ੍ਰੀਮਤੀ ਸੁਸ਼ਮਾ ਵਰਮਾ, ਅਕਾਦਮਿਕ ਕੋਆਰਡੀਨੇਟਰ ਸ੍ਰੀਮਤੀ ਰੀਨਿਊ ਚਾਹਲ ਅਤੇ ਸਮੂਹ ਅਧਿਆਪਕ ਹਾਜ਼ਰ ਸਨ।

ਪ੍ਰੋਗਰਾਮ ਦੀ ਸੁਰੂਆਤ ਮਹਿਮਾਨਾਂ ਦੇ ਸਵਾਗਤ ਨਾਲ ਹੋਈ। ਸਭ ਤੋਂ ਪਹਿਲਾਂ ਬੱਚਿਆਂ ਨੇ ਮੈਚਿੰਗ ਸਟੈਪ 'ਚ ਮਾਰਚ ਪਾਸਟ ਕੀਤਾ ਅਤੇ ਮਹਿਮਾਨਾਂ ਨੂੰ ਸਲਾਮੀ ਦਿੱਤੀ। ਉਪਰੰਤ ਪ੍ਰਿੰਸੀਪਲ ਸਵਿੰਦਰ ਕੌਰ ਮੱਲੀ ਨੇ ਸਾਰੇ ਮਹਿਮਾਨਾਂ ਅਤੇ ਮਾਪਿਆਂ ਦਾ ਸਵਾਗਤ ਕੀਤਾ। ਉਨ੍ਹਾ ਨੇ ਕਿਹਾ ਕਿ ਸਪੋਰਟਸ ਸਾਨੂ ਜ਼ਿੰਦਗੀ ਜੀਣਾ ਸਿਖਾਂਦੀ ਹੈ ਤਾ ਇਸ ਨੂੰ ਇੰਜੋਯ ਕਰਨਾ ਹਾਰ ਇਕ ਲਈ ਜਰੂਰੀ ਹੈ। ਹੈੱਡਬੁਆਏ ਧਰੁਵ ਭਾਟੀਆ ਅਤੇ ਹੈੱਡਗਰਲ ਸ੍ਰਿਸਟੀ ਨੇ ਸਕੂਲ ਦੀ ਸਾਲਾਨਾ ਰਿਪੋਰਟ ਸਾਨਦਾਰ ਢੰਗ ਨਾਲ ਪੇਸ਼ ਕੀਤੀ। ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ ਨੇ ਬੱਚਿਆਂ ਦੀ ਮਿਹਨਤ ਅਤੇ ਲਗਨ ਦੀ ਪ੍ਰਸੰਸਾ ਕੀਤੀ। ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਲਈ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਖ-ਵੱਖ ਕਿਸਮਾਂ ਦੀਆਂ ਦੌੜਾਂ ਅਤੇ ਦੌੜਾਂ ਕਰਵਾਈਆਂ ਗਈਆਂ। ਜੇਤੂ ਬੱਚਿਆਂ ਅਤੇ ਘਰਾਂ ਨੂੰ ਟਰਾਫੀਆਂ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਆਪਣੇ ਬਿਆਨ ਵਿੱਚ ਮੁੱਖ ਮਹਿਮਾਨ ਨੇ ਬੱਚਿਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਅੰਤ ਵਿੱਚ ਡਾਇਰੈਕਟਰ ਜਗਮੋਹਨ ਅਰੋੜਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੰਪੀਰੀਅਲ ਸਕੂਲ ਬੱਚਿਆਂ ਦੇ ਉੱਜਵਲ ਭਵਿੱਖ ਲਈ ਇਸੇ ਤਰ੍ਹਾਂ ਕੰਮ ਕਰਦਾ ਰਹੇਗਾ। ਇਸ ਮੌਕੇ ਇੰਪੀਰੀਅਲ ਸਕੂਲ ਦੇ ਸਮੂਹ ਅਧਿਆਪਕ ਅਤੇ ਸਟਾਫ ਵਿਸੇਸ ਤੌਰ 'ਤੇ ਹਾਜਰ ਸੀ। ਇਸ ਪੂਰੇ ਖੇਡ ਦਿਵਸ ਦੌਰਾਨ ਬੱਚਿਆਂ ਨੇ ਅਨੁਸਾਸਨ, ਮਿਲਵਰਤਣ ਅਤੇ ਖੇਡ ਭਾਵਨਾ ਦੇ ਸਾਨਦਾਰ ਸਬਕ ਸਿੱਖੇ। ਖੇਡ ਦਿਵਸ ਦੀ ਸਫਲਤਾਪੂਰਵਕ ਸਮਾਪਤੀ ਰਾਸਟਰੀ ਗੀਤ ਨਾਲ ਕੀਤੀ ਗਈ। ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਦੇ ਬੱਚਿਆਂ ਲਈ ਇਹ ਯਕੀਨੀ ਤੌਰ 'ਤੇ ਯਾਦਗਾਰੀ ਦਿਨ ਸੀ।

## ਡੇਰਾ ਬਾਬਾ ਟਿੱਬੀ ਸਾਹਿਬ ਵਿਖੇ ਅੱਖਾਂ ਦਾ ਚੈੱਕਅਪ 'ਤੇ ਖ਼ੂਨਦਾਨ ਕੈਂਪ 11 ਨੂੰ

**ਕਾਠਗੜ੍ਹ( ਸੁਭਾਸ਼ ਭਾਟੀਆ )** ਹਲਕੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਡੇਰਾ ਬਾਬਾ ਟਿੱਬੀ ਸਾਹਿਬ ਕਾਠਗੜ੍ਹ ਵਿਖੇ ਅੱਖਾਂ ਦਾ ਮੁਫਤ ਚੈੱਕਅਪ ਅਤੇ ਖੂਨਦਾਨ ਕੈਂਪ 11 ਜਨਵਰੀ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਬਾਬਾ ਸੱਖੀ ਰਾਮ ਜੀ ਨੇ ਦੱਸਿਆ ਕਿ ਇਸ ਅਸਥਾਨ ਦੇ ਮੁੱਖ ਸੇਵਾਦਾਰ ਸਾਈਂ ਕਾਲੇ ਸਾਹ ਜੀ ਦੇ ਜਨਮ ਦਿਨ ਮੌਕੇ 11 ਜਨਵਰੀ ਵੀਰਵਾਰ ਨੂੰ ਲਗਾਏ ਜਾ ਰਹੇ ਅੱਖਾਂ ਦੇ ਚੈਕਅਪ ਅਤੇ ਖੂਨਦਾਨ ਕੈਂਪ ਦੌਰਾਨ ਸੁਨੀਤਾ ਹਸਪਤਾਲ ਬਲਾਚੌਰ ਵੱਲੋਂ ਅੱਖਾਂ ਦੇ ਮਰੀਜਾਂ ਦਾ ਚੈਕਅੱਪ ਕਰਕੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਮੁਫਤ ਵੰਡੀਆਂ ਜਾਣਗੀਆਂ ਜਦ ਕਿ ਖੂਨਦਾਨ ਕੈਂਪ ਵਿੱਚ ਸੰਤ ਗੁਰਮੇਲ ਸਿੰਘ ਬਲੱਡ ਬੈਂਕ ਗੜ੍ਹੀ ਕਾਨੂੰਗੋ ਦੀ ਟੀਮ ਵੱਲੋਂ ਖੂਨ ਇਕੱਤਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਕੈਂਪ ਦੌਰਾਨ 2 ਵਜੇ ਤੋਂ ਸ਼ਾਮ 4 ਵਜੇ ਤੱਕ ਸੂਫੀ ਕਲਾਕਾਰ ਸਰਦਾਰ ਅਲੀ ਸੂਫੀ ਮਹਿਫਲ ਦੁਆਰਾ ਪ੍ਰਮਾਤਮਾ ਦੀ ਮਹਿਮਾ ਦਾ ਗੁਣਗਾਨ ਕਰਨਗੇ।

## ਕੋਟਪਾ ਐਕਟ 2003 ਤਹਿਤ ਆਮ ਲੋਕਾਂ ਤੇ ਦੁਕਾਨਦਾਰਾਂ ਨੂੰ ਕੀਤਾ ਜਾਗਰੂਕ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਡਾ. ਮਨੂੰ ਵਿਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਪੀ. ਐਚ. ਸੀ ਕੀਰਤਪੁਰ ਸਾਹਿਬ ਦੇ ਏਰੀਏ ਵਿੱਚ ਸਿਹਤ ਕਰਮਚਾਰੀਆਂ ਵਲੋਂ ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੇ ਲੋਕਾਂ ਨੂੰ ਤੰਬਾਕੂ ਪਦਾਰਥਾਂ ਦੀ ਵਰਤੋਂ ਨਾ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਉਲੰਘਣਾ ਕਰਨ ਵਾਲ਼ਿਆਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ।

ਇਸੇ ਲੜੀ ਤਹਿਤ ਸੈਕਟਰ-2 ਦੀ ਟੀਮ ਵਲੋਂ ਹੈਲਥ ਇੰਸਪੈਕਟਰ ਬਲਵੰਤ ਰਾਏ, ਨਰੇਸ਼ ਕੁਮਾਰ, ਭੁਪਿੰਦਰ ਸਿੰਘ, ਅਸ਼ੋਕ ਕੁਮਾਰ ਦੀ ਟੀਮ ਨੇ ਬੱਸ ਸਟੈਂਡ ਮਜਾਰਾ ਅਤੇ ਅਗੰਮਪੁਰ ਦਾ ਦੌਰਾ ਕੀਤਾ ਅਤੇ ਦੁਕਾਨਦਾਰਾਂ ਨੂੰ ਕੋਟਪਾ ਐਕਟ ਸਬੰਧੀ ਨਿਯਮਾਂ ਤੋਂ ਜਾਣੂ ਕਰਵਾਇਆ ਗਿਆ। ਬਲਵੰਤ ਰਾਏ ਨੇ ਇਸ ਮੌਕੇ ਆਮ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸਾਨੂੰ ਨਰੋਏ ਸਮਾਜ ਦੀ ਸਿਰਜਣਾ ਕਰਨ ਲਈ ਸਰਕਾਰਾਂ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਕਿਸੀ ਵੀ ਤਰ੍ਹਾਂ ਦੇ ਨਸ਼ੇ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਜਿੱਥੇ ਵੱਖ-ਵੱਖ ਤਰ੍ਹਾਂ ਦੇ ਨਸ਼ੇ ਮਨੁੱਖੀ ਸ਼ਰੀਰ ਨੂੰ ਖੋਖਲਾ ਕਰਦੇ ਹਨ ਉੱਥੇ ਹੀ ਪਰਵਾਰ ਦੀ ਸੁੱਖ-ਸ਼ਾਂਤੀ ਨੂੰ ਵੀ ਭੰਗ ਕਰਦੇ ਹਨ। ਨਸ਼ੇ ਵਿੱਚ ਫਸਿਆ ਵਿਅਕਤੀ ਨਸ਼ੇ ਦੀ ਪੂਰਤੀ ਲਈ ਕਈ ਵਾਰੀ ਚੋਰੀ ਵੀ ਕਰਦਾ ਹੈ ਅਤੇ ਹਿੰਸਾ ਦੇ ਰਸਤੇ ਨੂੰ ਵੀ ਅਖ਼ਤਿਆਰ ਕਰ ਲੈਂਦਾ ਹੈ। ਉਹਨਾਂ ਦੱਸਿਆ ਕਿ ਜਿਨ੍ਹਾਂ ਦੁਕਾਨਾਂ ਦੇ ਬਾਹਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਵੇਚਣਾ ਕਨੂੰਨੀ ਅਪਰਾਧ ਹੈ ਦੇ ਬੋਰਡ ਨਹੀਂ ਲੱਗੇ ਹੋਏ ਸਨ ਉੱਥੇ ਮੌਕੇ 'ਤੇ ਹੀ ਲਿਖ ਕੇ ਲਗਵਾਇਆ ਗਿਆ।

## ਸਤਨਾਮ ਜਲਾਲਪੁਰ ਨੇ ਚੁੱਕੇ ਲਿਫਟ ਇਰੀਗੇਸ਼ਨ ਤੇ ਡੈਮ ਸਫ਼ਾਈ ਦੇ ਮੁੱਦੇ

**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸਿੰਚਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਾਲ ਮੀਟਿੰਗ ਵਿਚ ਸਤਨਾਮ ਜਲਾਲਪੁਰ,ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ, ਸ਼ਹੀਦ ਭਗਤ ਸਿੰਘ ਨਗਰ ਨੇ ਬਲਾਚੌਰ ਦੇ ਸਿੰਚਾਈ ਨਾਲ ਸੰਬੰਧਤ ਅਹਿਮ ਮੁੱਦੇ ਚੁੱਕੇ। ਇਸ ਮੀਟਿੰਗ ਵਿਚ ਡਿਪਟੀ ਸਪੀਕਰ ਜੈ ਸਿੰਘ ਰੌੜੀ, ਐਮ ਐਲ ਏ, ਪਲੈਨਿੰਗ ਕਮੇਟੀਆਂ ਦੇ ਚੇਅਰਮੈਨ, ਐਸ ਸੀ, ਐਕਸੀਅਨ, ਐਸ ਡੀ ਉਜ ਅਤੇ ਹੋਰ ਸੰਬੰਧਤ ਕਰਮਚਾਰੀਆਂ ਨੇ ਵੀ ਭਾਗ ਲਿਆ। ਇਸ ਵਿਚ ਸਿੰਚਾਈ ਨਾਲ ਸੰਬੰਧਤ ਮਾਮਲਿਆ 'ਤੇ ਵਿਸਥਾਰ ਨਾਲ ਚਰਚਾ ਹੋਈ। ਸਤਨਾਮ ਜਲਾਲਪੁਰ ਨੇ ਕਿਹਾ ਕਿ ਰੋਪੜ ਤੋਂ ਬਲਾਚੌਰ ਤਕ ਰਾਸ਼ਟਰੀ ਮਾਰਗ ਦੇ ਨਾਲ ਨਾਲ ਬਿਸਤ ਦੋਆਬ ਨਹਿਰ ਜਾਂਦੀ ਹੈ ਪਰ ਇਸਦਾ ਪਾਣੀ ਸਿਰਫ ਖੱਬੇ ਪਾਸੇ ਦਰਿਆ ਵਾਲੀ ਸਾਈਡ ਹੀ ਲਗਦਾ ਹੈ ਜਦੋਂ ਕਿ ਸੱਜੇ ਪਾਸੇ ਵਾਲੀ ਜਮੀਨ ਵਿਚ ਨਾਂ ਹੀ ਇਸ ਨਹਿਰ ਦਾ ਪਾਣੀ ਲਗਦਾ ਹੈ ਅਤੇ ਨਾ ਕੰਢੀ ਨਹਿਰ ਦਾ ਪਾਣੀ ਪਹੁੰਚਦਾ ਹੈ। ਜਿਸ ਨਾਲ ਖਾਸ ਤੌਰ 'ਤੇ ਛੋਟੇ ਕਿਸਾਨਾਂ ਦੀਆਂ ਜਮੀਨਾਂ ਨੂੰ ਸਿੰਚਾਈ ਲਈ ਕੋਈ ਸਾਧਨ ਨਹੀਂ ਹੈ। ਇਸ ਲਈ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਲੈ ਕੇ ਰਾਸ਼ਟਰੀ ਮਾਰਗ ਤਕ ਦੀ ਜਮੀਨ ਨੂੰ ਪਾਣੀ ਲਿਫਟ ਇਰੀਗੇਸ਼ਨ ਰਾਹੀਂ (ਚਾਹੇ ਉਹ ਬਿਸਤ ਦੁਆਬ ਤੋਂ ਹੋਵੇ ਜਾਂ ਸਤਲੁਜ ਦਰਿਆ ਤੋਂ ਚੁੱਕ ਕੇ) ਦਿੱਤਾ ਜਾਵੇ। ਉਨਾਂ ਕਿਹਾ ਕਿ ਬਲਾਚੌਰ ਦੀ ਸ਼ਿਵਾਲਿਕ ਪਹਾੜੀ ਵਿਚ ਕਈ ਛੋਟੇ ਡੈਮ ਬਣਾਏ ਗਏ ਸੀ ਜੋ ਮਿੱਟੀ ਨਾਲ ਭਰ ਚੁੱਕੇ ਹਨ। ਇਨਾਂ ਦੀ ਮਿੱਟੀ ਕਢਵਾਈ ਜਾਵੇ ਤਾਂ ਜੋ ਬਰਸਾਤ ਸਮੇਂ ਹੜ੍ਹਾਂ ਤੋਂ ਬਚਿਆ ਵੀ ਜਾ ਸਕੇ ਅਤੇ ਇਸਦੇ ਪਾਣੀ ਨਾਲ ਬਰਸਾਤ ਤੋਂ ਬਾਅਦ ਸਿੰਚਾਈ ਵੀ ਹੋ ਸਕੇ। ਸਭ ਨੇ ਮੰਤਰੀ ਦੀ ਇਸ ਨਵੇਕਲੀ ਪਹਿਲ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਨ੍ਹਾਂ ਮੁਸ਼ਕਲਾਂ ਦੇ ਹਲ ਲਈ ਮਹਿਕਮੇ ਵਲੋਂ ਜਲਦੀ ਹੀ ਕਦਮ ਪੁੱਟੇ ਜਾਣਗੇ।

ਨਵਾਂ ਜ਼ਮਾਨਾ (ਜਲੰਧਰ) ਐਤਵਾਰ, 7 ਜਨਵਰੀ 2024 8

# ਨਵੇਂ ਵਰ੍ਹੇ ਦੀ ਆਮਦ ਤੇ ਅੱਡਾ ਸਰਾਂ ਤੋਂ ਵਿਸ਼ੇਸ਼ ਸਪਲੀਮੈਂਟ





















## ਬੁਨਿਆਦੀ ਸਹੂਲਤਾਂ ਤੋਂ ਸੱਖਣਾ ਅੱਡਾ ਸਰਾਂ

**ਅੱਡਾ ਸਰਾਂ (ਜਸਵੀਰ ਕਾਜਲ)**-ਟਾਂਡਾ - ਹੁਸ਼ਿਆਰਪੁਰ ਰੋਡ 'ਤੇ ਸਥਿਤ ਪਿੰਡ ਕੰਧਾਲਾ ਜੱਟਾਂ ਦਾ ਅੱਡਾ ਸਰਾਂ ਸਰਕਾਰੀ ਸਹੂਲਤਾਂ ਤੋਂ ਸੱਖਣਾ ਹੈ। ਇਹ ਅੱਡਾ ਸਰਾਂ ਇਲਾਕੇ ਦਾ ਮਸ਼ਹੂਰ ਅੱਡਾ ਹੈ ਜਿੱਥੇ ਕਿ ਹਰ ਤਰ੍ਹਾਂ ਦੇ ਘਰੇਲੂ ਸਮਾਨ ਆਦਿ ਖਰੀਦਣ ਲਈ ਆਸ ਪਾਸ ਦੇ ਪਿੰਡਾਂ ਦੇ ਲੋਕ ਆਉਂਦੇ ਰਹਿੰਦੇ ਹਨ। ਇਸ ਅੱਡਾ ਸਰਾਂ 'ਤੇ ਇੱਕ ਸਰਕਾਰੀ ਵੈਟਰਨਰੀ ਹਸਪਤਾਲ, ਪੰਜਾਬ ਨੈਸ਼ਨਲ ਬੈਂਕ ਅਤੇ ਹੋਰ ਪ੍ਰਾਈਵੇਟ ਐਚ. ਡੀ.ਐਫ ਸੀ ਬੈਂਕ ਹੈ,ਦੋ ਪਟਰੋਲ ਪੰਪ ਅਤੇ ਵਿੱਦਿਅਕ ਅਦਾਰੇ ਵੀ ਹਨ। ਬਿਜਲੀ ਘਰ, ਦਾਣਾ ਮੰਡੀ ਆਦਿ ਪੇਂਡੂ ਲੋਕਾਂ ਵਾਸਤੇ ਸਹੂਲਤਾਂ ਲਈ ਰੋਜ਼ਾਨਾ ਆਉਣਾ ਜਾਣਾ ਲੱਗਾ ਰਹਿੰਦਾ ਹੈ। ਇਹ ਅੱਡਾ ਇਲਾਕੇ ਦੇ ਲੋਕਾਂ ਨੂੰ ਸਹੂਲਤਾਂ ਵਾਸਤੇ ਵਰਦਾਨ ਸਿੱਧ ਹੋ ਰਿਹਾ ਹੈ । ਪਰ ਦੂਸਰੇ ਪਾਸੇ ਇਸ ਅੱਡਾ ਸਰਾਂ ਵਲ ਝਾਤੀ ਮਾਰੀਏ ਤਾਂ ਇਹ ਅਜੇ ਵੀ ਬਹੁਤ ਸਾਰੀਆਂ ਸਹੂਲਤਾਂ ਤੋਂ ਸੱਖਣਾ ਹੈ।



ਇਸ ਅੱਡੇ ਵਿੱਚ ਸਟਰੀਟ ਲਾਈਟਾਂ ਵੀ ਨਹੀਂ ਲੱਗੀਆ। ਬਸ ਅੱਡਾ, ਨਾ ਕੋਈ ਬਾਥਰੂਮ, ਨਾ ਹੀ ਕੋਈ ਸਰਕਾਰੀ ਸਿਹਤ ਸੇਵਾਵਾਂ ਵਾਸਤੇ ਹਸਪਤਾਲ ਹੈ, ਆਦਿ ਅਨੇਕਾਂ ਸਹੂਲਤਾਂ ਤੋਂ ਵਾਂਝਾਂ ਹੈ।ਜੇਕਰ ਰੱਬ ਨਾ ਕਰੇ ਕੋਈ ਦੁਰਘਟਨਾ, ਐਕਸੀਡੈਂਟ ਵਗੈਰਾ ਹੋ ਜਾਵੇ ਤਾਂ ਟਾਂਡਾ ਸਰਕਾਰੀ ਹਸਪਤਾਲ ਵਿਚ ਜਾਂ ਹੁਸ਼ਿਆਰਪੁਰ ਵਿਖੇ ਹੀ ਮਰੀਜ਼ ਨੂੰ ਲਿਜਾਣਾ ਪੈਂਦਾ ਹੈ ਅਤੇ ਬਰਸਾਤ ਦੇ ਦਿਨਾਂ ਵਿੱਚ ਪਾਣੀ ਦਾ ਕੋਈ ਨਿਕਾਸ ਨਾ ਹੋਣ ਕਾਰਨ ਪਾਣੀ ਦੁਕਾਨਾਂ ਅੱਗੇ ਘੁੰਮਦਾ ਦੇਖਣ ਨੂੰ ਮਿਲਦਾ ਹੈ। ਇਹ ਅੱਡਾ ਸਰਾਂ ਇਲਾਕੇ ਦਾ ਇਕ ਅਹਿਮ ਅੱਡਾ ਹੈ ਅਤੇ ਇੱਥੇ ਵੈਟਰਨਰੀ ਹਸਪਤਾਲ ਆਪਣੀ ਮੁਰੰਮਤ ਨੂੰ ਤਰਸ ਰਿਹਾ ਹੈ ਇਲਾਕੇ ਦੇ ਲੋਕਾਂ ਦੀ ਸਰਕਾਰ ਤੋਂ ਮੰਗ ਹੈ ਇਸ ਅੱਡਾ ਸਰਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਸਮਿੱਸਆਵਾਂ ਤੋਂ ਨਿਯਾਤ ਮਿਲੇ।

## ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ : ਧਾਲੀਵਾਲ

**ਜਲੰਧਰ (ਕੇਸਰ)**—ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਦੇਸ਼ੀ ਵੱਸਦੇ ਪੰਜਾਬੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਤਨਬੱਧ ਹੈ । ਇੱਥੇ ਐਨ ਆਰ ਆਈ ਸਭਾ ਪੰਜਾਬ ਦੀ ਚੋਣ ਪਿੱਛੋਂ ਸਭਾ ਦੀ ਪਹਿਲੀ ਮਹਿਲਾ ਪ੍ਰਧਾਨ ਚੁਣੇ ਮੌਕੇ ਪਰਮਿੰਦਰ ਕੌਰ ਬੰਗਾ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਭਾ ਦੀ ਸਰਗਰਮੀ ਨਾਲ ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਨੂੰ ਦਰਪੇਸ਼ ਮਾਮਲਿਆਂ ਨੂੰ ਹੋਰ ਪੁਖਤਗੀ ਨਾਲ ਹੱਲ ਕਰ ਸਕੇਗੀ । ਉਨਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਦੀਆਂ ਪੰਜਾਬ ਨਾਲ ਸਬੰਧਿਤ ਸਮੱਸਿਆਵਾਂ ਦੇ ਹੱਲ ਲਈ 3 ਫਰਵਰੀ ਤੋਂ ਐਨ ਆਰ ਆਈ ਮਿਲਣੀਆਂ ਕਰਵਾਉਣ ਜਾ ਰਹੀ ਹੈ । ਇਸ ਤਹਿਤ ਪਹਿਲੀ ਮਿਲਣੀ ਪਠਾਨਕੋਟ ਵਿਖੇ ਹੋਵੇਗੀ । ਪੰਜਾਬ ਸਰਕਾਰ ਵੱਲੋਂ ਅਜਿਹੀਆਂ ਕੁੱਲ 6 ਮਿਲਣੀਆਂ ਕਰਵਾਈਆਂ ਜਾਣਗੀਆਂ ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ ਉੱਪਰ ਹੱਲ ਕੀਤਾ ਜਾਵੇਗਾ । ਉਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਪਿਛਲੀ ਐਨ ਆਰ ਆਈ ਮਿਲਣੀ ਦੌਰਾਨ 605 ਸ਼ਿਕਾਇਤਾਂ ਮਿਲੀਆਂ ਸਨ ਜਿਸ ਵਿੱਚੋਂ 595 ਦਾ ਹੱਲ ਕੀਤਾ ਜਾ ਚੁੱਕਾ ਹੈ । ਇੱਥੇ ਐਨ ਆਰ ਆਈ ਸਭਾ ਲਈ ਹੋਈ ਚੋਣ ਵਿੱਚ ਉਮੀਦਵਾਰ ਪਰਮਿੰਦਰ ਕੌਰ ਬੰਗਾ ਨੂੰ 147 ਵੋਟਾਂ ਮਿਲੀਆਂ ਜਦਕਿ ਜਸਵੀਰ ਸਿੰਘ ਗਿੱਲ ਨੂੰ 14 ਵੋਟਾਂ ਮਿਲੀਆਂ ਤੇ 7 ਵੋਟਾਂ ਰੱਦ ਹੋਈਆਂ । ਇਸ ਮੌਕੇ ਸੰਸਦ ਮੈਂਬਰ ਸ਼ੁਸ਼ੀਲ ਕੁਮਾਰ ਰਿੰਕੂ , ਵਿਧਾਇਕਾ ਇੰਦਰਜੀਤ ਕੌਰ ਮਾਨ , ਆਪ ਆਗੂ ਦੀਪਕ ਬਾਲੀ , ਵਧੀਕ ਡਿਪਟੀ ਕਮਿਸ਼ਨਰ ਜਨਰਲ ਅਮਿਤ ਮਹਾਜਨ , ਐਸ ਡੀ ਐਮ ਬਲਬੀਰ ਰਾਜ ਤੇ ਹੋਰ ਹਾਜ਼ਰ ਸਨ ।



## ਐੱਲ ਪੀ ਯੂ ਦੇ ਸਰੀਰਕ ਸਿੱਖਿਆ ਦਾ ਵਿਦਿਆਰਥੀ ਪੈਰਿਸ ਓਲੰਪਿਕ ਖੇਡਾਂ ਦੇ ਪ੍ਰਸਾਰਨ ਅਮਲੇ 'ਚ ਸ਼ਾਮਲ



**ਜਲੰਧਰ( ਸ਼ੈਲੀ ਐਲਬਰਟ)**:- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਰੀਰਕ ਸਿੱਖਿਆ ਦੇ ਸਾਬਕਾ ਵਿਦਿਆਰਥੀ ਅਭਿਨੰਦ ਨੇ ਪੈਰਿਸ ਓਲੰਪਿਕ ਖੇਡਾਂ- 2024 ਲਈ ਪ੍ਰਸਾਰਣ ਟੀਮ ਵਿੱਚ ਕੰਮ ਕਰਨ ਲਈ ਚੁਣੇ ਜਾਣ ਨਾਲ ਇੱਕ ਸ਼ਾਨਦਾਰ ਮੀਲ ਪੱਥਰ ਹਾਸਲ ਕੀਤਾ ਹੈ। ਉਹ ਕੇਰਲ ਦਾ ਰਹਿਣ ਵਾਲਾ ਅਤੇ ਬੀ ਐਸ ਸੀ ਸਿਹਤ ਅਤੇ ਸਰੀਰਕ ਸਿੱਖਿਆ ਵਿੱਚ 2018-21 ਬੈਚ ਦਾ ਸਟੂਡੈਂਟ ਰਿਹਾ ਹੈ । ਇਸ ਵੇਲੇ ਅਭਿਨੰਦ ਪੈਰਿਸ ਦੇ ਅਮਰੀਕਨ ਬਿਜ਼ਨਸ ਸਕੂਲ ਵਿੱਚ ਖੇਡ ਪ੍ਰਬੰਧਨ ਵਿੱਚ ਆਪਣੀ ਸਿੱਖਿਆ ਨੂੰ ਅੱਗੇ ਵਧਾ ਰਿਹਾ ਹੈ।।

ਇਸ ਖੇਤਰ ਵਿੱਚ ਆਪਣੇ ਹੁਨਰ ਨੂੰ ਵਧਾਉਣ ਲਈ, ਅਭਿਨੰਦ ਨੇ ਮੈਡ੍ਰਿਡ ਵਿੱਚ ਓਲੰਪਿਕ ਪ੍ਰਸਾਰਣ ਸੇਵਾਵਾਂ ਤੋਂ ਪ੍ਰਸਾਰਣ ਸਿਖਲਾਈ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕੀਤਾ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਓਲੰਪਿਕ ਖੇਡਾਂ ਦੇ ਪ੍ਰਸਾਰਣ ਦੀਆਂ ਪੇਚੀਦਗੀਆਂ ਬਾਰੇ ਅਨੁਭਵ ਅਤੇ ਸਮਝ ਨਾਲ ਲੈਸ ਕਰਦਾ ਹੈ। ਉਹ ਵਰਤਮਾਨ ਵਿੱਚ ਪੈਰਿਸ ਵਿੱਚ ਹੈ, ਵੱਕਾਰੀ ਸਮਾਗਮ ਦੌਰਾਨ ਉਦਯੋਗ ਦੇ ਪੇਸ਼ੇਵਰਾਂ ਦੇ ਨਾਲ-ਨਾਲ ਪਰਦੇ ਦੇ ਪਿੱਛੇ ਯੋਗਦਾਨ ਪਾਉਣ ਦੀ ਤਿਆਰੀ ਕਰ ਰਿਹਾ ਹੈ।।

ਬੀਟੀਪੀ ਸੰਪਰਕ ਅਫਸਰ , ਮਨੁੱਖੀ ਸਰੋਤ ਅਤੇ ਕਰੂਇੰਗ (ਓ.ਬੀ.ਐਸ.), ਮਿਸ ਮੈਗਨੈਕ ਨੇ ਅਭਿਨੰਦ ਨੂੰ ਇੱਕ ਚੋਣ ਪੱਤਰ ਭੇਜਿਆ ਹੈ । ਉਸਨੂੰ ਖੇਡਾਂ ਦੇ ਕਾਰਜਕ੍ਰਮ ਦੌਰਾਨ ਲਗਭਗ 10,000 ਰੁਪਏ (100+ ਯੂਰੋ) ਪ੍ਰਤੀ ਦਿਨ ਪ੍ਰਾਪਤ ਹੋਣਗੇ। ਐਲਪੀਯੂ ਦੀ ਪ੍ਰੋ ਚਾਂਸਲਰ, ਸ਼੍ਰੀਮਤੀ ਰਸ਼ਮੀ ਮਿੱਤਲ, ਨੇ ਅਭਿਨੰਦ ਨੂੰ ਉਸਦੀ ਉਪਲਬਧੀ ਤੇ ਵਧਾਈ ਦਿੱਤੀ ਅਤੇ ਉਸਨੂੰ ਖੇਡਾਂ ਦੀ ਦੁਨੀਆ ਵਿੱਚ ਮਾਨਤਾ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।ਅਭਿਨੰਦ, ਜੋ ਕੋਜ਼ੀਕੋਡ ਜ਼ਿਲ੍ਹੇ (ਕੇਰਲਾ) ਦੇ ਛੋਟੇ ਜਿਹੇ ਪਿੰਡ ਪਯੋਲੀ ਦਾ ਰਹਿਣ ਵਾਲਾ ਹੈ, ਨੇ ਪ੍ਰਸਿੱਧ ਭਾਰਤੀ ਅਥਲੀਟ ਪੀ.ਟੀ. ਊਸ਼ਾ ਤੋਂ ਪ੍ਰੇਰਨਾ ਲਈ, ਜੋ ਉਸਦੀ ਗੁਆਂਢੀ ਹੈ। ਉਸਦੀਆਂ ਬਚਪਨ ਦੀਆਂ ਇੱਛਾਵਾਂ ਨੇ ਐਲਪੀਯੂ ਵਿੱਚ ਉਡਾਣ ਭਰੀ, ਜਿੱਥੇ ਉਸਨੇ ਖੇਡ ਉਦਯੋਗ ਅਤੇ ਵੱਖ-ਵੱਖ ਮੌਕਿਆਂ ਬਾਰੇ ਵਿਆਪਕ ਗਿਆਨ ਪ੍ਰਾਪਤ ਕੀਤਾ ।ਅਭਿਨੰਦ ਨੇ ਖੇਡਾਂ ਲਈ ਆਪਣੇ ਜਨੂੰਨ ਨੂੰ ਵਧਾਉਣ ਲਈ ਐਲਪੀਯੂ ਅਤੇ ਉਸਦੇ ਅਧਿਆਪਕਾਂ ਦਾ ਧੰਨਵਾਦ ਪ੍ਰਗਟ ਕੀਤਾ। ਉਸਦਾ ਹੁਣ ਸੁਪਨਾ ਰੀਅਲ ਮੈਡ੍ਰਿਡ (ਬਾਰਸੀਲੋਨਾ) ਜਾਂ ਮਾਨਚੈਸਟਰ ਯੂਨਾਈਟਿਡ ਵਰਗੀ ਸਪੋਰਟਸ ਕਲੱਬ ਟੀਮ ਦਾ ਹਿੱਸਾ ਬਣਨਾ ਹੈ। ਇੱਕ ਛੋਟੇ ਜਿਹੇ ਪਿੰਡ ਤੋਂ ਪੈਰਿਸ ਓਲੰਪਿਕ ਖੇਡਾਂ ਦੇ ਗਲੋਬਲ ਪੜਾਅ ਤੱਕ ਉਸਦੀ ਯਾਤਰਾ ਉਸ ਸੰਭਾਵਨਾ ਦੀ ਉਦਾਹਰਣ ਦਿੰਦੀ ਹੈ ਕਿ ਸਿੱਖਿਆ ਅਤੇ ਦ੍ਰਿੜਤਾ ਇੱਕ ਵਿਅਕਤੀ ਨੂੰ ਅਗਾਂਹ ਵਧਾ ਸਕਦੀ ਹੈ। ਐਲਪੀਯੂ ਵਿਖੇ ਸਿਹਤ ਅਤੇ ਸਰੀਰਕ ਸਿੱਖਿਆ ਵਿੱਚ ਬੈਚਲਰ ਆਫ਼ ਸਾਇੰਸ ਇੱਕ 3 ਸਾਲਾਂ ਦਾ ਡਿਗਰੀ ਪ੍ਰੋਗਰਾਮ ਹੈ ਜੋ ਵਿਦਿਆਰਥੀਆਂ ਨੂੰ ਖੇਡ ਵਿਗਿਆਨ ਅਤੇ ਸਰੀਰਕ ਸਿੱਖਿਆ ਦੇ ਉੱਭਰ ਰਹੇ ਖੇਤਰ ਲਈ ਤਿਆਰ ਕਰਦਾ ਹੈ। ਇਹ ਵਿਦਿਆਰਥੀਆਂ ਨੂੰ ਸਿਹਤ, ਯੋਗਾ ਅਤੇ ਫਿਟਨੈਸ ਇੰਸਟ੍ਰਕਟਰ, ਫਿਟਨੈਸ ਸਲਾਹਕਾਰ, ਖੇਡ ਸੁਵਿਧਾ ਯੋਜਨਾਕਾਰ ਅਤੇ ਅਭਿਨੰਦ ਦੁਆਰਾ ਸ਼ਾਮਲ ਕੀਤੇ ਗਏ ਸਹਾਇਕ ਪ੍ਰੋਗਰਾਮਾਂ ਦੇ ਰੂਪ ਵਿੱਚ ਕਰੀਅਰ ਸ਼ੁਰੂ ਕਰਨ ਲਈ ਵੀ ਤਿਆਰ ਕਰਦਾ ਹੈ। ।

## ਬਿਰਧ ਆਸ਼ਰਮ ਲਈ ਪ੍ਰਵਾਸੀ ਪੰਜਾਬੀ ਵੱਲੋਂ ਵਿੱਤੀ ਮਦਦ ਭੇਟ

**ਅੱਡਾ ਸਰਾਂ (ਕਾਜਲ)**- ਪ੍ਰਵਾਸੀ ਪੰਜਾਬੀ ਦਾਨੀ ਜਵਾਹਰ ਸਿੰਘ ਪੱਡਾ ਕਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਚ ਬੇਸਹਾਰਿਆਂ ਲਈ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਚ ਹੋਏ ਸਮਾਗਮ ਦੌਰਾਨ ਪਰਵਾਸੀ ਪੰਜਾਬੀ ਦਾਨੀ ਵੱਲੋਂ ਭੇਜੀ ਗਈ ਵਿੱਤੀ ਮਦਦ ਪ੍ਰਬੰਧਕਾਂ ਨੂੰ ਭੇਟ ਕੀਤੀ ਗਈ । ਆਸ਼ਰਮ ਵਿਚ ਰਹਿੰਦੇ ਮੈਂਬਰਾਂ ਦੀ ਸੇਵਾ ਸੰਭਾਲ ਲਈ ਇਟਲੀ ਤੋਂ ਆਏ ਸਰਬਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਬਸੀ ਜਲਾਲ ਨੇ ਵਿੱਤੀ ਮਦਦ ਭੇਟ ਕੀਤੀ । ਇਸ ਮੌਕੇ ਪ੍ਰਬੰਧਕ ਸੇਵਾਦਾਰ ਹਰਵਿੰਦਰ ਸਿੰਘ ਬਸੀ ਜਲਾਲ ਆਸ਼ਰਮ ਦੇ ਸੇਵਾ ਮਿਸ਼ਨ ਵਿਚ ਲਗਾਤਾਰ ਮਦਦ ਕਰਨ ਵਾਲੇ ਪਰਵਾਰ ਦੇ ਮੈਂਬਰਾਂ ਨੂੰ ਸਨਮਾਨਿਤ ਕਰਦੇ ਹੋਏ ਆਸ਼ਰਮ ਵਿਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਦੱਸਿਆ ਅਤੇ ਆਖਿਆ ਇਸ ਸਮਾਜ ਸੇਵੀ ਮਿਸ਼ਨ ਵਿਚ ਪ੍ਰਵਾਸੀ ਪੰਜਾਬੀ ਆਪਣਾ ਅਹਿਮ ਯੋਗਦਾਨ ਦੇ ਰਹੇ ਹਨ ।ਇਸ ਮੌਕੇ ਕਸ਼ਮੀਰ ਸਿੰਘ,ਰੁਪਿੰਦਰ ਕੌਰ,ਹਰਪਾਲ ਕੌਰ , ਪੂਰਨ ਸਿੰਘ, ਭੋਲੂ, ਵਿਨੋਦ ਕੁਮਾਰ, ਆਤਮਾ ਰਾਮ, ਬਿੱਲਾ, ਮਨੋਹਰ ਸਿੰਘ, ਰਮੇਸ਼ ਕੁਮਾਰ, ਗੁਰਦੀਪ ਸਿੰਘ, ਮਨੋਹਰ ਲਾਲ, ਦੀਪਕ ਕੁਮਾਰ, ਲਾਡੀ, ਮੁਖਤਿਆਰ ਸਿੰਘ, ਅਵਤਾਰ ਕੌਰ, ਸੋਨੀਆ, ਸਪਨਾ, ਮਾਲਾ, ਬਲਜੀਤ ਕੌਰ, ਹਰਜਿੰਦਰ ਕੌਰ, ਰਾਣੀ, ਮਹਿੰਦਰ ਕੌਰ, ਲਕਸ਼ਮੀ,ਬਿਜਲੀ,ਊਸ਼ਾ ਰਾਣੀ ਆਦਿ ਹਾਜ਼ਰ ਸਨ।





ਕੁਮਾਰ ਅਨੁਪਮ ਦੀ 'ਸ਼੍ਰਾਵਸਤੀ' ਲੰਮੀ ਕਵਿਤਾ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

ਭਾਈ ਤਾਂ ਹੁੰਦੀਆਂ ਨੇ ਬਾਹਾਂ,
ਬੇ-ਵਜ੍ਹਾ ਨਾ ਕਤਲ ਕਰ
ਜੇ ਪਿਆ ਮਿਲਣਾ ਮਿਲੇਂਗਾ,
ਕਿਰਚੀਆਂ ਬਾਹਾਂ ਦੇ ਨਾਲ।

-ਡਾ. ਜਗਤਾਰ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 7 ਜਨਵਰੀ 2024
www.nawanzamana.in
ਕੀਮਤ 5.00 ਰੁਪਏ

# ਨੈਤਿਕ ਪੱਖੋਂ ਦਿਸ਼ਾਹੀਣ ਹੋਇਆ ਸਾਡਾ ਮੁਲਕ

## ਅਰੁੰਧਤੀ ਰਾਏ

(ਇਹ ਲਿਖਤ 13 ਦਸੰਬਰ 2023 ਨੂੰ ਤਿਰੂਵਨੰਤਪੁਰਮ 'ਚ ਆਯੋਜਿਤ ਪੀ. ਗੋਵਿੰਦਾ ਪਿਲੇ ਪੁਰਸਕਾਰ ਸਮਾਰੋਹ ਵਿਚ ਅਰੁੰਧਤੀ ਰਾਏ ਵੱਲੋਂ ਸਨਮਾਨ ਲੈਂਦੇ ਵਕਤ ਦਿੱਤਾ ਗਿਆ ਭਾਸ਼ਣ ਹੈ।)



ਮੈਨੂੰ ਪੀ. ਗੋਵਿੰਦਾ ਪਿਲੇ ਦੇ ਨਾਂਅ 'ਤੇ ਇਹ ਸਨਮਾਨ ਦੇਣ ਲਈ ਧੰਨਵਾਦ, ਜੋ ਕੇਰਲਾ ਤੋਂ ਮਾਰਕਸਵਾਦੀ ਸਿਧਾਂਤ ਦੇ ਸਭ ਤੋਂ ਅਸਧਾਰਨ ਵਿਦਵਾਨਾਂ 'ਚੋਂ ਇਕ ਸਨ ਅਤੇ ਇਸ ਲਈ ਵੀ ਧੰਨਵਾਦ ਕਿ ਤੁਸੀਂ ਮੈਨੂੰ ਇਹ ਸਨਮਾਨ ਦੇਣ ਲਈ ਐੱਨ. ਰਾਮ ਨੂੰ ਕਿਹਾ। ਮੈਂ ਜਾਣਦੀ ਹਾਂ ਕਿ ਇਹ ਸਨਮਾਨ ਪਿਛਲੇ ਸਾਲ ਉਸ ਨੂੰ ਮਿਲਿਆ ਸੀ, ਪਰ ਕਈ ਮਾਇਨਿਆਂ 'ਚ ਮੇਰੇ ਇਸ ਸਨਮਾਨ 'ਚ ਵੀ ਉਸ ਦਾ ਹਿੱਸਾ ਹੈ। 1998 'ਚ ਫਰੰਟਲਾਈਨ ਦੇ ਸੰਪਾਦਕ ਦੇ ਰੂਪ 'ਚ ਅਤੇ ਆਊਟਲੁੱਕ ਦੇ ਸੰਪਾਦਕ ਵਿਨੋਦ ਮਹਿਤਾ ਦੇ ਨਾਲ ਉਸ ਨੇ ਮੇਰਾ ਪਹਿਲਾ ਰਾਜਨੀਤਕ ਲੇਖ 'ਦ ਐਂਡ ਆਫ਼ ਇਮੈਜੀਨੇਸ਼ਨ' ਪ੍ਰਕਾਸ਼ਿਤ ਕੀਤਾ ਸੀ, ਜੋ ਭਾਰਤ ਦੇ ਪ੍ਰਮਾਣੂ ਤਜਰਬਿਆਂ ਦੇ ਬਾਰੇ ਸੀ। ਤੇ ਇਸ ਤੋਂ ਬਾਅਦ ਕਈ ਸਾਲਾਂ ਤੱਕ ਉਹ ਮੇਰੀਆਂ ਲਿਖਤਾਂ ਪ੍ਰਕਾਸ਼ਿਤ ਕਰਦੇ ਰਹੇ। ਉਸ ਨੇ ਸਟੀਕ, ਤਿੱਖੇ, ਪਰ ਨਿਧੜਕ ਸੰਪਾਦਕ ਹੋਣ ਨੇ ਹੀ ਮੈਨੂੰ ਅਜਿਹੀ ਲੇਖਕ ਬਣਨ ਦਾ ਭਰੋਸਾ ਦਿੱਤਾ, ਜੋ ਮੈਂ ਅੱਜ ਹਾਂ।

ਮੈਂ ਭਾਰਤ ਵਿਚ ਆਜ਼ਾਦ ਪ੍ਰੈੱਸ ਦੇ ਅੰਤ ਬਾਰੇ ਭਾਸ਼ਣ ਨਹੀਂ ਦੇਣ ਜਾ ਰਹੀ। ਇੱਥੇ ਮੌਜੂਦ ਅਸੀਂ ਸਾਰੇ ਇਸ ਬਾਰੇ ਜਾਣਦੇ ਹਾਂ। ਨਾ ਹੀ ਮੈਂ ਇਸ ਬਾਰੇ ਬੋਲਣ ਜਾ ਰਹੀ ਹੈ ਕਿ ਉਨ੍ਹਾਂ ਸਾਰੀਆਂ ਸੰਸਥਾਵਾਂ ਦਾ ਕੀ ਹਸ਼ਰ ਹੋਇਆ, ਜੋ ਸਾਡੇ ਲੋਕਤੰਤਰ ਨੂੰ ਚਲਾਉਣ ਅਤੇ ਇਸ ਨੂੰ ਸਹੀ ਰਾਹ 'ਤੇ ਚੱਲਦਾ ਰੱਖਣ ਲਈ ਬਣਾਈਆਂ ਗਈਆਂ ਸਨ। ਵੀਹ ਸਾਲਾਂ ਤੋਂ ਮੈਂ ਇਹ ਕਰਦੀ ਆ ਰਹੀ ਹਾਂ ਅਤੇ ਮੈਨੂੰ ਯਕੀਨ ਹੈ ਕਿ ਇੱਥੇ ਮੌਜੂਦ ਤੁਸੀਂ ਸਾਰੇ ਮੇਰੇ ਨਜ਼ਰੀਏ ਤੋਂ ਜਾਣੂੰ ਹੋ।

ਉੱਤਰੀ ਭਾਰਤ ਤੋਂ ਕੇਰਲਾ ਆਉਣ ਤੋਂ ਬਾਅਦ ਜਾਂ ਤਕਰੀਬਨ ਕਿਸੇ ਵੀ ਦੱਖਣੀ ਰਾਜ 'ਚ ਆ ਕੇ ਮੈਂ ਸਕੂਨ ਵੀ ਮਹਿਸੂਸ ਕਰਦੀ ਹਾਂ ਅਤੇ ਬੇਚੈਨੀ ਵੀ ਕਿ ਉੱਤਰ 'ਚ ਰਹਿਣ ਵਾਲੇ ਸਾਡੇ 'ਚੋਂ ਅਨੇਕਾਂ ਲੋਕਾਂ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਜਿਸ ਦਹਿਸ਼ਤ ਸੰਗ ਜਿਊਣਾ ਪੈ ਰਿਹਾ ਹੈ, ਇੱਥੇ ਆ ਕੇ ਲੱਗਦਾ ਹੈ ਕਿ ਮੈਂ ਉਸ ਤੋਂ ਕਿੰਨੀ ਦੂਰ ਆ ਗਈ ਹਾਂ। ਹਕੀਕਤ ਇਹ ਹੈ ਕਿ ਅਸੀਂ ਜਿੰਨਾ ਸੋਚ ਰਹੇ ਹਾਂ, ਇਹ ਓਨਾ ਦੂਰ ਹੈ ਨਹੀਂ। ਜੇ ਮੌਜੂਦਾ ਹਕੂਮਤ ਅਗਲੇ ਸਾਲ ਮੁੜ ਸੱਤਾ 'ਚ ਆਉਂਦੀ ਹੈ ਤਾਂ 2026 'ਚ ਸੀਮਾ ਤੈਅ ਕਰਨ ਦੀ ਕਾਰਵਾਈ ਤਹਿਤ ਇਹ ਸੰਭਵ ਹੈ ਕਿ ਸੰਸਦ ਵਿਚ ਅਸੀਂ ਜਿੰਨੇ ਐੱਮ.ਪੀ. ਹੁਣ ਭੇਜਦੇ ਹਾਂ, ਉਨ੍ਹਾਂ ਦੀ ਗਿਣਤੀ ਘਟ ਕੇ ਪੂਰੇ ਦੱਖਣੀ ਭਾਰਤ ਦੀ ਤਾਕਤ ਖੋਹ ਲਈ ਜਾਵੇ। ਸਾਨੂੰ ਸਿਰਫ਼ ਸੀਮਾ ਤੈਅ ਕਰਨ ਦਾ ਖ਼ਤਰਾ ਹੀ ਦਰਪੇਸ਼ ਨਹੀਂ ਹੈ। ਸਾਡੇ ਵੰਨ-ਸੁਵੰਨਤਾ ਵਾਲੇ ਮੁਲਕ ਦੀ ਰੀੜ੍ਹ ਫੈਡਰਲਿਜ਼ਮ ਵੀ ਖ਼ਤਰੇ 'ਚ ਹੈ।

ਜਿਸ ਤਰ੍ਹਾਂ ਕੇਂਦਰ ਸਰਕਾਰ ਬੇਲਗਾਮ ਤਾਕਤ ਆਪਣੇ ਹੱਥ ਹੇਠ ਕਰਦੀ ਜਾ ਰਹੀ ਹੈ, ਉਸ ਵਿਚ ਸਾਨੂੰ ਵਿਰੋਧੀ-ਧਿਰ ਦੀਆਂ ਪਾਰਟੀਆਂ ਦੇ ਰਾਜ ਵਾਲੇ ਰਾਜਾਂ ਦੇ ਹਿੱਸੇ ਲਈ ਲੇਲੜੀਆਂ ਕੱਢਣੀਆਂ ਪੈ ਰਹੀਆਂ ਹਨ। ਫੈਡਰਲਿਜ਼ਮ ਨੂੰ ਵੱਜੀ ਸਭ ਤੋਂ ਤਾਜ਼ਾ ਸੱਟ ਸੁਪਰੀਮ ਕੋਰਟ ਦਾ ਫ਼ੈਸਲਾ ਹੈ, ਜਿਸ ਵਿਚ ਸਰਵਉੱਚ ਅਦਾਲਤ ਨੇ ਸੰਵਿਧਾਨ ਦੀ ਧਾਰਾ 370 ਦੇ ਅੰਤ ਨੂੰ ਸਹੀ ਦੱਸਦੇ ਹੋਏ ਮਨਜ਼ੂਰੀ ਦੇ ਦਿੱਤੀ ਹੈ। ਇਸ ਧਾਰਾ 'ਚ ਜੰਮੂ-ਕਸ਼ਮੀਰ ਰਾਜ ਨੂੰ ਅਰਧ-ਖ਼ੁਦਮੁਖਤਿਆਰ ਦਰਜਾ ਦਿੱਤਾ ਗਿਆ ਸੀ। ਭਾਰਤ ਵਿਚ ਵਿਸ਼ੇਸ਼ ਦਰਜਾ ਰੱਖਣ ਵਾਲਾ ਇਹ ਇਕੱਲਾ ਰਾਜ ਨਹੀਂ ਹੈ। ਇਹ ਕਲਪਨਾ ਕਰਨਾ ਇਕ ਗੰਭੀਰ ਗ਼ਲਤੀ ਹੋਵੇਗੀ ਕਿ ਇਸ ਫ਼ੈਸਲੇ ਦਾ ਸੰਬੰਧ ਸਿਰਫ਼ ਕਸ਼ਮੀਰ ਨਾਲ ਹੈ। ਇਸ ਦਾ ਅਸਰ ਸਾਡੀ ਰਾਜਸੀ ਵਿਵਸਥਾ ਦੇ ਬੁਨਿਆਦੀ ਢਾਂਚੇ ਤੱਕ ਜਾਂਦਾ ਹੈ।

ਪਰ ਅੱਜ ਮੈਂ ਇਕ ਐਸੀ ਚੀਜ਼ ਦੀ ਗੱਲ ਕਰਨਾ ਚਾਹੁੰਦੀ ਹਾਂ, ਜੋ ਕਿਤੇ ਜ਼ਿਆਦਾ ਫੌਰੀ ਅਤੇ ਜ਼ਰੂਰੀ ਹੈ। ਸਾਡੇ ਮੁਲਕ ਨੇ ਆਪਣੀ ਨੈਤਿਕ ਦਿਸ਼ਾ ਗੁਆ ਦਿੱਤੀ ਹੈ। ਸਭ ਤੋਂ ਘਿਣਾਉਣੇ ਜੁਰਮ, ਸਮੂਹਿਕ ਕਤਲੇਆਮ (ਜੈਨੋਸਾਈਡ) ਅਤੇ ਨਸਲੀ ਸਫ਼ਾਏ (ਐਥਨਿਕ ਕਲੀਨਜ਼ਿੰਗ) ਦੇ ਸਭ ਤੋਂ ਖ਼ੌਫ਼ਨਾਕ ਐਲਾਨਾਂ ਦੀਆਂ ਤਾਰੀਫ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਰਾਜਨੀਤਕ ਇਨਾਮ ਦਿੱਤੇ ਜਾ ਰਹੇ ਹਨ। ਸਾਰੀ ਦੀ ਸਾਰੀ ਦੌਲਤ ਜਿੱਥੇ ਕੁਝ ਕੁ ਹੱਥਾਂ 'ਚ ਸਿਮਟਦੀ ਜਾ ਰਹੀ ਹੈ, ਉੱਥੇ ਗ਼ਰੀਬਾਂ ਨੂੰ ਕੁਝ ਬੁਰਕੀਆਂ ਸੁੱਟ ਕੇ ਹੀ ਉਹੀ ਤਾਕਤਾਂ ਸੱਤਾ ਹਾਸਲ ਕਰਨ 'ਚ ਕਾਮਯਾਬ ਹੋ ਰਹੀਆਂ ਹਨ, ਜੋ ਗ਼ਰੀਬ ਅਵਾਮ ਦੀ ਬਦਹਾਲੀ ਨੂੰ ਹੋਰ ਵਧਾ ਰਹੀਆਂ ਹਨ।

ਸਾਡੇ ਸਮਿਆਂ ਦੀ ਸਭ ਤੋਂ ਹੈਰਾਨ ਕਰਨ ਵਾਲੀ ਉਲਝਣ ਇਹ ਹੈ ਕਿ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਰੀ ਦੁਨੀਆ 'ਚ ਲੋਕ ਖ਼ੁਦ ਨੂੰ ਹੋਰ ਵੀ ਨਿਤਾਣੇ ਅਤੇ ਵਾਂਝੇ ਬਣਾਉਣ ਲਈ ਵੋਟਾਂ ਪਾ ਰਹੇ ਹਨ। ਉਨ੍ਹਾਂ ਕੋਲ ਜੋ ਜਾਣਕਾਰੀ ਹੈ, ਉਸੇ ਦੇ ਆਧਾਰ 'ਤੇ ਵੋਟ ਪਾਉਂਦੇ ਹਨ। ਇਹ ਜਾਣਕਾਰੀ ਕੀ ਹੈ ਅਤੇ ਉਸ ਉੱਪਰ ਕਿਹਦਾ ਕੰਟਰੋਲ ਹੈ-ਇਹ ਆਧੁਨਿਕ ਦੁਨੀਆ ਦਾ ਮਿੱਠਾ ਮੁਹਰਾ ਹੈ। ਜਿਸ ਦਾ ਤਕਨੀਕ ਉੱਪਰ ਕਬਜ਼ਾ ਹੈ, ਉਸੇ ਦਾ ਦੁਨੀਆ ਉੱਪਰ ਕਬਜ਼ਾ ਹੈ, ਪਰ ਆਖ਼ਿਰਕਾਰ ਮੈਂ ਮੰਨਦੀ ਹਾਂ ਕਿ ਅਵਾਮ ਉੱਪਰ ਕਬਜ਼ਾ ਨਹੀਂ ਕੀਤਾ ਜਾ ਸਕਦਾ ਅਤੇ ਉਹ ਕਬਜ਼ੇ 'ਚ ਨਹੀਂ ਕੀਤੇ ਜਾ ਸਕਣਗੇ। ਮੈਂ ਮੰਨਦੀ ਹਾਂ ਕਿ ਨਵੀਂ ਪੀੜ੍ਹੀ ਬਗ਼ਾਵਤ 'ਚ ਉੱਠ ਖੜ੍ਹੀ ਹੋਵੇਗੀ। ਇਕ ਇਨਕਲਾਬ ਆਵੇਗਾ। ਮੈਨੂੰ ਮਾਫ਼ ਕਰਨਾ। ਮੈਂ ਆਪਣੀ ਇਸ ਗੱਲ ਨੂੰ ਸੁਧਾਰ ਕੇ ਪੇਸ਼ ਕਰਦੀ ਹਾਂ। ਇਨਕਲਾਬ ਆਉਣਗੇ। ਬਹੁਤ ਸਾਰੇ ਇਨਕਲਾਬ।

ਮੈਂ ਕਿਹਾ ਹੈ ਕਿ ਇਕ ਮੁਲਕ ਦੇ ਰੂਪ 'ਚ ਅਸੀਂ ਆਪਣੀ ਨੈਤਿਕ ਦਿਸ਼ਾ ਗੁਆ ਚੁੱਕੇ ਹਾਂ। ਸਾਰੀ ਦੁਨੀਆ 'ਚ ਲੱਖਾਂ ਯਹੂਦੀ, ਮੁਸਲਮਾਨ, ਈਸਾਈ, ਹਿੰਦੂ, ਕਮਿਊਨਿਸਟ, ਸੰਦੇਹਵਾਦੀ ਲੋਕ ਸੜਕਾਂ ਉੱਪਰ ਉੱਤਰੇ ਹੋਏ ਹਨ, ਗਾਜ਼ਾ ਉੱਪਰ ਤੁਰੰਤ ਹਮਲਾ ਬੰਦ ਕਰਨ ਦੀ ਮੰਗ ਕਰ ਰਹੇ ਹਨ, ਪਰ ਸਾਡੇ ਮੁਲਕ ਦੀਆਂ ਸੜਕਾਂ ਅੱਜ ਖ਼ਾਮੋਸ਼ ਹਨ। ਸਾਡਾ ਉਹੀ ਮੁਲਕ ਜੋ ਕਦੇ ਗ਼ੁਲਾਮ, ਬਸਤੀਆਂ ਬਣਾਏ ਗ਼ੁਲਾਮਾਂ ਦਾ ਸੱਚਾ ਦੋਸਤ ਹੁੰਦਾ ਸੀ, ਜੋ ਫਲਸਤੀਨ ਦਾ ਸੱਚਾ ਦੋਸਤ ਹੁੰਦਾ ਸੀ। ਜਿਨ੍ਹਾਂ ਸੜਕਾਂ ਉੱਪਰ ਕਦੇ ਲੱਖਾਂ ਲੋਕਾਂ ਦੇ ਜਲੂਸ ਨਿਕਲਦੇ ਹੁੰਦੇ ਸਨ, ਉਹੀ ਸੜਕਾਂ ਅੱਜ ਖ਼ਾਮੋਸ਼ ਹਨ। ਕੁਝ ਕੁ ਨੂੰ ਛੱਡ ਕੇ ਸਾਡੇ ਜ਼ਿਆਦਾਤਰ ਲੇਖਕ ਅਤੇ ਬੁੱਧੀਜੀਵੀ ਵੀ ਖ਼ਾਮੋਸ਼ ਹਨ। ਕਿੰਨਾ ਸ਼ਰਮਨਾਕ ਹੈ ਅਤੇ ਦੂਰਅੰਦੇਸ਼ੀ ਨਾ ਹੋਣ ਦਾ ਕੈਸਾ ਅਫ਼ਸੋਸਨਾਕ ਮੁਜ਼ਾਹਰਾ ਹੈ।

ਜਦੋਂ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਸਾਡੇ ਲੋਕਤੰਤਰ ਦੇ ਢਾਂਚੇ ਨੂੰ ਸਿਲਸਿਲੇਵਾਰ ਤਰੀਕੇ ਨਾਲ ਤਬਾਹ ਕੀਤਾ ਜਾ ਰਿਹਾ ਹੈ ਅਤੇ ਅਸਧਾਰਨ ਵੰਨ-ਸੁਵੰਨਤਾ ਵਾਲੇ ਸਾਡੇ ਵਤਨ ਉੱਪਰ ਇਕ ਝੂਠਾ, ਸਭ ਨੂੰ ਇੱਕੋ ਰੱਸੇ ਨੂੜ ਦੇਣ ਵਾਲਾ ਇਕ ਸੰਕੀਰਨ ਰਾਸ਼ਟਰਵਾਦ ਥੋਪਿਆ ਜਾ ਰਿਹਾ ਹੈ, ਤਾਂ ਘੱਟੋ-ਘੱਟ ਜੋ ਲੋਕ ਖ਼ੁਦ ਨੂੰ ਬੁੱਧੀਜੀਵੀ ਕਹਿੰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਮੁਲਕ 'ਚ ਵੀ ਤਬਾਹੀ ਦਾ ਵਿਸਫੋਟ ਹੋ ਸਕਦਾ ਹੈ।

ਜੇ ਅਸੀਂ ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਦੇ ਕੀਤੇ ਜਾ ਰਹੇ ਖੁੱਲ੍ਹੇਆਮ ਕਤਲੇਆਮ ਉੱਪਰ ਕੁਝ ਨਹੀਂ ਬੋਲਦੇ, ਜਦਕਿ ਇਹ ਲਾਈਵਸਟ੍ਰੀਮ ਹੋ ਕੇ ਸਾਡੀਆਂ ਨਿੱਜੀ ਜ਼ਿੰਦਗੀਆਂ ਦੇ ਸਭ ਤੋਂ ਅੰਦਰਲੇ ਕੋਨਿਆਂ ਤੱਕ ਪਹੁੰਚ ਰਿਹਾ ਹੈ, ਤਾਂ ਅਸੀਂ ਇਸ ਕਤਲੇਆਮ ਵਿਚ ਭਾਈਵਾਲ ਬਣ ਜਾਂਦੇ ਹਾਂ। ਕੀ ਸਾਡੇ ਅੰਦਰਲਾ ਕੁਝ ਨੈਤਿਕ ਹਮੇਸ਼ਾ ਲਈ ਬਦਲ ਜਾਵੇਗਾ। ਜਦੋਂ ਘਰਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ, ਸਕੂਲਾਂ, ਯੂਨੀਵਰਸਿਟੀਆਂ, ਪੁਰਾਲੇਖ ਇਮਾਰਤਾਂ ਉੱਪਰ ਬੰਬ ਸੁੱਟੇ ਜਾ ਰਹੇ ਹਨ, ਦਸ ਲੱਖ ਤੋਂ ਵਧੇਰੇ ਲੋਕ ਬੇਘਰ ਹੋ ਚੁੱਕੇ ਹਨ ਅਤੇ ਮਲ਼ਬੇ ਦੇ ਹੇਠੋਂ ਬੱਚਿਆਂ ਦੀਆਂ ਲਾਸ਼ਾਂ ਨਿਕਲ ਰਹੀਆਂ ਹਨ, ਤਾਂ ਕੀ ਅਸੀਂ ਬਸ ਚੁੱਪਚਾਪ ਬੈਠੇ ਦੇਖਦੇ ਰਹਾਂਗੇ ? ਗਾਜ਼ਾ ਦੀਆਂ ਸਰਹੱਦਾਂ ਸੀਲ ਹਨ, ਲੋਕ ਕਿਤੇ ਜਾ ਨਹੀਂ ਸਕਦੇ। ਉਨ੍ਹਾਂ ਕੋਲ ਲੁਕਣ ਲਈ ਕੋਈ ਜਗ੍ਹਾ ਨਹੀਂ ਹੈ, ਖਾਣ ਲਈ ਖਾਣਾ ਨਹੀਂ ਹੈ, ਪੀਣ ਲਈ ਪਾਣੀ ਨਹੀਂ ਹੈ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਅੱਧੀ ਤੋਂ ਜ਼ਿਆਦਾ ਆਬਾਦੀ ਭੁੱਖਮਰੀ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਦੇ ਬਾਵਜੂਦ ਉਨ੍ਹਾਂ ਉੱਪਰ ਲਗਾਤਾਰ ਬੰਬ ਸੁੱਟੇ ਜਾ ਰਹੇ ਹਨ। ਕੀ ਅਸੀਂ ਇਸ ਨੂੰ ਚੁੱਪਚਾਪ ਦੇਖਦੇ ਰਹਾਂਗੇ ਕਿ ਇਕ ਪੂਰੇ ਦੇ ਪੂਰੇ ਅਵਾਮ ਨੂੰ ਇਸ ਕਦਰ ਮਨੁੱਖ ਤੋਂ ਵੀ ਨੀਵਾਂ ਬਣਾ ਦਿੱਤਾ ਜਾਵੇ ਕਿ ਉਨ੍ਹਾਂ ਦਾ ਸਫ਼ਾਇਆ ਇਕ ਬੇਮਾਇਨੇ, ਮਾਮੂਲੀ ਗੱਲ ਬਣ ਜਾਵੇ ?

ਫਲਸਤੀਨੀਆਂ ਨੂੰ ਮਨੁੱਖ ਨਾ ਸਮਝਣ ਦੀ ਸ਼ੁਰੂਆਤ ਬੈਂਜਾਮਿਨ ਨੇਤਨਯਾਹੂ ਅਤੇ ਉਸ ਦੀ ਮੰਡਲੀ ਨਾਲ ਨਹੀਂ ਸੀ ਹੋਈ। ਇਸ ਦੀ ਸ਼ੁਰੂਆਤ ਤਾਂ ਦਹਾਕੇ ਪਹਿਲਾਂ ਹੋ ਗਈ ਸੀ।

11 ਸਤੰਬਰ 2001 ਦੀ ਪਹਿਲੀ ਬਰਸੀ 'ਤੇ 2002 'ਚ ਮੈਂ ਸੰਯੁਕਤ ਰਾਸ਼ਟਰ 'ਚ ਇਕ ਭਾਸ਼ਣ ਦਿੱਤਾ ਸੀ, ਜਿਸ ਦਾ ਨਾਂਅ ਸੀ 'ਕਮ ਸੈਪਟੈਂਬਰ'। ਇਸ ਵਿਚ ਮੈਂ ਉਨ੍ਹਾਂ ਹੋਰ ਬਰਸੀਆਂ ਬਾਬਤ ਗੱਲ ਕੀਤੀ ਸੀ ਜੋ 11 ਸਤੰਬਰ ਦੇ ਦਿਨ ਹੀ ਆਉਂਦੀਆਂ ਹਨ। ਇਸੇ ਤਰੀਕ ਨੂੰ 1973 'ਚ ਚਿੱਲੀ ਦੇ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਦਾ ਸੀ.ਆਈ.ਏ. ਦੀ ਹਮਾਇਤ ਨਾਲ ਤਖ਼ਤਾ ਪਲਟਾਇਆ ਗਿਆ ਸੀ। ਤੇ ਫਿਰ ਇਸੇ ਤਰੀਕ ਨੂੰ 1990 'ਚ ਤੱਤਕਾਲੀ ਅਮਰੀਕਨ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਸੀਨੀਅਰ ਨੇ ਅਮਰੀਕਨ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਇਰਾਕ ਦੇ ਵਿਰੁੱਧ ਯੁੱਧ ਦੇ ਸਰਕਾਰੀ ਫ਼ੈਸਲੇ ਦਾ ਐਲਾਨ ਕੀਤਾ ਸੀ। ਅਤੇ ਫਿਰ ਮੈਂ ਫਲਸਤੀਨ ਦੇ ਬਾਰੇ ਗੱਲ ਕੀਤੀ ਸੀ। ਮੈਂ ਉਹ ਹਿੱਸਾ ਤੁਹਾਨੂੰ ਪੜ੍ਹ ਕੇ ਸੁਣਾਉਂਦੀ ਹਾਂ, ਅਤੇ ਤੁਸੀਂ ਦੇਖੋਗੇ ਕਿ ਜੇ ਮੈਂ ਤੁਹਾਨੂੰ ਇਹ ਨਾ ਦੱਸਿਆ ਹੁੰਦਾ ਕਿ ਇਹ 21 ਸਾਲ ਪਹਿਲਾਂ ਲਿਖਿਆ ਗਿਆ ਸੀ ਤਾਂ ਤੁਹਾਨੂੰ ਲੱਗਦਾ ਕਿ ਇਹ ਅੱਜ ਦੇ ਬਾਰੇ ਹੈ।

'11 ਸਤੰਬਰ ਦੀ ਇਕ ਤ੍ਰਾਸਦਿਕ ਗੂੰਜ ਮੱਧ ਪੂਰਬ ਵਿਚ ਵੀ ਮਿਲਦੀ ਹੈ। 11 ਸਤੰਬਰ 1922 ਨੂੰ ਅਰਬ ਲੋਕਾਂ ਦੀ ਨਾਰਾਜ਼ਗੀ ਨੂੰ ਅਣਡਿੱਠ ਕਰਦੇ ਹੋਏ ਬਰਤਾਨਵੀ ਸਰਕਾਰ ਨੇ ਫਲਸਤੀਨ ਵਿਚ ਇਕ ਫ਼ਰਮਾਨ ਦਾ ਐਲਾਨ ਕੀਤਾ। ਇਹ 1917 ਦੇ ਬਾਲਫੋਰ ਐਲਾਨ ਦਾ ਇਕ ਅਗਲਾ ਕਦਮ ਸੀ, ਜਿਸ ਨੂੰ ਬਰਤਾਨਵੀ ਸਾਮਰਾਜ ਨੇ ਓਦੋਂ ਜਾਰੀ ਕੀਤਾ ਸੀ ਜਦੋਂ ਗਾਜ਼ਾ ਦੀਆਂ ਸਰਹੱਦਾਂ ਉੱਪਰ ਉਸ ਦੀ ਫ਼ੌਜ ਤਾਇਨਾਤ ਸੀ। ਬਾਲਫੋਰ ਐਲਾਨ ਨੇ ਯੂਰਪੀ ਜਾਇਨਿਸਟਾਂ ਨਾਲ ਯਹੂਦੀ ਲੋਕਾਂ ਲਈ ਇਕ ਰਾਸ਼ਟਰ ਦਾ ਵਾਅਦਾ ਕੀਤਾ ਸੀ। (ਉਸ ਸਮੇਂ ਸਾਮਰਾਜ, ਜਿਸ ਦਾ ਸੂਰਜ ਕਦੇ ਨਹੀਂ ਸੀ ਡੁੱਬਦਾ, ਲੋਕਾਂ ਦੇ ਵਤਨ ਖੋਹਣ ਅਤੇ ਵੰਡਣ ਲਈ ਆਜ਼ਾਦ ਸੀ, ਜਿਵੇਂ ਕਿ ਸਕੂਲ ਵਿਚ ਕਈ ਡਾਹਢੇ ਬੱਚੇ ਗੋਲੀਆਂ ਵੰਡਦੇ ਹਨ)। ਸਾਮਰਾਜਾਂ ਨੇ ਕਿੰਨੀ ਬੇਪ੍ਰਵਾਹੀ ਨਾਲ ਪ੍ਰਾਚੀਨ ਸੱਭਿਅਤਾਵਾਂ ਦੀ ਵੱਢ-ਟੁੱਕ ਕੀਤੀ ਹੈ। ਫਲਸਤੀਨ ਤੇ ਕਸ਼ਮੀਰ ਬਰਤਾਨੀਆ ਦੇ ਦਿੱਤੇ ਡੂੰਘੇ, ਲਹੂ ਲਿੱਬੜੇ ਜ਼ਖ਼ਮ ਹਨ, ਜੋ ਉਸ ਨੇ ਆਧੁਨਿਕ ਦੁਨੀਆ ਨੂੰ ਦਿੱਤੇ ਹਨ। ਅੱਜ ਦੋਵੇਂ ਹੀ ਤਿੱਖੇ ਅੰਤਰਰਾਸ਼ਟਰੀ ਟਕਰਾਵਾਂ ਦਾ ਕੇਂਦਰ ਹਨ।'

'ਲਓ ਸੁਣੋ 1937 'ਚ ਵਿੰਸਟਨ ਚਰਚਿਲ ਨੇ ਫਲਸਤੀਨੀ ਅਵਾਮ ਦੇ ਬਾਰੇ ਕੀ ਕਿਹਾ ਸੀ, ਮੈਂ ਇਸ ਨਾਲ ਸਹਿਮਤ ਨਹੀਂ ਹਾਂ ਕਿ ਇਕ ਖੁਰਲੀ 'ਚ ਰਹਿਣ ਵਾਲੇ ਕੁੱਤੇ ਦਾ ਉਸ ਖੁਰਲੀ ਉੱਪਰ ਅੰਤਮ ਅਧਿਕਾਰ ਹੁੰਦਾ ਹੈ, ਚਾਹੇ ਉਹ ਉਸ 'ਚ ਬਹੁਤ ਲੰਮੇ ਸਮੇਂ ਤੱਕ ਕਿਉਂ ਨਾ ਰਹਿ ਰਿਹਾ ਹੋਵੇ। ਮੈਂ ਉਸ ਅਧਿਕਾਰ ਨੂੰ ਨਹੀਂ ਮੰਨਦਾ। ਮਿਸਾਲ ਲਈ, ਮੈਂ ਇਹ ਨਹੀਂ ਮੰਨਦਾ ਕਿ ਅਮਰੀਕਾ ਦੇ ਰੈੱਡ ਇੰਡੀਅਨ ਜਾਂ ਆਸਟ੍ਰੇਲੀਆ ਦੇ ਕਾਲੇ ਲੋਕਾਂ ਨਾਲ ਕੋਈ ਬਹੁਤ ਬੁਰਾ ਵਰਤਾਓ ਹੋਇਆ ਹੈ। ਮੈਂ ਇਹ ਨਹੀਂ ਮੰਨਦਾ ਕਿ ਇਸ ਨਾਲ ਇਨ੍ਹਾਂ ਲੋਕਾਂ ਉੱਪਰ ਕੋਈ ਜ਼ੁਲਮ ਹੋਇਆ ਹੈ ਕਿ ਇਕ ਸ਼ਕਤੀਸ਼ਾਲੀ ਨਸਲ, ਉੱਚੇ ਪੱਧਰ ਦੀ ਇਕ ਨਸਲ ਨੇ, ਕਹਿ ਸਕਦੇ ਹਾਂ ਕਿ ਸੰਸਾਰਕ ਰੂਪ 'ਚ ਇਕ ਵਧੇਰੇ ਬੁੱਧੀਮਾਨ ਨਸਲ ਨੇ, ਆ ਕੇ ਉਨ੍ਹਾਂ ਦੀ ਜਗ੍ਹਾ ਨੂੰ ਕਬਜ਼ੇ 'ਚ ਲੈ ਲਿਆ।' ਫਲਸਤੀਨੀਆਂ ਦੇ ਬਾਰੇ ਇਜ਼ਰਾਇਲੀ ਰਾਜ ਦਾ ਰਵੱਈਆ ਇੱਥੋਂ ਹੀ ਜਨਮ ਲੈਂਦਾ ਹੈ। 1969 'ਚ ਇਜ਼ਰਾਇਲੀ ਪ੍ਰਧਾਨ ਮੰਤਰੀ ਗੋਲਡਾ ਮਾਇਰ ਨੇ ਕਿਹਾ, 'ਫਲਸਤੀਨੀਆਂ ਦੀ ਕੋਈ ਹੋਂਦ ਨਹੀਂ ਹੈ।' ਉਸ ਤੋਂ ਬਾਅਦ ਬਣੇ

### ਸਮਕਾਲੀ ਸਰੋਕਾਰ

### ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ

ਪ੍ਰਧਾਨ ਮੰਤਰੀ ਲੇਵੀ ਏਸ਼ਾਲ ਨੇ ਕਿਹਾ, ਫਲਸਤੀਨੀ ਕੀ ਹੁੰਦੇ ਹਨ ? ਜਦੋਂ ਮੈਂ ਇੱਥੇ (ਫਲਸਤੀਨ) ਆਇਆ, ਇੱਥੇ ਢਾਈ ਲੱਖ ਗੈਰ ਯਹੂਦੀ ਸਨ, ਜ਼ਿਆਦਾਤਰ ਅਰਬ ਅਤੇ ਬੇਦੂਇਨ ਲੋਕ। ਇਹ ਇਕ ਮਾਰੂਥਲ ਸੀ, ਇਕ ਪੱਛੜੇ ਹੋਏ ਖੇਤਰ ਤੋਂ ਵੀ ਭੈੜਾ। ਕੁਝ ਵੀ ਨਹੀਂ ਸੀ।' ਪ੍ਰਧਾਨ ਮੰਤਰੀ ਮੇਨਾਕੇਮ ਬੇਗੀਨ ਨੇ ਫਲਸਤੀਨੀਆਂ ਨੂੰ 'ਦੋ ਪੈਰਾਂ ਵਾਲੇ ਜਾਨਵਰ' ਕਿਹਾ ਸੀ। ਪ੍ਰਧਾਨ ਮੰਤਰੀ ਯਿਤਜਾਕ ਸ਼ਾਮਿਰ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਸੀ, ਜਿਨ੍ਹਾਂ ਨੂੰ ਕੁਚਲਿਆ ਜਾ ਸਕਦਾ ਹੈ। ਇਹ ਮੁਲਕ ਦੇ ਹੁਕਮਰਾਨਾਂ ਦੀ ਜ਼ੁਬਾਨ ਹੈ, ਆਮ ਲੋਕਾਈ ਦੇ ਸ਼ਬਦ ਨਹੀਂ।'

ਇਸ ਤਰ੍ਹਾਂ ਬਿਨਾਂ ਵਤਨ ਵਾਲੇ ਇਕ ਅਵਾਮ ਲਈ ਬਿਨਾਂ ਅਵਾਮ ਵਾਲੇ ਇਕ ਵਤਨ ਦੀ ਖ਼ੌਫ਼ਨਾਕ ਮਿਥ ਸ਼ੁਰੂ ਹੋਈ।

'1947 'ਚ ਸੰਯੁਕਤ ਰਾਸ਼ਟਰ ਨੇ ਰਸਮੀ ਰੂਪ 'ਚ ਫਲਸਤੀਨ ਦੀ ਵੰਡ ਕੀਤੀ ਅਤੇ ਫਲਸਤੀਨੀ ਜ਼ਮੀਨ ਦਾ 55ਫ਼ੀ ਸਦੀ ਹਿੱਸਾ ਜਾਇਨਿਸਟਾਂ ਦੇ ਹਵਾਲੇ ਕਰ ਦਿੱਤਾ, ਪਰ ਇਕ ਸਾਲ ਦੇ ਅੰਦਰ ਉਹ 76 ਫ਼ੀ ਸਦੀ ਫਲਸਤੀਨ ਉੱਪਰ ਕਬਜ਼ਾ ਕਰ ਚੁੱਕੇ ਸਨ। 14 ਮਈ 1948 ਨੂੰ ਇਜ਼ਰਾਇਲ ਰਾਜ ਦੀ ਸਥਾਪਨਾ ਹੋਈ। ਐਲਾਨ ਦੇ ਕੁਝ ਮਿੰਟਾਂ ਦੇ ਅੰਦਰ ਸੰਯੁਕਤ ਰਾਸ਼ਟਰ ਨੇ ਇਸ ਨੂੰ ਮਾਨਤਾ ਦੇ ਦਿੱਤੀ। ਜਾਰਡਨ ਨੇ ਪੱਛਮੀ ਕੰਢੇ ਉੱਪਰ ਕਬਜ਼ਾ ਕਰ ਲਿਆ। ਗਾਜ਼ਾ ਪੱਟੀ ਮਿਸਰ ਦੀ ਫ਼ੌਜ ਦੇ ਕੰਟਰੋਲ 'ਚ ਆ ਗਈ, ਅਤੇ ਫਲਸਤੀਨ ਦੀ ਰਸਮੀ ਹੋਂਦ ਖ਼ਤਮ ਹੋ ਗਈ, ਸਿਵਾਏ ਉਨ੍ਹਾਂ ਲੱਖਾਂ ਫਲਸਤੀਨੀ ਅਵਾਮ ਦੇ ਦਿਲੋ-ਦਿਮਾਗ ਦੇ, ਜੋ ਹੁਣ ਉੱਜੜ ਕੇ ਸ਼ਰਨਾਰਥੀ ਬਣ ਚੁੱਕੇ ਸਨ। 1967 'ਚ ਇਜ਼ਰਾਇਲ ਨੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਉੱਪਰ ਵੀ ਕਬਜ਼ਾ ਕਰ ਲਿਆ। ਦਹਾਕਿਆਂ ਤੱਕ ਬਗ਼ਾਵਤਾਂ, ਯੁੱਧ ਅਤੇ ਇੰਤਫ਼ਾਦਾ ਹੁੰਦੇ ਰਹੇ ਹਨ। ਦਹਿ ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ। ਸਮਝੌਤਿਆਂ ਅਤੇ ਇਕਰਾਰਨਾਮਿਆਂ ਉੱਪਰ ਦਸਖ਼ਤ ਕੀਤੇ ਗਏ ਹਨ। ਯੁੱਧਬੰਦੀ ਦੇ ਐਲਾਨ ਹੋਏ ਅਤੇ ਉਨ੍ਹਾਂ ਦਾ ਉਲੰਘਣ ਹੋਇਆ, ਪਰ ਖ਼ੂਨ-ਖਰਾਬਾ ਖ਼ਤਮ ਨਹੀਂ ਹੁੰਦਾ।

ਫਲਸਤੀਨ ਉੱਪਰ ਹੁਣ ਵੀ ਗ਼ੈਰਕਾਨੂੰਨੀ ਕਬਜ਼ਾ ਜਾਰੀ ਹੈ। ਇਸ ਦੇ ਲੋਕ ਅਮਾਨਵੀ ਹਾਲਾਤ 'ਚ ਜਿਉਂਦੇ ਹਨ। ਉਹ ਨਸਲੀ ਭੇਦਭਾਵ 'ਤੇ ਆਧਾਰਤ ਘਿਰੇ ਹੋਏ ਇਲਾਕਿਆਂ ਵਾਲੇ, ਇਕ ਤਰ੍ਹਾਂ ਦੇ ਬਾਂਟੂਸਤਾਨਾਂ 'ਚ ਰਹਿੰਦੇ ਹਨ, ਜਿੱਥੇ ਉਨ੍ਹਾਂ ਉੱਪਰ ਸਮੂਹਿਕ ਸਜ਼ਾਵਾਂ ਥੋਪੀਆਂ ਜਾਂਦੀਆਂ ਹਨ, ਜਿੱਥੇ ਕਰਫ਼ਿਊ ਕਦੇ ਖ਼ਤਮ ਨਹੀਂ ਹੁੰਦਾ, ਜਿੱਥੇ ਨਿੱਤ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾਂਦਾ ਹੈ, ਬੇਰਹਿਮ ਕਾਰਵਾਈਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਨਹੀਂ ਜਾਣਦੇ ਕਿ ਕਦੋਂ ਉਨ੍ਹਾਂ ਦੇ ਘਰ ਢਾਹ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ, ਕਦੋਂ ਉਨ੍ਹਾਂ ਦੇ ਵਡਮੁੱਲੇ ਰੁੱਖ ਵੱਢ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਜਾਣਗੀਆਂ, ਕਦੋਂ ਉਨ੍ਹਾਂ ਨੂੰ ਖਾਣਾ ਅਤੇ ਦਵਾਈਆਂ ਖ਼ਰੀਦਣ ਲਈ ਬਜ਼ਾਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਅਤੇ ਕਦੋਂ ਨਹੀਂ ਦਿੱਤੀ ਜਾਵੇਗੀ। ਉਹ ਬਿਨਾਂ ਕਿਸੇ ਸਨਮਾਨ ਦੇ ਜਿਉਂਦੇ ਹਨ ਅਤੇ ਬਿਨਾਂ ਕਿਸੇ ਉਮੀਦ ਦੇ। ਆਪਣੀ ਜ਼ਮੀਨ ਉੱਪਰ, ਆਪਣੀ ਸੁਰੱਖਿਆ ਉੱਪਰ, ਆਪਣੀ ਆਵਾਜਾਈ ਉੱਪਰ, ਆਪਣੇ ਸੰਚਾਰ, ਆਪਣੀ ਪਾਣੀ ਦੀ ਸਪਲਾਈ ਉੱਪਰ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਹੈ।

ਤਾਂ ਜਦੋਂ ਸਮਝੌਤਿਆਂ ਉੱਪਰ ਦਸਖ਼ਤ ਕੀਤੇ ਜਾਂਦੇ ਹਨ, ਅਤੇ 'ਖ਼ੁਦਮੁਖਤਿਆਰੀ' ਅਤੇ 'ਰਾਜ ਦਾ ਦਰਜਾ' ਵਰਗੇ ਸ਼ਬਦਾਂ ਦੇ ਝੰਡੇ ਲਹਿਰਾਏ ਜਾਂਦੇ ਹਨ, ਉਦੋਂ ਇਹ ਸਵਾਲ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ : ਕਿਸ ਤਰ੍ਹਾਂ ਦੀ ਖ਼ੁਦਮੁਖਤਿਆਰੀ ? ਕਿਸ ਤਰ੍ਹਾਂ ਦਾ ਰਾਜ ? ਕਿਸ ਤਰ੍ਹਾਂ ਦੇ ਅਧਿਕਾਰ ਇਸ ਦੇ ਨਾਗਰਿਕਾਂ ਕੋਲ ਹੋਣਗੇ ? ਜੋ ਨੌਜਵਾਨ ਫਲਸਤੀਨੀ ਆਪਣੇ ਗੁੱਸੇ ਉੱਪਰ ਕਾਬੂ ਨਹੀਂ ਰੱਖ ਪਾਉਂਦੇ, ਉਹ ਖ਼ੁਦ ਨੂੰ ਮਨੁੱਖੀ ਬੰਬਾਂ 'ਚ ਬਦਲ ਦਿੰਦੇ ਹਨ ਅਤੇ ਇਜ਼ਰਾਇਲ ਦੀਆਂ ਸੜਕਾਂ ਤੇ ਗਲੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਹ ਖ਼ੁਦ ਨੂੰ ਫੀਤਾ-ਫੀਤਾ ਕਰ ਲੈਂਦੇ ਹਨ, ਆਮ ਲੋਕਾਂ ਦੀਆਂ ਜਾਨਾਂ ਲੈਂਦੇ ਹਨ, ਉਨ੍ਹਾਂ ਦੀ ਰੋਜ਼ਮਰ੍ਹਾ ਜ਼ਿੰਦਗੀ ਵਿਚ ਦਹਿਸ਼ਤ ਭਰ ਦਿੰਦੇ ਹਨ ਅਤੇ ਆਖ਼ਿਰਕਾਰ ਦੋਹਾਂ ਸਮਾਜਾਂ ਦੇ ਸੰਦੇਹਾਂ ਅਤੇ ਇਕ-ਦੂਜੇ ਦੇ ਪ੍ਰਤੀ ਆਪਸੀ ਨਫ਼ਰਤ ਨੂੰ ਹੀ ਮਜ਼ਬੂਤ ਕਰਦੇ ਹਨ। ਹਰੇਕ ਬੰਬ ਧਮਾਕਾ ਇਕ ਬੇਰਹਿਮ ਮੋੜਵੇਂ ਹਮਲੇ ਨੂੰ ਸੱਦਾ ਦਿੰਦਾ ਹੈ, ਫਲਸਤੀਨੀ ਅਵਾਮ ਦੀਆਂ ਮੁਸ਼ਕਲਾਂ ਨੂੰ ਹੋਰ ਵਧਾਉਂਦਾ ਹੈ, ਪਰ ਫਿਰ ਸਚਾਈ ਇਹ ਹੈ ਕਿ ਆਤਮਘਾਤੀ ਬੰਬ ਹਮਲੇ ਵਿਅਕਤੀਗਤ ਮਾਯੂਸੀ ਦੀ ਕਾਰਵਾਈ ਹੁੰਦੇ ਹਨ, ਇਹ ਕੋਈ ਇਨਕਲਾਬੀ ਕਦਮ ਨਹੀਂ। ਫਲਸਤੀਨੀ ਹਮਲੇ ਇਜ਼ਰਾਇਲੀ ਨਾਗਰਿਕਾਂ 'ਚ ਦਹਿਸ਼ਤ ਜ਼ਰੂਰ ਪਾਉਂਦੇ ਹਨ, ਪਰ ਉਹ ਫਲਸਤੀਨੀ ਇਲਾਕੇ 'ਚ ਇਜ਼ਰਾਇਲੀ ਸਰਕਾਰ ਦੀ ਰੋਜ਼ਮਰ੍ਹਾ ਦਖ਼ਲਅੰਦਾਜ਼ੀ ਦੇ ਲਈ ਇਕ ਸਟੀਕ ਬਹਾਨਾ ਬਣ ਜਾਂਦੇ ਹਨ। ਉਹ ਪੁਰਾਣੇ ਜ਼ਮਾਨੇ ਦੇ, ਉੱਨੀਵੀਂ ਸਦੀ ਦੇ ਬਸਤੀਵਾਦ ਦਾ ਇਕ ਸਟੀਕ ਬਹਾਨਾ ਬਣ ਜਾਂਦੇ ਹਨ, ਜਿਸ ਨੂੰ 21ਵੀਂ ਸਦੀ ਦੇ ਨਵੇਂ ਜ਼ਮਾਨੇ ਦੇ 'ਯੁੱਧ' ਦਾ ਜਾਮਾ ਪਹਿਨਾ ਦਿੱਤਾ ਗਿਆ ਹੈ। ਇਜ਼ਰਾਇਲ ਦਾ ਸਭ ਤੋਂ ਕੱਟੜ ਰਾਜਨੀਤਕ ਅਤੇ ਫ਼ੌਜੀ ਸਹਿਯੋਗੀ ਸੰਯੁਕਤ ਰਾਜ ਅਮਰੀਕਾ ਹੈ ਅਤੇ ਹਮੇਸ਼ਾ ਤੋਂ ਰਿਹਾ ਹੈ।

'ਅਮਰੀਕੀ ਸਰਕਾਰ ਨੇ ਇਜ਼ਰਾਇਲ ਨਾਲ ਮਿਲ ਕੇ ਸੰਯੁਕਤ ਰਾਸ਼ਟਰ ਦੇ ਹਰ ਉਸ ਮਤੇ ਨੂੰ ਰੋਕਿਆ ਹੈ, ਜਿਸ ਵਿਚ ਇਸ ਟਕਰਾਅ ਦੇ ਇਕ ਸ਼ਾਂਤਮਈ, ਨਿਆਂਕਾਰੀ ਹੱਲ ਦੀ ਮੰਗ ਕੀਤੀ ਜਾਂਦੀ ਹੈ। ਇਸ ਨੇ ਇਜ਼ਰਾਇਲ ਦੇ ਤਕਰੀਬਨ ਹਰ ਯੁੱਧ ਦੀ ਹਮਾਇਤ ਕੀਤੀ ਹੈ। ਜਦੋਂ ਇਜ਼ਰਾਇਲ ਫਲਸਤੀਨ ਉੱਪਰ ਹਮਲਾ ਕਰਦਾ ਹੈ ਤਾਂ ਫਲਸਤੀਨੀ ਘਰਾਂ ਨੂੰ ਜੋ ਮਿਜ਼ਾਇਲਾਂ ਤਬਾਹ ਕਰਦੀਆਂ ਹਨ, ਉਹ ਅਮਰੀਕੀ ਹੁੰਦੀਆਂ ਹਨ। ਅਤੇ ਹਰ ਸਾਲ ਇਜ਼ਰਾਇਲ ਕਈ ਅਰਬ ਡਾਲਰ ਰਕਮ ਸੰਯੁਕਤ ਰਾਜ ਤੋਂ ਹਾਸਲ ਕਰਦਾ ਹੈ, ਜੋ ਇੱਥੋਂ ਦੇ ਟੈਕਸ ਭਰਨ ਵਾਲਿਆਂ ਦਾ ਪੈਸਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

### ਯਾਤਰਾ ਪ੍ਰਸੰਗ

# ਪਾਲਮਪੁਰ ਦੇ ਝਰਨੇ

### ਅਮਰਬੀਰ ਸਿੰਘ ਚੀਮਾ

ਸ਼ਹਿਰ ਵਿਚਲੇ ਤਣਾਅ ਭਰੇ ਮਾਹੌਲ ਤੇ ਗਰਮੀ ਤੋਂ ਨਿਜ਼ਾਤ ਪਾਉਣ ਲਈ ਹਰ ਕੋਈ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਸੇ ਠੰਢੇ ਸਥਾਨ 'ਤੇ ਜਾਣਾ ਲੋਚਦਾ ਹੈ। ਜ਼ਾਹਿਰ ਹੈ ਕਿ ਅਜਿਹੀ ਜਗ੍ਹਾ ਉਹ ਹੀ ਹੋ ਸਕਦੀ ਹੈ, ਜਿੱਥੇ ਬਰਫ਼ ਨਾਲ ਲੱਦੇ ਹੋਏ ਉੱਚੇ-ਉੱਚੇ ਪਹਾੜ ਅਸਮਾਨ ਨੂੰ ਛੂੰਹਦੇ ਹੋਣ ਤੇ ਵਾਦੀਆਂ ਦੀਆਂ ਠੰਢੀਆਂ-ਠਾਰ ਹਵਾਵਾਂ ਦੇ ਬੁੱਲੇ ਤਨ ਤੇ ਮਨ ਨੂੰ ਠੰਢਕ ਪਹੁੰਚਾ ਦੇਣ। ਆਮ ਤੌਰ 'ਤੇ ਅਜਿਹੇ ਰਸਤਿਆਂ ਦੇ ਇੱਕ ਪਾਸੇ ਬਹੁਤ ਉੱਚੇ-ਉੱਚੇ ਕੂਹਣੀ ਮੋੜ ਵਾਲੇ ਪਹਾੜ ਹੁੰਦੇ ਹਨ ਅਤੇ ਸੜਕ ਦੇ ਦੂਜੇ ਪਾਸੇ ਡੂੰਘੀਆਂ-ਡੂੰਘੀਆਂ ਖਾਈਆਂ ਜਾਂ ਬਿਲਕੁਲ ਹੇਠਾਂ ਤੋਂ ਕੋਈ ਡੂੰਘੀ ਨਦੀ ਵਗਦੀ ਹੁੰਦੀ ਹੈ। ਇਸ ਤਰ੍ਹਾਂ ਦੇ ਰਸਤਿਆਂ 'ਤੇ ਜ਼ਰਾ ਜਿੰਨੀ ਲਾਪਰਵਾਹੀ ਵੀ ਕਈ ਵਾਰ ਜਾਨਲੇਵਾ ਸਾਬਤ ਹੋ ਸਕਦੀ ਹੈ। ਘੁੰਮਣ-ਫਿਰਨ ਦੇ ਸ਼ੌਕੀਨ ਲੋਕਾਂ ਵਿੱਚੋਂ ਜ਼ਿਆਦਾ ਲੋਕਾਂ ਦਾ ਮਕਸਦ ਅਜਿਹੀਆਂ ਪਹਾੜੀ ਸੜਕਾਂ 'ਤੇ ਬਹੁਤ ਦੂਰ ਤੇ ਲੰਬੀ ਡਰਾਈਵ ਕਰਨਾ ਹੁੰਦਾ ਹੈ, ਪਰ ਕੁੱਝ ਸੈਲਾਨੀ ਇਸ ਤਰ੍ਹਾਂ ਦੇ ਵੀ ਹੁੰਦੇ ਹਨ, ਜਿਹੜੇ ਜ਼ਿਆਦਾ ਉੱਚੇ ਪਹਾੜ ਤੇ ਡੂੰਘੀਆਂ ਨਦੀਆਂ ਦੇਖ ਕੇ ਘਬਰਾ ਜਾਂਦੇ ਹਨ। ਉਹ ਕਿਸੇ ਅਜਿਹੀ ਸੁਰੱਖਿਅਤ ਜਗ੍ਹਾ ਦੀ ਭਾਲ ਵਿੱਚ ਹੁੰਦੇ ਹਨ, ਜਿੱਥੇ ਬੈਠ ਕੇ ਉਹ ਕੁਦਰਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲਾਂ ਕਰ ਸਕਣ। ਅਜਿਹੇ ਲੋਕਾਂ ਲਈ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹੇ ਕਾਂਗੜੇ ਦੀ ਤਹਿਸੀਲ ਪਾਲਮਪੁਰ ਖ਼ਾਸ ਹੈ। ਪਾਲਮਪੁਰ ਨਵੀਂ ਦਿੱਲੀ ਤੋਂ ਲੱਗਭੱਗ ਪੰਜ ਸੌ ਕਿੱਲੋਮੀਟਰ ਅਤੇ ਚੰਡੀਗੜ੍ਹ ਤੋਂ ਕਰੀਬ ਢਾਈ ਸੌ ਕਿੱਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਚੰਡੀਗੜ੍ਹ ਤੋਂ ਸੜਕੀ ਰਸਤੇ ਰਾਹੀਂ ਪਾਲਮਪੁਰ ਪਹੁੰਚਣ ਲਈ ਰੋਪੜ, ਅਨੰਦਪੁਰ ਸਾਹਿਬ, ਊਨਾ, ਅੰਬ, ਰਾਣੀ ਤਾਲ ਹੁੰਦੇ ਹੋਏ ਕਾਂਗੜਾ ਪਹੁੰਚ ਜਾਣ 'ਤੇ ਹਾਈਵੇ ਛੱਡ ਕੇ ਸੱਜੇ ਪਾਸੇ ਵੱਲ ਨੂੰ ਮੁੜ ਕੇ ਪੈਂਤੀ-ਚਾਲੀ ਕਿੱਲੋਮੀਟਰ ਡਰਾਈਵ ਕਰ ਕੇ ਜਾਣਾ ਪੈਂਦਾ ਹੈ। ਪਾਲਮਪੁਰ ਲਈ ਨੇੜਲਾ ਏਅਰਪੋਰਟ ਕਾਂਗੜਾ ਵਿਖੇ ਹੈ, ਜਿਹੜਾ ਕਿ ਪਾਲਮਪੁਰ ਤੋਂ ਕੋਈ ਪੈਂਤੀ-ਛੱਤੀ ਕਿੱਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਰੇਲ ਗੱਡੀ ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ। ਕਾਂਗੜਾ ਦੀਆਂ ਵਾਦੀਆਂ ਤੋਂ ਪਾਲਮਪੁਰ ਲਈ ਰੇਲਵੇ ਦਾ ਨੈਰੋ-ਗੇਜ਼ ਟਰੈਕ ਬਣਿਆ ਹੋਇਆ ਹੈ, ਜਿਸ ਦੀ ਸਵਾਰੀ ਵੀ ਯਾਦਗਾਰ ਬਣ ਜਾਂਦੀ ਹੈ। ਪਾਲਮਪੁਰ ਦੀ ਸਮੁੰਦਰੀ ਤਲ ਤੋਂ ਉਚਾਈ 1470 ਮੀਟਰ ਹੈ।

ਪਾਲਮਪੁਰ ਵਿਖੇ ਹਰਿਆਲੀ ਅਤੇ ਥਾਂ-ਥਾਂ 'ਤੇ ਵਗਦੇ ਪਾਣੀ ਦੇ ਝਰਨਿਆਂ ਦਾ ਸੁਮੇਲ ਦੇਖ ਕੇ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਸਾਰਾ ਸ਼ਹਿਰ ਨਾਹ-ਧੋਹ ਕੇ ਸੈਲਾਨੀਆਂ ਦੀ ਆਮਦ ਵਿੱਚ ਬਾਂਹਾਂ ਫੈਲਾ ਕੇ ਖੜ੍ਹ ਗਿਆ ਹੋਵੇ। ਇੱਥੇ ਪਹਾੜੀਆਂ ਤੋਂ ਮੈਦਾਨਾਂ ਵੱਲ ਕੁਦਰਤੀ ਪਾਣੀ ਦੇ ਅਣਗਿਣਤ ਝਰਨੇ ਵਗਦੇ ਹਨ। ਇਹਨਾਂ ਝਰਨਿਆਂ ਦੇ ਪਾਣੀ ਸਾਹਮਣੇ ਅੱਜ ਦੇ ਫ਼ਿਲਟਰ ਵਾਲੇ ਪਾਣੀ ਆਪ ਵੀ ਪਿਆਸੇ-ਪਿਆਸੇ ਲੱਗਦੇ ਹਨ। ਇਸ ਸ਼ਹਿਰ ਦਾ ਨਾਂਅ ਪਹਾੜੀ ਸ਼ਬਦ 'ਪਾਲੁਮ' ਤੋਂ ਪਿਆ। ਪਾਲੁਮ ਤੋਂ ਭਾਵ ਹੈ ਜਿੱਥੇ ਬਹੁਤ ਸਾਰਾ ਪਾਣੀ ਹੋਵੇ। ਪਾਲਮਪੁਰ ਦੇ ਜੰਗਲਾਂ ਵਿੱਚ ਪਾਈਨ (ਚੀੜ੍ਹ) ਤੇ ਦੇਵਦਾਰ ਦਰੱਖ਼ਤਾਂ ਦੀ ਭਰਮਾਰ ਹੈ। ਇੱਥੇ ਪਹੁੰਚ ਕੇ ਹਰਿਆ-ਭਰਿਆ ਵਾਤਾਵਾਰਣ ਦੇਖਦਿਆਂ ਸਫ਼ਰ ਦੀ ਸਾਰੀ ਥਕਾਵਟ ਪਲਾਂ ਵਿੱਚ ਹੀ ਦੂਰ ਹੋ ਜਾਂਦੀ ਹੈ ਤੇ ਮਨ ਰੁਮਾਂਚਿਤ ਹੋ ਉੱਠਦਾ ਹੈ। ਏਦਾਂ ਲੱਗਦਾ ਹੈ ਕਿ ਜਿਵੇਂ ਕੁਦਰਤ ਦੀ ਗੋਦ ਵਿੱਚ ਬੈਠੇ ਹੋਈਏ। ਸਵੇਰ ਵੇਲੇ ਦੀ ਸ਼ੁੱਧ ਤੇ ਤਾਜ਼ੀ ਹਵਾ ਜਿੰਨੀ ਵੀ ਮਾਣ ਲਈਏ, ਓਨੀ ਹੀ ਘੱਟ ਹੈ। ਹਰ ਸ਼ਾਮ ਨੂੰ ਢਲਦੇ ਸੂਰਜ ਦੀ ਲਾਲੀ ਦਾ ਪਰਛਾਵਾਂ ਨੇੜੇ ਵਗਦੇ ਝਰਨਿਆਂ ਦੇ ਵਿੱਚੋਂ ਦੀ ਦੇਖਣ 'ਤੇ ਪਾਣੀ ਦੇ ਸੁਨਹਿਰੀ ਰੰਗ ਦਾ ਹੋਣ ਜਾਣ ਦਾ ਭੁਲੇਖਾ ਪਾਉਂਦਾ ਹੈ। ਠੰਢੇ ਪਾਣੀ ਦੇ ਵਗਦੇ ਚਸ਼ਮੇ ਕਿਸੇ ਹੁਸੀਨ ਜਿਹੀ ਕੁੜੀ ਦੀਆਂ ਭਿੱਜੀਆਂ ਹੋਈਆਂ ਜ਼ੁਲਫਾਂ ਪ੍ਰਤੀਤ ਹੁੰਦੇ ਹਨ। ਇੱਥੋਂ ਦੀਆਂ ਛੋਟੀਆਂ-ਛੋਟੀਆਂ ਪਹਾੜੀਆਂ ਹਰ ਕਿਸੇ ਦਾ ਮਨ ਮੋਹ ਲੈਂਦੀਆਂ ਹਨ ਤੇ ਇੱਥੇ ਆਉਣ ਵਾਲਾ ਹਰ ਸੈਲਾਨੀ ਇੱਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਇਸ ਗੱਲ ਦੀ ਗਵਾਹੀ ਚਿੱਤਰਕਾਰ ਸੋਭਾ ਸਿੰਘ ਅਤੇ ਥੀਏਟਰ ਕਲਾਕਾਰ ਨੋਰਾ ਰਿਚਰਡਜ਼ ਦੇ ਇੱਥੇ ਪੱਕੇ ਤੌਰ 'ਤੇ ਵੱਸ ਜਾਣ ਤੋਂ ਮਿਲਦੀ ਹੈ।



1947 ਵਿੱਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਚਿੱਤਰਕਾਰ ਸੋਭਾ ਸਿੰਘ ਨੇ ਪਾਲਮਪੁਰ ਦੀ ਵਿਲੱਖਣ ਸੁੰਦਰਤਾ ਤੋਂ ਕਾਇਲ ਹੋ ਕੇ ਇੱਥੋਂ ਬਾਰਾਂ ਕਿੱਲੋਮੀਟਰ ਦੂਰ ਪਹਾੜੀ ਪਿੰਡ ਅੰਧਰੇਟਾ ਵਿਖੇ ਆਪਣਾ ਵਸੇਬਾ ਕਰ ਲਿਆ ਸੀ। ਇੱਥੇ ਹੀ 'ਸੋਭਾ ਸਿੰਘ ਆਰਟ ਗੈਲਰੀ' ਬਣੀ ਹੋਈ ਹੈ, ਜਿਹੜੀ ਕਿ ਅੱਜ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਇੱਥੇ ਆ ਕੇ ਮਨ ਨੂੰ ਅਸੀਮ ਸ਼ਾਂਤੀ ਮਿਲਦੀ ਹੈ ਤੇ ਸੋਭਾ ਸਿੰਘ ਦੀਆਂ ਹੱਥੀਂ ਬਣਾਈਆਂ ਹੋਈਆਂ ਕਲਾਕ੍ਰਿਤੀਆਂ ਨੂੰ ਨੇੜੇ ਤੋਂ ਦੇਖਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸੋਭਾ ਸਿੰਘ ਨੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਸੋਹਣੀ-ਮਹੀਂਵਾਲ ਸਮੇਤ ਹੋਰ ਬਹੁਤ ਸਾਰੀਆਂ ਤਸਵੀਰਾਂ ਇਸ ਸਥਾਨ 'ਤੇ ਰਹਿ ਕੇ ਹੀ ਬਣਾਈਆਂ ਸਨ। ਉਸ ਵੱਲੋਂ ਬਣਾਇਆ ਹੋਇਆ ਉਸ ਦਾ ਆਪਣਾ ਆਦਮ-ਕੱਦ ਬੁੱਤ ਦੇਖ ਕੇ ਪ੍ਰਤੀਤ ਹੁੰਦਾ ਹੈ ਜਿਵੇਂ ਸੋਭਾ ਸਿੰਘ ਆਪ ਹੀ ਸਾਹਮਣੇ ਬੈਠਾ ਹੋਵੇ। ਕੁਦਰਤ ਪ੍ਰੇਮੀਆਂ ਲਈ ਇਹ ਸਥਾਨ ਸਵਰਗ ਵਾਂਗੂੰ ਹੈ।

ਇਸ ਤੋਂ ਇਲਾਵਾ ਇਰੀਸ਼ ਦੀ ਜੰਮਪਲ ਤੇ ਥੀਏਟਰ ਕਲਾਕਾਰ ਨੌਰਾ ਰਿਚਰਡਜ਼ ਵੀ 1911 ਵਿੱਚ ਪੰਜਾਬ ਆਈ ਸੀ। 1924 ਵਿੱਚ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਹ ਵਾਪਸ ਇੰਗਲੈਂਡ ਚਲੀ ਗਈ ਤੇ ਦੁਬਾਰਾ 1924 ਵਿੱਚ ਅੰਧਰੇਟਾ ਪਿੰਡ ਵਿਖੇ ਆਪਣਾ 'ਚਮੇਲੀ ਨਿਵਾਸ' ਨਾਮਕ ਮਿੱਟੀ ਦਾ ਕੱਚਾ ਘਰ ਬਣਾ ਲਿਆ। ਉਹ ਪੂਰੀ ਤਰ੍ਹਾਂ ਨਾਲ ਪੰਜਾਬੀ ਡਰਾਮੇ ਨੂੰ ਸਮਰਪਿਤ ਸੀ। ਇਸ ਲਈ ਉਸ ਦੇ ਹੁਨਰ ਨੂੰ ਪਛਾਣਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ 'ਆਨਰੇਰੀ ਡੌਕਟੋਰੇਟ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। 3 ਮਾਰਚ, 1971 ਨੂੰ ਉਸ ਦੀ ਮੌਤ ਤੋਂ ਬਾਅਦ ਅੱਜ-ਕੱਲ੍ਹ ਇਹ ਜਗ੍ਹਾ 'ਵੁੱਡਲੈਂਡ' ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਇਸ ਦਾ ਪ੍ਰਬੰਧ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧੀਨ ਹੈ ਤੇ ਇਹ ਸਥਾਨ ਵੀ ਸੈਲਾਨੀਆਂ ਲਈ ਵੇਖਣਯੋਗ ਹੈ।

ਪਾਲਮਪੁਰ ਵਾਸੀਆਂ ਨੇ ਲੋੜੀਂਦੀ ਖੇਤੀਬਾੜੀ ਕਰਨ ਲਈ ਆਪਣੀਆਂ ਜ਼ਮੀਨਾਂ ਵਿੱਚ ਛੋਟੇ-ਛੋਟੇ ਕਿਆਰੀਨੁਮਾ ਖੇਤ ਬਣਾਏ ਹੋਏ ਹਨ। ਖੇਤਾਂ ਨੂੰ ਸਿੰਜਣ ਲਈ ਉਹ ਪੂਰੀ ਤਰ੍ਹਾਂ ਨਾਲ ਬਰਸਾਤੀ ਪਾਣੀ 'ਤੇ ਹੀ ਨਿਰਭਰ ਹਨ। ਇੱਥੇ ਅਕਸਰ ਮੀਂਹ ਪੈਂਦੇ ਰਹਿੰਦੇ ਹਨ ਤੇ ਮੀਂਹ ਦਾ ਪਾਣੀ ਉੱਪਰਲੇ ਖੇਤਾਂ ਤੋਂ ਹੁੰਦਾ ਹੋਇਆ ਥੱਲੇ ਵੱਲ ਨੂੰ ਆਉਂਦਾ ਰਹਿੰਦਾ ਹੈ। ਇੱਥੋਂ ਦੇ ਚਾਹ ਦੇ ਬਾਗ਼ਾਂ ਵਿੱਚ ਪਹੁੰਚਣ ਸਾਰ ਤਨ-ਮਨ ਇੱਕ ਅਜੀਬ ਜਿਹੀ ਖ਼ੁਸ਼ਬੂ ਤੇ ਤਾਜ਼ਗੀ ਨਾਲ ਮਹਿਕ ਉੱਠਦਾ ਹੈ। ਕਾਂਗੜਾ ਘਾਟੀ ਨੂੰ ਭਾਰਤ ਦੀ ਚਾਹ ਦੀ ਰਾਜਧਾਨੀ ਕਿਹਾ ਜਾਂਦਾ ਹੈ। ਇੱਥੋਂ ਦੀ ਚਾਹ ਬਰਤਾਨੀਆ ਸਮੇਤ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ ਤੇ ਇੱਥੇ ਆਉਣ 'ਤੇ ਇੱਥੋਂ ਦੀ ਤਾਜ਼ਾ ਚਾਹ-ਪੱਤੀ ਲਿਜਾਣਾ ਕਦੇ ਨਾ ਭੁੱਲੋ। ਅਪ੍ਰੈਲ ਤੋਂ ਲੈ ਕੇ ਅਕਤੂਬਰ ਤੱਕ ਇੱਥੋਂ ਦੀਆਂ ਸਥਾਨਕ ਔਰਤਾਂ ਚਾਹ ਦਿਆਂ ਬਾਗ਼ਾਂ ਵਿੱਚ ਆਪਣੀਆਂ ਪਿੱਠਾਂ 'ਤੇ ਪਿੱਠੂ ਬੰਨ੍ਹ ਕੇ ਚਾਹ ਦੀਆਂ ਪੱਤੀਆਂ ਤੋੜਦੀਆਂ ਆਮ ਹੀ ਦੇਖੀਆਂ ਜਾਂਦੀਆਂ ਹਨ। ਚਾਹ ਪੱਤੀ ਦਿਆਂ ਬਾਗ਼ਾਂ ਵਿੱਚ ਕੀਤੀ ਫ਼ੋਟੋਗਰਾਫੀ ਵੀ ਯਾਦਗਾਰੀ ਹੋ ਨਿੱਬੜਦੀ ਹੈ। ਪਾਲਮਪੁਰ ਸ਼ਹਿਰ ਤੋਂ ਨਿਊਗਲ ਕੈਫ਼ੇ ਵੱਲ ਜਾਂਦਿਆਂ ਬਰਸਾਤ ਦੇ ਮੌਸਮ ਵਿੱਚ ਚਾਹ ਦੇ ਬਾਗ਼ਾਂ ਦੀ ਹਰਿਆਲੀ ਆਪਣੇ ਸਿਖਰ 'ਤੇ ਆ ਜਾਂਦੀ ਹੈ। ਇਸ ਸੜਕ 'ਤੇ ਦੋ ਸੌ ਸਾਲ ਪੁਰਾਣਾ ਬੰਡਲਾ ਟੀ ਐਸਟੇਟ ਕੰਪਲੈਕਸ ਦਾ ਨਜ਼ਾਰਾ ਵੀ ਦੇਖਣ ਵਾਲਾ ਹੈ।

ਇੱਥੇ ਸੈਲਾਨੀਆਂ ਦੇ ਰਹਿਣ ਲਈ ਹਰ ਬਜਟ ਦੇ ਹੋਟਲ ਉਪਲੱਬਧ ਹਨ। ਇੱਥੋਂ ਦੇ ਲੋਕਾਂ ਦੀ ਇਮਾਨਦਾਰੀ ਅੱਜ ਦੀ ਤੇਜ਼-ਤਰਾਰ ਜ਼ਿੰਦਗੀ ਵਿੱਚ ਵੀ ਬਰਕਰਾਰ ਹੈ। ਇੱਥੋਂ ਦੇ ਨੇੜਲੇ ਪਿੰਡਾਂ ਵਿੱਚ ਛੋਟੀਆਂ-ਛੋਟੀਆਂ ਪਹਾੜੀਆਂ ਟੱਪ ਕੇ ਕੱਚਿਆਂ ਘਰਾਂ ਤੇ ਢਾਬਿਆਂ ਵਿੱਚ ਬੈਠ ਕੇ ਚਾਹ ਪੀਣ ਦਾ ਸੁਆਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਬੱਸ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਸਵੇਰ ਦੀ ਸੈਰ ਅਤੇ ਟਰੈਕਿੰਗ ਕਰਨ ਲਈ ਇਸ ਦਾ ਕੋਈ ਬਦਲ ਨਹੀਂ ਹੈ। ਟਰੈਕਿੰਗ ਕਰਨ ਲਈ ਜਿਹੜੀ ਮਰਜ਼ੀ ਪਹਾੜੀ 'ਤੇ ਚੜ੍ਹ ਜਾਵੋ ਤੇ ਥਕਾਨ ਹੋ ਜਾਣ 'ਤੇ ਜਿਹੜੇ ਮਰਜ਼ੀ ਵਹਿੰਦੇ ਝਰਨੇ ਵਿੱਚ ਨਹਾ ਲਵੋ, ਪਰ ਜ਼ਰਾ ਸਾਵਧਾਨੀ ਨਾਲ। ਇੱਥੇ ਖ਼ਰੀਦਦਾਰੀ ਕਰਨ ਲਈ ਅੰਗਰੇਜ਼ਾਂ ਵੇਲਿਆਂ ਦੀਆਂ ਪੁਰਾਣੀਆਂ ਦੁਕਾਨਾਂ ਤੋਂ ਲੈ ਕੇ ਆਧੁਨਿਕ ਕਿਸਮ ਦੇ ਸ਼ਾਪਿੰਗ ਮਾਲ ਤੱਕ ਹਨ। ਇੱਥੋਂ ਨੇੜਲੇ ਹੋਰ ਪਹਾੜੀ ਸ਼ਹਿਰ ਕਾਂਗੜਾ, ਧਰਮਸ਼ਾਲਾ, ਮੈਕਲਿਓਡਗੰਜ ਆਦਿ ਵੀ ਵੇਖਣਯੋਗ ਸਥਾਨ ਹਨ। ਹਿਮਾਚਲ ਟੂਰਿਜ਼ਮ ਦੁਆਰਾ ਬਣਿਆ 'ਨਿਊਗਲ ਕੈਫ਼ੇ' ਵੀ ਵੇਖਣਯੋਗ ਸਥਾਨਾਂ ਵਿੱਚੋਂ ਇੱਕ ਹੈ।

ਅੰਧਰੇਟਾ ਤੋਂ ਬਾਰਾਂ ਕਿੱਲੋਮੀਟਰ ਅੱਗੇ ਚੱਲ ਕੇ ਤੇਰਵੀਂ ਸਦੀ ਦਾ ਬਣਿਆ ਬਹੁਤ ਹੀ ਪੁਰਾਤਨ ਮੰਦਰ 'ਬੈਜਨਾਥ' ਆ ਜਾਂਦਾ ਹੈ। ਇਸ ਮੰਦਰ ਦਾ ਨਿਰਮਾਣ 1204 ਏ.ਡੀ. ਨੂੰ ਹੋਇਆ ਸੀ। ਇਹ ਮੰਦਰ ਉਦੋਂ ਤੋਂ ਹੀ ਪੂਜਿਆ ਜਾਂਦਾ ਹੈ। ਬੈਜਨਾਥ ਮੰਦਰ ਤੋਂ ਪਠਾਨਕੋਟ-ਮੰਡੀ ਨੈਸ਼ਨਲ ਹਾਈਵੇ 'ਤੇ ਦਸ-ਬਾਰਾਂ ਕਿੱਲੋਮੀਟਰ ਚੱਲ ਕੇ ਬੀਰ-ਬਿਲਿੰਗ ਨਾਮਕ ਜਗ੍ਹਾ ਆ ਜਾਂਦੀ ਹੈ। ਇਹ ਸਥਾਨ ਪੈਰਾਗਲਾਈਡਿੰਗ ਦੇ ਸ਼ੌਕੀਨਾਂ ਲਈ ਖ਼ਾਸ ਹੈ। ਇਸ ਨੂੰ ਉੱਤਰੀ ਭਾਰਤ ਦੀ ਪੈਰਾਗਲਾਈਡਿੰਗ ਰਾਜਧਾਨੀ ਵੀ ਕਿਹਾ ਜਾਂਦਾ ਹੈ। ਇਸ ਤੋਂ ਅਗਲਾ ਪੜਾਅ ਕੁੱਲੂ-ਮਨਾਲੀ ਮੁੱਖ ਮਾਰਗ 'ਤੇ ਮੰਡੀ ਸ਼ਹਿਰ ਦਾ ਹੈ, ਜੋ ਕਿ ਇੱਥੋਂ 85 ਕਿੱਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਇਤਿਹਾਸਕ ਗੁਰਦਵਾਰਾ ਬਣਿਆ ਹੋਇਆ ਹੈ। ਸੈਲਾਨੀ ਆਪਣੀ ਮਰਜ਼ੀ, ਬੱਜਟ ਜਾਂ ਸਮੇਂ ਅਨੁਸਾਰ ਪਾਲਮਪੁਰ, ਬੈਜਨਾਥ ਜਾਂ ਬੀਰ-ਬਿਲਿੰਗ ਤੋਂ ਉਸੇ ਰਸਤੇ ਵਾਪਸ ਜਾ ਸਕਦੇ ਹਨ ਤੇ ਜਾਂ ਫਿਰ ਮੰਡੀ ਪਹੁੰਚ ਕੇ ਉੱਥੋਂ ਵਾਇਆ ਸੁੰਦਰ ਨਗਰ, ਬਿਲਾਸਪੁਰ ਰਾਹੀਂ ਕੀਰਤਪੁਰ ਸਾਹਿਬ ਹੋ ਕੇ ਵਾਪਸੀ ਕਰ ਸਕਦੇ ਹਨ। ਜੇਕਰ ਘੁੰਮਣ ਵਾਸਤੇ ਅਜੇ ਹੋਰ ਸਮਾਂ ਹੈ ਤਾਂ ਮੰਡੀ ਤੋਂ ਹੋਰ ਉੱਪਰ ਵੱਲ ਨੂੰ ਜਾਂਦੇ ਹੋਏ ਕੁੱਲੂ-ਮਨਾਲੀ, ਮਣੀਕਰਨ ਸਾਹਿਬ, ਰੋਹਤਾਂਗ ਪਾਸ ਆਦਿ ਵੀ ਦੇਖ ਸਕਦੇ ਹਨ, ਪਰ ਯਾਦ ਰਹੇ ਇਹ ਰਸਤਾ ਪੂਰੀ ਤਰ੍ਹਾਂ ਨਾਲ ਵੱਡੇ-ਵੱਡੇ ਪਹਾੜਾਂ ਤੇ ਨਦੀਆਂ-ਦਰਿਆਵਾਂ ਨਾਲ ਘਿਰਿਆ ਹੋਇਆ ਹੈ।

# ਨਵਾਂ ਸਾਲ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਨੂੰ ਸੁਖਾਵੇਂ ਸੰਕੇਤ ਦੇਣ ਵਾਲਾ ਨਹੀਂ ਦਿੱਸ ਸਕਿਆ

## ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਇੱਕ ਹੋਰ ਨਵਾਂ ਸਾਲ ਇਸ ਸੰਸਾਰ ਦੇ ਲੋਕਾਂ ਲਈ ਚੜ੍ਹ ਚੁੱਕਾ ਹੈ। ਰਿਵਾਇਤੀ ਕਹੇ ਜਾਂਦੇ ਜੋਸ਼ ਨਾਲ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਫਿਰ ਇਸ ਦਾ ਸਵਾਗਤ ਕੀਤਾ ਗਿਆ ਹੈ। ਮੇਰੇ ਵਾਂਗ ਬਹੁਤ ਸਾਰੇ ਲੋਕਾਂ ਲਈ ਨਵੇਂ ਸਾਲ ਦਾ ਪਹਿਲੜਾ ਅੱਧਾ ਦਿਨ ਖੁਸ਼ੀਆਂ ਦੇ ਸੁਨੇਹਿਆਂ ਦਾ ਜਵਾਬ ਦੇਣ ਤੇ ਆਏ ਹੋਏ ਸੁਨੇਹਿਆਂ ਤੋਂ ਆਪਣੇ ਫੋਨ ਸੈੱਟ ਵਿਹਲੇ ਕਰਨ ਲਈ ਡਿਲੀਟ ਕਰਨ ਵਿੱਚ ਬੀਤਿਆ ਹੋਵੇਗਾ। ਖੁਦ ਮੈਂ ਇਹ ਸੁਨੇਹਾ ਬਹੁਤ ਘੱਟ ਕਿਸੇ ਨੂੰ ਭੇਜਦਾ ਹਾਂ। ਨਵਾਂ ਸਾਲ ਚੜ੍ਹਦਾ ਵੇਖ ਕੇ ਮੈਨੂੰ ਕਦੇ ਕੁਝ ਨਵਾਂ ਮਹਿਸੂਸ ਨਹੀਂ ਹੁੰਦਾ, ਸਿਰਫ ਕੈਲੰਡਰ ਦਾ ਸਾਲਾਂ ਦਾ ਇੱਕ ਸਫਾ ਬਦਲਦਾ ਦਿੱਸਦਾ ਹੈ, ਹੋਰ ਤਾਂ ਕੁਝ ਬਦਲਦਾ ਨਹੀਂ। ਪੰਜਾਬ ਵਿੱਚ ਜਿਹੋ ਜਿਹੀ ਠੰਢ ਇੱਕ ਦਿਨ ਪਹਿਲਾਂ ਪੈਂਦੀ ਸੀ, ਲਗਭਗ ਉਹੋ ਜਿਹੀ ਨਵੇਂ ਸਾਲ ਦੇ ਪਹਿਲੇ ਦਿਨ ਪੈ ਗਈ ਸੀ। ਜਿੱਦਾਂ ਸ਼ਹਿਰਾਂ ਦੇ ਚੌਕਾਂ ਵਿੱਚ ਆਵਾਜ਼ ਪੈਣ ਦੀ ਉਡੀਕ ਵਿੱਚ ਦਿਹਾੜੀਦਾਰ ਮਜ਼ਦੂਰ ਭੁੱਖਣ-ਭਾਣੇ ਖੜੇ ਦਿੱਸਦੇ ਸਨ, ਉਹ ਵੀ ਓਸੇ ਤਰ੍ਹਾਂ ਖੜੇ ਮਿਲੇ ਤੇ ਜਿਸ ਤਰ੍ਹਾਂ ਹਰ ਪਾਸੇ ਕੂੜੇ ਦੇ ਢੇਰ ਇੱਕ ਦਿਨ ਪਹਿਲਾਂ ਲੱਗੇ ਦਿੱਸਦੇ ਸਨ, ਨਵੇਂ ਸਾਲ ਮੌਕੇ ਫਿਰ ਵੇਖਣ ਨੂੰ ਮਿਲ ਗਏ। ਫਰਕ ਤਾਂ ਕੋਈ ਪਿਆ ਹੀ ਨਹੀਂ। ਰਾਜੀਵ ਗਾਂਧੀ ਜਦੋਂ ਪ੍ਰਧਾਨ ਮੰਤਰੀ ਬਣ ਗਿਆ ਤਾਂ ਉਸ ਨੇ ਹਰ ਰੋਜ਼ ਇਹ ਰਾਗ ਅਲਾਪਣਾ ਆਰੰਭ ਕਰ ਦਿੱਤਾ ਕਿ ਅਸੀਂ ਇੱਕੀਵੀਂ ਸਦੀ ਵਿੱਚ ਜਾਣ ਨੂੰ ਤਿਆਰ ਹੋ ਜਾਈਏ। ਜਦੋਂ ਉਹ ਜ਼ਿੰਦਾ ਨਹੀਂ ਰਿਹਾ ਤਾਂ ਉਸ ਦੇ ਪੱਕੇ ਭਗਤ ਅਤੇ ਵੇਖੋ-ਵੇਖੀ ਉਨ੍ਹਾਂ ਨਾਲ ਮੁਕਾਬਲੇ ਦੀ ਧਿਰ ਵਾਲੇ ਲੋਕ ਇਹੋ ਕੁਝ ਕਹਿਣ ਲੱਗ ਪਏ, ਸਗੋਂ ਨਵੀਂ ਗੱਲ ਇਹ ਜੁੜ ਗਈ ਸੀ ਕਿ ਅਸੀਂ ਨਵੇਂ ਮਿਲੇਨੀਅਮ ਦੇ ਸਵਾਗਤ ਦੀ ਵੀ ਤਿਆਰੀ ਸ਼ੁਰੂ ਕਰਨੀ ਹੈ। ਨਵਾਂ ਮਿਲੇਨੀਅਮ, ਭਾਵ ਦੋ ਹਜ਼ਾਰ ਸਾਲ ਪੂਰੇ ਹੋਣ ਪਿੱਛੋਂ ਤੀਸਰੇ ਹਜ਼ਾਰ ਦੀ ਸ਼ੁਰੂਆਤ ਦੇ ਸਾਲ ਅਤੇ ਇੱਕੀਵੀਂ ਸਦੀ ਦੇ ਸਵਾਗਤ ਦੀ ਤਿਆਰੀ ਲਈ ਰੌਲਾ ਪਈ ਜਾਂਦਾ ਸੀ।

ਉਨ੍ਹੀਂ ਦਿਨੀਂ ਇੱਕ ਵਾਰ ਖਿਝ ਕੇ ਮੈਂ ਲਿਖਿਆ ਸੀ ਕਿ ਜੇ ਅਸੀਂ ਏਦਾਂ ਦੀ ਉਚੇਚੀ ਤਿਆਰੀ ਨਾ ਕਰਾਂਗੇ ਤਾਂ ਨਵਾਂ ਸਾਲ ਜਾਂ ਨਵੀਂ ਸਦੀ ਜਾਂ ਨਵਾਂ ਮਿਲੇਨੀਅਮ ਦੋ-ਚਾਰ ਸਾਲ ਲੇਟ ਨਹੀਂ ਹੋ ਜਾਣ ਲੱਗੇ ਤੇ ਜੇ ਇਹ ਨਵਾਂ ਸਾਲ ਨੇੜੇ ਵੇਖ ਕੇ ਅਸੀਂ ਜੁੱਤੀ ਹੱਥ ਵਿੱਚ ਫੜ ਕੇ ਸਰਪੱਟ ਦੌੜ ਪਏ ਤਾਂ ਨਵਾਂ ਮਿਲੇਨੀਅਮ ਦੋ ਸਾਲ ਪਹਿਲਾਂ ਨਹੀਂ ਆ ਜਾਣਾ। ਇਸ ਧਰਤੀ ਦੀ ਤੋਰ ਨਹੀਂ ਬਦਲਣੀ ਅਤੇ ਚੰਦ-ਸੂਰਜ ਦੀ ਸਥਿਤੀ ਵਿੱਚ ਫਰਕ ਨਹੀਂ ਪੈਣਾ, ਸਿਰਫ ਸਾਡੇ ਸੰਸਾਰ ਵਿੱਚ ਜ਼ਿੰਦਗੀ ਦੇ ਨਿੱਜੀ, ਸਮਾਜੀ ਜਾਂ ਸਰਕਾਰੀ ਕਾਰ-ਵਿਹਾਰ ਦੇ ਲੇਖੇ-ਪੱਤੇ ਵਾਸਤੇ ਪਲਾਂ, ਦਿਨਾਂ, ਹਫਤਿਆਂ, ਮਹੀਨਿਆਂ ਅਤੇ ਸਾਲਾਂ ਦੀ ਗਿਣਤੀ ਲਈ ਬਣਾਏ ਕੈਲੰਡਰ ਦਾ ਪੰਨਾ ਪਲਟ ਜਾਣਾ ਹੈ। ਇਸ ਦਾ ਮਹੱਤਵ ਪਤਾ ਨਹੀਂ, ਨਵੇਂ ਸਾਲ ਲਈ ਐਵੇਂ ਚਾਂਭਲ ਗਏ। ਇਸ ਤੋਂ ਪਹਿਲਾਂ ਲੰਘਿਆ ਸਾਲ ਸੰਸਾਰ ਦੇ ਲੋਕਾਂ ਲਈ ਯੂਕਰੇਨ ਅਤੇ ਰੂਸ ਵਾਲੀ ਜੰਗ ਨਹੀਂ ਸੀ ਮੁਕਾ ਸਕਿਆ ਤੇ ਫਲਸਤੀਨ ਨਾਲ ਇਸਰਾਈਲ ਦੀ ਨਵੀਂ ਜੰਗ ਛੇੜ ਕੇ ਖਿਸਕ ਗਿਆ ਹੈ। ਦੋਵਾਂ ਜੰਗਾਂ ਵਿੱਚ ਕਿੰਨੇ ਹਜ਼ਾਰ ਲੋਕ ਮਾਰੇ ਗਏ ਹਨ, ਅਗਲਾ ਸਾਲ ਕਿੰਨੇ ਹੋਰ ਲੋਕਾਂ ਦੀ ਜਾਨ ਦਾ ਖੌਅ ਬਣੇਗਾ, ਕਿਸੇ ਮਹਾਂਸ਼ਕਤੀ ਜਾਂ ਸੰਸਾਰ ਪੰਚਾਇਤ ਨੂੰ ਇਸ ਬਾਰੇ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਜਾਪਦੀ। ਦੁਨੀਆ ਦੇ ਕਿੰਨੇ ਦੇਸ਼ਾਂ ਵਿੱਚ ਕਿੰਨੇ ਲੋਕ ਅਜੇ ਤੱਕ ਭੁੱਖਮਰੀ ਦਾ ਸ਼ਿਕਾਰ ਹੋਈ ਜਾਂਦੇ ਹਨ ਅਤੇ ਉਨ੍ਹਾਂ ਦੀ ਭੁੱਖ ਮਿਟਾਉਣ ਲਈ ਸੰਸਾਰ ਪੱਧਰ ਦੀਆਂ ਸਮਾਜੀ ਸੰਸਥਾਵਾਂ ਦੋ ਡੰਗ ਰੋਟੀ ਦਾ ਜੁਗਾੜ ਕਰਨ ਵਿੱਚ ਸਫਲ ਕਿਉਂ ਨਹੀਂ ਹੋ ਰਹੀਆਂ, ਇਹ ਕੋਈ ਸੋਚਦਾ ਹੀ ਨਹੀਂ। ਰਹਿਣ ਲਈ ਘਰ ਨਾ ਹੋਣਾ ਕਈ ਦੇਸ਼ਾਂ ਵਿੱਚ ਵੱਡਾ ਮੁੱਦਾ ਹੈ। ਨਵੇਂ ਸਾਲ ਦੇ ਜਸ਼ਨ ਮਨਾਉਣ ਵੇਲੇ ਸੜਕਾਂ ਦੇ ਫੁੱਟਪਾਥਾਂ ਜਾਂ ਫਲਾਈ-ਓਵਰਾਂ ਹੇਠਾਂ ਠੋਡੀ ਨਾਲ ਗੋਡੇ ਜੋੜ ਕੇ ਰਾਤ ਗੁਜ਼ਾਰਨ ਦਾ ਯਤਨ ਕਰਦੇ ਬੇ-ਘਰੇ ਲੋਕਾਂ ਦਾ ਕਿਸੇ ਨੂੰ ਕੋਈ ਖਿਆਲ ਹੀ ਨਹੀਂ ਆਇਆ।

ਅਸਲ ਵਿੱਚ ਸਾਡੇ ਲੋਕ ਨਿੱਤ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਤੋਂ ਏਨੇ ਖਿਝੇ ਅਤੇ ਅੱਕੇ ਪਏ ਹਨ ਕਿ ਜਦੋਂ ਵੀ ਕੋਈ ਮੌਕਾ ਮਾਨਣ ਦਾ ਰੌਲਾ ਸੁਣਨ ਤਾਂ ਉਸ ਰੌਲੇ ਦਾ ਹਿੱਸਾ ਬਣ ਕੇ ਦੋ ਪਲ ਖੁਸ਼ ਹੋਣ ਅਤੇ ਗਮ ਭੁਲਾ ਦੇਣ ਨੂੰ ਤਿਆਰ ਹੋ ਜਾਂਦੇ ਹਨ। ਥੋੜ੍ਹ-ਚਿਰੀ ਇਸ ਖੁਸ਼ੀ ਦਾ ਸਮਾਂ ਲੰਘਦੇ ਸਾਰ ਫਿਰ ਮਜਬੂਰੀਆਂ ਦੀ ਮਾਰ ਹੇਠ ਆ ਜਾਂਦੇ ਹਨ ਤੇ ਅਗਲਾ ਦਿਨ ਗੁਜ਼ਾਰਨ ਦੀ ਚਿੰਤਾ ਉਨ੍ਹਾਂ ਦੀ ਕੁਝ ਚਿਰ ਪਹਿਲਾਂ ਮਨਾਈ ਖੁਸ਼ੀ ਖੂੰਜੇ ਵਿੱਚ ਧੱਕ ਦੇਂਦੀ ਹੈ। ਵਕਤ ਦੀਆਂ ਸਰਕਾਰਾਂ ਚੰਗਾ ਜਾਂ ਮਾੜਾ ਦੀ ਚਿੰਤਾ ਕੀਤੇ ਬਗੈਰ ਅੱਜਕੱਲ੍ਹ ਵਿਕਦਾ ਮਾਲ ਵੇਚਣ ਦੀ ਬਾਜ਼ਾਰੂ ਮਾਨਸਿਕਤਾ ਹੇਠ ਆਪਣੀ ਲੋੜ ਦਾ ਕੋਈ ਨਵਾਂ ਰਾਜਸੀ ਨਾਅਰਾ ਨਵੇਂ ਲਿਸ਼ਕਦੇ ਰੂਪ ਵਿੱਚ ਪੇਸ਼ ਕਰ ਦੇਂਦੀਆਂ ਹਨ ਤੇ ਨਵਾਂ ਸਾਲ ਚੜ੍ਹਦਾ ਵੇਖ ਕੇ ਸਾਰੀਆਂ ਸਰਕਾਰਾਂ ਏਦਾਂ ਕਰਦੀਆਂ ਹਨ। ਏਦਾਂ ਦੇ ਨਾਅਰੇ, ਲਾਰੇ ਅਤੇ ਪੇਸ਼ਕਸ਼ਾਂ ਕਈ ਦਿਨ ਅਤੇ ਕਈ ਹਫਤੇ ਪਹਿਲਾਂ ਉਨ੍ਹਾਂ ਨੇ ਤਿਆਰ ਕਰਵਾ ਕੇ ਸੰਭਾਲੇ ਹੁੰਦੇ ਹਨ, ਨਵੇਂ ਸਾਲ ਮੌਕੇ ਲੋਕਾਂ ਅੱਗੇ ਪਰੋਸਣ ਦਾ ਕੰਮ ਕਰਨਾ ਬਾਕੀ ਹੁੰਦਾ ਹੈ। ਇਹ ਕੁਝ ਇਸ ਵਾਰੀ ਫਿਰ ਹੁੰਦਾ ਵੇਖ ਲਿਆ ਹੈ, ਸਗੋਂ ਇਸ ਵਾਰੀ ਇਹ ਕੁਝ ਪਹਿਲਾਂ ਨਾਲੋਂ ਵੱਧ ਹੋਇਆ ਹੈ, ਕਿਉਂਕਿ ਚੋਣਾਂ ਦੇ ਦਿਨ ਸਿਰ ਉੱਤੇ ਆਏ ਹੋਣ ਕਾਰਨ ਲੋਕਾਂ ਨੂੰ ਵੇਲੇ ਸਿਰ ਭਰਮਾਉਣ ਦਾ ਇਹ ਕੰਮ ਲੇਟ ਨਹੀਂ ਕੀਤਾ ਜਾ ਸਕਦਾ। ਸੰਸਾਰ ਦੇ ਲੋਕਾਂ ਨੇ ਇਸ ਵਾਰੀ ਨਵਾਂ ਸਾਲ ਮਨਾਉਂਦੇ ਵਕਤ ਇਹ ਵੀ ਨਹੀਂ ਸੋਚਿਆ ਕਿ ਨਵਾਂ ਸਾਲ ਪਤਾ ਨਹੀਂ ਕਿਹੜੇ ਦੇਸ਼ ਦੇ ਲੋਕਾਂ ਲਈ ਕਿਹੋ ਜਿਹਾ ਰਾਜਸੀ ਭਵਿੱਖ-ਨਕਸ਼ਾ ਪੇਸ਼ ਕਰ ਸਕਦਾ ਹੈ! ਇਹ ਸਾਲ ਸਿਰਫ ਭਾਰਤ ਲਈ ਨਹੀਂ, ਦੁਨੀਆ ਦੇ ਕਈ ਪ੍ਰਮੁੱਖ ਦੇਸ਼ਾਂ ਲਈ ਆਮ ਚੋਣਾਂ ਦਾ ਬੜਾ ਅਹਿਮ ਮੰਨਿਆ ਜਾਂਦਾ ਟਾਈਮ ਟੇਬਲ ਵੀ ਚੁੱਕੀ ਆਉਂਦਾ ਹੈ। ਕਿਸੇ ਨੂੰ ਚੇਤਾ ਹੀ ਨਹੀਂ ਕਿ ਇਸ ਸਾਲ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਦੀ ਅੱਧੀ ਦੇ ਕਰੀਬ ਆਬਾਦੀ ਚੋਣ-ਨਦੀ ਦੇ ਕੰਢੇ ਖੜੀ ਹੋਣ ਵਾਲੀ ਹੈ। ਜਦੋਂ ਇਹੀ ਪਤਾ ਨਹੀਂ ਤਾਂ ਅਗਲੀ ਗੱਲ ਕਿ ਚੋਣਾਂ ਵਿੱਚੋਂ ਕੀ ਨਿਕਲੇਗਾ, ਕੋਈ ਸੋਚਦਾ ਹੀ ਨਹੀਂ।

ਸੰਸਾਰ ਦੇ ਪ੍ਰਮੁੱਖ ਲੋਕਤੰਤਰੀ ਦੇਸ਼ਾਂ ਵਿੱਚੋਂ ਸਾਰਿਆਂ ਤੋਂ ਵੱਡੇ ਦੇਸ਼ ਭਾਰਤ ਵਿੱਚ ਵੀ ਇਸ ਸਾਲ ਪਾਰਲੀਮੈਂਟ ਚੋਣ ਹੋਣੀ ਹੈ, ਜਿਹੜੀ ਹੋਈ ਤਾਂ ਅਠਾਰਾਂ ਵਾਰ ਪਹਿਲਾਂ ਵੀ ਹੈ, ਪਰ ਇਸ ਵਾਰ ਇਹ ਪਹਿਲਾਂ ਵਰਗੀ ਨਹੀਂ। ਜ਼ਿੰਦਗੀ ਦੇ ਆਮ ਮੁੱਦੇ ਇਸ ਵਾਰੀ ਪਿੱਛੇ ਧੱਕ ਕੇ ਦੇਸ਼ ਦੇ ਭਵਿੱਖ ਦੀ ਚੋਣ ਲਈ ਵੱਡਾ ਮੁੱਦਾ ਧਰਮ ਦਾ ਬਣਨ ਦੀ ਜਿਹੜੀ ਸੰਭਾਵਨਾ ਬਣ ਚੁੱਕੀ ਹੈ, ਭਗਵਾਨ ਰਾਮ ਦੇ ਜਨਮ ਸਥਾਨ ਵਾਲੇ ਮੰਦਰ ਦਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਉਸ ਚੋਣ ਦਾ ਇੱਕ ਅੰਗ ਮੰਨਿਆ ਜਾ ਰਿਹਾ ਹੈ। ਇਸ ਲਈ ਇਸ ਵਾਰੀ ਸਾਰਾ ਚੋਣ ਦ੍ਰਿਸ਼ ਬਦਲ ਸਕਦਾ ਹੈ। ਕੇਂਦਰ ਵਿੱਚ ਰਾਜ ਕਰਦੀ ਧਿਰ ਦੇ ਮੁਕਾਬਲੇ ਲਈ ਬਣਾਇਆ 'ਇੰਡੀਆ' ਗੱਠਜੋੜ ਅਜੇ ਤੱਕ ਆਪਣੇ ਨਿੱਕੇ ਤੰਬੂ ਵਿਚਲੇ ਵੱਡੇ-ਵੱਡੇ ਸਿੰਗਾਂ ਵਾਲੇ ਕਈ ਆਗੂਆਂ ਦੀ ਖਹਿਬਾਜ਼ੀ ਤੋਂ ਛੁਟਕਾਰਾ ਨਹੀਂ ਪਾ ਸਕਿਆ ਤੇ ਜਿਹੜੀ ਧਿਰ ਨਾਲ ਪੇਚਾ ਪੈਣਾ ਹੈ, ਉਨ੍ਹਾਂ ਦਾ ਲੀਡਰ ਕੌਣ ਹੋਵੇਗਾ, ਇਹ ਗੱਲ ਪੁੱਛਣ ਦੀ ਕਿਸੇ ਦੀ ਜੁਰਅਤ ਹੀ ਨਹੀਂ। ਸਾਰੀ ਦੁਨੀਆ ਵਿੱਚ ਇੱਕ ਪਾਰਟੀ ਜਾਂ ਪਾਰਟੀ ਦੇ ਪਿੱਛੇ ਖੜੇ ਪਰਵਾਰ ਦੀ ਵਿਚਾਰਧਾਰਾ ਦੀ ਚਰਚਾ ਅੱਜਕੱਲ੍ਹ ਨਹੀਂ ਹੁੰਦੀ, ਇਹ ਕੁਝ ਭਾਰਤ ਵਿੱਚ ਪਿੱਛੇ ਰਹਿ ਗਿਆ ਅਤੇ ਸਿਰਫ ਇੱਕ ਵਿਅਕਤੀ ਦੀ ਗਾਰੰਟੀ ਨਾਲ ਅਗਲੀ ਚੋਣ ਜਿੱਤਣ ਦਾ ਦਾਅ ਖੇਡਣ ਦਾ ਮਾਹੌਲ ਬਣ ਗਿਆ ਜਾਪਦਾ ਹੈ। ਦੁਨੀਆ ਦੇ ਲੋਕਤੰਤਰੀ ਦੇਸ਼ ਕਿੱਧਰ ਰਿੜ੍ਹ ਸਕਦੇ ਹਨ, ਇਹ ਵੀ ਚਿੰਤਾ ਕਿਸੇ ਨੂੰ ਨਹੀਂ ਰਹੀ, ਹਾਲਾਂਕਿ ਇਸ ਨਾਲ ਮਨੁੱਖਤਾ ਦਾ ਭਵਿੱਖ ਜੁੜਿਆ ਹੈ। ਸੁਪਰੀਮ ਕੋਰਟ ਦਾ ਇੱਕ ਵਕੀਲ ਕਹਿੰਦਾ ਹੈ ਕਿ ਇਹ ਚੋਣ ਭਾਰਤ ਦੀ ਅਗਲੀ ਸਰਕਾਰ ਚੁਣਨ ਦੀ ਥਾਂ ਇਸ ਲਈ ਹੋਣ ਵਾਲੀ ਹੈ ਕਿ ਇਸ ਤੋਂ ਬਾਅਦ ਕਿਸੇ ਚੋਣ ਦੀ ਲੋੜ ਰਹੇਗੀ ਜਾਂ ਨਹੀਂ! ਦੇਸ਼ ਦੇ ਲੋਕ ਇਸ ਬਾਰੇ ਨਹੀਂ ਸੋਚਦੇ।

ਜਦੋਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਲੋਕ ਅਗਲੀ ਚੋਣ ਲਈ ਤਿਆਰ ਹੋ ਰਹੇ ਹਨ, ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਅਖਵਾਉਂਦੇ ਅਮਰੀਕਾ ਦੀ ਚੋਣ ਵੀ ਏਸੇ ਸਾਲ ਹੋਣ ਵਾਲੀ ਹੈ ਤੇ ਓਥੇ ਵੀ ਏਦਾਂ ਦਾ ਮੁੱਦਾ ਉੱਭਰ ਰਿਹਾ ਹੈ, ਜਿਸ ਬਾਰੇ ਸੋਚਣਾ ਬਣਦਾ ਹੈ, ਪਰ ਲੋਕ ਨਹੀਂ ਸੋਚ ਰਹੇ। ਸਭ ਨੂੰ ਪਤਾ ਹੈ ਕਿ ਪਿਛਲੀ ਵਾਰ ਦੀ ਰਾਸ਼ਟਰਪਤੀ ਚੋਣ ਦੇ ਨਤੀਜੇ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਬਿਆਨ ਦਾਗਿਆ ਸੀ ਕਿ ਚੋਣ ਹਾਰ ਵੀ ਗਿਆ ਤਾਂ ਕੁਰਸੀ ਕਦੇ ਨਹੀਂ ਛੱਡਾਂਗਾ। ਫਿਰ ਉਸ ਨੇ ਕੁਰਸੀ ਉੱਤੇ ਟਿਕੇ ਰਹਿਣ ਨੂੰ ਜ਼ੋਰ ਵੀ ਲਾਇਆ ਸੀ। ਸਾਰੇ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਚੁਣੌਤੀ ਵੀ ਦਿੱਤੀ ਅਤੇ ਗੱਲ ਜਦੋਂ ਪਾਰਲੀਮੈਂਟ ਤੋਂ ਉਸ ਚੋਣ ਦੇ ਨਤੀਜੇ ਦੀ ਤਸਦੀਕ ਹੋਣ ਦੇ ਪੜਾਅ ਤੱਕ ਪਹੁੰਚੀ ਤਾਂ ਟਰੰਪ ਦੇ ਸਮਰਥਕਾਂ ਦੀ ਭੀੜ ਨੇ ਪਾਰਲੀਮੈਂਟ ਉੱਤੇ ਹਮਲਾ ਕਰ ਦਿੱਤਾ ਸੀ। ਫਿਰ ਜਦੋਂ ਪਾਰਲੀਮੈਂਟ ਨੇ ਚੋਣ ਦਾ ਨਤੀਜਾ ਪ੍ਰਵਾਨ ਕਰ ਲਿਆ ਤਾਂ ਡੋਨਾਲਡ ਟਰੰਪ ਨੂੰ ਗੱਦੀ ਛੱਡਣੀ ਪਈ ਸੀ, ਪਰ ਇਸ ਵਾਰ ਉਸ ਦੇ ਸਮਰਥਕ ਇਹ ਕਹਿਣੋਂ ਬਿਲਕੁਲ ਨਹੀਂ ਝਿਜਕਦੇ ਕਿ ਦੋਬਾਰਾ ਮੌਕਾ ਮਿਲਿਆ ਤਾਂ ਨਤੀਜੇ ਨੂੰ ਪਾਰਲੀਮੈਂਟ ਤੋਂ ਪਾਸ ਕਰਵਾਉਣ ਦਾ ਰਾਹ ਹੀ ਨਹੀਂ ਰਹਿਣ ਦੇਣਾ, ਇਸ ਕਾਰਨ ਚੋਣ ਕਾਨੂੰਨ ਬਦਲਣ ਦੀ ਨੌਬਤ ਆ ਸਕਦੀ ਹੈ। ਇਸ ਨੂੰ ਭਾਰਤ ਦੀ ਅਗਲੀ ਲੋਕ ਸਭਾ ਚੋਣ ਅਤੇ ਉਸੇ ਸੰਬੰਧ ਵਿੱਚ ਸੁਪਰੀਮ ਕੋਰਟ ਦੇ ਇੱਕ ਵਕੀਲ ਵੱਲੋਂ ਕਹੀ ਗਈ ਉਸ ਦੇ ਮਨ ਦੀ ਗੱਲ ਨਾਲ ਜੋੜ ਲਿਆ ਜਾਵੇ ਤਾਂ ਨਵਾਂ ਸਾਲ ਮਨਾਉਣ ਰੁੱਝੀ ਹੋਈ ਦੁਨੀਆ ਨੂੰ ਸੰਸਾਰ ਦੇ ਭਵਿੱਖ ਬਾਰੇ ਨਵੇਂ ਸਿਰਿਉਂ ਸੋਚਣ ਦੀ ਲੋੜ ਪੈ ਸਕਦੀ ਹੈ।

ਅਗਲੀ ਗੱਲ ਇਹ ਕਿ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਅਤੇ ਅਜੋਕੇ ਸੰਸਾਰ ਦੀ ਮਹਾਂਸ਼ਕਤੀ ਹੋਣ ਦੇ ਇਕਲੌਤੇ ਦਾਅਵੇਦਾਰ ਦੇਸ਼ ਅਮਰੀਕਾ ਵਿੱਚ ਤਾਂ ਚੋਣਾਂ ਹੋਣੀਆਂ ਹੀ ਹਨ, ਜਿਹੜੇ ਹੋਰ ਦੇਸ਼ਾਂ ਵਿੱਚ ਇਸ ਸਾਲ ਲਈ ਚੋਣ ਕੈਲੰਡਰ ਤਿਆਰ ਹੈ, ਉਨ੍ਹਾਂ ਦੀ ਸਥਿਤੀ ਬਾਰੇ ਵੀ ਸੋਚਣਾ ਚਾਹੀਦਾ ਹੈ। ਸਾਡੇ ਲੋਕਾਂ ਨੂੰ ਆਪਣੇ ਦੇਸ਼ ਤੋਂ ਵੱਧ ਸੋਚਣ ਦੀ ਲੋੜ ਪਵੇ ਤਾਂ ਗਵਾਂਢ ਪਾਕਿਸਤਾਨ ਦੇ ਹਾਲਾਤ ਬਾਰੇ ਸਭ ਤੋਂ ਪਹਿਲਾਂ ਸੋਚਦੇ ਹਨ। ਓਥੋਂ ਦੀ ਚੋਣ ਅੱਠ ਫਰਵਰੀ ਨੂੰ ਹੋਣੀ ਤੈਅ ਹੋ ਚੁੱਕੀ ਸੀ, ਪਰ ਚਾਰ ਜਨਵਰੀ ਨੂੰ ਪਾਰਲੀਮੈਂਟ ਦੇ ਉੱਪਰਲੇ ਹਾਊਸ ਸੈਨੇਟ ਨੇ ਮਤਾ ਪਾਸ ਕਰ ਦਿੱਤਾ ਕਿ ਚੋਣ ਮੁਲਤਵੀ ਕਰ ਦੇਣੀ ਚਾਹੀਦੀ ਹੈ। ਫਿਰ ਚੋਣ ਦਾ ਕੀ ਹੋਵੇਗਾ, ਇਸ ਬਾਰੇ ਉਸ ਦੇਸ਼ ਵਿੱਚ ਕੋਈ ਨਹੀਂ ਜਾਣਦਾ। ਬਜ਼ੁਰਗ ਵਿਅੰਗਕਾਰ ਅਨਵਰ ਮਕਸੂਦ ਕਈ ਹਫਤੇ ਪਹਿਲਾਂ ਕਹਿ ਚੁੱਕਾ ਹੈ ਕਿ ਚੋਣਾਂ ਹੋਣਗੀਆਂ ਵੀ ਜਾਂ ਨਹੀਂ, ਇਹ ਪਾਕਿਸਤਾਨ ਦੀ ਸਰਕਾਰ ਵੀ ਨਹੀਂ ਜਾਣਦੀ, ਚੋਣ ਕਮਿਸ਼ਨ ਵੀ ਨਹੀਂ ਜਾਣਦਾ, ਸੁਪਰੀਮ ਕੋਰਟ ਵੀ ਨਹੀਂ, ਸਗੋਂ ਅਮਰੀਕਾ ਵੀ ਨਹੀਂ ਅਤੇ ਏਥੋਂ ਤੱਕ ਕਿ ਅੱਲ੍ਹਾ ਵੀ ਨਹੀਂ ਜਾਣਦਾ, ਸਿਰਫ ਫੌਜ ਜਾਣਦੀ ਹੈ। ਉਸ ਦੇ ਇਸ ਵਿਅੰਗ ਦੇ ਬਾਅਦ ਉਸ ਦੇਸ਼ ਬਾਰੇ ਕੁਝ ਕਹਿਣ ਦੀ ਲੋੜ ਕਿਸੇ ਨੂੰ ਨਹੀਂ ਰਹਿੰਦੀ। ਪਿਛਲੀ ਵਾਰੀ ਜਦੋਂ ਇਮਰਾਨ ਖਾਨ ਚੋਣ ਜਿੱਤ ਗਿਆ ਤਾਂ ਉਸ ਦੇ ਸਹੁੰ ਚੁੱਕਣ ਤੋਂ ਕੁਝ ਮਿੰਟ ਪਹਿਲਾਂ ਫੌਜ ਦੇ ਮੁਖੀ ਨੇ ਮਹਿਮਾਨਾਂ ਦੀ ਚੌਥੀ ਕਤਾਰ ਵਿੱਚ ਬੈਠੇ ਭਾਰਤ ਤੋਂ ਉਚੇਚੇ ਗਏ ਨਵਜੋਤ ਸਿੱਧੂ ਨੂੰ ਆਪ ਕੋਲ ਜਾ ਕੇ ਕਿਹਾ ਸੀ : ਸਿੱਧੂ ਸਾਹਿਬ, ਤੁਹਾਨੂੰ ਮੁਬਾਰਕ, ਅਸੀਂ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਹਾਡੇ ਲਈ ਇਸ ਸਾਲ ਖੋਲ੍ਹ ਦੇਣਾ ਹੈ। ਇਹ ਸੁਨੇਹਾ ਨਵਜੋਤ ਸਿੱਧੂ ਵਾਸਤੇ ਨਹੀਂ, ਨਵੀਂ ਸਰਕਾਰ ਦੇ ਮੁਖੀ ਵਾਸਤੇ ਸੀ ਕਿ ਤੂੰ ਪ੍ਰਧਾਨ ਮੰਤਰੀ ਬੇਸ਼ੱਕ ਬਣਦਾ ਫਿਰ, ਗਵਾਂਢੀ ਦੇਸ਼ ਨਾਲ ਸਰਹੱਦ ਵਿੱਚ ਲਾਂਘਾ ਕੱਢਣ ਦਾ ਫੈਸਲਾ ਕਰਨ ਦਾ ਅਧਿਕਾਰ ਤੈਨੂੰ ਨਹੀਂ, ਸਿਰਫ ਫੌਜ ਨੂੰ ਹੈ ਅਤੇ ਇਸ ਨਾਲ ਇਹ ਸੰਦੇਸ਼ ਵੀ ਦੇ ਦਿੱਤਾ ਕਿ ਆਪਣੀ ਹੱਦ ਵਿੱਚ ਰਹਿਣਾ ਸਿੱਖ ਲਵੀਂ, ਜਦੋਂ ਕਦੇ ਤੂੰ ਹੱਦ ਪਾਰ ਕਰੇਂਗਾ ਤਾਂ ਕੁਰਸੀ ਛੱਡਣੀ ਪੈ ਸਕਦੀ ਹੈ। ਪਿੱਛੋਂ ਇਹੀ ਹੋਇਆ ਸੀ।

ਭਾਰਤ, ਅਮਰੀਕਾ ਜਾਂ ਪਾਕਿਸਤਾਨ ਹੀ ਕਿਉਂ, ਇਸ ਨਵੇਂ ਸਾਲ ਵਿੱਚ ਈਰਾਨ ਵਿੱਚ ਵੀ ਚੋਣਾਂ ਹੋਣੀਆਂ ਤੈਅ ਹਨ ਅਤੇ ਉਸ ਦੇਸ਼ ਵਿੱਚ ਕਿੱਦਾਂ ਦੀ ਸਰਕਾਰ ਬਣੇ, ਆਮ ਲੋਕ ਇਸ ਬਾਰੇ ਸੋਚਣ ਜਾਂ ਨਾ ਸੋਚਣ, ਅਮਰੀਕਾ ਵਰਗੇ ਦੁਨੀਆ ਭਰ ਦੇ ਲੋਕਤੰਤਰ ਦੀ ਠੇਕੇਦਾਰੀ ਕਰਨ ਵਾਲਿਆਂ ਨੂੰ ਉਸ ਦੀ ਚਿੰਤਾ ਆਪਣੀ ਚੋਣ ਤੋਂ ਵੱਧ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਈਰਾਨ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਪੱਛਮ ਦੀ ਅਗਵਾਈ ਵਾਲੇ ਸੰਸਾਰਕ ਧੜੇ ਵਿਚਲੇ ਦੇਸ਼ਾਂ ਦੀ ਸਾਂਝੀ ਕਮਾਨ ਲਈ ਹਮੇਸ਼ਾ ਤੋਂ ਅੱਖ ਦਾ ਕੁੱਕਰਾ ਬਣਿਆ ਰਿਹਾ ਹੈ। ਆਹ ਨਵਾਂ ਸਾਲ ਜਦੋਂ ਚੜ੍ਹਿਆ ਤਾਂ ਤੀਸਰੇ ਦਿਨ ਧਮਾਕੇ ਨਾਲ ਉਸ ਦੇਸ਼ ਵਿੱਚ ਸੌ ਦੇ ਕਰੀਬ ਲੋਕ ਮਾਰੇ ਗਏ ਸਨ। ਸੰਸਾਰ ਪੱਧਰ ਦੀ ਇੱਕ ਦਹਿਸ਼ਤਗਰਦ ਜਥੇਬੰਦੀ ਨੇ ਇਸ ਵਾਰਦਾਤ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਤਾਂ ਇਸ ਨਾਲ ਨਵੇਂ ਸਾਲ ਵਿੱਚ ਇੱਕ ਖਾਸ ਧਰਮ ਦੇ ਅੰਦਰ ਹੀ ਮੁੱਢਾਂ ਤੋਂ ਚੱਲੀਆਂ ਆਈਆਂ ਦੋ ਧਾਰਾਵਾਂ ਦੇ ਟਕਰਾਅ ਦੀ ਨਵੀਂ ਲਹਿਰ ਦਾ ਸੰਕੇਤ ਮਿਲਿਆ ਹੈ। ਜਿਸ ਜਥੇਬੰਦੀ ਨੇ ਇਹ ਧਮਾਕਾ ਕਰਨ ਦੀ ਜ਼ਿੰਮੇਵਾਰੀ ਲਈ ਹੈ, ਉਹ ਪਹਿਲਾਂ ਇਰਾਕ ਅਤੇ ਇਸ ਨਾਲ ਜੁੜੇ ਲੇਵਾਂਤ ਦੇ ਪੂਰੇ ਖੇਤਰ ਵੱਲੋਂ ਸ਼ੁਰੂ ਹੋ ਕੇ ਸਾਰਾ ਜਹਾਨ ਜਿੱਤਣ ਤੱਕ ਦੇ ਨਾਅਰੇ ਉਛਾਲ ਚੁੱਕੀ ਹੈ ਅਤੇ ਆਪਣੀ ਜੰਗੀ ਤਾਕਤ ਨਾਲ ਸੰਸਾਰ ਦੀਆਂ ਅਮਰੀਕਾ ਤੋਂ ਰੂਸ ਤੱਕ ਦੀਆਂ ਸਭ ਪ੍ਰਮੁੱਖ ਤਾਕਤਾਂ ਨੂੰ ਕੰਬਣੀ ਛੇੜ ਚੁੱਕੀ ਹੈ। ਇਹੋ ਜਿਹੇ ਹਾਲਾਤ ਵਿੱਚ ਈਰਾਨ ਵਰਗੇ ਦੇਸ਼ ਵਿੱਚ ਜਦੋਂ ਇਸ ਸਾਲ ਚੋਣਾਂ ਹੋਣੀਆਂ ਹਨ ਤਾਂ ਇਹ ਸਾਧਾਰਨ ਚੋਣਾਂ ਨਾ ਰਹਿ ਕੇ ਕੱਟੜਪੰਥ ਦੇ ਮਾਮਲੇ ਵਿੱਚ ਇੱਕ ਨਵੀਂ ਅਤੇ ਪਹਿਲਾਂ ਤੋਂ ਵੀ ਹੋਰ ਤਿੱਖੀ ਉੱਠਦੀ ਲਹਿਰ ਦਾ ਪੜੁੱਲ ਬਣ ਸਕਦੀਆਂ ਹਨ।

ਠੀਕ ਹੈ ਕਿ ਕਹਿਣ ਖਾਤਰ ਅਸੀਂ ਇੱਕ-ਦੂਸਰੇ ਨੂੰ ਨਵੇਂ ਸਾਲ ਲਈ ਸ਼ੁਭ ਕਾਮਨਾਵਾਂ ਦੇਣ ਵਿੱਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਰੱਖੀ, ਪਰ ਜਿੱਦਾਂ ਦੇ ਸੰਕੇਤ ਮਿਲਦੇ ਹਨ, ਮਨੁੱਖਤਾ ਨੇ ਸਿਰਫ ਕਾਮਨਾਵਾਂ ਦੀ ਕਿਸ਼ਤੀ ਵਿੱਚ ਸਵਾਰ ਹੋ ਕੇ ਪਾਰ ਨਹੀਂ ਲੱਗਣਾ। ਮਾਮਲਾ 'ਇੱਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ' ਵਾਲਾ ਬਣ ਚੁੱਕਾ ਹੈ। ਦੁਨੀਆ ਦੇ ਹਰ ਕੋਨੇ ਵਿੱਚ ਜਿੱਦਾਂ ਕੱਟੜਪੰਥ ਦੀ ਉਠਾਨ ਦੇ ਅਵਾੜੇ ਸੁਣਦੇ ਹਨ, ਇਸ ਸੰਸਾਰ ਦੀ ਹੋਂਦ ਵਾਸਤੇ ਉਹ ਕਿਹੋ ਜਿਹੇ ਸਿੱਟੇ ਕੱਢਣ ਵਾਲੇ ਸਾਬਤ ਹੋ ਸਕਦੇ ਹਨ, ਕਹਿਣ ਵਿੱਚ ਝਿਜਕ ਮਹਿਸੂਸ ਹੁੰਦੀ ਹੈ। ਫਿਰ ਵੀ ਹਕੀਕਤ ਤਾਂ ਹਕੀਕਤ ਹੁੰਦੀ ਹੈ। ਜਿੱਦਾਂ ਦੇ ਹਾਲਾਤ ਹੋਣਗੇ, ਵੇਖੇ ਜਾਣਗੇ, ਹਾਲ ਦੀ ਘੜੀ ਆਪਾਂ ਸਾਰੇ ਹੈਪੀ ਨਿਊ ਯੀਅਰ ਕਹੀ ਜਾਈਏ।

# ਰਾਮ ਰਾਜ ਦਾ ਰਾਗ ਅਲਾਪਣ ਵਾਲਿਆਂ ਦੀ ਅਸਲੀਅਤ

## ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅਜੋਕੇ ਸਮੇਂ 'ਚ ਵੱਖ-ਵੱਖ ਘਟਨਾਵਾਂ ਏਨੀ ਰਫ਼ਤਾਰ ਨਾਲ ਬੀਤ ਰਹੀਆਂ ਹਨ, ਜਿਨ੍ਹਾਂ ਤੋਂ ਲਗਦਾ ਹੈ ਕਿ ਸਮਾਂ ਜਿਵੇਂ ਪਹਿਲਾਂ ਨਾਲੋਂ ਤੇਜ਼ ਰਫ਼ਤਾਰ ਨਾਲ ਬੀਤ ਰਿਹਾ ਹੋਵੇ। ਕਈ ਖ਼ਬਰਾਂ ਝਟ-ਪਟ ਹੀ ਬੇਹੀਆਂ ਹੋ ਜਾਂਦੀਆਂ ਹਨ। ਪਰ ਕਈ ਖ਼ਬਰਾਂ ਦਿਮਾਗ 'ਚ ਏਨੀ ਜਗ੍ਹਾ ਬਣਾ ਲੈਂਦੀਆਂ ਹਨ ਕਿ ਉਹ ਤੁਹਾਡੀ ਯਾਦਦਾਸ਼ਤ ਦਾ ਚਿਰਾਂ ਤੱਕ ਹਿੱਸਾ ਬਣ ਬੈਠਦੀਆਂ ਹਨ। ਸਭ ਜਨਤਾ ਜਾਣੂ ਹੈ ਕਿ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦਾ ਰਾਜ ਹੈ। ਜਿਨ੍ਹਾਂ ਵਿੱਚੋਂ ਬਹੁਤੇ ਸੂਬਿਆਂ ਵਿੱਚ ਬੀ ਜੇ ਪੀ ਦਾ ਰਾਜ-ਭਾਗ ਹੈ, ਪਰ ਸਮੁੱਚੇ ਭਾਰਤ 'ਤੇ ਬੀ ਜੇ ਪੀ ਅਖੌਤੀ ਵਿਸ਼ਵ ਗੁਰੂ ਸ੍ਰੀ ਨਰਿੰਦਰ ਮੋਦੀ ਦੀ ਕਮਾਂਡ ਹੇਠ ਪਿਛਲੇ ਤਕਰੀਬਨ ਦਸ ਸਾਲ ਤੋਂ ਰਾਜ ਕਰ ਰਹੀ ਹੈ। ਉਹੋ ਪਾਰਟੀ ਹੀ ਅੱਜ ਦੇ ਦਿਨ ਹੈਟਰਿਕ ਬਣਾਉਣ ਦੀ ਗੱਲ ਵਾਰ-ਵਾਰ ਦੁਹਰਾਅ ਰਹੀ ਹੈ। ਹੈਟਰਿਕ ਦਾ ਆਪਣਾ ਸੁਪਨਾ ਪੂਰਾ ਕਰਨ ਲਈ ਜਿਥੇ ਉਹ ਹਰ ਤਰ੍ਹਾਂ ਦਾ ਦਾਅ ਵਰਤ ਰਹੇ ਹਨ, ਉਥੇ ਉਹ ਸੈਕੂਲਰ ਸੰਵਿਧਾਨ ਦੀ ਸਹੁੰ ਚੁੱਕਣ ਤੋਂ ਬਾਅਦ ਵੀ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣ ਤੋਂ ਬਾਜ਼ ਨਹੀਂ ਆ ਰਹੇ। ਜਿਵੇਂ ਸਭ ਜਾਣੂ ਹਨ ਕਿ ਭਾਰਤ ਵੱਖ-ਵੱਖ ਧਰਮਾਂ ਦਾ ਇੱਕ ਸੁਮੇਲ ਹੈ, ਪਰ ਇਸ ਵਿੱਚ ਬਹੁ-ਗਿਣਤੀ ਹਿੰਦੂਆਂ ਦੀ ਹੈ। ਇਸ ਕਰਕੇ ਕਦੇ ਭਾਰਤ ਨੂੰ ਹਿੰਦੂ ਰਾਜ 'ਚ ਤਬਦੀਲ ਕਰਨ ਦੀਆਂ ਗੱਲਾਂ ਸੁਣਾਈ ਦਿੰਦੀਆਂ ਹਨ। ਅਗਾਂਹ 'ਹਿੰਦੂ ਰਾਜ' ਨੂੰ 'ਰਾਮ ਰਾਜ' 'ਚ ਤਬਦੀਲ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਸਮੇਂ-ਸਮੇਂ ਅਜਿਹੇ ਸੁਫ਼ਨੇ ਦਿਖਾਏ ਜਾਂਦੇ ਹਨ। ਜਿਵੇਂ ਅੱਜ-ਕੱਲ੍ਹ ਅਯੁੱਧਿਆ 'ਚ ਬਾਈ ਜਨਵਰੀ ਨੂੰ ਰਾਮ ਦੀ ਮੂਰਤੀ ਸਥਾਪਤ ਕਰਨ ਦੇ ਸੰਬੰਧ 'ਚ ਰਾਮ ਭਗਤਾਂ ਨਾਲੋਂ ਜ਼ਿਆਦਾ ਰੌਲਾ ਸਰਕਾਰ ਆਪ ਅਤੇ ਆਪਣੇ ਅੰਧ-ਭਗਤਾਂ ਤੇ ਆਪਣੇ ਖਰੀਦੇ ਹੋਏ ਗੋਦੀ ਮੀਡੀਏ ਤੋਂ ਪੁਆ ਰਹੀ ਹੈ। ਪ੍ਰਚਾਰ ਇਸ ਹੱਦ ਤੱਕ ਕੀਤਾ ਜਾ ਰਿਹਾ ਜਿਵੇਂ ਬਾਈ ਜਨਵਰੀ ਤੋਂ ਬਾਅਦ ਇਹ ਭਾਜਪਾ ਹਕੂਮਤ ਵਾਕਿਆ ਹੀ 'ਰਾਮ ਰਾਜ' 'ਚ ਤਬਦੀਲ ਹੋ ਜਾਣ ਵਾਲੀ ਹੋਵੇ। ਜਨਤਾ ਅਤੇ ਸਰਕਾਰੀ ਪੈਸੇ 'ਤੇ ਉਸਰਿਆ ਰਾਮ ਮੰਦਰ ਇਵੇਂ ਪ੍ਰਚਾਰਿਆ ਜਾ ਰਿਹਾ ਹੈ। ਜਿਵੇਂ ਜਨਤਾ ਦਾ ਨਾ ਹੋ ਕੇ ਬੀ ਜੇ ਪੀ ਦਾ ਨਿੱਜੀ ਖ਼ਰਚਾ ਹੋਇਆ ਹੋਵੇ।

ਸਿਆਣਿਆਂ ਦਾ ਅਖਾਣ ਹੈ ਕਿ "ਜੇਹਾ ਰਾਜਾ ਤੇਹੀ ਪਰਜਾ" ਭਾਵ ਸਮੁੱਚੀ ਜਨਤਾ ਵੀ ਉਵੇਂ ਹੀ ਵਿਚਰਦੀ ਹੈ, ਜਿਹੋ ਜਿਹਾ ਰਾਜੇ ਦਾ ਰਾਜ ਹੋਵੇ। ਅਖੀਰ ਉਹੋ ਰਾਜਾ ਹੀ ਦਿਲਾਂ 'ਤੇ ਰਾਜ ਕਰਦਾ ਹੈ ਜਾਂ ਚੰਗਾ ਕਰਕੇ ਜਾਣਿਆ ਜਾਂਦਾ ਹੈ, ਜੋ ਸੱਚ-ਮੁੱਚ ਹੀ ਜਨਤਾ ਦਾ ਹੋ ਨਿਬੜੇ। ਹਰ ਨਵੀਂ ਸਰਕਾਰ ਪੁਰਾਣੀ ਦੀ ਜਗ੍ਹਾ ਇਸ ਕਰਕੇ ਆਉਂਦੀ ਹੈ ਕਿ ਲੋਕ ਚੰਗੇ ਅਨੁਸ਼ਾਸਨ ਵਾਲੀ ਸਰਕਾਰ ਦੇ ਚਾਹਵਾਨ ਹੁੰਦੇ ਹਨ। ਪਰ ਜੇ ਸਭ ਪਿੱਛੇ ਵੱਲ ਝਾਤੀ ਮਾਰ ਕੇ ਦੇਖਣ ਤਾਂ ਪਤਾ ਲੱਗੇਗਾ ਕਿ ਮੌਜੂਦਾ ਸਰਕਾਰ ਦੀ ਕਹਿਣੀ ਅਤੇ ਕਰਨੀ ਵਿੱਚ ਕਿੰਨਾ ਫ਼ਰਕ ਹੈ। ਨਫ਼ਰਤ ਦਾ ਬਜ਼ਾਰ ਪਹਿਲਾਂ ਵਾਂਗ ਹੀ ਸਰਗਰਮ ਹੈ। ਸਿੱਖਿਆ ਖੇਤਰ, ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸਮੱਸਿਆਵਾਂ, ਧੀਆਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਸਮੇਤ ਸਮੁੱਚੇ ਲਾਅ ਐਂਡ ਆਰਡਰ ਦੀ ਹਾਲਤ ਉਵੇਂ ਦੀ ਉਵੇਂ ਹੈ, ਕੁਝ ਵੀ ਬਦਲਿਆ ਨਹੀਂ ਲਗਦਾ। ਜੇ ਸਿਆਸਤ ਵਿੱਚ ਦਾਗੀ ਅਤੇ ਕਰਿਮੀਨਲ ਦੋਸ਼ੀਆਂ ਦੀ ਗੱਲ ਕੀਤੀ ਜਾਵੇ ਤਾਂ ਰਾਜ ਕਰਦੀ ਪਾਰਟੀ ਵੀ ਕਿਸੇ ਵਿਰੋਧੀ ਪਾਰਟੀ ਨਾਲੋਂ ਪਿੱਛੇ ਨਹੀਂ ਲੱਗਦੀ। ਦੁੱਖ ਤਾਂ ਉਦੋਂ ਲਗਦਾ ਹੈ ਜਦ "ਬੇਟੀ ਪੜ੍ਹਾਓ ਬੇਟੀ ਬਚਾਓ" ਦਾ ਨਾਅਰਾ ਬੁਲੰਦ ਕਰਨ ਵਾਲੀ ਪਾਰਟੀ ਦੇ ਆਪਣੇ ਰਾਜਾਂ ਵਿੱਚ ਇਸ ਨਾਅਰੇ ਦੀਆਂ ਧੱਜੀਆਂ ਉੱਡ ਰਹੀਆਂ ਹੋਣ। ਪਿੱਛੇ ਜਿਹੇ ਬੇਟੀਆਂ ਨਾਲ ਬੀਤੀਆਂ ਅੱਤ-ਮਾੜੀਆਂ ਘਟਨਾਵਾਂ ਨੇ ਲੇਖਕ ਸਮੇਤ ਦੇਸ਼ ਦੇ ਸਮੁੱਚੇ ਪਰਵਾਰਾਂ ਦਾ ਧਿਆਨ ਖਿੱਚਿਆ ਹੈ। ਜਿਸ ਦੇ ਦੁੱਖ ਦਾ ਮੁੱਖ ਕਾਰਨ ਇਸ ਕਰਕੇ ਵੀ ਹੈ ਕਿ ਬਹੁਤੀਆਂ ਘਟਨਾਵਾਂ ਉਸ ਪਾਰਟੀ ਦੇ ਰਾਜ 'ਚ ਵਾਪਰੀਆਂ ਹਨ, ਜੋ 'ਹਿੰਦੂ ਰਾਜ' ਅਤੇ 'ਰਾਮ ਰਾਜ' ਦਾ ਨਾਅਰਾ ਬੁਲੰਦ ਕਰ ਰਹੀਆਂ ਹਨ। ਜਿਵੇਂ ਸਭ ਨੇ ਪੜ੍ਹਿਆ ਤੇ ਸੁਣਿਆ ਹੋਵੇਗਾ ਕਿ ਇੱਕ ਹਿੰਦੂ ਬਨਾਰਸ ਯੂਨੀਵਰਸਿਟੀ ਦੀ ਲੜਕੀ ਨਾਲ ਤਿੰਨ ਹਿੰਦੂ ਲੜਕਿਆਂ ਨੇ ਜ਼ਬਰਦਸਤੀ ਕੁਕਰਮ ਕੀਤਾ। ਇਹ ਗੱਲ ਪਿਛਲੇ ਸਾਲ ਦੇ ਪਿਛਲੇ ਦੋ ਮਹੀਨਿਆਂ ਦੀ ਹੈ। ਜਿਸ ਨੇ ਸਾਰੀ ਘਟਨਾ ਬਾਰੇ ਆਪਣੇ ਅਧਿਆਪਕ ਨੂੰ ਦੱਸ ਕੇ, ਉਸ ਨੂੰ ਨਾਲ ਲਿਜਾ ਕੇ ਸੰਬੰਧਤ ਥਾਣੇ ਵਿੱਚ ਰਿਪੋਰਟ ਦਰਜ ਕਰਾਈ। ਪਹਿਲਾਂ ਰਿਪੋਰਟ ਦਰਜ ਕਰਨ ਤੋਂ ਆਨਾਕਾਨੀ ਕਰਕੇ ਫਿਰ ਜੇ ਰਿਪੋਰਟ ਦਰਜ ਕੀਤੀ ਤਾਂ ਉਹ ਕੱਪੜੇ ਉਤਾਰਨ ਤੱਕ ਕੀਤੀ। ਫਿਰ ਬਾਅਦ 'ਚ ਦਬਾਅ ਬਨਣ 'ਤੇ ਜਾ ਕੇ ਰੇਪ ਦੀ ਐੱਫ਼ ਆਈ ਆਰ ਦਰਜ ਹੋਈ। ਫਿਰ ਹੋਰ ਦਬਾਅ ਬਨਣ 'ਤੇ ਦੋ ਮਹੀਨੇ ਗੁਜ਼ਰਨ ਤੋਂ ਬਾਅਦ ਜਾ ਕੇ ਤਿੰਨੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਹੋਈ। ਤੁਹਾਨੂੰ ਸਭ ਨੂੰ ਜਾਣ ਕੇ ਇਹ ਅੱਤ ਹੈਰਾਨੀ ਹੋਵੇਗੀ ਕਿ ਤਿੰਨੋਂ ਦੋਸ਼ੀ ਹਿੰਦੂ ਹਨ, ਤਿੰਨੋਂ ਭਾਜਪਾ ਦੇ ਕਾਰਕੁੰਨ ਹਨ। ਤਿੰਨੋ ਆਪਣੇ ਕੱਦ ਮੁਤਾਬਕ ਆਪਣੀ ਭਾਜਪਾ ਪਾਰਟੀ ਦੇ ਅਹੁਦੇਦਾਰ ਹਨ। ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਭਾਜਪਾ ਦੇ ਸਿਖਰਲੇ ਤਿੰਨ ਲੀਡਰਾਂ (ਮੋਦੀ ਜੀ, ਸ਼ਾਹ ਜੀ ਅਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨਾਲ) ਵਾਇਰਲ ਹੋਈਆਂ ਹਨ। ਤਿੰਨੋਂ ਦੋਸ਼ੀ ਭਾਜਪਾ ਦੇ ਜਿੱਤੇ ਪਾਰਲੀਮੈਂਟ ਹਲਕੇ ਨਾਲ ਸੰਬੰਧਤ ਹਨ। ਅੱਗੋਂ ਕੀ ਬਣਦਾ ਹੈ, ਰੱਬ ਹੀ ਰਾਖਾ ਹੈ।

ਇਵੇਂ ਹੀ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ 'ਚ ਤੇਰਾਂ ਲੋਕਾਂ ਦੇ ਦੋ ਸਮੂਹਾਂ ਨੇ ਸਤਾਰਾਂ ਸਾਲਾ ਲੜਕੀ ਨਾਲ ਕਥਿਤ ਤੌਰ 'ਤੇ ਸਮੂਹਿਕ ਜਬਰ -ਜ਼ਨਾਹ ਕੀਤਾ। ਇਨ੍ਹਾਂ ਤੇਰਾਂ ਦੋਸ਼ੀਆਂ ਵਿੱਚੋਂ ਗਿਆਰਾਂ ਮੁਲਜ਼ਮ ਫੋਟੋਗ੍ਰਾਫਰ ਹਨ। ਇਹ ਘਟਨਾ ਵੀ ਪਿਛਲੇ ਸਾਲ ਸਤਾਰਾਂ ਤੋਂ ਉੱਨੀ ਦਸੰਬਰ ਦਰਮਿਆਨ ਦੀ ਹੋਈ ਦੱਸੀ ਜਾਂਦੀ ਹੈ। ਇਹ ਨਬਾਲਗਾ ਉਂਜ ਉੜੀਸਾ ਸੂਬੇ ਨਾਲ ਸੰਬੰਧ ਰੱਖਦੀ ਹੈ। ਗਰੀਬੀ ਕਰਕੇ ਇਹ ਕਿਸੇ ਦੇ ਘਰ ਨੌਕਰਾਣੀ ਵਜੋਂ ਕੰਮ ਕਰਦੀ ਸੀ। ਮਾਲਕ ਛੁੱਟੀ 'ਤੇ ਹੋਣ ਕਰਕੇ ਉਸ ਨਾਲ ਅਜੋਕੀ ਕੁਕਰਮ ਦੀ ਘਟਨਾ ਵਾਪਰੀ।

ਜੇਕਰ ਰਾਮ ਰਾਜ ਅਤੇ ਹਿੰਦੂ ਰਾਜ ਦਾ ਰਾਗ ਅਲਾਪਣ ਵਾਲਿਆਂ ਦੇ ਰਾਜ ਵਿੱਚ ਅਜਿਹਾ ਕੁਝ ਹੁੰਦਾ ਹੈ ਜਾਂ ਹੁੰਦਾ ਰਹੇਗਾ ਤਾਂ ਫਿਰ ਆਮ ਗਰੀਬ ਜਨਤਾ ਕਿਵੇਂ ਅਜਿਹੇ ਨਾਅਰਿਆਂ ਦਾ ਹੁੰਗਾਰਾ ਭਰੇਗੀ। ਭਾਵੇਂ ਉਪਰੋਕਤ ਘਟਨਾਵਾਂ ਵੱਖ-ਵੱਖ ਸੂਬਿਆਂ ਨਾਲ ਸੰਬੰਧਤ ਹਨ, ਪਰ ਸਮੁੱਚਾ ਨਿਗਰਾਨ ਤਾਂ ਸੈਂਟਰ ਸਰਕਾਰ ਹੀ ਹੁੰਦੀ ਹੈ। ਅਜਿਹਾ ਨਾ ਵਾਪਰੇ ਜਾਂ ਘੱਟ ਵਾਪਰੇ, ਇਸ ਲਈ ਸਮੁੱਚੀ ਦੁਖੀ ਜਨਤਾ ਨੂੰ ਇੱਕ ਝੰਡੇ ਥੱਲੇ ਆਣ ਕੇ ਇਕੱਠੇ ਹੋ ਕੇ ਅਜਿਹੀ ਨਿਕੰਮੀ ਸਰਕਾਰ ਦੇ ਸਿੰਘਾਸਨ ਨੂੰ ਉਖਾੜਨ ਵਾਸਤੇ ਜ਼ੋਰ ਲਾਉਣਾ ਹੋਵੇਗਾ, ਜਿਸ ਵਾਸਤੇ ਅੱਜ ਹੀ ਵੀਹ ਸੌ ਚੌਵੀ ਦੀਆਂ ਚੋਣਾਂ ਵਾਸਤੇ ਕਮਰਕੱਸੇ ਕਰ ਲਵੋ।

*# ਸੰਪਰਕ : 98721-65741*

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-2

## ਲੋਕਾਂ ਦੀ ਗੱਲ

ਹਰਜਿੰਦਰ ਸਿੰਘ ਅਟਵਾਲ (ਡਾ.)

ਲੋਕਾਂ ਵਿੱਚ ਸਮਾਜਿਕ-ਰਾਜਨੀਤਕ-ਆਰਥਿਕ-ਸੱਭਿਆਚਾਰਕ ਚੇਤਨਾ ਪੈਦਾ ਕਰਨ ਹਿਤ ਸਮੇਂ-ਸਮੇਂ ਕਈ ਲਹਿਰਾਂ ਹੋਂਦ ਵਿੱਚ ਆਉਂਦੀਆਂ ਰਹੀਆਂ ਹਨ, ਆ ਰਹੀਆਂ ਹਨ ਅਤੇ ਆਉਂਦੀਆਂ ਵੀ ਰਹਿਣਗੀਆਂ। ਆਮ ਬੰਦੇ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਹਿਤ ਜੀਵਨ ਵਿੱਚ ਹੱਡ ਭੰਨਵੀਂ ਮਿਹਨਤ ਕਰਨ ਦੀ ਲੋੜ ਹੁੰਦੀ ਹੈ ਅਤੇ ਉਹ ਕਰਦਾ ਵੀ ਹੈ। ਜਦ ਉਸ ਦੀ ਮਿਹਨਤ ਦਾ ਪੂਰਾ ਫਲ ਨਾ ਮਿਲਦਿਆਂ ਉਸ ਦੀ ਗੁਜ਼ਰ-ਬਸਰ ਔਖੀ ਹੁੰਦੀ ਹੈ ਤਾਂ ਉਹ ਦੂਜੇ 'ਸਿਆਣੇ' ਲੋਕਾਂ ਵੱਲ ਦੇਖਦਾ ਹੈ ਕਿ ਉਹ ਉਸ ਦੇ ਜੀਵਨ ਦੀ ਗੱਡ ਜੋ ਕਿ ਥੁੜਾਂ ਦੇ ਚਿੱਕੜ ਵਿੱਚ ਫਸਦੀ ਜਾ ਰਹੀ ਹੈ, ਨੂੰ ਇਸ ਵਿੱਚੋਂ ਕੱਢਣ ਵਿੱਚ ਮਦਦ ਕਰਨ। ਉਸ ਦੀਆਂ ਅਜਿਹੀਆਂ ਲੋੜਾਂ ਵਿੱਚੋਂ ਹੀ ਰਾਜਨੀਤਕ ਪਾਰਟੀਆਂ ਜਾਂ ਵੱਖੋ-ਵੱਖਰੇ ਸਮੂਹ ਹੋਂਦ ਵਿੱਚ ਆਉਂਦੇ ਹਨ, ਜੋ ਉਨ੍ਹਾਂ ਥੁੜਾਂ ਮਾਰੇ ਬੇਵੱਸ ਲੋਕਾਂ ਦੀ ਅਗਵਾਈ ਕਰਦੇ ਹਨ ਜਾਂ ਬਹੁਤੀ ਵਾਰੀ ਅਜਿਹਾ ਨੇਰੇਟਿਵ ਸਿਰਜਦੇ ਹਨ, ਜਿਨ੍ਹਾਂ ਉੱਤੇ ਅਮਲ ਕਰਦਿਆਂ ਉਹ ਲੋੜਵੰਦ ਲੋਕ ਅਜਿਹੇ ਅਗਵਾਨੂ ਵਰਗਾਂ 'ਤੇ ਹੌਲੀ-ਹੌਲੀ ਨਿਰਭਰ ਹੋ ਜਾਂਦੇ ਹਨ। ਬਹੁਤੀ ਵਾਰੀ ਅਗਵਾਈ ਕਰਦੀ ਧਿਰ ਆਪਣੀ ਸਿਧਾਂਤਕ ਪ੍ਰਤੀਬੱਧਤਾ ਕਾਰਨ ਆਪਣੇ ਰਾਹ ਨੂੰ ਅਪਣਾਉਂਦੇ ਹੋਏ ਇਸ ਹੱਦ ਤੱਕ ਕੱਟੜ ਹੋ ਜਾਂਦੇ ਹਨ ਕਿ ਉਹ ਆਪਣੇ ਵਰਗੇ ਰਾਹ ਦਰਸਾਵੇ ਹੋਰ ਲੋਕਾਂ ਅਤੇ ਉਨ੍ਹਾਂ ਦੇ ਰਾਹਾਂ ਤੋਂ ਇੱਕ ਵਿੱਥ ਬਣਾ ਕੇ ਤੁਰਨ ਲੱਗਦੇ ਹਨ, ਅਸਲ ਵਿੱਚ ਉਨ੍ਹਾਂ ਦਾ ਇਹ ਅਮਲ ਆਪਣੇ ਵੱਲੋਂ ਅਪਣਾਏ ਜਾ ਰਹੇ ਸਿਧਾਂਤਕ ਰਾਹ ਦੀ ਪੂਜਾ ਅਤੇ ਬਾਅਦ ਵਿੱਚ ਅੰਨ੍ਹੀ ਸ਼ਰਧਾ 'ਚ ਵਟਦਾ ਜਾਂਦਾ ਹੈ ਅਤੇ ਉਹ ਇਸੇ ਸ਼ਰਧਾ ਅਧੀਨ ਹੀ ਵਿਰੋਧੀ ਧਿਰ ਨਾਲ ਲੜਨ ਅਤੇ ਸਿੱਝਣ ਦੀ ਬਜਾਏ 'ਆਪਣਿਆਂ' ਨਾਲ ਹੀ ਸਿੱਝਣ ਦੇ ਰਾਹ ਤੁਰ ਪੈਂਦੇ ਹਨ। ਇਹ ਅਮਲ ਅਸੀਂ ਅਜੋਕੇ ਵਰਤਾਰਿਆਂ ਵਿੱਚ ਅਕਸਰ ਦੇਖਦੇ ਹਾਂ ਕਿ ਸੰਘਰਸ਼ ਕਰਦੀਆਂ ਧਿਰਾਂ ਉਸ ਸਾਂਝੇ ਦੁਸ਼ਮਣ ਦੀ ਪਛਾਣ ਤਾਂ ਕਰ ਲੈਂਦੀਆਂ ਹਨ ਅਤੇ ਉਸ ਨਾਲ ਲੜਨ ਦੀ ਸਮਰੱਥਾ ਵੀ ਰੱਖਦੀਆਂ ਹਨ, ਪਰ 'ਨਿੱਜੀ' ਸੋਚ ਜਦੋਂ ਨਿੱਜੀ ਹਿੱਤਾਂ ਵਿੱਚ ਬਦਲਦੀ ਹੈ ਤਾਂ ਲੜਾਈ ਦਾ ਮਕਸਦ ਵੀ ਲੀਹੋਂ ਲੱਥਾ ਨਜ਼ਰ ਆਉਂਦਾ ਹੈ। ਅਸੀਂ ਇੱਥੇ ਉਨ੍ਹਾਂ ਰਾਜਨੀਤਕ ਦਲਾਂ ਦਾ ਜ਼ਿਕਰ ਬਿਲਕੁਲ ਨਹੀਂ ਕਰ ਰਹੇ, ਜਿਨ੍ਹਾਂ ਦਾ ਮਨੋਰਥ ਕੇਵਲ ਅਤੇ ਕੇਵਲ ਹਰ ਹੀਲੇ-ਵਸੀਲੇ ਸੱਤਾ 'ਤੇ ਕਾਬਜ਼ ਹੋਣਾ ਹੁੰਦਾ ਹੈ, ਜਿਸ ਲਈ ਲੋਕਾਂ ਨੂੰ ਵਾਅਦੇ, ਲਾਰੇ, ਗਰੰਟੀਆਂ, ਰਿਉੜੀਆਂ ਵੰਡਦੇ ਰਹਿੰਦੇ ਹਨ।

ਖੱਬੇ ਪੱਖੀ ਰਾਜਨੀਤੀ ਕਰਦੀਆਂ ਧਿਰਾਂ ਦੀ ਗੱਲ ਕਰਨੀ ਬਣਦੀ ਹੈ, ਜਿਨ੍ਹਾਂ ਦਾ ਆਧਾਰ ਮਿਹਨਤਕਸ਼ ਲੋਕਾਂ, ਵਿਦਿਆਰਥੀਆਂ, ਕਿਸਾਨਾਂ, ਸਕੂਲ-ਕਾਲਜ-ਯੂਨੀਵਰਸਿਟੀਆਂ ਅਤੇ ਹੋਰ ਕਈ ਅਦਾਰਿਆਂ ਵਿੱਚ ਵੀ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੀਆਂ ਇਨ੍ਹਾਂ ਸਰਗਰਮ ਧਿਰਾਂ ਦਾ ਇੱਕ ਅਜਿਹਾ ਇਤਿਹਾਸਕ ਪਿਛੋਕੜ ਹੈ, ਜੋ ਲੋੜਵੰਦ ਲੋਕਾਂ ਲਈ ਸੰਘਰਸ਼ ਕਰਦਾ ਰਿਹਾ ਹੈ ਅਤੇ ਸੰਘਰਸ਼ ਕਰਦੇ ਲੋਕਾਂ ਨਾਲ ਖੜ੍ਹਦਾ ਵੀ ਰਿਹਾ ਹੈ। ਹਿੰਦੋਸਤਾਨ ਵਿੱਚ ਕਮਿਊਨਿਸਟ ਪਾਰਟੀ 1962 ਦੀ ਭਾਰਤ-ਚੀਨ ਲੜਾਈ ਤੋਂ ਪਹਿਲਾਂ ਕਾਫ਼ੀ ਹੱਦ ਤੱਕ ਇੱਕ ਬਣੀ ਰਹੀ ਅਤੇ ਇਸ ਇੱਕ ਬਣੀ ਰਹਿਣ ਕਰਕੇ ਸਮੇਂ-ਸਮੇਂ ਇਨ੍ਹਾਂ ਦੇ ਸੰਘਰਸ਼ਾਂ ਸਦਕਾ ਪ੍ਰਾਪਤੀਆਂ ਦਾ ਇਤਿਹਾਸ ਵੀ ਹੈ। ਇਨ੍ਹਾਂ ਦਾ ਸਿਧਾਂਤਕ ਆਧਾਰ ਇਕ ਅਜਿਹੇ ਸਿਧਾਂਤ 'ਤੇ ਬੱਝਦਾ ਹੈ, ਜਿਸ ਵਿੱਚ ਸਮਾਜਿਕ, ਆਰਥਿਕ ਬਰਾਬਰੀ ਵਾਲੇ ਮੁਆਸ਼ਰੇ ਦੀ ਉਸਾਰੀ ਕਰਨ ਅਤੇ ਇਸ ਦੀ ਕਾਇਮੀ ਲਈ ਵਚਨਬੱਧਤਾ ਹੈ। ਇਨ੍ਹਾਂ ਸਾਰੀਆਂ ਜਥੇਬੰਦੀਆਂ ਦੇ ਹਰ ਵਰਗ ਵਿੱਚ ਆਪੋ ਆਪਣੇ ਸਰਗਰਮ ਵਿੰਗ ਹਨ, ਜੋ ਆਪੋ-ਆਪਣੇ ਢੰਗ ਨਾਲ ਲੋਕਾਂ ਵਿੱਚ ਸਰਗਰਮ ਰਹਿੰਦੇ ਹਨ। ਇਨ੍ਹਾਂ ਦੀਆਂ ਸਰਗਰਮੀਆਂ ਅਸਲ ਵਿੱਚ ਲੋਕ ਹਿੱਤਾਂ ਦੀ ਪੂਰਤੀ ਵਾਲੇ ਇੱਕ ਸਾਂਝੇ ਟੀਚੇ ਲਈ ਹੁੰਦੀਆਂ ਹਨ ਪਰ ਕਈ ਵਾਰੀ ਇਨ੍ਹਾਂ ਦੇ ਸੰਘਰਸ਼ ਵਿੱਚ ਅਜਿਹੀ ਭਾਵਨਾ ਆਣ ਵੜਦੀ ਹੈ ਕਿ ਉਹ ਦੂਜੀਆਂ ਸੰਘਰਸ਼ ਕਰਦੀਆਂ ਧਿਰਾਂ ਨੂੰ ਅਤੇ ਉਨ੍ਹਾਂ ਦੇ ਅਮਲ ਨੂੰ ਗਲਤ ਸਿੱਧ ਕਰਨ 'ਤੇ ਵਧੇਰੇ ਜ਼ੋਰ ਦੇਣ ਲੱਗਦੀਆਂ ਹਨ, ਕਈ ਵਾਰੀ ਵਿਰੋਧ ਜਾਂ ਟਕਰਾਅ ਦੀ ਸਥਿਤੀ ਵੀ ਆ ਜਾਂਦੀ ਹੈ। ਇਸ ਸਾਰੇ ਅਮਲ ਨਾਲ ਉਨ੍ਹਾਂ ਲੋੜਵੰਦ ਲੋਕਾਂ ਵਿੱਚ ਘੋਰ ਨਿਰਾਸ਼ਾ ਅਤੇ ਬੇਵਿਸ਼ਵਾਸੀ ਦਾ ਮਾਹੌਲ ਪੈਦਾ ਹੋਣ ਕਰਕੇ ਉਹ ਹੋਰ ਦੂਜੀਆਂ ਧਿਰਾਂ ਵੱਲ ਹੋ ਤੁਰਦੇ ਹਨ, ਜਿਨ੍ਹਾਂ ਦਾ ਮਕਸਦ ਲੋਕ ਹਿੱਤਾਂ ਲਈ ਸੰਘਰਸ਼ ਕਰਨਾ ਨਹੀਂ ਹੁੰਦਾ, ਸਗੋਂ ਉਹ ਕੇਵਲ ਇਸ ਦਾ ਵਿਖਾਵਾ ਹੀ ਕਰਦੇ ਹੁੰਦੇ ਹਨ, 'ਰਾਜ ਨਹੀਂ ਸੇਵਾ' ਵਰਗੇ ਨਾਅਰਿਆਂ ਵਾਲਿਆਂ ਵੱਲ ਲੋਕ ਇਸੇ ਆਸ ਨਾਲ ਹੀ ਤੁਰਦੇ ਹਨ, ਪਰ ਜਦ ਇਹ ਸਾਰਾ ਅਮਲ 'ਮਿਰਗ-ਛੱਲ' ਬਣਦਾ ਹੈ ਤਾਂ ਆਮ ਲੋਕ ਨਿਰਾਸ਼/ਹਤਾਸ਼ ਹੋ ਕੇ ਹੋਰ ਦੂਜੇ ਲੋਕਾਂ ਵੱਲ ਭੱਜਦੇ ਹਨ, ਜੋ ਇਨ੍ਹਾਂ ਪਹਿਲਿਆਂ ਵਰਗੇ ਹੀ ਹੁੰਦੇ ਹਨ।

ਲੋਕ ਹਿੱਤਾਂ ਦੀ ਪੂਰਤੀ ਹਿਤ ਰਾਜਨੀਤੀ ਕਰਨ ਵਾਲੀਆਂ ਧਿਰਾਂ ਜਦੋਂ ਲੋਕਾਂ ਵਿੱਚ ਆਪਣਾ ਵਿਆਪਕ ਆਧਾਰ ਗੁਆ ਬੈਠਦੀਆਂ ਹਨ ਤਾਂ 'ਰਾਜ ਨਹੀਂ ਸੇਵਾ' ਦਾ ਫੋਕਾ ਨਾਅਰਾ ਦੇਣ ਵਾਲੀਆਂ ਜਾਂ ਅਜਿਹੀਆਂ ਹੀ ਹੋਰ ਧਿਰਾਂ ਦਾ ਦਾਅ ਲੱਗਦਾ ਹੈ ਤੇ ਲੋਕ ਠੱਗੇ ਜਾਂਦੇ ਹਨ। ਉਸ ਸਮੇਂ ਲੋਕ ਬੇਵਿਸ਼ਵਾਸੀ ਦੇ ਤਣਾਓ ਭਰੇ ਮਾਹੌਲ ਵਿੱਚ ਫਿਰ ਉਨ੍ਹਾਂ ਧਿਰਾਂ ਵੱਲ ਹੀ ਮੁੜਨ ਦੀ ਸੋਚਣਗੇ, ਜੋ ਅਸਲ ਵਿੱਚ ਲੋਕਾਂ ਦੀ ਬਿਹਤਰ ਜ਼ਿੰਦਗੀ ਲਈ ਸੰਘਰਸ਼ ਕਰਨ ਦੀ ਗੱਲ ਕਰਦੀਆਂ ਹਨ। ਇਸੇ ਕਰਕੇ ਇਨ੍ਹਾਂ ਸਾਰੀਆਂ ਸੰਘਰਸ਼ੀ ਧਿਰਾਂ ਦੇ ਏਕੇ ਦੀ ਗੱਲ ਆਮ ਲੋਕਾਈ ਕਰਦੀ ਵੀ ਹੈ ਅਤੇ ਇਸ ਲਈ ਤਾਂਘਦੀ ਵੀ ਹੈ। ਹੁਣ ਸਾਰਾ ਦਾਰੋਮਦਾਰ ਇਨ੍ਹਾਂ ਧਿਰਾਂ 'ਤੇ ਹੀ ਹੈ ਕਿ ਜਿੰਨੀ ਛੇਤੀ ਇਨ੍ਹਾਂ ਦਾ ਏਕਾ ਹੋਵੇ, ਓਨੀ ਛੇਤੀ ਲੋਕ ਵਿਰੋਧੀ ਸੱਤਾ ਦੀ ਤਬਦੀਲੀ ਹੋ ਸਕੇ, ਅਜਿਹੀ ਲੋਕਾਂ ਦੀ ਤਮੰਨਾ ਹੈ।

*ਸੰਪਰਕ : 98721-73475*

# ਪਿੰਡ ਬਚਾਓ, ਪੰਜਾਬ ਬਚਾਓ ਮੁਹਿੰਮ

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

ਡਾ: ਸ਼ਿਆਮ ਸੁੰਦਰ ਦੀਪਤੀ

ਡਾ. ਸ਼ਿਆਮ ਸੁੰਦਰ ਦੀਪਤੀ

ਇਕ ਨਵੰਬਰ, ਦੇਸ਼ ਦੀ ਆਜ਼ਾਦੀ ਲਈ ਬੇਚੈਨ ਰੂਹਾਂ, ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਜੁੜੀਆਂ ਤੇ ਗਦਰ ਪਾਰਟੀ ਦਾ ਗਠਨ ਕੀਤਾ ਤੇ ਆਪਣੇ ਉਦੇਸ਼ਾਂ ਦੇ ਪ੍ਰਚਾਰ ਲਈ, ਇਕ ਨਵੰਬਰ, 1913 ਨੂੰ 'ਗਦਰ' ਅਖ਼ਬਾਰ ਛਪ ਕੇ ਆਇਆ। ਇਸੇ ਲਈ ਜਲੰਧਰ ਵਿਚ 'ਗਦਰੀ ਬਾਬਿਆਂ ਦਾ ਮੇਲਾ' ਲੱਗਦਾ, ਹਰ ਸਾਲ ਇਸੇ ਦਿਨ। ਮੇਲਾ ! ਸਾਡੇ ਭਾਰਤੀ ਸੱਭਿਆਚਾਰ ਦਾ ਨਿਵੇਕਲਾ ਅੰਗ ਹੈ। ਮੇਲਾ ਮਿਲਣਾ। ਮੇਲ-ਜੋਲ। ਕਿੱਥੇ ਚੱਲਿਆ? ਮੇਲੇ, ਮਿਲਣ-ਗਿਲਣ। ਦੋਹੇਂ ਹੀ ਇਕੋ ਭਾਵ ਨੇ।

ਐਤਕੀਂ ਇਕ ਨਵੰਬਰ ਨੂੰ, ਸਾਲ 2020 ਵਿਚ, 'ਪਿੰਡ ਬਚਾਓ ਪੰਜਾਬ ਬਚਾਓ' ਵੱਲੋਂ ਇਕ ਕਾਫ਼ਲਾ ਤਕਰੀਬਨ ਤਿੰਨ ਮਹੀਨਿਆਂ ਲਈ, ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਤੋਂ ਸ਼ੁਰੂ ਹੋਣਾ ਸੀ ਤੇ ਸਾਰੇ ਪੰਜਾਬ ਵਿੱਚੋਂ ਲੰਘਣਾ ਸੀ। ਤਕਰੀਬਨ ਤਿੰਨ-ਚਾਰ ਦਿਨ ਹਰ ਜ਼ਿਲ੍ਹੇ ਵਿੱਚੋਂ ਤੇ 31 ਜਨਵਰੀ ਨੂੰ ਲੁਧਿਆਣੇ ਵਿਖੇ ਜਿਸ ਦਾ ਸਮਾਪਤੀ ਸਮਾਗਮ ਹੋਣਾ ਸੀ। 'ਪਿੰਡ ਬਚਾਓ ਪੰਜਾਬ ਬਚਾਓ' ਸੰਸਥਾ ਵਿਚ ਮੈਂ ਭਾਰਤ ਗਿਆਨ ਵਿਗਿਆਨ ਸੰਮਤੀ ਦੇ ਕਾਰਕੁੰਨ ਵਜੋਂ ਸ਼ਾਮਲ ਹੋਇਆ। ਇਸ ਦਾ ਗਠਨ 2013 ਵਿਚ ਹੋਇਆ, ਜਦੋਂ ਆਈ.ਡੀ.ਪੀ. ਇੰਟਰਨੈਸ਼ਨਲ ਡੈਮੋਕਰੇਟਿਕ ਪਲੇਟਫਾਰਮ ਵੱਲੋਂ, ਕਰਨੈਲ ਸਿੰਘ ਜਖੇਪਲ ਨੇ ਸੰਗਰੂਰ ਵਿਚ ਮੀਟਿੰਗ ਕੀਤੀ, ਜਿਸ ਵਿਚ ਗਿਆਨੀ ਕੇਵਲ ਸਿੰਘ, ਪੱਤਰਕਾਰ ਹਮੀਰ ਸਿੰਘ, ਡਾ. ਪਿਆਰਾ ਲਾਲ ਗਰਗ, ਸੁਖਦਰਸ਼ਨ ਨੱਤ, ਜਸਵਿੰਦਰ ਸਿੰਘ ਹੁਰਾਂ ਵੱਲੋਂ ਇਕ ਸੈਮੀਨਾਰ ਕੀਤਾ ਗਿਆ, ਪਿੰਡ ਬਚਾਉਣ ਦੇ ਨਾਂਅ ਨਾਲ।

'ਪਿੰਡ ਬਚਾਓ ਪੰਜਾਬ ਬਚਾਓ' ਕਾਫ਼ਲਾ ਚਲਾਉਣ ਦੀ ਪੇਸ਼ਕਸ਼ ਗਿਆਨੀ ਕੇਵਲ ਸਿੰਘ ਜੀ ਦੀ ਸੀ। ਉਹ ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਰਹੇ ਹਨ। ਧਾਰਮਿਕ ਦੇ ਨਾਲ-ਨਾਲ, ਉਨ੍ਹਾਂ ਨੂੰ ਸਮਾਜਿਕ ਸਰੋਕਾਰ ਵੀ ਪਰੇਸ਼ਾਨ ਕਰਦੇ ਹਨ। ਨਸ਼ਿਆਂ ਨੂੰ ਲੈ ਕੇ ਕਾਫ਼ੀ ਫ਼ਿਕਰਮੰਦੀ ਦਿਖਾਈ ਹੈ। ਮੇਰੇ ਨਾਲ ਪਹਿਲੀ ਜਾਣ-ਪਛਾਣ, ਨਸ਼ਿਆਂ ਦੇ ਵਿਸ਼ੇ ਕਰਕੇ ਹੀ ਹੋਈ। ਪਤਾ ਨਹੀਂ ਉਨ੍ਹਾਂ ਨੂੰ ਮੇਰੀ ਕਿਤਾਬ 'ਨਸ਼ੇ-ਬਿਮਾਰ ਸਮਾਜ ਦਾ ਲੱਛਣ' ਪੜ੍ਹਨ ਦਾ ਮੌਕਾ ਮਿਲਿਆ ਜਾਂ ਮੇਰਾ ਗੁਰੂ ਨਾਨਕ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਨਾਲ ਜੁੜੇ ਹੋਣਾ ਜਾਂ ਇਕ ਵਾਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਅਧਿਆਪਕਾਂ ਦੀ ਨਸ਼ਿਆਂ ਪ੍ਰਤੀ ਜਾਗਰੂਕਤਾ ਨੂੰ ਲੈ ਕੇ ਲਾਈ ਵਰਕਸ਼ਾਪ ਤੋਂ। ਉਨ੍ਹਾਂ ਨੇ ਖੁਦ ਵੀ ਇਕ ਸੈਮੀਨਾਰ ਕੀਤਾ ਤੇ ਕਈ ਚੇਤੰਨ ਲੋਕਾਂ ਨੂੰ ਬੁਲਾਇਆ। ਮੈਨੂੰ ਵੀ ਕਈ ਸੱਦੇ ਗਿਆਨੀ ਜੀ ਦੇ ਜ਼ਰੀਏ ਵਿਚਾਰ ਚਰਚਾ ਲਈ ਆਉਂਦੇ।

ਉਨ੍ਹਾਂ ਦਾ ਮਨ ਸੀ ਕਿ ਉਹ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਪੂਰੇ ਪੰਜਾਬ ਵਿਚ ਯਾਤਰਾ ਕਰਨ, ਪਰ ਜਦੋਂ 'ਪਿੰਡ ਬਚਾਓ, ਪੰਜਾਬ ਬਚਾਓ' ਸੰਸਥਾ ਵੱਲੋਂ ਲਗਾਤਾਰ ਮੀਟਿੰਗਾਂ ਵਿਚ ਪੰਜਾਬ ਦੇ ਪਰਿਪੇਖ ਵਿਚ ਚਰਚਾ ਹੁੰਦੀ ਤਾਂ ਉਨ੍ਹਾਂ ਨੇ 'ਮੁੱਦੇ ਪੰਜਾਬ ਦੇ', ਵੱਡੇ ਸਿਰਲੇਖ ਹੇਠ ਕਾਫ਼ਲਾ ਬਣਾ ਕੇ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿਚ ਜਾਣ ਦੀ ਆਪਣੀ ਸੋਚ ਨੂੰ ਪ੍ਰਗਟਾਇਆ।

ਮੈਂ ਕਾਫ਼ੀ ਦੇਰ ਬਾਅਦ ਇਸ ਸੰਸਥਾ ਨਾਲ ਜੁੜਿਆ, ਜਦੋਂ ਕਿ ਮੀਟਿੰਗ ਵਿਚ ਸ਼ਾਮਲ ਹੋਣ ਲਈ ਡਾ. ਪਿਆਰਾ ਲਾਲ ਗਰਗ ਨੇ ਮੈਨੂੰ ਵੀ ਸੁਨੇਹਾ ਭੇਜਿਆ। ਦੋ-ਤਿੰਨ ਮੀਟਿੰਗਾਂ ਲੁਧਿਆਣੇ ਜਗਮੋਹਨ ਹੋਰਾਂ ਦੇ ਘਰੇ ਹੋਈਆਂ। ਲੁਧਿਆਣਾ ਪੰਜਾਬ ਦੇ ਕੇਂਦਰ ਵਿਚ ਪੈਂਦਾ ਹੈ। ਇਨ੍ਹਾਂ ਮੀਟਿੰਗਾਂ ਵਿਚ 'ਪਿੰਡ ਬਚਾਓ ਪੰਜਾਬ ਬਚਾਓ' ਦੇ ਮੰਚ ਹੇਠ ਪਿੰਡਾਂ ਦੇ ਕਿਸਾਨਾਂ ਦੀਆਂ, ਕਿਸਾਨੀ ਖੁਦਕੁਸ਼ੀਆਂ ਦੇ ਮੁੱਦੇ ਵੀ ਚਰਚਾ ਦਾ ਵਿਸ਼ਾ ਬਣਦੇ।

ਜਦੋਂ ਮੈਂ ਜੁੜਿਆ, ਉਦੋਂ ਕੁਝ ਸਮਾਂ ਪਹਿਲਾਂ ਪੰਚਾਇਤੀ ਚੋਣਾਂ ਹੋ ਕੇ ਹਟੀਆਂ ਤੇ ਇਸ ਸੰਸਥਾ ਨੇ ਆਪਣਾ ਪੂਰਾ ਜ਼ੋਰ ਲਾਇਆ ਕਿ ਪੰਚਾਇਤਾਂ ਸਰਬਸੰਮਤੀ ਨਾਲ ਬਣਨ। ਪਿੰਡਾਂ ਵਿਚ ਰਾਜਨੀਤਕ ਪਾਰਟੀਆਂ ਦੇ ਨਾਂਅ 'ਤੇ ਪੰਚਾਇਤ ਨਾ ਹੋਵੇ। ਇਹ ਸਮਝ ਕਿ ਪਿੰਡਾਂ ਦੇ ਲੋਕ ਇਹ ਕਹਿਣ 'ਸਾਡੀ ਪੰਚਾਇਤ' ਨਾ ਕਿ ਅਕਾਲੀਆਂ ਦੀ, ਕਾਂਗਰਸ ਦੀ ਜਾਂ ਹੋਰ।

ਲਗਾਤਾਰ ਮੀਟਿੰਗਾਂ ਅਤੇ ਬਹਿਸਾਂ-ਚਰਚਾਵਾਂ ਦੇ ਤਹਿਤ 'ਮੁੱਦੇ ਪੰਜਾਬ ਦੇ' ਨਾਂਅ ਦਾ ਦਸਤਾਵੇਜ਼ ਤਿਆਰ ਕਰਨ ਦੀ ਵਿਉਂਤ ਵੀ ਬਣੀ ਤੇ ਉਹ ਤਿਆਰ ਵੀ ਹੋਇਆ।

ਗਿਆਨੀ ਕੇਵਲ ਸਿੰਘ ਨੇ ਜਦੋਂ ਆਪਣੇ ਮਨ ਦੀ ਗੱਲ ਕਹੀ ਕਿ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਪਿੰਡ-ਪਿੰਡ ਲੋਕਾਂ ਵਿਚ ਜਾਇਆ ਜਾਵੇ। ਇਕ ਵਧੀਆ ਸਾਰਥਕ ਖਿਆਲ ਸੀ। ਅਸੀਂ ਅਕਸਰ ਸੈਮੀਨਾਰ ਕਰਦੇ ਹਾਂ ਤੇ ਅਖੀਰ 'ਤੇ ਇਕ ਗੱਲ ਉਭਰਦੀ ਹੈ ਕਿ ਅਜਿਹੇ ਸੈਮੀਨਾਰਾਂ ਦੀ ਲੋੜ ਪਿੰਡ ਪੱਧਰ 'ਤੇ ਵੱਧ ਹੈ। ਉਸ ਪੱਖੋਂ ਇਹ ਉਤਸ਼ਾਹਜਨਕ ਸੀ। ਕਾਫ਼ਲਾ ਸ਼ੁਰੂ ਕਰਨ ਦੀ ਗੱਲ ਆਈ ਤਾਂ ਗਿਆਨੀ ਜੀ ਨੇ ਕਿਹਾ, 'ਇਹ ਮੇਰਾ ਸੁਝਾਅ ਹੈ', ਨਾਲ ਹੀ ਕਿਹਾ, 'ਮੈਂ ਮਨ ਬਣਾ ਲਿਆ ਹੈ, ਤੁਸੀਂ ਨਾਲ ਤੁਰੋਗੇ ਤਾਂ ਵਧੀਆ ਲੱਗੇਗਾ, ਨਹੀਂ ਤਾਂ ਮੈਂ ਇਕੱਲਾ ਹੀ ਤੁਰ ਪਵਾਂਗਾ।'

ਲਗਾਤਾਰ ਕੰਮ ਕਰ ਹੀ ਰਹੇ, ਮਿਲ ਰਹੇ ਸਾਥੀਆਂ ਨੇ ਇਸ ਵਿਚਾਰ ਨੂੰ ਨਕਾਰਨਾ ਕਿਉਂ ਸੀ। ਸਭ ਦੇ ਅੱਗੇ ਸਵਾਲ ਸੀ ਕਿ ਕਾਫ਼ਲਾ, ਜੋ ਕਿ ਘੱਟੋ-ਘੱਟ ਤਿੰਨ ਮਹੀਨਿਆਂ ਦਾ ਹੋਵੇਗਾ, ਲਗਾਤਾਰ ਕਿਵੇਂ ਚੱਲੇਗਾ? ਜਾਂ ਕਹੀਏ ਇਸ ਦਾ ਸਰੂਪ ਕੀ ਹੋਵੇਗਾ। ਬਹੁਤੇ ਸਾਥੀਆਂ ਨੇ ਹਾਮੀ ਭਰੀ ਤੇ ਨਾਲ ਹੀ ਆਪਣੀ ਭੂਮਿਕਾ ਨੂੰ ਲੈ ਕੇ ਕਿਹਾ ਕਿ ਉਹਨਾਂ ਦਾ ਸਾਥ ਕਿਸ ਸ਼ਕਲ ਵਿਚ ਹੋਵੇਗਾ। ਡਾ. ਪਿਆਰਾ ਲਾਲ ਗਰਗ, ਹਮੀਰ ਸਿੰਘ ਨੇ ਆਪਣੀ ਪਰਵਾਰਕ ਲੋੜ ਅਤੇ ਸਮਰੱਥਾ ਮੁਤਾਬਕ ਹਫ਼ਤੇ ਵਿਚ ਇਕ-ਦੋ ਦਿਨ ਹਾਜ਼ਰ ਹੋਣ ਲਈ ਕਿਹਾ। ਉਸੇ ਤਰ੍ਹਾਂ ਮੈਂ ਕਿਹਾ ਕਿ ਸ਼ਨੀ-ਐਤਵਾਰ ਜਾਂ ਕਿਸੇ ਛੁੱਟੀ ਵਾਲੇ ਦਿਨ ਮੈਂ ਹਾਜ਼ਰ ਰਹਾਂਗਾ। ਜਿਸ ਤਰ੍ਹਾਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਦਾ ਇਲਾਕਾ ਅਤੇ ਨਾਲ ਹੀ ਮੈਂ ਕਿਹਾ ਕਿ ਮਾਨਸਾ ਜ਼ਿਲ੍ਹੇ ਵਿਚ ਮੇਰੇ ਸਹੁਰੇ ਹਨ ਤੇ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਮੇਰੀ ਬੇਟੀ ਵਿਆਹੀ ਹੋਈ ਹੈ, ਉਥੇ ਕੁਝ ਦਿਨ ਵੱਧ ਹਾਜ਼ਰੀ ਲਗਵਾਵਾਂਗਾ।

ਕਾਫ਼ਲੇ ਦੀ ਰੂਪ-ਰੇਖਾ ਤਿਆਰ ਹੋਈ। ਗਿਆਨੀ ਕੇਵਲ ਸਿੰਘ, ਕਰਨੈਲ ਸਿੰਘ ਜਖੇਪਲ, ਦਰਸ਼ਨ ਸਿੰਘ ਧਨੇਠਾ, ਕਿਰਨਜੀਤ, ਗੁਰਮੀਤ ਪੱਕੇ ਤੌਰ 'ਤੇ ਪੂਰੇ ਸਮੇਂ ਲਈ ਨਾਲ ਰਹਿਣ ਨੂੰ ਤਿਆਰ ਹੋਏ। ਕਾਫ਼ਲੇ ਨੂੰ ਇਕ ਨਵੰਬਰ ਤੋਂ ਸ਼ੁਰੂ ਕਰਨ ਦਾ ਮਨ ਬਣਾਇਆ। ਹਰ ਜ਼ਿਲ੍ਹੇ ਵਿਚ ਤਿੰਨ ਤੋਂ ਚਾਰ ਦਿਨ ਰਹਿਣ ਦੀ ਵਿਉਂਤ ਤਿਆਰ ਕੀਤੀ ਤੇ ਤਰੀਖਾਂ ਮਿੱਥੀਆਂ।

ਇਕ ਨਵੰਬਰ ਨੂੰ ਜਲ੍ਹਿਆਂਵਾਲਾ ਬਾਗ ਦੇ ਮੁੱਖ ਦਰਵਾਜ਼ੇ ਦੇ ਬਾਹਰ ਸਾਰੇ ਇਕੱਠੇ ਹੋਏ। ਗਿਆਨੀ ਜੀ ਦੇ ਨਾਲ ਹਮੀਰ ਸਿੰਘ, ਕਰਨੈਲ ਸਿੰਘ, ਐਡਵੋਕੇਟ ਜਸਵਿੰਦਰ ਸਿੰਘ ਨੇ ਕਾਫ਼ਲੇ ਦਾ ਮੰਤਵ ਅਤੇ ਟੀਚਿਆਂ 'ਤੇ ਗੱਲ ਕੀਤੀ ਤੇ ਕਾਫ਼ਲੇ ਨੂੰ ਹਰੀ ਝੰਡੀ ਦਿੱਤੀ।

ਮੈਂ ਕਾਫ਼ਲੇ ਦੀ ਹਰੀ ਝੰਡੀ ਤੋਂ ਬਾਅਦ ਗਦਰੀ ਬਾਬਿਆਂ ਦੇ ਮੇਲੇ ਚਲਾ ਗਿਆ ਤੇ ਫਿਰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡਾਂ ਵਿਚ ਸ਼ਾਮਲ ਹੋਇਆ। ਫਰੀਦਕੋਟ, ਫਿਰੋਜ਼ਪੁਰ ਦੇ ਇਕ-ਦੋ ਪਿੰਡਾਂ ਵਿਚ ਵੀ ਜਾਣ ਦਾ ਮੌਕਾ ਮਿਲਿਆ। ਮਾਨਸਾ-ਬੁਢਲਾਡਾ ਵਿਚ ਤਿੰਨ ਦਿਨ ਲਗਾਤਾਰ ਰਿਹਾ ਤੇ ਇਸੇ ਤਰ੍ਹਾਂ ਨਵਾਂ ਸ਼ਹਿਰ ਜ਼ਿਲ੍ਹੇ ਵਿਚ ਰਾਹੋਂ, ਬੰਗਾ ਅਤੇ ਹੋਰ ਪਿੰਡਾਂ ਵਿਚ ਜਾਣ ਦਾ ਸਬੱਬ ਬਣਿਆ।

ਇਹ ਸਮਾਂ ਉਹ ਸੀ, ਜਦੋਂ ਕਿਸਾਨੀ ਬਿੱਲ ਸੰਸਦ ਵਿਚ ਪਾਸ ਹੋ ਚੁੱਕੇ ਸੀ। ਕੋਰੋਨਾ ਕਾਲ ਵਿਚ ਜਿਸ ਤਰੀਕੇ ਨਾਲ ਇਹ ਪਾਸ ਹੋਏ, ਸਾਰੇ ਜਾਣਦੇ ਹਨ। ਕਿਸਾਨੀ ਜਥੇਬੰਦੀਆਂ ਨੇ ਵਿਰੋਧ ਕੀਤੇ ਤੇ ਦਿੱਲੀ ਵੱਲ ਕੂਚ ਕਰਨ ਦੀ ਚੇਤਾਵਨੀ ਦਿੱਤੀ। ਇਸ ਤੋਂ ਪਹਿਲਾਂ ਪੰਜਾਬ ਵਿਚ ਥਾਂ-ਥਾਂ, ਖਾਸ ਕਰ ਸਾਰੇ ਹੀ ਟੋਲ ਪਲਾਜ਼ੇ ਬੰਦ ਕਰਵਾ ਦਿੱਤੇ, ਉਥੇ ਧਰਨੇ ਲਾ ਦਿੱਤੇ। ਕੋਰੋਨਾ ਦੀਆਂ ਹਦਾਇਤਾਂ ਅਤੇ ਧਰਨੇ ਦਾ ਆਪਸ ਵਿਚ ਟਕਰਾਅ ਸੀ। ਅਸਲੀ ਟਕਰਾਅ ਤਾਂ ਸਰਕਾਰ ਨਾਲ ਸੀ। ਕੋਰੋਨਾ ਦੀ ਬਿਮਾਰੀ ਉਸ ਤੋਂ ਵੱਡੀ ਨਹੀਂ ਸੀ ਜਾਪੀ ਕਿਸਾਨਾਂ ਨੂੰ।

ਇਨ੍ਹਾਂ ਧਰਨਿਆਂ 'ਤੇ ਵੀ ਕਿਸਾਨੀ ਬਿੱਲਾਂ ਦੇ ਪਾਸ ਹੋ ਜਾਣ ਨਾਲ ਹੋਣ ਵਾਲੇ ਖ਼ਤਰਿਆਂ ਬਾਰੇ ਚਰਚਾ ਹੁੰਦੀ। ਭਾਰਤ ਗਿਆਨ ਸੰਮਤੀ ਦੇ ਕਾਰਕੁੰਨ ਵਜੋਂ, ਮੈਂ ਵੀ ਦੋ ਕੁ ਟੋਲ ਪਲਾਜ਼ਿਆਂ 'ਤੇ ਗਿਆ। ਧਰਨਿਆਂ ਅਤੇ ਕਾਫ਼ਲੇ ਦੀ ਸ਼ੁਰੂਆਤ ਦੇ ਮੱਦੇਨਜ਼ਰ ਕਿਸਾਨਾਂ ਨੇ ਸੰਵਿਧਾਨ ਦਿਵਸ, 25 ਨਵੰਬਰ ਨੂੰ ਦਿੱਲੀ ਪਹੁੰਚਣ ਦਾ ਐਲਾਨ ਕਰ ਦਿੱਤਾ। ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਹੀ ਏਕਾ ਕਰਕੇ ਮੋਰਚਾ ਸੰਭਾਲਿਆ। ਮਾਹੌਲ ਪਹਿਲਾਂ ਹੀ ਤਿਆਰ ਸੀ। ਸਰਕਾਰ ਵੀ ਸੁਚੇਤ ਸੀ, ਸਗੋਂ ਮੁਸਤੈਦੀ ਨਾਲ ਉਨ੍ਹਾਂ ਦੇ ਰੋਕਣ ਦੀ ਕੋਸ਼ਿਸ਼ ਕੀਤੀ। ਕਿਸਾਨ ਤੁਰੇ ਤਾਂ ਦਿੱਲੀ ਪਹੁੰਚਣ ਵਾਲੇ ਸਾਰੇ ਰਾਹਾਂ ਨੂੰ ਬੰਦ ਕਰਨ ਦੀ ਤਿਆਰੀ ਸੀ। ਕਿਸਾਨਾਂ ਨੇ ਸੋਚਿਆ ਕਿ ਜਿੱਥੇ ਰੋਕੇ ਜਾਵਾਂਗੇ, ਉਥੇ ਹੀ ਧਰਨਾ ਲਾ ਦਿਆਂਗੇ, ਪਰ ਇਹ ਮਾਰਚ ਮਿਸਾਲੀ ਹੋ ਨਿੱਬੜਿਆ। ਸਾਰੀਆਂ ਰੋਕਾਂ ਤੋੜ ਕੇ, ਪਾਰ ਕਰਦੇ ਹੋਏ, ਪੰਜਾਬ ਦੇ ਇਕ ਹਿੱਸੇ ਤੋਂ ਕਿਸਾਨ ਸਿੰਘੂ ਬਾਰਡਰ ਤੇ ਦੂਸਰੇ ਟਿੱਕਰੀ ਬਾਰਡਰ 'ਤੇ ਜਾ ਪਹੁੰਚੇ। ਉਥੇ ਰੋਕਿਆ ਗਿਆ ਤਾਂ ਧਰਨਾ ਲਗਾ ਦਿੱਤਾ। ਧਰਨਾ ਕਿ ਪੱਕਾ ਮੋਰਚਾ। ਹਿੰਮਤ ਅਤੇ ਆਸ ਦੀ ਪੂਰੀ ਝਲਕ ਦਿਸਦੀ। ਪੂਰੀ ਤਿਆਰੀ ਕਰਕੇ ਗਏ ਸੀ ਕਿਸਾਨ। ਦੋਹੇਂ ਬਾਰਡਰਾਂ 'ਤੇ ਸ਼ਾਮਲ ਹੋਣ ਦਾ ਮੌਕਾ ਬਣਿਆ। ਨਵੰਬਰ ਦਾ ਮਹੀਨਾ ਕਿਸਾਨੀ ਵਿਚ ਤੁਲਨਾਤਮਕ ਤੌਰ 'ਤੇ ਬੇਫ਼ਿਕਰੀ ਦਾ ਹੁੰਦਾ ਹੈ।

'ਜਦੋਂ ਪਿੰਡ ਬਚਾਓ, ਪੰਜਾਬ ਬਚਾਓ' ਸੰਸਥਾ ਨਾਲ ਜੁੜਿਆ ਤਾਂ ਮੈਂ ਇੱਕ ਲੇਖ ਲਿਖਿਆ, 'ਪਿੰਡ ਬਚਾਉਣਾ ਕਿਉਂ ਜ਼ਰੂਰੀ ਹੈ?' ਇਹ ਲੇਖ ਇਸ ਕਰਕੇ ਲਿਖਿਆ ਗਿਆ ਕਿ ਸ਼ਾਇਦ ਮੇਰਾ ਕੋਈ ਪਿੰਡ ਨਹੀਂ ਹੈ, ਪਰ ਮੈਨੂੰ ਪਿੰਡ ਵਿਚ ਨੌਕਰੀ ਕਰਦਿਆਂ ਤੇ ਪੇਂਡੂ ਜੀਵਨ ਬਾਰੇ ਪੜ੍ਹਦਿਆਂ ਇਹ ਅਕਸਰ ਮਹਿਸੂਸ ਹੋਇਆ ਕਿ ਪਿੰਡ ਵਿਚ ਮਨੁੱਖ ਦੀ ਆਤਮਾ ਵਸਦੀ ਹੈ। ਕਿਤੋਂ ਸੁਣਿਆ ਸੀ ਕਿ ਪਿੰਡ ਉਹ ਥਾਂ ਹੈ, ਜਿੱਥੇ ਬੰਦੇ ਦੀ ਜ਼ਿੰਦਗੀ ਦਾ ਛੋਟੇ ਤੋਂ ਛੋਟਾ ਕੰਮ ਹੋ ਸਕਦਾ ਹੈ। ਕਿਹਾ ਜਾਂਦਾ ਹੈ ਕਿ ਨਮਕ ਤੋਂ ਸਿਵਾ ਪਿੰਡ ਦੇ ਬੰਦੇ ਨੂੰ ਪਿੰਡ ਤੋਂ ਬਾਹਰ ਜਾਣ ਦੀ ਲੋੜ ਨਹੀਂ ਪੈਂਦੀ। ਕਈ ਕਬੀਲੇ ਅਜਿਹੇ ਹਨ, ਜੋ ਨਮਕ ਵੀ ਨਹੀਂ ਵਰਤਦੇ ਤੇ ਆਪਣੇ-ਆਪ ਦੇ ਵਿਚ ਪੂਰਾ ਜੀਵਨ ਆਪਸ ਵਿਚ ਮਿਲ ਕੇ ਬਿਤਾ ਲੈਂਦੇ ਹਨ।

ਭਾਵੇਂ ਕਿ ਨਵੀਂ ਵਿਸ਼ਵੀ ਵਿਵਸਥਾ ਨੇ ਗਲੋਬਲ ਵਿਲੇਜ਼ ਦਾ 'ਨਾਮਕਰਨ' ਕੀਤਾ ਹੈ, ਪਰ ਅਸਲ ਵਿਚ ਇਹ ਏਨੀ ਭਰਮਾਊ ਤੇ ਭੁਲੇਖਾ ਪਾਊ ਹੈ ਕਿ ਇਸ ਵਿਵਸਥਾ ਨੇ ਪੇਂਡੂ ਜੀਵਨ ਨੂੰ ਨਰਕੀ ਜੀਵਨ ਬਣਾ ਦਿੱਤਾ ਹੈ। ਜੋ ਅਸੀਂ ਆਪਣੇ ਪੰਜਾਬ ਵਿਚ ਅਜ਼ਾਦੀ ਦੇ 75 ਸਾਲ ਬਾਅਦ ਵੀ 'ਪਿੰਡ ਬਚਾਓ ਮੁਹਿੰਮ' ਤਹਿਤ ਪੰਜਾਬ ਦੇ ਸੈਂਕੜੇ ਪਿੰਡਾਂ ਵਿਚ ਘੁੰਮਦੇ ਹੋਏ ਦੇਖਿਆ ਹੈ। ਤੁਸੀਂ ਇਸ ਦਾ ਅੰਦਾਜ਼ਾ ਇੱਥੋਂ ਲਗਾਓ ਕਿ ਸੰਸਥਾ ਦੇ ਮੈਂਬਰ ਹਮੀਰ ਸਿੰਘ ਮਨਰੇਗਾ ਨੂੰ ਲੈ ਕੇ ਹਮੇਸ਼ਾ ਪੇਂਡੂ ਮਜ਼ਦੂਰੀ ਦੀ ਗੱਲ ਕਰਦੇ ਹਨ, ਜਿਨ੍ਹਾਂ ਨੂੰ ਦੋ ਟਾਇਮ ਦਾ ਖਾਣਾ ਵੀ ਨਸੀਬ ਨਹੀਂ ਹੁੰਦਾ।

'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਦੀ ਸ਼ੁਰੂਆਤ ਇਸ ਧਾਰਨਾ ਤੋਂ ਸ਼ੁਰੂ ਹੋਈ ਕਿ ਆਓ ਆਪਣੀ ਪੰਚਾਇਤ ਆਪ ਚੁਣੀਏ। ਇਹ ਗੱਲ ਕਹਿਣ ਦੀ ਲੋੜ ਤਾਂ ਪਈ ਕਿ ਅਸੀਂ ਦੇਖਦੇ ਹਾਂ ਕਿ ਪਿੰਡਾਂ ਵਿਚ ਅਕਾਲੀਆਂ ਦੀ ਪੰਚਾਇਤ ਹੈ ਜਾਂ ਕਾਂਗਰਸ ਦੀ ਜਾਂ ਕਾਮਰੇਡਾਂ ਦੀ। ਕੋਈ ਵਿਰਲਾ ਹੀ ਹੋਵੇਗਾ ਜੋ ਕਹੇ ਕਿ ਸਾਡੇ ਪਿੰਡ ਵਿਚ ਸਾਡੀ ਪੰਚਾਇਤ ਹੈ। ਇਹ ਦੁਰਦਸ਼ਾ ਪੰਚਾਇਤਾਂ ਦੀ ਨਹੀਂ ਹੈ, ਪਿੰਡ ਦੇ ਲੋਕਾਂ ਦੀ ਹੈ। ਜੋ ਸਿਆਸਤ ਨੇ ਕੀਤੀ ਹੈ।

ਪੰਚਾਇਤੀ ਰਾਜ ਕਾਨੂੰਨ ਦੇ ਤਹਿਤ ਪਿੰਡ ਦੀ ਪੰਚਾਇਤ ਮਿੰਨੀ ਪਾਰਲੀਮੈਂਟ ਹੈ ਤੇ ਜੇ ਸਹੀ ਅਰਥਾਂ ਵਿਚ ਕਹੀਏ ਤਾਂ ਪਾਰਲੀਮੈਂਟ ਤੋਂ ਵੱਧ ਤਾਕਤਵਰ ਤੇ ਇਹ ਵੀ ਸਾਡੇ ਸਾਹਮਣੇ ਹੈ ਕਿ ਪਿੰਡਾਂ ਦਾ ਵਿਕਾਸ ਨਾ ਦੇ ਬਰਾਬਰ ਹੋਇਆ ਹੈ ਤੇ ਇਹ ਗੱਲ ਪੂਰੀ ਤਰ੍ਹਾਂ ਕਹੀ ਜਾ ਸਕਦੀ ਹੈ ਕਿ ਹੌਲੀ-ਹੌਲੀ ਪੇਂਡੂ ਜੀਵਨ ਨੀਵੇਂ ਤੋਂ ਨੀਵੇਂ ਪੱਧਰ 'ਤੇ ਪਹੁੰਚ ਗਿਆ ਹੈ, ਪਰ ਵੱਡੇ ਪੱਧਰ 'ਤੇ ਜੇ ਸਿਆਸਤ ਦੀ ਗੱਲ ਕਰੀਏ ਤਾਂ ਪੂਰਾ ਮਾਹੌਲ ਜਿਉਣਯੋਗ ਨਹੀਂ ਰਿਹਾ ਹੈ, ਜਿਸ ਤਰ੍ਹਾਂ ਦੀ ਲੋਕਤੰਤਰ ਵਿਚ ਆਸ ਕੀਤੀ ਜਾਂਦੀ ਹੈ।

ਆਪਣੇ ਪਹਿਲੇ ਦੌਰ ਮਗਰੋਂ ਇਹ ਮੁਹਿੰਮ ਲੋਕਤੰਤਰ ਨੂੰ ਬਚਾਉਣ, ਉਸ ਨੂੰ ਸਮਝਣ ਦੇ ਜ਼ਰੀਏ, ਪੇਂਡੂ ਪੰਚਾਇਤ ਐਕਟ ਰਾਹੀਂ ਤਾਕਤ ਨੂੰ ਹੇਠਾਂ ਲੈ ਕੇ ਆਉਣ ਦੀ ਗੱਲ ਹੋ ਰਹੀ ਸੀ। ਉਹੀ ਗੱਲ ਜੋ ਆਨੰਦਪੁਰ ਸਾਹਿਬ ਦਾ ਮਤਾ ਵੀ ਕਹਿੰਦਾ ਹੈ। ਅਸਲ ਵਿਚ ਪਿੰਡ ਨੂੰ ਬਚਾਉਣਾ ਹੀ ਲੋਕਤੰਤਰ ਨੂੰ ਬਚਾਉਣਾ ਹੈ। ਦੇਸ਼ ਦੇ ਸੰਘੀ ਢਾਂਚੇ ਨੂੰ ਜੀਉਂਦਾ ਰੱਖਣਾ ਹੈ।

ਹੁਣ 'ਪਿੰਡ ਬਚਾਓ ਪੰਜਾਬ ਬਚਾਓ' ਮੁਹਿੰਮ ਦੇਸ਼ ਦੇ ਸੰਘੀ ਢਾਂਚੇ ਨੂੰ ਪ੍ਰਮੁੱਖਤਾ ਨਾਲ ਅੱਗੇ ਲੈ ਕੇ ਵਧਾ ਰਹੀ ਹੈ। ਇਸ ਦੀ ਸ਼ੁਰੂਆਤ ਮਾਲੇਰਕੋਟਲੇ ਤੋਂ ਕਰਨਦੀਨ ਰਨਵਾ ਦੀ ਅਗਵਾਈ ਹੇਠ ਹੋਈ ਹੈ ਤੇ ਉਸ ਤੋਂ ਮਗਰੋਂ ਮੋਗਾ, ਬਰਨਾਲਾ, ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਇਸ ਨੂੰ ਅੱਗੇ ਤੋਰਿਆ ਹੈ।

'ਮੁੱਦੇ ਪੰਜਾਬ ਦੇ' ਇਕ ਸੋਚ ਸੀ, ਜੋ ਆਪਣੇ ਕੇਂਦਰੀ ਨੁਕਤੇ, 'ਪੰਜਾਬ ਆਪਣੇ ਵਾਰਸ ਲੱਭਦਾ ਹੈ।' ਕਿਸੇ ਸੋਚ ਨੂੰ ਤਲਾਸ਼ ਕਰਨ ਦੀ ਮੁਹਿੰਮ ਸਹਿਜਤਾ ਨਾਲ ਹੀ ਅੱਗੇ ਤੁਰਦੀ ਹੈ, ਜਿਸ ਸਹਿਜਤਾ ਨਾਲ ਇਹ ਟੀਮ ਲੱਗੀ ਹੋਈ ਹੈ ਅਤੇ ਨਿਰੰਤਰ ਕਾਰਜਸ਼ੀਲ ਹੈ।

*ਮੋਬਾ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

7-Jan-Sunday.qxd 1/6/2024 10:39 PM Page 4



*ਕਵੀ ਕਦੀ-ਕਦੀ ਉਨ੍ਹਾਂ ਪਹਾੜੀਆਂ ਨਾਲ ਮਿਲਦੇ ਹੁੰਦੇ ਨੇ*
*ਜਿਹੜਾ ਸਾਰਾ ਦਿਨ ਆਪਣਾ ਜੱਤ ਵਾਲਾ ਟੋਪ ਲੱਭਣ 'ਚ ਲਾ ਦਿੰਦੇ*
*ਜਿਹੜਾ ਕੇ ਸਾਰਾ ਸਮਾਂ ਉਨ੍ਹਾਂ ਦੇ ਮੂਰਖ ਸਿਰ 'ਤੇ ਟਿਕਿਆ ਹੁੰਦਾ ਹੈ।*
*-ਰਸੂਲ ਹਮਜ਼ਾਤੋਵ*

# 2023 ਦੀ ਪੰਜਾਬੀ ਮਿੰਨੀ ਕਹਾਣੀ, ਗ਼ਜ਼ਲ

# ਅਕਾਦਮਿਕ ਅਦਾਰਿਆਂ 'ਚ ਪਹੁੰਚ ਰਹੀ ਪੰਜਾਬੀ ਮਿੰਨੀ ਕਹਾਣੀ

ਸਾਲ 2023 ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਛੱਡਦਾ ਹੋਇਆ ਜਾ ਰਿਹਾ ਹੈ। ਸਾਲ ਦੇ ਅਖੀਰਲੇ ਦਿਨਾਂ ਵਿਚ ਕਿਸੇ ਵੀ ਮਨੁੱਖ, ਕੰਮ, ਵਿਧਾ ਲਈ ਇਕ ਤਰ੍ਹਾਂ ਦਾ ਮੁਲਾਂਕਣ ਕਰਨ ਦਾ ਸਮਾਂ ਵੀ ਹੁੰਦਾ ਹੈ ਕਿ ਉਸ ਨੇ ਪੂਰੇ ਸਾਲ ਦੌਰਾਨ ਕੀ ਖੱਟਿਆ ਜਾਂ ਕੀ ਗੁਆਇਆ? ਨਾਲ ਹੀ ਰਹਿ ਗਈਆਂ ਕਮੀਆਂ, ਘਾਟਾਂ ਨੂੰ ਆਉਣ ਵਾਲੇ ਨਵੇਂ ਸਾਲ ਦੌਰਾਨ ਕਿਵੇਂ ਨਜਿੱਠਣਾ ਹੈ, ਇਸ ਦੀ ਵਿਉਂਤਬੰਦੀ ਵੀ ਹੁੰਦੀ ਹੈ।

ਪੰਜਾਬੀ ਮਿੰਨੀ ਕਹਾਣੀ ਲਈ ਇਹ ਸਾਲ ਕਈ ਪੱਖਾਂ ਤੋਂ ਅਹਿਮ ਰਿਹਾ ਹੈ। ਖਾਸ ਤੌਰ 'ਤੇ ਪੰਜਾਬੀ ਮਿੰਨੀ ਕਹਾਣੀ ਦੀ ਅਕਾਦਮਿਕ ਅਦਾਰਿਆਂ ਵਿਚ ਪਹੁੰਚ ਮਾਣਮੱਤੀ ਕਹੀ ਜਾ ਸਕਦੀ ਹੈ। ਪੰਜਾਬੀ ਮਿੰਨੀ ਕਹਾਣੀ ਲੇਖਕਾਂ ਦੀ ਲੰਮੇ ਸਮੇਂ ਤੋਂ ਇਹ ਮੰਗ ਜਾਂ ਇੱਛਾ ਸੀ ਕਿ ਇਸ ਵਿਧਾ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਜਿਸ ਨੂੰ ਇਸ ਸਾਲ ਦੌਰਾਨ ਬੂਰ ਪਿਆ ਹੈ। ਦਿੱਲੀ ਯੂਨੀਵਰਸਿਟੀ ਦਿੱਲੀ ਨੇ ਮਿੰਨੀ ਕਹਾਣੀ ਨੂੰ ਬੀ.ਏ. ਭਾਗ ਫਾਈਨਲ ਸਮੈਸਟਰ-6 ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਹੈ। ਇਸ ਵਿਚ 36 ਲੇਖਕਾਂ ਜਿਨ੍ਹਾਂ ਵਿਚ 'ਪਹਿਲਾ ਕਦਮ' (ਹਰਭਜਨ ਸਿੰਘ ਖੇਮਕਰਨੀ), 'ਕਿਰਾਏ ਦਾ ਮਕਾਨ' (ਸੁਰਿੰਦਰ ਕੈਲੇ), 'ਰਿਸ਼ਤਾ' (ਪ੍ਰਿੰ. ਸੁਲੱਖਣ ਮੀਤ), 'ਟੁੱਟੀ ਹੋਈ ਟ੍ਰੇ' (ਸ਼ਿਆਮ ਸੁੰਦਰ ਅਗਰਵਾਲ), 'ਜਵਾਬ' (ਜਸਬੀਰ ਢੰਡ), 'ਸੰਤਰੇ' (ਕਰਮਵੀਰ ਸਿੰਘ ਸੂਰੀ), 'ਨਵੇਂ ਦਿਸਹੱਦੇ' (ਨਿਰੰਜਨ ਬੋਹਾ), 'ਗੈਰਹਾਜ਼ਰ ਰਿਸ਼ਤਾ' (ਡਾ. ਸ਼ਿਆਮ ਸੁੰਦਰ ਦੀਪਤੀ), 'ਪੁੱਤਰ-ਜਵਾਈ' (ਹਰਪ੍ਰੀਤ ਸਿੰਘ ਰਾਣਾ), 'ਵੰਡ' (ਨਾਇਬ ਸਿੰਘ ਮੰਡੇਰ), 'ਪੀੜ੍ਹੀ ਅੰਤਰ' (ਡਾ. ਬਲਦੇਵ ਸਿੰਘ ਖਹਿਰਾ), 'ਪਰਾਲੀ ਦਾ ਸੇਕ' (ਡਾ. ਕਰਮਜੀਤ ਸਿੰਘ ਨਡਾਲਾ), 'ਕਾਲਾ ਕੋਟ ਲਾਲ ਫਰਾਕ' (ਬਿਕਰਮਜੀਤ ਨੂਰ), 'ਰਿਸ਼ਤਿਆਂ ਦੀ ਨੀਂਹ' (ਜਗਦੀਸ਼ ਰਾਏ ਕੁਲਰੀਆਂ), 'ਯੋਧਾ' (ਕੁਲਵਿੰਦਰ ਕੌਸ਼ਲ), 'ਗੈਸਟ ਰੂਮ' (ਡਾ. ਹਰਜਿੰਦਰਪਾਲ ਕੌਰ ਕੰਗ), 'ਪ੍ਰਸ਼ਨ-ਚਿੰਨ੍ਹ (ਵਿਵੇਕ), 'ਰਾਸ਼ਨ ਕਾਰਡ' (ਡਾ. ਹਰਨੇਕ ਸਿੰਘ ਕੈਲੇ), 'ਮਜਬੂਰੀ' (ਬਲਬੀਰ ਪਰਵਾਨਾ), 'ਅਕ੍ਰਿਤਘਣ' (ਦਰਸ਼ਨ ਸਿੰਘ ਬਰੇਟਾ), 'ਵੀਹਾਂ ਦਾ ਨੋਟ' (ਪਰਦੀਪ ਕੌੜਾ), 'ਛੇਕ' (ਤ੍ਰਿਪਤ ਭੱਟੀ), 'ਆਪਣੇ ਹਿੱਸੇ ਦਾ ਸੋਗ' (ਨੂਰ ਸੰਤੋਖਪੁਰੀ), 'ਕਮਾਈ' (ਮਨਪ੍ਰੀਤ ਕੌਰ ਭਾਟੀਆ), 'ਦਾੜ੍ਹੀ 'ਚ ਗਵਾਚੇ ਹੰਝੂ' (ਪ੍ਰੀਤ ਨੀਤਪੁਰ), 'ਰਿਸ਼ਤੇ' (ਸਤਿਪਾਲ ਖੁੱਲਰ), 'ਬੁੱਕਲ ਦਾ ਨਿੱਘ' (ਬਲਰਾਜ ਕੁਹਾੜਾ), 'ਕੰਜਕ' (ਰਣਜੀਤ ਆਜ਼ਾਦ ਕਾਂਝਲਾ), 'ਸਮਰਥ ਬਾਊ ਜੀ' (ਇੰਜ. ਡੀ. ਐੱਮ. ਸਿੰਘ), 'ਆਪਣੇ-ਆਪਣੇ ਭਾਗ' (ਦਰਸ਼ਨ ਧੰਜਲ), 'ਪਾਣੀ ਦਾ ਘੁੱਟ' (ਬੋਹੜ ਸਿੰਘ ਮੱਲਣ), 'ਵਾਪਸੀ' (ਪ੍ਰਗਟ ਸਿੰਘ ਜੰਬਰ), 'ਮਾਂ ਦਾ ਫੈਸਲਾ' (ਮੱਖਣ ਸਿੰਘ ਚੌਹਾਨ), 'ਰੋਜ਼ੀ ਰੋਟੀ' (ਹਰਿੰਦਰ ਸਿੰਘ ਗੋਗਨਾ), 'ਮਿਹਨਤਾਨਾ' (ਵੀਨਾ ਅਰੋੜਾ), 'ਕਿਲਕਾਰੀਆਂ' (ਬਲਵਿੰਦਰ ਸਿੰਘ ਮਕੜੌਨਾ) ਦੀਆਂ ਮਿੰਨੀ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਸਮੈਸਟਰ ਵਿਚ ਮਿੰਨੀ ਕਹਾਣੀ ਦੀ ਪਰਿਭਾਸ਼ਾ ਅਤੇ ਸਰੂਪ, ਦੂਸਰੀਆਂ ਵਿਧਾਵਾਂ ਨਾਲੋਂ ਇਸ ਦੀ ਵੱਖਰਤਾ ਅਤੇ ਪੰਜਾਬੀ ਮਿੰਨੀ ਕਹਾਣੀ ਨਿਕਾਸ ਤੇ ਵਿਕਾਸ ਬਾਰੇ ਵੀ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਣਾ ਹੈ। ਇਸ ਪੇਪਰ ਲਈ 'ਅਣੂ ਕਹਾਣੀਆਂ' (ਸੁਰਿੰਦਰ ਕੈਲੇ), 'ਕੁੱਜੇ ਵਿਚ ਸਮੁੰਦਰ' (ਸੰ: ਡਾ. ਸਰਬਜੀਤ ਕੌਰ ਸੋਹਲ) ਅਤੇ 'ਮਿੰਨੀ ਕਹਾਣੀ: ਸਰੂਪ, ਸਿਧਾਂਤ ਤੇ ਵਿਹਾਰ' (ਕਰਮਵੀਰ ਸਿੰਘ ਸੂਰੀ) ਪੁਸਤਕਾਂ ਨੂੰ ਲਾਜ਼ਮੀ ਪੁਸਤਕਾਂ ਵਜੋਂ ਪੜ੍ਹਨ ਲਈ ਸ਼ਾਮਲ ਕੀਤਾ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਦੇ ਪੀ.ਐੱਚ.ਡੀ ਖੋਜ ਪ੍ਰਬੰਧ 'ਪੰਜਾਬੀ ਮਿੰਨੀ ਕਹਾਣੀ ਇਤਿਹਾਸ ਅਤੇ ਵਿਧਾਗਤ ਸਰੂਪ' ਨੂੰ ਹਵਾਲਾ ਆਨਲਾਈਨ ਲਿੰਕ ਦੇ ਤੌਰ ਉੱਤੇ ਚੁਣਿਆ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਕਈ ਹੋਰ ਸਹਾਇਕ, ਹਵਾਲਾ ਪੁਸਤਕਾਂ, ਮੈਗਜ਼ੀਨਾਂ ਨੂੰ ਪੜ੍ਹਨ ਲਈ ਕਿਹਾ ਗਿਆ ਹੈ।




ਇਸ ਸਾਲ ਦੌਰਾਨ ਹੀ ਡਾ. ਬਲਦੇਵ ਸਿੰਘ ਧਾਲੀਵਾਲ ਵੱਲੋਂ ਸੰਪਾਦਿਤ ਇਕ ਵੱਡ-ਅਕਾਰੀ ਪੁਸਤਕ 'ਸੁਲਘਦੇ ਸਮਿਆਂ ਦਾ ਸੱਚ' (ਕੋਰੋਨਾ ਸੰਕਟ ਅਤੇ ਕਿਸਾਨੀ ਸੰਘਰਸ਼ ਦੇ ਦੌਰ ਵਿਚ 2021 ਦਾ ਬਿਹਤਰੀਨ ਪੰਜਾਬੀ ਸਾਹਿਤ) ਦੇ ਰੂਪ ਵਿਚ ਸਾਹਮਣੇ ਆਈ ਹੈ। 540 ਪੰਨਿਆਂ ਦੀ ਇਸ ਪੁਸਤਕ ਸਾਹਿਤ ਦੀਆਂ ਲੱਗਭੱਗ ਸਾਰੀਆਂ ਵੰਨਗੀਆਂ (ਕਹਾਣੀ, ਮਿੰਨੀ ਕਹਾਣੀ, ਕਵਿਤਾ, ਨਜ਼ਮ, ਗਜ਼ਲ, ਨਾਟਕ, ਨਾਵਲ, ਵਾਰਤਕ ਤੇ ਸਿਨੇਮਾ ਆਦਿ) ਬਾਰੇ 'ਮੁਲਾਂਕਣ ਅਤੇ ਸਰਵੇਖਣ' ਤਹਿਤ ਇਕ ਲੇਖ ਅਤੇ ਉਸ ਵਿਧਾ ਦੀਆਂ ਕੁਝ ਚੋਣਵੀਆਂ ਰਚਨਾਵਾਂ ਦਾ ਮੂਲ ਪਾਠ ਹੈ। ਇਸ ਵਿਚ ਵੀ ਪੰਜਾਬੀ ਮਿੰਨੀ ਕਹਾਣੀ ਬਾਰੇ ਲੇਖ ਦੇ ਨਾਲ-ਨਾਲ ਬਾਰਡਰ ਅੰਦਰ ਬਾਰਡਰ (ਡਾ. ਸ਼ਿਆਮ ਸੁੰਦਰ ਦੀਪਤੀ), ਵਿਰਾਸਤ (ਕੁਲਵਿੰਦਰ ਕੌਸ਼ਲ), ਪੱਥਰ ਚੱਟ (ਡਾ. ਪ੍ਰਦੀਪ ਕੌੜਾ), ਬਾਜ਼ੀ (ਜਗਦੀਸ਼ ਰਾਏ ਕੁਲਰੀਆਂ), ਸਮੁੰਦਰੀ ਝੱਗ (ਪਰਦੀਪ ਮਹਿਤਾ), ਧਰਮ (ਬੀਰ ਇੰਦਰ ਬਨਭੌਰੀ), ਉਂਗਲਾਂ ਬੋਲਦੀਆਂ (ਮੰਗਤ ਕੁਲਜਿੰਦ), ਫੋਟੋ (ਸੋਮਾ ਕਲਸੀਆ), ਵਿਰਾਸਤ (ਕਵਿਤਾ ਰਾਜਬੰਸ), ਵਿਲੱਖਣ ਵਿਆਹ (ਕੈਲਾਸ਼ ਠਾਕੁਰ), ਆਵਾਜ਼ਾਂ (ਜਸਬੀਰ ਢੰਡ), ਪੱਗ (ਨਿਰੰਜਣ ਬੋਹਾ), ਮੋਹ ਦੀਆਂ ਤੰਦਾਂ (ਬੁੱਧ ਸਿੰਘ ਨਡਾਲੋਂ) ਤੇ ਰੌਸ਼ਨੀ (ਡਾ. ਨਾਇਬ ਸਿੰਘ ਮੰਡੇਰ) ਦੀਆਂ ਮਿੰਨੀ ਕਹਾਣੀਆਂ ਸ਼ਾਮਲ ਹਨ। ਡਾ. ਧਾਲੀਵਾਲ ਦਾ ਇਹ ਕੰਮ ਵਡੇਰਾ ਹੈ।

ਇਸ ਸਾਲ ਦੌਰਾਨ ਮਿੰਨੀ ਕਹਾਣੀ ਦੀਆਂ ਲੱਗਭੱਗ ਦੋ ਦਰਜਨ ਦੇ ਕਰੀਬ ਮੌਲਿਕ, ਸੰਪਾਦਿਤ, ਆਲੋਚਨਾ ਤੇ ਅਨੁਵਾਦਿਤ ਕਿਤਾਬਾਂ ਸਾਡੇ ਸਾਹਮਣੇ ਆਉਂਦੀਆਂ ਹਨ, ਜੋ ਕਿ ਇਸ ਵਿਧਾ ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸੰਵਾਦ ਨੂੰ ਅੱਗੇ ਤੋਰਨ ਵਿਚ ਪਹਿਲਕਦਮੀ ਕਰਦੀਆਂ ਹਨ। ਸਾਲ ਦੌਰਾਨ ਪੰਜਾਬੀ ਮਿੰਨੀ ਕਹਾਣੀ ਦੇ ਮੁੱਢਲੇ ਦੌਰ ਦੇ ਚਾਰ ਲੇਖਕਾਂ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਦੇ ਸੰਗ੍ਰਹਿ ਪਾਠਕਾਂ ਨੂੰ ਪੜ੍ਹਨ ਨੂੰ ਮਿਲੇ ਹਨ। ਕਿਸੇ ਲੇਖਕ ਦੀਆਂ ਚੋਣਵੀਆਂ ਰਚਨਾਵਾਂ ਨੂੰ ਪੜ੍ਹਨ ਦਾ ਆਨੰਦ ਵੱਖਰਾ ਹੀ ਹੁੰਦਾ ਹੈ, ਕਿਉਂਕਿ ਜਦੋਂ ਕੋਈ ਚੀਜ਼ 'ਚੋਣਵੀਂ' ਹੋ ਜਾਂਦੀ ਹੈ ਤਾਂ ਉਸ ਦੀ ਗੁਣਵੱਤਾ ਵੀ ਦੂਜਿਆਂ ਦੇ ਮੁਕਾਬਲੇ ਵਧੇਰੇ ਹੁੰਦੀ ਹੈ। ਜੇਕਰ ਕੋਈ ਦੂਸਰਾ ਲੇਖਕ ਚੋਣ ਕਰਕੇ ਕਿਤਾਬ ਸੰਪਾਦਿਤ ਕਰੇ ਤਾਂ ਇਹ ਸੰਭਾਵਨਾ ਹੋਰ ਵੀ ਪੁਖ਼ਤਾ ਹੋ ਜਾਂਦੀ ਹੈ। ਇਹਨਾਂ ਚਾਰ ਕਿਤਾਬਾਂ ਵਿੱਚੋਂ ਪ੍ਰੌੜ੍ਹ ਲੇਖਕ ਅਤੇ 'ਛਿਣ' ਦੇ ਸੰਪਾਦਕ ਪਰਵਾਸੀ ਸਾਹਿਤਕਾਰ ਤ੍ਰਿਪਤ ਭੱਟੀ ਦੀਆਂ ਮਿੰਨੀ ਕਹਾਣੀਆਂ ਨੂੰ ਡਾ. ਹਰਪ੍ਰੀਤ ਸਿੰਘ ਰਾਣਾ ਨੇ 'ਤ੍ਰਿਪਤ ਭੱਟੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ' ਨਾਂਅ ਦੀ ਪੁਸਤਕ ਵਿਚ ਸੰਪਾਦਿਤ ਕੀਤਾ ਹੈ। ਇਸ ਵਿਚ 131 ਚੋਣਵੀਆਂ ਮਿੰਨੀ ਕਹਾਣੀਆਂ ਹਨ, ਜੋ ਕਿ ਇਨ੍ਹਾਂ ਦੇ ਮਿੰਨੀ ਕਹਾਣੀ ਦੇ ਪ੍ਰਕਾਸ਼ਿਤ 10 ਮੌਲਿਕ ਸੰਗ੍ਰਹਿ ਵਿੱਚੋਂ ਚੁਣੀਆਂ ਗਈਆਂ ਹਨ। ਡਾ. ਰਾਣਾ ਮਿੰਨੀ ਕਹਾਣੀ ਦੇ ਪੀ.ਐੱਚ.ਡੀ ਹਨ, ਉਨ੍ਹਾਂ ਨੇ ਆਪਣੀ ਆਲੋਚਨਾਤਮਕ ਅਤੇ ਖੋਜੀ ਦ੍ਰਿਸ਼ਟੀ ਨਾਲ ਇਹ ਚੋਣ ਕੀਤੀ ਹੈ, ਜੋ ਕਿ ਤੁਹਾਨੂੰ ਨਿਰਾਸ਼ ਨਹੀਂ ਕਰਦੀ, ਬਲਕਿ ਤ੍ਰਿਪਤ ਭੱਟੀ ਦੀਆਂ ਸਰਵੋਤਮ ਮਿੰਨੀ ਕਹਾਣੀਆਂ ਦੇ ਰੂਬਰੂ ਕਰਵਾਉਂਦੀ ਹੈ। ਤ੍ਰਿਪਤ ਭੱਟੀ ਲੰਮੇ ਸਮੇਂ ਤੋਂ ਮਿੰਨੀ ਕਹਾਣੀ ਨਾਲ ਪ੍ਰਤੀਬੱਧ ਹਨ ਤੇ ਉਨ੍ਹਾਂ ਦੀਆਂ ਰਚਨਾਵਾਂ ਧਿਆਨ ਖਿੱਚਦੀਆਂ ਹਨ। ਭੱਟੀ ਸਾਹਿਬ ਦੀਆਂ ਮਿੰਨੀ ਕਹਾਣੀਆਂ ਪਰਵਾਸ ਦੀਆਂ ਵਿਭਿੰਨ ਪ੍ਰਸਥਿਤੀਆਂ ਨੂੰ ਰੂਪਮਾਨ ਕਰਦੀਆਂ ਅਤੇ ਵਰਜਿਤ ਰਿਸ਼ਤਿਆਂ ਨੂੰ ਚਿਤਰਦੀਆਂ ਰਚਨਾਵਾਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ।

ਮਿੰਨੀ ਕਹਾਣੀ ਦੇ ਮੁੱਢਲੇ ਰਾਹਾਂ ਦੇ ਪਾਂਧੀ ਬਜ਼ੁਰਗ ਤੇ ਉੱਘੇ ਸਮਾਜ ਸੇਵੀ ਲੇਖਕ ਮੋਹਨ ਸ਼ਰਮਾ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਨੂੰ ਸ.ਸ. ਰਮਲਾ ਨੇ 'ਸਰਮਾਇਆ' ਨਾਂਅ

## ਜਗਦੀਸ਼ ਰਾਏ ਕੁਲਰੀਆਂ

ਦੀ ਪੁਸਤਕ ਵਿਚ ਸੁੱਚੀ ਮਾਲਾ ਦੇ ਮਣਕਿਆਂ ਵਾਂਗ 108 ਰਚਨਾਵਾਂ ਲੈ ਕੇ ਸੰਪਾਦਿਤ ਕੀਤਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਦੇ ਚਾਰ ਮਿੰਨੀ ਕਹਾਣੀ ਸੰਗ੍ਰਹਿ 'ਪੂਜਾ', 'ਸੁਪਨਿਆਂ ਦੇ ਖੰਡਰ', 'ਉਮਰ ਦੀ ਸੀਮਾ' ਤੇ 'ਤਿੰਨ ਯੁੱਗ ਤਿੰਨ ਸੰਵਾਦ' ਛਪ ਚੁੱਕੇ ਹਨ, ਜਿਨ੍ਹਾਂ ਵਿਚਲੀਆਂ ਉੱਤਮ ਰਚਨਾਵਾਂ ਇਸ ਵਿਚ ਸ਼ਾਮਲ ਹਨ। ਮੋਹਨ ਸ਼ਰਮਾ ਇਸ ਵਿਧਾ ਦੇ ਪਿਛਲੇ ਪੰਜ ਦਹਾਕਿਆਂ ਦੇ ਵਿਕਾਸ ਦੇ ਗਵਾਹ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿਚ ਥੋੜ੍ਹੇ ਸ਼ਬਦਾਂ ਜ਼ਰੀਏ ਵੱਡੀ ਗੱਲ ਕਹਿਣ ਦੀ ਸਮਰੱਥਾ ਹੈ। ਇਨ੍ਹਾਂ ਦੀਆਂ ਰਚਨਾਵਾਂ ਮਨੁੱਖ ਦੇ ਦੰਭੀ ਕਿਰਦਾਰ ਤੇ ਉਸ ਦੀਆਂ ਮਾਨਸਿਕ ਗੁੰਝਲਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ।




ਡਾ. ਸੁਖਮਿੰਦਰ ਸੇਖੋਂ ਸਰਬਾਂਗੀ ਲੇਖਕ ਤਾਂ ਹਨ ਹੀ, ਪਰ ਇਨ੍ਹਾਂ ਦਾ ਮਿੰਨੀ ਕਹਾਣੀ ਨਾਲ ਮੁੱਢਲਾ ਪਿਆਰ ਬਰਕਰਾਰ ਹੈ। ਨਾਟਕ, ਆਲੋਚਨਾ, ਹਾਸ ਵਿਅੰਗ ਸਿਰਜਣ ਵਾਲੇ ਫ਼ਕੀਰੀਏ ਨੇ ਮਿੰਨੀ ਕਹਾਣੀਆਂ ਵੀ ਖ਼ੂਬ ਲਿਖੀਆਂ। 'ਸੂਰਜ ਦਾ ਸ਼ਿਕਾਰ' ਤੇ 'ਮਜ਼ਾਕ ਨਹੀਂ ਪ੍ਰੀਤੋ' ਦੋ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਦੇ ਨਾਲ-ਨਾਲ 'ਮਿੰਨੀ ਕਰੇ ਸੰਵਾਦ' ਪੁਸਤਕ ਦਾ ਸਹਿ ਸੰਪਾਦਨ ਵੀ ਕੀਤਾ। ਹੁਣ ਇਨ੍ਹਾਂ ਵੱਲੋਂ ਆਪਣੀਆਂ ਚੋਣਵੀਆਂ ਮਿੰਨੀ ਕਹਾਣੀਆਂ ਨੂੰ 'ਰਿਸ਼ਤਿਆਂ ਦੀ ਜ਼ਮੀਨ' ਵਿਚ ਪੇਸ਼ ਕੀਤਾ ਹੈ। ਜਿਸ ਵਿਚ ਕੁਲ 70 ਮਿੰਨੀ ਕਹਾਣੀਆਂ ਹਨ। ਰਚਨਾਵਾਂ ਦੀ ਚੋਣ ਸੰਜਮ ਨਾਲ ਕੀਤੀ ਹੈ। ਡਾ. ਸੁਖਮਿੰਦਰ ਸੇਖੋਂ ਕਈ ਲੋਕ ਮਸਲਿਆਂ ਨੂੰ ਹਲਕੇ ਢੰਗ ਨਾਲ ਪੇਸ਼ ਕਰਦੇ ਹੋਏ ਵੀ ਉਸ ਦੀ ਗੰਭੀਰਤਾ ਨੂੰ ਭੰਗ ਨਹੀਂ ਹੋਣ ਦਿੰਦੇ। ਵਿਸ਼ਵੀਕਰਨ ਦੇ ਇਸ ਦੌਰ ਵਿਚ ਖੰਡਿਤ ਮਨੁੱਖ ਦੇ ਮਨੋ ਭਾਵਾਂ ਨੂੰ ਬਾਖੂਬੀ ਚਿਤਰਦੇ ਹਨ।

ਕਰਮਵੀਰ ਸਿੰਘ ਸੂਰੀ, ਆਪਣੀਆਂ ਚੋਣਵੀਆਂ ਮਿੰਨੀ ਕਹਾਣੀਆਂ ਦੀ ਪੁਸਤਕ 'ਗੁਲਕੰਦ' ਲੈ ਕੇ ਆਏ ਹਨ। ਜਿਸ ਤਰ੍ਹਾਂ ਖ਼ੂਬਸੂਰਤ ਅਤੇ ਵਧੀਆ ਗੁਲਾਬ ਦੇ ਫੁੱਲਾਂ ਨਾਲ ਗਲਕੰਦ ਤਿਆਰ ਹੁੰਦੀ ਹੈ, ਉਸੇ ਤਰ੍ਹਾਂ ਇਨ੍ਹਾਂ ਵੱਲੋਂ ਆਪਣੇ ਤਿੰਨ ਮਿੰਨੀ ਕਹਾਣੀ ਸੰਗ੍ਰਹਿ 'ਨਿੱਕੀਆਂ ਗੱਲਾਂ-ਵੱਡੀਆਂ ਗੱਲਾਂ', 'ਮਾਇਆ ਜਾਲ' ਅਤੇ 'ਕੋਈ ਨਾਓ ਨਾ ਜਾਣੇ ਮੇਰਾ' ਦੀਆਂ ਖ਼ੂਬਸੂਰਤ ਮਿੰਨੀ ਕਹਾਣੀਆਂ ਵਿੱਚੋਂ ਚੋਣਵੀਆਂ 73 ਰਚਨਾਵਾਂ ਨਾਲ ਇਹ ਪਾਠਕਾਂ ਲਈ 'ਗੁਲਕੰਦ' ਤਿਆਰ ਕੀਤੀ ਹੈ, ਜੋ ਕਿ ਬਣੀ ਵੀ ਬਾਕਮਾਲ ਹੈ ਤੇ ਪੜ੍ਹ ਕੇ ਵੀ ਵਧੀਆ ਲੱਗਦਾ ਹੈ। ਕਰਮਵੀਰ ਸੂਰੀ ਹੁਰਾਂ ਦਾ ਇਸ ਵਿਧਾ ਦੇ ਵਿਕਾਸ ਲਈ ਵੱਡਾ ਯੋਗਦਾਨ ਹੈ। ਇਨ੍ਹਾਂ ਦੀਆਂ ਮਿੰਨੀ ਕਹਾਣੀਆਂ ਵਿਭਿੰਨ ਸਮਾਜਿਕ ਹਾਲਤਾਂ ਦਾ ਵਰਣਨ ਕਰਦੇ ਹੋਏ ਪਾਠਕ ਨੂੰ ਪ੍ਰਭਾਵਿਤ ਕਰਦੀਆਂ ਹਨ।

ਮੌਲਿਕ ਸੰਗ੍ਰਹਿਆਂ ਵਿਚੋਂ ਹਰਿੰਦਰ ਸਿੰਘ ਗੋਗਨਾ ਦਾ ਮਿੰਨੀ ਕਹਾਣੀ ਸੰਗ੍ਰਹਿ 'ਪਰਾਲੀ' ਸਾਡੇ ਸਾਹਮਣੇ ਆਉਂਦਾ ਹੈ। ਇਸ ਤੋਂ ਪਹਿਲਾਂ 'ਕੰਡੋਲਸ' ਨਾਂਅ ਨਾਲ ਪਹਿਲਾਂ ਵੀ ਇਨ੍ਹਾਂ ਦਾ ਇਕ ਸੰਗ੍ਰਹਿ ਛਪ ਚੁੱਕਿਆ ਹੈ। 'ਪਰਾਲੀ' ਪੁਸਤਕ ਵਿਚਲੀਆਂ ਰਚਨਾਵਾਂ ਰਾਹੀਂ ਗੋਗਨਾ ਵਾਤਾਵਰਨ ਤੇ ਕੁਦਰਤੀ ਸ੍ਰੋਤਾਂ ਦੀ ਸਾਂਭ-ਸੰਭਾਲ ਦਾ ਹੋਕਾ ਦਿੰਦਾ ਹੈ। ਪੁਸਤਕ ਵਿਚਲੀਆਂ 42 ਮਿੰਨੀ ਕਹਾਣੀਆਂ ਦਾ ਪਾਠ ਕਰਨ ਉਪਰੰਤ ਜੋ ਕੇਂਦਰੀ ਨੁਕਤਾ ਉਭਰਦਾ ਹੈ, ਉਹ ਇਹ ਹੈ ਕਿ ਲੇਖਕ ਆਪਣੀਆਂ ਰਚਨਾਵਾਂ ਵਿਚ ਇਕ ਆਦਰਸ਼ਵਾਦ ਸਿਰਜਣ ਦਾ ਯਤਨ ਤਾਂ ਕਰਦਾ ਹੀ ਹੈ, ਨਾਲ ਦੀ ਨਾਲ ਉਹ ਅਜੋਕੇ ਮਨੁੱਖ ਦੇ ਦੋਹਰੇ ਕਿਰਦਾਰ ਨੂੰ ਇਹਨਾਂ ਰਚਨਾਵਾਂ ਵਿਚ ਨੰਗਾ ਕਰਦਾ ਹੈ। ਇਸ ਤੋਂ ਇਲਾਵਾ ਕੰਵਲਜੀਤ ਕੌਰ ਜੁਨੇਜਾ-'ਲਾਹ-ਪਾਹ', ਸਰਵਨ ਸਿੰਘ ਪਤੰਗ-'ਰੱਬ ਦੀ ਤਲਾਸ਼', 'ਆਸਟਰੇਲੀਆ ਆਲੇ'-ਜੱਸੀ ਧਾਲੀਵਾਲ ਤੇ 'ਕੁਰਬਾਨੀ ਦਾ ਮੁੱਲ'-ਡਾ. ਗੁਰਬਚਨ ਸਿੰਘ ਰਾਹੀ ਦੀਆਂ ਪੁਸਤਕਾਂ ਵੀ ਇਸ ਸਾਲ ਵਿਚ ਹੀ ਪੜ੍ਹਨ ਨੂੰ ਮਿਲਦੀਆਂ ਹਨ। ਡਾ. ਰਾਹੀ ਨੇ ਆਪਣੀ ਕਿਤਾਬ ਵਿਚ ਆਪਣੇ ਜ਼ਿੰਦਗੀ ਦੇ ਡੂੰਘੇ ਤਜਰਬੇ ਨੂੰ ਪੇਸ਼ ਕੀਤਾ ਹੈ। ਵਿਭਿੰਨ ਵਿਸ਼ਿਆਂ ਨੂੰ ਰੂਪਮਾਨ ਕਰਦੀਆਂ ਇਸ ਪੁਸਤਕ ਦੀਆਂ ਰਚਨਾਵਾਂ ਵੀ ਪਾਠਕ ਨੂੰ ਪ੍ਰਭਾਵਿਤ ਕਰਦੀਆਂ ਹਨ।

ਕਰਮਵੀਰ ਸਿੰਘ ਸੂਰੀ (ਪੁਰਸ਼ ਔਰ ਅੰਨਯ ਲਘੂਕਥਾਏਂ) ਅਤੇ ਡਾ. ਸ਼ਿਆਮ ਸੁੰਦਰ ਦੀਪਤੀ (ਰੋਟੀ ਕਾ ਸਫ਼ਰ) ਕਿਤਾਬਾਂ ਨਾਲ ਹਿੰਦੀ ਭਾਸ਼ਾ ਵਿਚ ਪਾਠਕਾਂ ਦੇ ਰੂਬਰੂ ਹੋਏ ਹਨ। ਸੀਮਾ ਭਾਟੀਆ ਅਤੇ ਅਰੁਣ ਧਰਮਾਵਤ ਵੱਲੋਂ 'ਅਭੀ ਕਹਿਨਾ ਸ਼ੇਸ਼ ਹੈ' ਲਘੂਕਥਾ ਸੰਗ੍ਰਹਿ ਦਾ ਸੰਪਾਦਨ ਕੀਤਾ ਹੈ। ਸ਼ੈਲੀ ਬਲੀਜੀਤ 'ਅਬ ਚੰਦਰ ਮੋਹਨ ਖੁਸ਼ ਰਹਿਤਾ ਹੈ' ਅਤੇ ਮੋਹਨ ਬੇਗੋਵਾਲ 'ਜ਼ਿੰਦਗੀ ਕੀ ਤਲਾਸ਼' ਨਾਂਅ ਦੇ ਲਘੂਕਥਾ ਸੰਗ੍ਰਹਿ ਨਾਲ ਪਾਠਕਾਂ ਦੇ ਰੂਬਰੂ ਹੋਏ ਹਨ।

ਇਸ ਸਾਲ ਮਿੰਨੀ ਕਹਾਣੀ ਆਲੋਚਨਾ ਦੀਆਂ ਵੀ ਦੋ ਮਹੱਤਵਪੂਰਨ ਪੁਸਤਕਾਂ 'ਨੁਕਤਾ-ਨਿਗਾਹ' (ਗੌਰਤਲਬ ਮਿੰਨੀ ਕਹਾਣੀਆਂ ਦੇ ਪ੍ਰਸੰਗ ਵਿਚ)-ਗੁਰਦੀਪ ਸਿੰਘ ਅਤੇ 'ਆਲੋਚਨਾ ਦ੍ਰਿਸ਼ਟੀ : ਮਿੰਨੀ ਕਹਾਣੀ ਪਾਸਾਰ ਤੇ ਪੇਸ਼ਕਾਰੀ'-ਡਾ. ਸ਼ਿਆਮ ਸੁੰਦਰ ਦੀਪਤੀ ਪਾਠਕਾਂ ਦੇ ਸਨਮੁੱਖ ਹੁੰਦੀਆਂ ਹਨ। ਗੁਰਦੀਪ ਸਿੰਘ ਨੇ ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਵੱਲੋਂ ਪਿਛਲੇ ਸਮੇਂ ਦੌਰਾਨ ਪ੍ਰਕਾਸ਼ਿਤ ਕੀਤੀਆਂ ਦਸ 'ਗੌਰਤਲਬ ਮਿੰਨੀ ਕਹਾਣੀਆਂ' ਦੀਆਂ ਪੁਸਤਕਾਂ ਨੂੰ ਆਪਣਾ ਅਧਾਰ ਬਣਾਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮਿੰਨੀ ਕਹਾਣੀ ਦੀ ਇਤਿਹਾਸਕਾਰੀ ਨੂੰ ਲੈ ਕੇ ਵੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਗੁਰਦੀਪ ਸਿੰਘ ਦੀ ਖਾਸ ਤੌਰ 'ਤੇ ਦੂਜੀਆਂ ਵਿਧਾਵਾਂ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਮਿੰਨੀ ਕਹਾਣੀ ਬਾਰੇ ਗੱਲ ਕਰਨੀ ਪਾਠਕ ਨੂੰ ਵੱਧ ਪ੍ਰਭਾਵਿਤ ਕਰਦੀ ਹੈ। ਮਿੰਨੀ ਕਹਾਣੀ ਨੂੰ ਸਮਝਣ ਲਈ ਅਜਿਹੀਆਂ ਪੁਸਤਕਾਂ ਦੀ ਬੜੀ ਮਹੱਤਤਾ ਹੈ। ਡਾ. ਦੀਪਤੀ ਨੇ ਵੀ ਆਪਣੀ ਆਲੋਚਨਾਤਮਕ ਪੁਸਤਕ ਵਿਚ ਜਿੱਥੇ ਮਿੰਨੀ ਕਹਾਣੀ ਲਿਖਣ ਲਈ ਜ਼ਰੂਰੀ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ ਹੈ, ਉੱਥੇ ਉਨ੍ਹਾਂ ਨੇ ਘਟਨਾ ਤੋਂ ਮਿੰਨੀ ਕਹਾਣੀ ਬਣਨ ਦਾ ਵਲ ਵੀ ਦੱਸਿਆ ਹੈ। ਲੱਗਭੱਗ ਪਿਛਲੇ ਚਾਰ ਦਹਾਕਿਆਂ ਦੌਰਾਨ ਸਮੇਂ-ਸਮੇਂ 'ਤੇ ਡਾ. ਦੀਪਤੀ ਨੇ ਲਿਖੇ ਵੱਖ-ਵੱਖ ਪੁਸਤਕਾਂ ਦੇ ਮੁੱਖ ਬੰਦ ਅਤੇ ਮਿੰਨੀ ਕਹਾਣੀ ਦੇ ਵੱਖ-ਵੱਖ ਪਸਾਰਾਂ ਨੂੰ ਲੈ ਕੇ ਲਿਖੇ ਲੇਖਾਂ ਨੂੰ ਵੀ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ।




ਸੰਪਾਦਨ ਦੇ ਖੇਤਰ ਵਿਚ ਵੀ ਚੰਗਾ ਕੰਮ ਹੋਇਆ ਹੈ। ਸਭ ਤੋਂ ਮਹੱਤਵਪੂਰਨ ਕੰਮ ਡਾ. ਕੁਲਦੀਪ ਸਿੰਘ, ਚੇਅਰਪਰਸਨ ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ ਨੇ ਕੀਤਾ ਹੈ। ਉਨ੍ਹਾਂ ਨੇ ਪੰਜਾਬੀ ਦੇ 51 ਲੇਖਕਾਂ ਦੀਆਂ 51 ਮਿੰਨੀ ਕਹਾਣੀਆਂ ਨੂੰ 'ਮਿੰਨੀ ਕਥਾਵਾਂ ਦੇ ਅੰਗ ਸੰਗ' ਨਾਂਅ ਦੀ ਪੁਸਤਕ ਵਿਚ ਸੰਪਾਦਿਤ ਕੀਤਾ ਹੈ। ਪੁਸਤਕ ਵਿਚਲੀਆਂ ਮਿੰਨੀ ਕਹਾਣੀਆਂ ਉੱਤਮ ਦਰਜੇ ਦੀਆਂ ਹਨ। ਮਰਹੂਮ ਸਾਹਿਤਕਾਰ ਦਰਸ਼ਨ ਮਿਤਵਾ ਪੰਜਾਬੀ ਮਿੰਨੀ ਕਹਾਣੀ ਨਾਲ ਸ਼ੁਰੂਆਤੀ ਦੌਰ ਤੋਂ ਜੁੜਿਆ ਸੀ, ਜਿਸ ਕਾਰਨ ਉਸ ਨੇ 1980 ਵਿਚ 'ਸੰਵਿਧਾਨ ਰੋਂਦਾ ਹੈ' ਮਿੰਨੀ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾਇਆ। ਇਸ ਸੰਗ੍ਰਹਿ ਦੀਆਂ ਕੁਝ ਮਿੰਨੀ ਕਹਾਣੀਆਂ ਅਜੋਕੇ ਸਮੇਂ ਵਿਚ ਵੀ ਪ੍ਰਸੰਗਿਕ ਹਨ ਅਤੇ ਮਿੰਨੀ ਕਹਾਣੀ ਵਿਧਾ ਦੇ ਮਾਪਦੰਡਾਂ ਤੇ ਖਰਾ ਉਤਰਦੀਆਂ ਹਨ। ਇਸ ਪੁਸਤਕ ਦੀ ਮਹੱਤਤਾ ਨੂੰ ਸਮਝਦੇ ਹੋਏ ਜਗਦੀਸ਼ ਰਾਏ ਕੁਲਰੀਆਂ ਵੱਲੋਂ 'ਦਰਸ਼ਨ ਮਿਤਵਾ ਦੀਆਂ ਮਿੰਨੀ ਕਹਾਣੀਆਂ-ਅੰਤਰ ਦ੍ਰਿਸ਼ਟੀ ਅਤੇ ਸਮੀਖਿਆ' ਪੁਸਤਕ ਦਾ ਸੰਪਾਦਨ ਕੀਤਾ ਹੈ। ਜਿਸ ਵਿਚ ਇਸ ਪੁਸਤਕ ਦੀਆਂ ਰਚਨਾਵਾਂ ਦੇ ਵੱਖ-ਵੱਖ ਸੰਦਰਭਾਂ 'ਤੇ ਵੱਖ-ਵੱਖ ਵਿਦਵਾਨਾਂ ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਕੁਲਦੀਪ ਸਿੰਘ ਦੀਪ, ਡਾ. ਪ੍ਰਦੀਪ ਕੌੜਾ, ਪ੍ਰੋ. ਗੁਰਦੀਪ ਸਿੰਘ ਢਿੱਲੋਂ, ਨਿਰੰਜਣ ਬੋਹਾ, ਡਾ. ਹਰਪ੍ਰੀਤ ਸਿੰਘ ਰਾਣਾ, ਡਾ. ਨਾਇਬ ਸਿੰਘ ਮੰਡੇਰ, ਡਾ. ਸੰਦੀਪ ਰਾਣਾ, ਡਾ. ਦਵਿੰਦਰ ਸਿੰਘ ਬੋਹਾ, ਦਰਸ਼ਨ ਸਿੰਘ ਬਰੇਟਾ, ਕੈਲਾਸ਼ ਠਾਕੁਰ, ਜਗਦੀਸ਼ ਕੁਲਰੀਆਂ, ਸੁਰਿੰਦਰ ਕੈਲੇ ਤੇ ਜਸਬੀਰ ਢੰਡ ਵੱਲੋਂ ਆਲੋਚਨਾਤਮਕ ਸਮੀਖਿਆ ਕੀਤੀ ਹੈ ਅਤੇ ਰਚਨਾਵਾਂ ਦਾ ਮੂਲ ਪਾਠ ਵੀ ਇਸ ਵਿਚ ਸ਼ਾਮਲ ਹੈ। ਗੁਰਜੀਤ ਕੌਰ ਅਜਨਾਲਾ ਵੱਲੋਂ 'ਹੁੰਗਾਰਾ' ਨਾਂਅ ਦਾ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਿਤ ਕੀਤਾ ਗਿਆ ਹੈ, ਜਿਸ ਵਿਚ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਹਨ। ਗੁਰਜੀਤ ਕੌਰ ਅਜਨਾਲਾ ਪਹਿਲਾਂ ਵੀ ਕਈ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਿਤ ਕਰ ਚੁੱਕੇ ਹਨ। ਭਾਈਚਾਰਕ ਸਾਂਝ ਦੀਆਂ ਮਿੰਨੀ ਕਹਾਣੀਆਂ ਨੂੰ ਡਾ. ਦੀਪਤੀ ਅਤੇ ਕੁਲਰੀਆਂ ਨੇ 'ਗਲਵੱਕੜੀ' ਨਾਂਅ ਦੀ ਪੁਸਤਕ ਵਿਚ ਸੰਪਾਦਿਤ ਕੀਤਾ ਹੈ। ਇਸ ਵਿਚ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਤੋਂ ਇਲਾਵਾ ਹੋਰਨਾਂ ਭਾਰਤੀ ਭਾਸ਼ਾਵਾਂ ਦੀਆਂ ਰਚਨਾਵਾਂ ਦਾ ਪੰਜਾਬੀ ਅਨੁਵਾਦ ਵੀ ਸ਼ਾਮਲ ਹੈ।

ਅਨੁਵਾਦ ਵਿਚ ਵੀ ਹਿੰਦੀ ਦੇ ਪ੍ਰਸਿੱਧ ਅਨੁਵਾਦਕ ਅਤੇ ਲੇਖਕ ਸੁਭਾਸ਼ ਨੀਰਵ ਦੀਆਂ ਚੋਣਵੀਆਂ ਲਘੂਕਥਾਵਾਂ ਦਾ ਪੰਜਾਬੀ ਅਨੁਵਾਦ ਜਗਦੀਸ਼ ਰਾਏ ਕੁਲਰੀਆਂ ਵੱਲੋਂ 'ਬਾਰਿਸ਼ ਅਤੇ ਹੋਰ ਮਿੰਨੀ ਕਹਾਣੀਆਂ' ਨਾਂਅ ਦੀ ਪੁਸਤਕ ਵਿਚ ਕੀਤਾ ਗਿਆ ਹੈ। ਇਸ ਵਿਚ ਕੁਲ 63 ਮਿੰਨੀ ਕਹਾਣੀਆਂ ਹਨ। ਨੀਰਵ ਦੀਆਂ ਲਘੂਕਥਾਵਾਂ ਵਿਸ਼ਿਆਂ ਦੀ ਵੰਨ-ਸੁਵੰਨਤਾ ਦੇ ਨਾਲ ਇਸ ਦੀ ਵਿਧਾ ਦੀ ਸਮਰੱਥਾ ਦਾ ਵੀ ਅਹਿਸਾਸ ਕਰਵਾਉਂਦੀਆਂ ਹਨ। ਡਾ. ਦੀਪਤੀ ਦੇ ਸ਼ਬਦਾਂ ਵਿਚ "ਵਿਸ਼ਿਆਂ ਬਾਰੇ ਗੱਲ ਕਰਨੀ ਅਸਾਨ ਹੁੰਦੀ ਹੈ, ਪਰ ਜਿੱਥੋਂ ਤੱਕ ਰੂਪਕ ਪੱਖ ਦੀ ਗੱਲ ਹੈ, ਸੁਭਾਸ਼ ਨੀਰਵ ਦੀਆਂ ਲਘੂਕਥਾਵਾਂ ਦਾ ਰੂਪ ਵੀ ਆਸ ਬਝਾਉਂਦਾ ਹੈ ਤੇ ਲਘੂਕਥਾ ਦੇ ਭਵਿੱਖ ਲਈ ਪੁਖ਼ਤਗੀ ਦਾ ਅਹਿਸਾਸ ਵੀ ਕਰਵਾਉਂਦਾ ਹੈ।" ਇਸੇ ਤਰ੍ਹਾਂ ਪ੍ਰਸਿੱਧ ਲੇਖਿਕਾ ਹਰਪਿੰਦਰ

ਬਾਕੀ 4 ਸਫ਼ਾ 'ਤੇ

# ਜਹਾਂ ਮੇਂ ਕੁਛ ਤੋ ਰਹਾ ਨਾਮ ਬੇਕਰਾਰੋਂ ਕਾ

ਪੰਜਾਬੀ ਗ਼ਜ਼ਲ ਲੱਗਭੱਗ ਚਾਰ ਸਦੀਆਂ ਤੋਂ ਵੱਧ ਦਾ ਸਫ਼ਰ ਤੈਅ ਕਰਕੇ ਅਜੋਕੇ ਰੂਪ ਵਿੱਚ ਪੇਸ਼ ਹੋਈ, ਗ਼ਜ਼ਲ ਨੇ ਆਪਣੇ ਪ੍ਰੰਪਰਿਕ ਥੀਮਕ ਪਾਸਾਰਾਂ ਨੂੰ ਤਿਲਾਂਜਲੀ ਨਹੀਂ ਦਿੱਤੀ, ਬਲਕਿ ਲੰਮੇ ਸਫ਼ਰ ਦੌਰਾਨ ਰਾਹ ਵਿੱਚ ਆਏ ਹਰੇਕ ਥੀਮ ਨੂੰ ਆਪਣੇ ਨਾਲ ਲੈ ਕੇ ਤੁਰੀ। ਗ਼ਜ਼ਲ ਦੀ ਅਜਿਹੀ ਬਿਰਤੀ ਨੇ ਗ਼ਜ਼ਲ ਨੂੰ ਚਿਰੰਜੀਵੀ ਕੀਤਾ। ਪੰਜਾਬੀ ਗ਼ਜ਼ਲ ਦੇ ਵਿਚਾਰਧਾਰਾਈ ਇਤਿਹਾਸ ਦਾ ਮੁਲਾਂਕਣ ਕਰਦਿਆਂ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਉਸ ਨੇ ਕਿਸੇ ਵੀ ਸਮੇਂ ਦੇ ਚਲੰਤ ਮਸਲਿਆਂ ਨੂੰ ਆਪਣੇ ਘੇਰੇ ਤੋਂ ਬਾਹਰ ਰੱਖਿਆ ਹੋਵੇ, ਬੇਸ਼ੱਕ ਮੁੱਢਲੀ ਗ਼ਜ਼ਲ ਵਿਚ ਸਮਕਾਲੀ ਮਸਲਿਆਂ ਨੂੰ ਸੰਕੇਤ ਰੂਪ ਵਿਚ ਹੀ ਕਿਉਂ ਨਾ ਸਿਰਜਿਆ ਹੋਵੇ, ਪਰ ਗ਼ਜ਼ਲ ਅਜਿਹੇ ਮਾਮਲਿਆਂ ਵਿਚ ਮੂੰਹ ਭਵਾਂ ਕੇ ਨਹੀਂ ਖੜੀ, ਪੰਜਾਬੀ ਗ਼ਜ਼ਲ ਨੇ ਸਮਕਾਲੀ ਸੰਵੇਦਨਾ ਨੂੰ ਹਰੇਕ ਸੰਭਾਵੀ ਪੱਧਰ 'ਤੇ ਉਲੀਕਣ ਦਾ ਸਫ਼ਲ ਯਤਨ ਕੀਤਾ ਹੈ। ਬੇਸ਼ੱਕ ਉਹ ਪੰਜਾਬ ਸੰਕਟ ਜਾਂ ਇਸ ਦੇ ਰਾਜਸੀ, ਸੱਭਿਆਚਾਰਕ, ਅਸਤਿਤਵੀ ਸੰਕਟ ਨਾਲ ਜੁੜੇ ਵਰਤਾਰੇ ਹੋਣ। ਇਕੀਵੀਂ ਸਦੀ ਦੀ ਪੰਜਾਬੀ ਗ਼ਜ਼ਲ ਵੀ ਆਪਣੇ ਮੂਲ ਪ੍ਰਯੋਜਨ (ਮਹਿਫ਼ਲੀ ਅੰਦਾਜ਼) ਦੇ ਸਮਾਂਤਰ ਸਮਕਾਲੀ ਯਥਾਰਥ ਨਾਲ ਸੰਵਾਦ ਛੇੜਦੀ ਨਜ਼ਰ ਆਉਂਦੀ ਹੈ। ਕਈ ਥਾਵਾਂ ਤੇ ਇਹ ਸੰਵਾਦ ਪ੍ਰਤੀਉੱਤਰ ਦਾ ਰੂਪ ਧਾਰਨ ਕਰ ਲੈਂਦਾ ਹੈ। ਸਾਲ 2023 ਵਿਚ ਅਨੇਕਾਂ 'ਬੇਕਰਾਰਾਂ' ਨੇ ਗ਼ਜ਼ਲ ਸਿਰਜੀ, ਜਿਨ੍ਹਾਂ ਦਾ ਵੇਰਵਾ ਨਿਮਨ ਪ੍ਰਕਾਰ ਹੈ-




- ਰਣਬੀਰ ਆਕਾਸ਼ - ਦਸਤਕ, ਚਿੰਤਨ ਪ੍ਰਕਾਸ਼ਨ, ਲੁਧਿਆਣਾ।
- ਆਤਮਾ ਰਾਮ ਰੰਜਨ (ਸੰਪਾ.), ਜੁਗਨੂੰਆਂ ਦੀ ਗੁਫਤਗੂ (ਸਾਂਝਾ ਗ਼ਜ਼ਲ ਸੰਗ੍ਰਹਿ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ।
-ਅਮਰਜੀਤ ਸਿੰਘ ਜੀਤ, ਬਦਲਦੇ ਮੌਸਮਾਂ ਅੰਦਰ, ਗੋਲਡ ਮਾਈਨ ਪਬਲੀਕੇਸ਼ਨ, ਪਟਿਆਲਾ।
-ਵੀਰਪਾਲ ਕੌਰ ਮੋਹਲ, ਕੁਕਨੂਸ ਦਾ ਪੁਨਰ ਜਨਮ, ਟਰੂ ਸਪੈਰੋ ਪਬਲਿਸ਼ਰਜ, ਪਟਿਆਲਾ।
-ਮਾਲਵਿੰਦਰ ਸ਼ਾਇਰ, ਪੌਣਾਂ ਕਰਨ ਸਰਗੋਸ਼ੀਆਂ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ।
-ਹਰਮਿੰਦਰ ਸਿੰਘ ਕੋਹਾਰਵਾਲਾ, ਮੈਲ਼ੇ ਮੰਜ਼ਰ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ।
-ਮੇਜਰ ਸਿੰਘ ਰਾਜਗੜ੍ਹ, ਸੁਰਵੰਤੀਆਂ, ਤਾਲਿਫ ਪ੍ਰਕਾਸ਼ਨ, ਬਰਨਾਲਾ।
-ਦਾਦਰ ਪੰਡੋਰਵੀ, ਪਾਣੀ ਉੱਤੇ ਤਰਦੀ ਅੱਗ, ਆਟਮ ਆਰਟ, ਪਟਿਆਲਾ।

ਦਸਤਕ ਰਣਬੀਰ ਆਕਾਸ਼ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਹੈ, ਜਿਸ ਵਿਚ ਉਸ ਨੇ 90 ਗ਼ਜ਼ਲਾਂ ਸ਼ਾਮਲ ਕੀਤੀਆਂ ਹਨ, ਜਿਨ੍ਹਾਂ ਵਿਚੋਂ

1-19 ਤੱਕ ਮੂਲ ਬਹਿਰਾਂ ਅਤੇ 20-90 ਤੱਕ ਮੂਲ ਤੇ ਜਿਹਾਫੀ ਬਹਿਰ ਦੀਆਂ ਗ਼ਜ਼ਲਾਂ ਸ਼ਾਮਲ ਕੀਤੀਆਂ ਹਨ। ਪਹਿਲੀ ਨਜ਼ਰੇ ਇਹ ਗ਼ਜ਼ਲ ਸੰਗ੍ਰਹਿ ਬਹਿਰ ਪ੍ਰਯੋਗ ਸਾਬਤ ਹੁੰਦਾ ਹੈ, ਕਿਉਂਕਿ ਆਕਾਸ਼ ਨੇ ਇਸ ਸੰਗ੍ਰਹਿ ਵਿਚ ਹਰੇਕ ਉਸ ਬਹਿਰ ਵਿਚ ਗ਼ਜ਼ਲ ਸਿਰਜੀ ਹੈ, ਜਿਸ ਵਿਚ ਇਹ ਮੰਨਿਆ ਜਾਂਦਾ ਸੀ ਕਿ ਪੰਜਾਬੀ ਵਿਚ ਗ਼ਜ਼ਲ ਲਿਖੀ ਨਹੀਂ ਜਾ ਸਕਦੀ। ਇਸ ਪੱਖੋਂ ਇਹ ਗ਼ਜ਼ਲ ਸੰਗ੍ਰਹਿ ਚੁਣੌਤੀਪੂਰਨ ਕਾਰਜ ਨੂੰ ਕਬੂਲ ਕਰਦਾ ਹੈ। ਉਸ ਨੂੰ ਹਰੇਕ ਬਹਿਰ ਵਿਚ ਗ਼ਜ਼ਲ ਲਿਖਣ ਦੀ ਮੁਹਾਰਤ ਹਾਸਲ ਹੈ। ਉਸ ਦੇ ਸ਼ਿਅਰਾਂ ਵਿਚ ਰਵਾਨਗੀ, ਗ਼ਜ਼ਲ ਅਨੁਕੂਲ ਸ਼ਬਦਾਵਲੀ, ਸਰਲਤਾ, ਸਪੱਸ਼ਟਤਾ, ਵਿਅੰਗ ਅਤੇ ਪੁਖਤਗੀ ਹੈ। ਆਕਾਸ਼ ਦੀ ਗ਼ਜ਼ਲ ਸਮਕਾਲੀ ਸਰੋਕਾਰਾਂ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਦੀ ਹੈ। ਉਸ ਦੀ ਗ਼ਜ਼ਲ ਰਾਜਨੀਤੀ ਵਿੱਚ ਪੈਦਾ ਹੋਏ ਧਰਮ ਦੇ ਧਰੁਵੀਕਰਨ ਦਾ ਵਿਰੋਧ ਤੇ ਰਾਜਨੀਤੀ ਵਿਚੋਂ ਖ਼ਾਰਜ ਹੋਏ ਲੋਕ ਹਿੱਤ ਨੂੰ ਪੇਸ਼ ਕਰਦੀ ਹੈ।

ਨਾ ਗ਼ਰੀਬੀ, ਨਾ ਬੇਕਾਰੀ, ਜ਼ੁਲਮ ਵੀ ਮੁੱਦਾ ਨਾ ਕੋਈ/ ਹੁਣ ਸਿਆਸਤ ਵਿੱਚ ਖ਼ੁਦਾ ਜਾਂ ਰਾਮ ਹੋਈ ਜਾ ਰਿਹਾ ਹੈ।

ਦੂਜੇ ਪਾਸੇ ਰਣਬੀਰ ਦੀ ਸ਼ਾਇਰੀ ਦੀ ਪ੍ਰਾਪਤੀ ਜੋਗਾ ਸਿੰਘ ਜਗਿਆਸੂ ਵਰਗੇ ਸ਼ਾਇਰਾਂ ਦੇ ਥਾਪੇ ਕੀਰਤੀਮਾਨ ਦਾ ਅਨੁਕਰਨ (ਬਹਿਰ ਆਧਾਰਤ) ਤੋਂ ਉਪਜੀ ਹੈ, ਜਿਹੜੀ ਗ਼ਜ਼ਲ ਨੂੰ ਉਸ ਦੇ ਮਾਪ/ ਮੀਟਰ ਨਾਲ ਜੋੜਦੀ ਹੈ।

'ਜੁਗਨੂੰਆਂ ਦੀ ਗੁਫਤਗੂ' ਆਤਮਾ ਰਾਮ ਰੰਜਨ ਦੁਆਰਾ ਸੰਪਾਦਿਤ ਸਾਂਝਾ ਗ਼ਜ਼ਲ ਸੰਗ੍ਰਹਿ ਹੈ। ਅਜਿਹੇ ਸਾਂਝੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਕਰਵਾਉਣ ਦੀ ਪਿਰਤ ਪੰਜਾਬੀ ਗ਼ਜ਼ਲ ਵਿਚ ਨਵੀਂ ਹੀ ਹੈ, ਕਿਉਂਕਿ ਅਜਿਹੇ ਕਾਰਜ ਪਿਛਲੇ (2022) ਸਾਲ ਗੁਰਦਿਆਲ ਦਲਾਲ ਅਤੇ ਸੁਰਿੰਦਰ ਰਾਮਪੁਰੀ ਦੇ ਸਾਂਝੇ ਯਤਨਾਂ ਸਦਕਾ ਹੋਂਦ ਵਿੱਚ ਆਏ। ਇਸ ਗ਼ਜ਼ਲ ਸੰਗ੍ਰਹਿ ਵਿਚ ਲੱਗਭੱਗ ਇਕੱਤੀ (ਔਰਤ-ਮਰਦ) ਗ਼ਜ਼ਲਕਾਰਾਂ ਦੀ ਗ਼ਜ਼ਲ ਸ਼ਾਮਿਲ ਕੀਤੀ ਹੈ। ਸਮੁੱਚੇ ਗ਼ਜ਼ਲ ਸੰਗ੍ਰਹਿ ਵਿਚ ਕਾਵਿ ਭਾਸ਼ਾਈ ਵਿਭਿੰਨਤਾ ਹੋਣਾ ਸੁਭਾਵਿਕ ਹੈ, ਪਰ ਸਮੁੱਚੀ ਗ਼ਜ਼ਲਕਾਰੀ ਦੀਆਂ ਥੀਮਕ ਇਕਾਈਆਂ ਫੜਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਸੱਭਿਆਚਾਰਕ ਤੱਟਸਥਤਾ, ਅੰਦਰੂਨੀ ਵਿਸ਼ਾਦ ਅਤੇ ਸਮਕਾਲੀ ਸਮਾਜ ਦੀਆਂ ਬੁਨਿਆਦੀ ਲੋੜਾਂ ਦੀ ਪ੍ਰਾਪਤੀ ਵੱਲ ਅਹੁਲਦੀ ਹੈ।

'ਬਦਲਦੇ ਮੌਸਮਾਂ ਅੰਦਰ' ਅਮਰਜੀਤ ਸਿੰਘ ਜੀਤ ਦਾ ਗ਼ਜ਼ਲ ਸੰਗ੍ਰਹਿ ਹੈ। ਉਸ ਦੀ ਸ਼ਾਇਰੀ ਵਿਚੋਂ ਸਮਾਜਿਕ, ਰਾਜਨੀਤਕ ਅਸਥਿਰਤਾ ਕਾਰਨ ਪੈਦਾ ਹੋਈ ਭ੍ਰਿਸ਼ਟਾਚਾਰੀ, ਨਸ਼ਾਖੋਰੀ, ਸੱਭਿਆਚਾਰਕ-ਬੇਮੁੱਖਤਾ, ਆਰਥਕ-ਅਸਾਵਾਂਪਣ ਨੂੰ ਚਿਤਰਿਆ ਗਿਆ ਹੈ। ਉਹ ਅਜਿਹੇ ਵਰਤਾਰੇ ਵਿਰੁੱਧ ਬਗ਼ਾਵਤੀ ਤੇਵਰ ਅਖਤਿਆਰ ਕਰਦਾ ਹੋਇਆ ਹਰੇਕ ਕਿਸਮ ਦਾ ਸਾਧਨ ਹੀਲਾ/ਵਸੀਲਾ ਵਰਤਣ ਦੀ ਸਲਾਹ ਦਿੰਦਾ ਹੈ। ਜੀਤ ਇਹ ਵਸੀਲਾ 'ਸ਼ਾਇਰੀ' ਦੇ ਰੂਪ ਵਿੱਚ ਵਰਤਦਾ ਹੈ। ਇਸ ਕਰਕੇ ਉਹ ਅਜਿਹੇ ਵਰਤਾਰੇ ਵਿਰੁੱਧ ਖੜਨ ਵਾਲੇ ਮਨੁੱਖ ਨੂੰ ਮਹਾਨ ਮੰਨਦਾ ਹੈ—

ਜੋ ਹੱਕ-ਸੱਚ ਖਾਤਰ ਲੜਦਾ ਹੈ ਆਦਮੀ/ ਜਿੱਤੇ ਜਾਂ ਹਾਰੇ ਉਹ ਤਾਂ ਹੁੰਦਾ ਮਹਾਨ ਹੈ।

ਇਸ ਤਰ੍ਹਾਂ ਉਹ ਕਿਸੇ ਵੀ ਆਦਮੀ ਦੇ ਲੜਨ ਨੂੰ ਪ੍ਰਾਥਮਿਕਤਾ ਵਜੋਂ ਪੇਸ਼ ਕਰਦਾ ਹੈ। ਇਸੇ ਕਾਰਨ ਹੀ ਉਸ ਦੀ ਗ਼ਜ਼ਲ ਵਿਚੋਂ ਘੋਰ ਉਦਾਸੀ ਦੀ ਥਾਂ ਆਸ਼ਾਵਾਦੀ ਦ੍ਰਿਸ਼ਟੀ ਰੂਪਮਾਨ ਹੁੰਦੀ ਹੈ। ਆਸ਼ਾਵਾਦੀ ਦ੍ਰਿਸ਼ਟੀ ਕਾਰਨ ਹੀ ਉਹ ਸਮਾਜ ਦੀਆਂ ਹਾਸ਼ੀਆਗ੍ਰਸਤ ਧਿਰਾਂ ਦੀ ਪੀੜਾ ਨਾਲੋਂ ਉਹਨਾਂ ਦੀ ਆਪਣੀ ਮਹੱਤਤਾ ਨੂੰ ਪੇਸ਼ ਕਰਦਾ ਹੈ—

ਉਸ ਦੀ ਚੁੰਨੀ ਦੀ ਗੰਢ ਵਿਚ ਹੀ ਅੰਬਰ ਆ ਜਾਂਦਾ/ ਜਿਸ ਨੂੰ ਮਾਹੀ ਚੰਨ ਤੇ ਬੱਚਾ ਤਾਰਾ ਲੱਗਦਾ ਏ।

ਉਕਤ ਸ਼ਿਅਰ ਵਿਚ ਸ਼ਾਇਰ ਨੇ ਔਰਤ/ ਨਾਰੀ/ ਹਾਸ਼ੀਆਗ੍ਰਸਤ ਧਿਰ ਦੀ ਪੀੜਾ ਜਾਂ ਦਸ਼ਾ ਨਹੀਂ, ਬਲਕਿ ਉਸ ਦੀ ਪਰਵਾਰਕ ਮਹੱਤਤਾ ਦੇ ਸਮਾਂਤਰ ਸਮੁੱਚੇ ਅੰਬਰ ਨੂੰ 'ਚੁੰਨੀ ਦੀ ਗੰਢ' ਵਿਚ ਬੰਨ੍ਹਣ ਦਾ ਨਵਾਂ ਮੈਟਾਫਰ ਸਿਰਜਿਆ ਹੈ। ਜੀਤ ਦੀ ਸ਼ਾਇਰੀ ਅਜੋਕੇ ਵਿਦਿਅਕ ਢਾਂਚੇ ਨੂੰ ਆਪਣੀ ਤਨਜ਼ ਦਾ ਸ਼ਿਕਾਰ ਬਣਾਉਂਦੀ ਹੈ। ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਹਾਇਰ/ ਉਚੇਰੀ ਸਿੱਖਿਆ ਦੇ ਨਿਘਾਰ ਨੂੰ ਸ਼ਾਇਰ ਨੇ ਬਹੁਤ ਹੀ ਸੰਜੀਦਗੀ ਨਾਲ ਪੇਸ਼ ਕੀਤਾ ਹੈ—

ਵਿਦਿਆ ਮੰਦਰ ਵੰਡ ਰਹੇ ਵਿਦਿਆ ਅੱਧ-ਅਧੂਰੀ/ ਅੱਧ ਅਧੂਰੀ ਸ਼ੈਅ ਨੇ ਕਿੱਥੇ ਪੂਰਾ ਪਾਇਆ ਹੈ।

ਉੱਚ ਵਿਦਿਆ ਦੀ ਡਿਗਰੀ ਹਾਸਲ ਕਰ ਲਈ ਹੈ ਉਸ ਨੇ/ ਹੁਣ ਬੇਰੁਜ਼ਗਾਰਾਂ ਵਿਚ ਵੀ ਨਾਂਅ ਲਿਖਵਾ ਆਇਆ ਹੈ।

ਇਸ ਤਰ੍ਹਾਂ ਉਸ ਨੇ ਵਿਦਿਆ ਦੇ ਨਾਂਅ 'ਤੇ ਹੁੰਦੀ ਲੁੱਟ-ਖਸੁੱਟ

## ਜਗਮੀਤ ਹਰਫ਼

ਅਤੇ ਵਿਦਿਆ ਦੇ ਵਪਾਰੀਕਰਨ ਨੂੰ ਸ਼ਾਇਰੀ ਦਾ ਸਰੋਤ ਬਣਾਇਆ ਹੈ। ਉਸ ਦੀ ਗ਼ਜ਼ਲ ਵਿਚ ਪੰਜਾਬੀ ਸਮਾਜ ਸੱਭਿਆਚਾਰ ਦੇ ਬਿੰਬਾਂ, ਪ੍ਰਤੀਕਾਂ ਦੀ ਨਹੀਂ ਬਲਕਿ ਪੰਜਾਬੀ ਭਾਸ਼ਾ ਦੀ ਦੇਸੀ ਸ਼ਬਦਾਵਲੀ (ਡੁੱਕੇ, ਕਾਂਟੋ) ਵੀ ਪੇਸ਼ ਹੋਈ ਹੈ। ਇਸ ਤੋਂ ਵੀ ਵੱਧ ਪੰਜਾਬ ਦੇ ਇਤਿਹਾਸਕ ਪਾਤਰ ਬਾਬਾ ਨਾਨਕ, ਲਾਲੋ, ਸਿਕੰਦਰ, ਪੋਰਸ, ਭਗਤ ਸਿੰਘ ਅਤੇ ਸਰਾਭੇ ਵਰਗੇ ਸੰਘਰਸ਼ੀ ਪਾਤਰਾਂ ਨੂੰ ਗ਼ਜ਼ਲ ਘੇਰੇ ਵਿੱਚ ਸ਼ਾਮਲ ਕੀਤਾ ਹੈ। ਦੂਜੇ ਪਾਸੇ ਭਾਰਤੀ ਮਿਥਿਹਾਸ ਵਿਚੋਂ ਪਾਂਡਵ, ਕੌਰਵ, ਪੰਚਾਲੀ, ਧ੍ਰਿਤਰਾਸ਼ਟਰ, ਦਰੋਣਾਚਾਰੀਆ, ਲਛਮਣ ਰੇਖਾ, ਰਾਵਣ, ਅਸ਼ਮੇਧੀ ਘੋੜਾ ਆਦਿ। ਜੀਤ ਦੀ ਸ਼ਾਇਰੀ ਵਿਚ ਮਹਿਜ਼ ਉਕਤ ਇਤਿਹਾਸਕ ਮਿਥਿਹਾਸਕ ਪਾਤਰਾਂ/ ਘਟਨਾਵਾਂ ਦੀ ਸੂਚੀ ਹੀ ਨਹੀਂ, ਬਲਕਿ ਇਨ੍ਹਾਂ ਦਾ ਸ਼ਾਇਰੀ ਵਿਚ ਆਪਣਾ ਮਹੱਤਵ ਹੈ। ਇਹ ਉਸ ਦੀ ਸ਼ਾਇਰੀ ਦੀ ਜੁਗਤ ਬਣ ਕੇ ਉਭਰਦੀ ਹੈ। ਉਹ ਜਿਨ੍ਹਾਂ ਮਸਲਿਆਂ ਨੂੰ ਪੁਖਤਗੀ ਨਾਲ ਪੇਸ਼ ਕਰਨਾ ਚਾਹੁੰਦਾ ਹੈ, ਉਸ ਨੂੰ ਉਹ ਇਤਿਹਾਸਕ/ ਮਿਥਿਹਾਸਕ ਵਰਤਾਰਿਆਂ ਵਿਚੋਂ ਸਮਝਣ ਦੀ ਕੋਸ਼ਿਸ਼ ਕਰਦਾ ਹੈ—




ਪੰਚਾਲੀ ਦਾ ਚੀਰ ਹਰਨ ਲਈ ਕੌਰਵ ਆ ਢੁੱਕੇ ਸੀ/ ਧ੍ਰਿਤਰਾਸ਼ਟਰ ਤਾਂ ਅੰਨ੍ਹਾ ਸੀ ਦਰਬਾਰੀ ਮਰ ਚੁੱਕੇ ਸੀ।

ਉਕਤ ਵਿਚ ਸਿਰਫ਼ ਮਿਥਹਾਸਕ ਘਟਨਾ ਨੂੰ ਹੀ ਨਹੀਂ, ਬਲਕਿ ਸਮਕਾਲੀ ਰਾਜਸੀ ਸਥਿਤੀਆਂ ਨੂੰ ਵੀ ਇਸ ਵਿਚੋਂ ਵੇਖਿਆ ਜਾ ਸਕਦਾ ਹੈ। ਉਕਤ ਵਿਚ ਪੰਚਾਲੀ (ਪੰਚਨਦ/ਪੰਜਾਬ) ਚੀਰ ਹਰਨ (ਲੁੱਟ-ਖਸੁੱਟ) ਕੌਰਵ (ਸੱਤਾ ਧਿਰ) ਧ੍ਰਿਤਰਾਸ਼ਟਰ (ਕਾਨੂੰਨ) ਦਰਬਾਰੀ (ਸੱਤਾ ਧਿਰ ਦੇ ਹੱਥਠੋਕੇ) ਹਨ। ਅਜੋਕੇ ਪੰਜਾਬ ਨੂੰ ਵੀ ਇਸ ਤਰ੍ਹਾਂ ਹੀ ਲੁੱਟਿਆ ਜਾ ਰਿਹਾ ਹੈ। ਸਾਧਾਰਨ ਰੂਪ ਵਿਚ 'ਦਰਬਾਰੀ ਜਾਂ ਸੱਤਾ ਧਿਰ ਦੇ ਹੱਥਠੋਕੇ' ਹੀ ਸਧਾਰਨ ਲੋਕਾਂ ਦੇ ਸੰਪਰਕ ਵਿਚ ਰਹਿੰਦੇ ਹਨ। ਵਿਸ਼ੇ ਦੇ ਨਿਭਾਓ ਅਨੁਸਾਰ ਸ਼ਾਇਰ ਦੇ ਮਨੋਭਾਵ ਥੋੜ੍ਹੇ ਪਤਲੇ ਪਏ ਹਨ, ਕਿਉਂਕਿ ਉਕਤ ਸ਼ਿਅਰ ਦੇ ਦੂਜੇ ਮਿਸਰੇ ਦਾ ਅੰਤ ਡੰਡੀ (।) ਨਾਲੋਂ ਪ੍ਰਸ਼ਨ ਚਿੰਨ੍ਹ (?) ਨਾਲ ਹੁੰਦਾ ਤਾਂ ਅਰਥ ਦੀਆਂ ਹੋਰ ਤਹਿਆਂ ਖੁੱਲ੍ਹ ਸਕਦੀਆਂ ਸਨ। ਵਿਸ਼ਰਾਮ ਚਿੰਨ੍ਹਾਂ ਦਾ ਸੁਯੋਗ ਪ੍ਰਯੋਗ ਸ਼ਾਇਰੀ ਨੂੰ ਨਵੇਂ ਅਰਥ ਦਿੰਦਾ ਹੈ।

'ਕੁਕਨੂਸ ਦਾ ਪੁਨਰ ਜਨਮ' ਕਾਵਿ-ਪੁਸਤਕ ਵੀਰਪਾਲ ਕੌਰ ਮੋਹਲ ਦੀ ਪਲੇਠੀ ਪੁਸਤਕ ਹੈ। ਸਮੁੱਚੀ ਕਵਿਤਾ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ 62 ਗ਼ਜ਼ਲਾਂ ਤੇ ਦੂਜੇ ਭਾਗ ਵਿਚ 15 ਗੀਤ ਸ਼ਾਮਲ ਹਨ। ਥੀਮ ਰਚਨਾ ਦੇ ਆਰ-ਪਾਰ ਫੈਲੀ ਹੋਈ ਰੇਖਾ ਹੈ, ਜੋ ਰਚਨਾ ਵਿਚ ਕਾਰਜਸ਼ੀਲ ਮੋਟਿਫਾਂ ਨੂੰ ਲੜੀਵਤ ਆਕਾਰ ਦਿੰਦੀ ਹੈ। ਇਸ ਕਾਰਨ ਥੀਮ ਨੂੰ ਮੋਟਿਫਾਂ ਦਾ ਜੋੜ ਮੇਲ ਮੰਨਿਆ ਜਾਂਦਾ ਹੈ। ਇਸ ਲਈ ਰਚਨਾ ਵਿਚਲੇ ਮੋਟਿਫਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ—

ਤੇਰਾ ਨਾਂ ਹੀ ਬੋਲ ਕੇ ਲੋਕੀਂ ਤਾਹਨੇ-ਮਿਹਣੇ ਦਿੰਦੇ ਨੇ/ ਤੇਰਾ ਹੱਥ ਹੀ ਲੱਗਦਾ ਹੈ ਮੈਨੂੰ ਮੇਰੀਆਂ ਸਭ ਤਬਾਹੀਆਂ ਵਿਚ।

****

ਸੁਬਕ ਰੀਝਾਂ ਸੂਲੀ 'ਤੇ ਲਟਕਾ ਗਿਓਂ ਕੁਝ ਇਸ ਤਰ੍ਹਾਂ/ ਪੀੜਾਂ ਦੀ ਹੀ ਜੂਨ ਮੈਨੂੰ ਪਾ ਗਿਓਂ ਕੁਝ ਇਸ ਤਰ੍ਹਾਂ।

****

ਲੱਗਣ ਮੈਨੂੰ ਦੁਖੜੇ ਅੱਜ ਅਜ਼ੀਜ਼ ਬੜੇ/ ਪੀੜਾਂ ਵਾਲੇ ਸਾਗਰ ਦੇ ਵਿਚ ਤਰਦੇ ਹਾਂ।

ਉਕਤ ਤਿੰਨ ਸ਼ਿਅਰਾਂ ਵਿਚ ਪਹਿਲਾ ਸ਼ਿਅਰ ਮੈਂ/ ਤੂੰ ਦੇ ਸੰਬੋਧਨ, ਦੂਜਾ ਸ਼ਿਅਰ ਕਿਸੇ ਅਨਯ ਪੁਰਖ, ਜੋ ਨਿਸਚਿਤ ਨਹੀਂ, ਉਸ ਨੂੰ ਸੰਬੋਧਨ ਅਤੇ ਤੀਜਾ ਸ਼ਿਅਰ ਮਨੋਬਚਨੀ/ ਮੈਂ ਬਚਨੀ ਸੰਬੋਧਨ ਵਿਚ ਹੈ। ਤਿੰਨੇ ਸ਼ਿਅਰਾਂ ਵਿਚ ਹੇਠ ਲਿਖੇ ਮੋਟਿਫ ਕਾਰਜਸ਼ੀਲ ਹਨ—

1.1- ਤੇਰਾ (ਪਿਆਰੇ) ਦਾ ਨਾਂ ਲੈ ਕੇ ਲੋਕਾਂ ਦਾ ਤਾਹਨੇ-ਮਿਹਣੇ ਮਾਰਨਾ
1.2- ਤੇਰਾ (ਪਿਆਰੇ) ਦਾ ਹੀ ਸਭ ਤਬਾਹੀਆਂ ਵਿਚ ਹੱਥ ਹੋਣਾ
2.1- ਰੀਝਾਂ ਸੂਲੀ 'ਤੇ ਲਟਕੀਆਂ
2.2- ਪੀੜਾਂ ਦੀ ਜੂਨ ਪੈਣਾ
3.1- ਦੁਖ ਅਜ਼ੀਜ਼ ਲੱਗਣੇ
3.2- ਪੀੜ ਦੇ ਸਾਗਰ ਵਿਚ ਤਰਨਾ

ਉਕਤ ਮੋਟਿਫਾਂ ਵਿੱਚੋਂ ਅਸਫ਼ਲ ਪਿਆਰ ਦੀ ਨਿਸ਼ਾਨਦੇਹੀ ਹੁੰਦੀ ਹੈ, ਜਿਸ ਵਿਚ ਪ੍ਰੇਮਿਕਾ ਪ੍ਰੇਮੀ ਤੇ ਸਮਾਜ ਤਿਕੋਣੇ ਰੂਪ ਵਿੱਚ ਬੱਝੇ ਹੋਏ ਹਨ। ਪ੍ਰੇਮੀ ਦਾ ਨਾਂਅ ਲੈ ਕੇ ਲੋਕ/ ਸਮਾਜ ਪ੍ਰੇਮਿਕਾ ਨੂੰ ਤਾਹਨੇ/ ਮਿਹਣੇ ਮਾਰਦਾ ਹੈ। ਇਸੇ ਕਾਰਨ ਉਹ ਇਸ ਕਿਰਿਆ ਨੂੰ ਤਬਾਹੀ ਮੰਨਦੀ ਹੈ। ਇਸ ਤਰ੍ਹਾਂ ਸਮਾਜ ਵਿਚੋਂ ਨਿਸ਼ੇਧਿਤ ਹੋਣਾ ਜਾਂ ਮਨਫੀ ਕਰ ਦਿੱਤੇ ਜਾਣ ਨੂੰ ਸ਼ਾਇਰਾ ਮਨੁੱਖ ਦੀ ਸਭ ਤੋਂ ਵੱਡੀ ਤਬਾਹੀ ਮੰਨਦੀ ਹੈ। ਇਸ ਕਾਰਨ ਹੀ ਉਸ ਦੀਆਂ ਰੀਝਾਂ ਸੂਲੀ 'ਤੇ ਲਟਕੀਆਂ ਤੇ ਉਹ ਪੀੜ ਦੀ ਜੂਨ ਹੰਢਾਉਂਦੀ ਹੈ। ਸਮੁੱਚੀ ਪੀੜ ਉਸ ਦੇ ਪ੍ਰੇਮੀ ਤੋਂ ਮਿਲੀ ਹੋਣ ਕਾਰਨ ਹੀ ਇਹ ਦੁੱਖ ਉਸ ਨੂੰ ਅਜ਼ੀਜ਼ ਲੱਗਦੇ ਹਨ। ਉਕਤ ਮੋਟਿਫਾਂ ਦੀ ਤਹਿ ਥੱਲੇ ਕੋਈ ਡੂੰਘਾ ਗਮ/ ਵਿਸ਼ਾਦ/ ਦਰਦ ਪ੍ਰਵਾਹਿਤ ਹੈ, ਜੋ ਹੇਠਲੇ ਸ਼ਿਅਰਾਂ ਵਿਚੋਂ ਹੋਰ ਸਪੱਸ਼ਟ ਹੁੰਦਾ ਹੈ-

ਭਾਵੇਂ ਮੈਂ ਪ੍ਰਵਾਸਨ ਹੋ ਗਈ ਹਾਂ ਚਿਰ ਤੋਂ/ ਚੇਤਾ ਨਹੀਓਂ ਭੁੱਲਦਾ ਪਿੰਡ ਦੀਆਂ ਜੂਹਾਂ ਦਾ।

ਮੁੜੀਏ ਹੁਣ ਫੇਰ ਮੋਹਲ ਵਿਰਸੇ ਦੇ ਵੱਲ/ ਫੇਰ ਖਿੜੂ ਆਸਾਂ ਦਾ ਗੁਲਾਬ ਸਾਥੀਓ। (ਪੰਨਾ-41)

ਇਸ ਤਰ੍ਹਾਂ ਪ੍ਰਵਾਸੀ ਹੋ ਕੇ ਪਿੰਡ ਦਾ ਚੇਤਾ ਨਾ ਭੁੱਲਣਾ ਤੇ ਆਸਾਂ ਦਾ ਗੁਲਾਬ ਖਿੜਾਉਣ ਲਈ ਵਿਰਸੇ ਵੱਲ ਪਰਤਣਾ ਮੋਹਲ ਦੀ ਆਪਣੇ ਸੱਭਿਆਚਾਰ/ ਵਿਰਸੇ ਵੱਲ ਪਰਤਣ ਦੀ ਇੱਛਾ ਹੈ। ਜੜ੍ਹ ਵੱਲ ਪਰਤਣ ਤੋਂ ਭਾਵ ਆਪਣੀ ਸੰਸਕ੍ਰਿਤਕ ਗੌਰਵਤਾ ਨੂੰ ਕਬੂਲਣਾ ਹੈ। ਉਸ ਦਾ ਅਜੋਕੇ ਸਮੇਂ ਵਿਚ ਸੰਸਕ੍ਰਿਤਕ ਆਚਾਰ-ਵਿਹਾਰ ਵੱਲ ਪਰਤੇਵਾਂ ਕਾਵਿ ਸੰਦੇਸ਼ ਵਜੋਂ ਪੇਸ਼ ਹੁੰਦਾ ਹੈ, ਜੋ ਕੁੱਲ ਲੋਕਾਂ ਦੀ ਸੱਭਿਆਚਾਰਕ ਬੇਮੁੱਖਤਾ ਪਛਾਣਦਾ ਹੈ, ਇਹੀ ਉਸ ਦੀ ਸੱਭਿਆਚਾਰਕ ਬੇਮੁੱਖਤਾ ਉਸ ਦੀ ਉਦਾਸੀ ਦਾ ਕਾਰਨ ਬਣਦੀ ਹੈ। ਇਸ ਦੀ ਸਮੁੱਚੀ ਪੜਤ ਉਸ ਦੀ ਗ਼ਜ਼ਲ ਰੰਗਲਾ ਪੰਜਾਬ ਅਤੇ ਗੀਤ ਮਾਂ ਬੋਲੀ ਪੰਜਾਬੀ ਵਿਚੋਂ ਸਮਝੀ ਜਾ ਸਕਦੀ ਹੈ। ਮੋਹਲ ਕਾਵਿ ਸਮੁੱਚੀ ਸਮਾਜਕ ਨਾਬਰਾਬਰੀ ਨੂੰ ਤੁਲਨਾਤਮਕ ਪਰਿਪੇਖ ਵਿੱਚ ਸਮਝਣ ਲਈ ਯਤਨਸ਼ੀਲ ਹੈ। ਉਸ ਦੀ ਗ਼ਜ਼ਲ ਇਹ ਕੁੜੀਆਂ ਅਜਿਹੀ ਵੰਨਗੀ ਦੀ ਸਰਵ ਉਤਮ ਰਚਨਾ ਹੈ। ਇਸ ਰਚਨਾ ਵਿਚ ਸਮਾਜਕ ਨਾਬਰਾਬਰੀ ਵਿਚ ਬੱਝੇ ਮੋਟਿਫਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ—

-ਕੁਝ (ਕੁੜੀਆਂ) ਤਾਂ ਉੱਡਣ ਵਿਚ ਅਸਮਾਨੀਂ ਕੁਝ ਪਿੰਜਰੇ ਵਿਚ ਸਹਿਕਦੀਆਂ

-ਕੁਝ ਕੁੜੀਆਂ ਮਹਿਲਾਂ ਵਿਚ ਐਸ਼ ਕਰਦੀਆਂ ਕੁਝ ਮਹਿਲਾਂ ਵਿਚ ਭਾਂਡੇ ਮਾਂਜਦੀਆਂ ਹਨ।

-ਕੁਝ ਕੁੜੀਆਂ ਕਲੱਬਾਂ ਵਿਚ ਗੋਰੇ ਅੰਗ ਲਿਸ਼ਕਾਉਂਦੀਆਂ ਕੁਝ ਆਪਣੇ ਘਰਾਂ ਵਿੱਚ ਤੜਿਕਦੀਆਂ ਹਨ।

ਉਕਤ ਤੋਂ ਇਲਾਵਾ ਮੋਹਲ ਉਨ੍ਹਾਂ ਕੁੜੀਆਂ ਨੂੰ ਭਾਗਣ ਮੰਨਦੀ ਹੈ, ਜਿਨ੍ਹਾਂ ਕੋਲ ਉਨ੍ਹਾਂ ਦੇ ਪ੍ਰੀਤਮ ਪਿਆਰੇ ਹਨ, ਪਰ ਉਨ੍ਹਾਂ ਨੂੰ ਨਾਭਾਗਣ ਸਮਝਦੀ ਹੈ, ਜਿਹੜੀਆਂ ਇਸ ਤੋਂ ਵਿਰਵੀਆਂ ਹਨ। ਉਕਤ ਤਰ੍ਹਾਂ ਦੇ ਤੁਲਨਾਤਮਕ ਮਾਡਲ ਵਿੱਚ ਹੀ ਮੋਹਲ ਸਮੁੱਚੇ ਸਮਾਜਿਕ ਵਰਤਾਰੇ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਨਜ਼ਰ ਆਉਂਦੀ ਹੈ। ਆਧੁਨਿਕ ਸਮਾਜ ਵਿੱਚ ਆਜ਼ਾਦੀ ਤੋਂ ਬਾਅਦ ਵੀ ਕਈ ਧਿਰਾਂ ਗੁਲਾਮੀ ਵਾਲੀ ਸਥਿਤੀ ਹੰਢਾਉਂਦੀਆਂ ਹਨ। ਅਜਿਹੀ ਸਮਾਜਿਕ ਨਾਬਰਾਬਰੀ ਵੀ ਮੋਹਲ ਦੀ ਉਦਾਸੀਨਤਾ ਦਾ ਕਾਰਨ ਬਣਦੀ ਹੈ।

ਹੱਥਲੇ ਸੰਗ੍ਰਹਿ ਦੀ ਵਿਸ਼ੇਸ਼ਤਾ ਉਕਤ ਉਦਾਸੀਨ ਕਾਰਨਾਂ ਵਿਚੋਂ ਉਭਰਨ ਦੀ ਹੈ। ਬੇਅੰਤ ਉਦਾਸੀ ਤੋਂ ਬਾਅਦ ਵੀ ਸਿਰਜਣਹਾਰਾ/ ਸ਼ਾਇਰਾ ਇਨ੍ਹਾਂ ਗ਼ਮਾਂ ਤੋਂ ਨਿਜ਼ਾਤ ਪਾਉਣ ਲਈ ਪ੍ਰਯਤਨਸ਼ੀਲ ਹੈ-

ਦੁੱਖ ਦਾ ਰੇਤਾ ਹੌਲੀ-ਹੌਲੀ/ ਪਾਣੀ ਥੱਲੇ ਬਹਿ ਜਾਂਦਾ ਹੈ।




ਉਕਤ ਸਥਿਤੀਆਂ ਵਿਚ ਸ਼ਾਇਰਾ ਇਸ ਗੱਲੋਂ ਸੁਚੇਤ ਹੈ ਕਿ ਸਮੇਂ ਦਾ ਵਹਾਓ ਨਾਲ ਹਰੇਕ ਚੀਜ਼ ਪਰਿਵਰਤਿਤ ਹੋ ਜਾਂਦੀ ਹੈ।

ਪਹਿਲੇ ਸ਼ਿਅਰ ਵਿਚ 'ਪਾਣੀ' ਸਮੇਂ ਦਾ ਹੀ ਚਿਹਨ ਸੂਚਕ ਹੈ। ਦੁੱਖ ਦਾ ਰੇਤਾ, ਪਾਣੀ ਭਾਵ ਸਮੇਂ ਦੀਆਂ ਪਰਤਾਂ ਵਿੱਚ ਹੀ ਆਪਣਾ ਅਸਰ ਘਟਾ ਸਕਦਾ ਹੈ, ਸ਼ਾਇਰਾ ਦੀ ਆਸ਼ਾਵਾਦੀ ਦ੍ਰਿਸ਼ਟੀ ਨੂੰ ਰੂਪਮਾਨ ਕਰਦਾ ਹੈ। ਇਸੇ ਸਥਿਤੀ ਵਿਚੋਂ ਹੀ ਹੱਥਲੇ ਕਾਵਿ ਸੰਗ੍ਰਹਿ ਦੀ ਸਾਰਥਕਤਾ ਉਜਾਗਰ ਹੁੰਦੀ ਹੈ। ਇਸ ਦਾ ਨਾਮਕਰਨ 'ਕੁਕਨੂਸ ਦਾ ਪੁਨਰ ਜਨਮ' ਆਪਣੇ ਆਪ ਵਿੱਚ ਹੀ ਉਦਾਸੀ ਤੋਂ ਬਾਹਰ ਨਿਕਲ ਕੇ ਆਸ਼ਾਵਾਦੀ ਦ੍ਰਿਸ਼ਟੀ ਨੂੰ ਅਪਣਾਉਣ ਦਾ ਸੰਕੇਤ ਹੈ। ਮੋਹਲ ਦੀ ਸਮੁੱਚੀ ਕਵਿਤਾ ਦੀ ਪ੍ਰੇਰਨਾ ਸ਼ਕਤੀ ਉਦਾਸੀ ਹੀ ਹੈ, ਜੋ ਉਸ ਦੇ ਪਿਆਰੇ ਦੇ ਵੱਖ ਹੋਣ ਅਤੇ ਸਮਾਜਿਕ, ਆਰਥਿਕ ਨਾਬਰਾਬਰੀ ਕਾਰਨ ਉਤਪੰਨ ਹੋਈ ਹੈ। ਇਸ ਉਦਾਸੀ ਵਿਚੋਂ ਨਿਕਲਣ ਦਾ ਸਾਧਨ ਉਸ ਦੀ ਕਾਵਿ ਆਸਥਾ ਹੈ, ਪਰ ਇਸ ਕਾਵਿ ਉਦੇਸ਼ ਦੀ ਪੂਰਤੀ ਸੰਬੰਧੀ ਉਹ ਜਿਨ੍ਹਾਂ ਕਾਵਿ ਜੁਗਤਾਂ ਦਾ ਸਹਾਰਾ ਲੈਂਦੀ ਹੈ, ਉਨ੍ਹਾਂ ਨੂੰ ਸਮਝਣਾ ਵੀ ਜ਼ਰੂਰੀ ਹੈ।

ਮੋਹਲ

ਬਾਕੀ 4 ਸਫ਼ਾ 'ਤੇ

*ਸਾਡੇ ਪਿੰਡ ਕੇਵਲ ਇੱਕ ਭੂਗੋਲਿਕ ਖ਼ਿੱਤਾ ਹੀ ਨਹੀਂ, ਸਗੋਂ ਪਿੰਡ ਆਪਣੇ ਕਲੇਵਰ ਵਿੱਚ ਸਮਾਜ ਦੀ ਸਮੁੱਚੀ ਰਹਿਤਲ ਸਮੋਈ ਬੈਠਾ ਹੁੰਦਾ ਹੈ। ਕਿਸੇ ਸਮੇਂ ਦੇ ਇਤਿਹਾਸ ਨੂੰ ਸਮਝਣ ਲਈ ਪਿੰਡ ਦੇ ਵਸਣ ਦਾ ਅਧਿਐਨ ਅਤੇ ਖੋਜ ਜ਼ਰੂਰੀ ਹੁੰਦੇ ਹਨ। ਨਵੇਂ ਸਾਲ ਵਿੱਚ 'ਐਤਵਾਰਤਾ' ਵੱਲੋਂ ਇਸ ਪਾਸੇ ਇੱਕ ਯਤਨ ਕੀਤਾ ਜਾ ਰਿਹਾ ਹੈ। 'ਪਿੰਡ ਵਸਿਆ' ਨਾਮ ਦਾ ਕਾਲਮ ਹਰੇਕ ਐਤਵਾਰ ਛਪਿਆ ਕਰੇਗਾ। ਇਤਿਹਾਸ ਦੀ ਖੋਜ ਵਿੱਚ ਲੰਮੇ ਸਮੇਂ ਤੋਂ ਕਾਰਜਸ਼ੀਲ ਸਾਡੇ ਮਿੱਤਰ ਵਿਜੈ ਬੰਬੇਲੀ ਹੋਰਾਂ ਨੇ ਇਸ ਕਾਰਜ ਲਈ ਸਾਡੀ ਬੇਨਤੀ ਨੂੰ ਸਵੀਕਾਰ ਕੀਤਾ ਹੈ। ਅਦਾਰਾ ਉਨ੍ਹਾਂ ਦਾ ਧੰਨਵਾਦੀ ਹੈ। -ਸੰਪਾਦਕ*

# ਸਿੱਖ ਮਿਸਲਾਂ ਦਾ ਜਾਇਆ : ਪਿੰਡ ਬੰਬੇਲੀ

## ਪਿੰਡ ਵਸਿਆ

### ਵਿਜੈ ਬੰਬੇਲੀ

*ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਅਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਭਾਰਤ, ਪਿੰਡਾਂ ਦਾ ਦੇਸ਼ ਹੈ। ਪ੍ਰੰਤੂ ਮੁਲਕ ਦੀ ਸੱਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ, ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੰਸ਼-ਗਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਹੈ ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਸੋ, ਅਕਸਰ ਹੀ ਬਜ਼ੁਰਗਾਂ ਅਤੇ ਪੀੜ੍ਹੀ ਦਰ ਪੀੜ੍ਹੀ ਦੰਦ-ਕਥਾਵਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ। ਪੁਰਾਣੀ ਪੀੜ੍ਹੀ ਖ਼ਤਮ ਹੋ ਗਈ ਹੈ, ਕੋਈ ਟਾਂਵਾ-ਟੱਲਾ ਹੀ ਡੰਗੋਰੀ ਲਈ ਖੜ੍ਹਾ ਹੈ, ਅਧਖੜ ਨੂੰ ਤਰੱਕੀਆਂ-ਰੋਟੀਆਂ ਨੇ ਝੱਬ ਛੱਡਿਆ ਹੈ ਅਤੇ ਨਵੀਂ ਪੌਦ ਨੂੰ ਟੈਲੀ-ਕਲਚਰ ਨੇ ਅੰਦਰੀ ਵਾੜ ਦਿੱਤਾ ਹੈ। ਸੱਥਾਂ ਤਾਂ ਕਦੋਂ ਦੀਆਂ ਖ਼ਤਮ ਹੋ ਗਈਆਂ ਹਨ, ਜਿੱਥੇ ਚੁੰਝ-ਚਰਚਾ ਚਲਦੀ ਸੀ। ਜੁੜ-ਬੈਠਣ ਦੇ ਜਜ਼ਬੀ ਅੱਕ ਸ਼ੋਸ਼ਲ-ਮੀਡੀਆ ਨੇ ਦੇ ਦਿੱਤਾ ਹੈ। ਸਿੱਟੇ ਵਜੋਂ ਪਿੰਡਾਂ ਦਾ ਮੌਖਿਕ ਇਤਿਹਾਸ ਵੀ ਗੁੰਮ ਹੋ ਚੱਲਿਆ ਹੈ। ਹਾਲੇ ਵੀ ਵੇਲਾ ਹੈ ਕਿ ਜਿੰਨਾ ਕੁ ਅਤੇ ਜਿਸ ਵੀ ਰੂਪ ਵਿੱਚ ਮਿਲ ਸਕਦਾ ਹੈ, ਸਾਂਭ ਲਈਏ, ਨਹੀਂ ਤਾਂ ਪਿੰਡਾਂ ਦਾ, ਸਾਡੇ ਚੇਤਿਆਂ 'ਚ ਪਿਆ ਇਤਿਹਾਸ ਵੀ ਲੁਪਤ ਹੋ ਜਾਵੇਗਾ।*

*- ਲੇਖਕ*

ਬੰਬੇਲੀ ਪਿੰਡ ਦੀ ਬਾਤ ਪਾਉਣੀ ਹੋਵੇ ਤਾਂ ਗੱਲ ਤੋਰਨੀ ਪਊ ਅਠਾਰ੍ਹਵੀਂ ਸਦੀ ਦੇ ਲਗਪਗ ਪਹਿਲੇ ਅੱਧ ਤੋਂ ਜ਼ਰਾ ਕੁ ਪਹਿਲਾਂ ਦੀ। ਉਦੋਂ ਦੀ ਜਦ ਮਹਾਂ-ਪੰਜਾਬ ਚਾਰ ਮੁੱਖ ਲੜਾਕੂ ਧਿਰਾਂ ਮੁਗ਼ਲਾਂ, ਮਰਹੱਟਿਆਂ, ਪਠਾਣਾਂ ਅਤੇ ਸਿੱਖਾਂ ਦਾ ਯੁੱਧ ਖੇਤਰ ਬਣਿਆ ਹੋਇਆ ਸੀ। ਮੁਗ਼ਲਾਂ ਅਤੇ ਮਰਹੱਟਿਆਂ ਕੋਲ ਬਕਾਇਦਾ ਬੱਝਵੇਂ ਰਾਜ ਅਤੇ ਜਥੇਬੰਦਕ ਫੌਜਾਂ ਸਨ, ਜਦਕਿ ਪਠਾਣ ਅਤੇ ਸਿੱਖ ਗੁਰੀਲਾ ਯੁੱਧ ਲੜਦੇ ਸਨ। ਮੁਗ਼ਲਾਂ ਦਾ ਰਾਜ ਸੀ ਦਿੱਲੀ ਤਖ਼ਤ 'ਤੇ ਅਤੇ ਮਰਹੱਟੇ ਦਿੱਲੀ ਦੇ ਉੱਤਲੇ ਪਾਸਿਓਂ ਪਾਣੀਪਤ ਦੇ ਮੈਦਾਨਾਂ ਅਤੇ ਹੁਣ ਵਾਲੇ ਰਾਜਸਥਾਨ ਦੇ ਗੰਗਾਨਗਰ ਖਿੱਤੇ ਤੱਕ ਅਰਧ-ਛਤਰੀਨੁਮਾ ਕਬਜ਼ਾ ਜਮਾਈ ਬੈਠੇ ਸਨ। ਪਠਾਣ-ਮੁਸਲਿਮਾਂ ਦਾ ਮੁੱਖ ਕਾਰਜ ਸਿਰਫ ਲੁੱਟਮਾਰ ਕਰਨਾ ਸੀ ਅਤੇ ਸਿੱਖ ਆਪਣੀ ਹੋਂਦ ਦੀ ਲੜਾਈ ਲੜ ਰਹੇ ਸਨ। ਜਦ: ਬਹੁਤ ਸਾਰੇ ਕਾਰਨਾਂ ਕਾਰਨ ਦਿੱਲੀ ਤਖ਼ਤ ਅਤੇ ਮਰਹੱਟੇ ਪ੍ਰਾਚੀਨ ਪੰਜਾਬ ਦੇ ਯੁੱਧ-ਖੇਤਰ ਵਿੱਚੋਂ ਬਾਹਰ ਹੋ ਗਏ ਤਾਂ ਮੈਦਾਨ ਵਿੱਚ ਰਹਿ ਗਈਆਂ ਦੋ ਧਿਰਾਂ ਪਠਾਣ ਉਤੇ ਮੁਗਲ ਅਤੇ ਕਿਤੇ-ਕਿਤੇ ਮੁਗਲ ਸਲਤਨਤ ਦੇ ਪੰਜਾਬ ਵਿੱਚਲੇ ਅਹਿਲਕਾਰ। ਇੱਥੋਂ ਹੀ ਗੱਲ ਤੁਰਦੀ ਹੈ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੰਬੇਲੀ ਦੇ ਵਸਣ ਦੀ ਗਾਥਾ। ਜਿਹੜਾ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ-ਮਾਰਗ ਉੱਤੇ ਹੁਸ਼ਿਆਰਪੁਰ ਤੋਂ 10 ਮੀਲ ਦੀ ਵਿੱਥ 'ਤੇ ਵਸਿਆ ਹੋਇਆ ਹੈ ਅਤੇ ਤਹਿਸੀਲ ਗੜ੍ਹਸ਼ੰਕਰ ਵੱਲ ਨੂੰ ਮੂੰਹ ਕਰਿਆਂ ਮਾਹਿਲਪੁਰ ਹੈ, ਕਰੀਬ, 3 ਮੀਲ ਦੂਰ।

ਈਸਵੀ ਸੰਨ 1745 ਵਿੱਚ, ਸੂਬੇਦਾਰ ਜ਼ਕਰੀਆਂ ਖਾਂ ਦੀ ਮੌਤ ਉਪਰੰਤ, ਸਿੱਖਾਂ ਨੇ ਖੁਦ ਨੂੰ 25 ਪ੍ਰਮੁੱਖ ਲੜਾਕੂ, ਜਥਿਆਂ ਵਿਚ ਸੰਗਠਿਤ ਕਰ, ਕੁੱਝ ਟੁਟਵੇਂ, ਖਿੱਤਿਆਂ 'ਚ ਆਪੋ-ਆਪਣਾ ਰਾਜ-ਪ੍ਰਭਾਵ ਸਥਾਪਿਤ ਕਰ ਲਏ। ਸਹਿਜੇ-ਸਹਿਜੇ ਇਹਨਾਂ ਸਿੱਖ-ਜਥਿਆ ਦੀ ਗਿਣਤੀ 65 ਤੱਕ ਪੁੰਹਚ ਗਈ, ਬਹੁਤੇ ਜਥੇ ਗੁਰੀਲੇ ਜਥੇ ਸਨ ਅਤੇ ਥੋੜ੍ਹੇ ਜਿਹੇ ਟਿੱਕਵੇਂ। ਸੰਨ 1748 ਵਿੱਚ ਸਿਰਦਾਰ ਕਪੂਰ ਸਿੰਘ ਦੇ ਸੁਝਾਅ 'ਤੇ ਸਿੱਖ ਜਥਿਆ ਵਲੋਂ ਸਾਂਝੀ-ਵਿਪਤਾ/ਸਾਂਝੀ ਮੁਹਿੰਮ ਦੇ ਮੱਦੇਨਜ਼ਰ ਸਾਂਝੀ-ਸੈਨਾ ਦਾ ਗਠਨ ਕੀਤਾ ਗਿਆ, ਨਾਂਅ ਦਿੱਤਾ ਗਿਆ 'ਦਲ ਖਾਲਸਾ' ਜਿਸਦਾ ਪ੍ਰਧਾਨ ਸੈਨਾਪਤੀ ਥਾਪਿਆ ਗਿਆ ਸ. ਜੱਸਾ ਸਿੰਘ ਆਹਲੂਵਾਲੀਏ ਨੂੰ। ਮਗਰੋਂ; ਹਾਲਾਤਾਂ ਦੇ ਮੱਦੇਨਜ਼ਰ ਉਕਤ 65 ਜਥੇ 12 ਮੁੱਖ ਜਥਿਆਂ ਵਜੋਂ ਵਲੀਨ ਹੋ, ਇਤਿਹਾਸ 'ਚ ਸਿੱਖ ਮਿਸਲਾਂ ਵਜੋਂ ਦਰਜ਼ ਹੋ ਗਏ। ਇਹਨਾਂ ਮਿਸਲਾਂ ਦਾ, 1767-1799 ਦਰਮਿਆਨ, ਕਰੀਬ-ਕਰੀਬ ਸਾਰੇ ਪੰਜਾਬ 'ਤੇ ਕਿਸੇ-ਨਾ-ਕਿਸੇ ਰੂਪ ਵਿਚ ਕਬਜ਼ਾ ਹੋ ਗਿਆ। ਇਨ੍ਹਾਂ ਜਥਿਆਂ ਵੇਲੇ ਸ਼ੁਰੂ ਕੀਤੀ, ਮਗਰੋਂ ਮਿਸਲਾਂ ਵੇਲੇ ਵੀ ਜਾਰੀ ਰਹੀ, ਰਾਖੀ-ਪ੍ਰਥਾ ਵੇਲੇ ਕਰੋੜ ਸਿੰਘੀਆ ਮਿਸਲ ਦਾ ਇਕ ਜੰਗੀ ਸਰਦਾਰ ਗੁਰਬਖਸ਼ ਸਿੰਘ ਇਸ ਪਿੰਡ ਦੇ, 1776-1794 ਦਰਮਿਆਨ, ਉਗਮਣ ਦਾ ਨਾਇਕ ਬਣਿਆ। ਕਿਵੇਂ; ਕਹਾਣੀ ਲੰਬੀ ਹੈ, ਕਿਤੇ ਫੇਰ ਸਹੀ।

ਸ. ਗੁਰਬਖਸ਼ ਸਿੰਘ ਬਾਰੇ ਸਾਫ਼ ਹੋ ਜਾਏ, ਜਿਸ ਲਈ ਦੱਸਣਾ ਜਰੂਰੀ ਹੈ ਕਿ 1745 ਦੇ ਅੰਮ੍ਰਿਤਸਰ ਦੇ ਗੁਰਮਤੇ ਵੇਲੇ ਜਦ 25 ਮੁੱਖ ਜਥੇ ਬਣੇ ਸਨ ਤਦ ਉਹਨਾਂ ਵਿਚ ਸ.ਕਰੋੜ ਸਿੰਘ, ਕਰਮ ਸਿੰਘ, ਧਰਮ ਸਿੰਘ, ਜੱਸਾ ਸਿੰਘ, ਦੀਪ ਸਿੰਘ, ਹਰੀ ਸਿੰਘ, ਜੈ ਸਿੰਘ, ਹੀਰਾ ਸਿੰਘ ਅਦਿ ਗੂੜ੍ਹੇ ਆਗੂਆਂ 'ਚ ਇੱਕ ਉੱਘੜਵਾਂ ਜੰਗੀ ਸਰਦਾਰ ਗੁਰਬਖਸ਼ ਸਿੰਘ, ਉਕਤ ਬੰਬੇਲੀ ਪਿੰਡ ਦਾ ਮੌੜ੍ਹੀ-ਗੱਡ,, ਵੀ ਸੀ, ਜਿਹਨਾਂ ਰਲ-ਮਿਲ, ਕਰੋੜ ਸਿੰਘੀਆਂ ਮਿਸਲ ਦਾ ਬਾਨਣੂੰ ਬੰਨਿਆ ਸੀ। ਮਗਰੋਂ; ਇਸ ਮਿਸਲ ਦਾ ਵੱਡਾ ਮਿਸਲਦਾਰ ਬਘੇਲ ਸਿੰਘ ਕਰੋੜ ਸਿੰਘੀਆਂ ਹੋਇਆ, ਜਿਸਦਾ ਗੁਰਬਖਸ਼ ਸਿੰਘ ਬੜਾ ਨੇੜੂ ਸੀ। ਇੱਕ ਹੋਰ ਗੁਰਬਖਸ਼ ਸਿੰਘ ਪਿੰਡ ਗੰਗੂਬਾਹਾ (ਤਰਨਤਾਰਨ) ਦਾ ਸੀ, ਜਿਹੜਾ ਮਿਸਲ ਸ਼ਹੀਦਾਂ ਦਾ ਉੱਘਾ ਸੂਰਮਾ ਹੋ ਨਿਬੜਿਆ। ਇੱਕ ਗੁਰਬਖਸ਼ ਸਿੰਘ ਕਨ੍ਹੱਈਆਂ ਮਿਸਲ ਦੇ ਸ. ਜੈ ਸਿੰਘ ਦਾ ਪੁੱਤਰ ਸੀ ਜਿਹੜਾ ਆਹਲੂਵਾਲੀਆ ਮਿਸਲ ਦੇ ਜੱਸਾ ਸਿੰਘ ਨਾਲ ਹੋਈ ਝੜਪ ਸਮੇਂ ਮਾਰਿਆ ਗਿਆ ਸੀ, ਇਸੇ ਗੁਰਬਸ਼ ਸਿੰਘ ਦੀ ਭੈਣ, ਬਾਅਦ 'ਚ, ਸ਼ੁਕਰਚੱਕੀਆ ਮਿਸਲ ਦੇ ਸ਼ਹਿਜਾਦੇ ਰਣਜੀਤ ਸਿੰਘ ਨੂੰ ਵਿਆਹੀ ਗਈ।

ਪਰੰਤੂ; ਬੰਬੇਲੀ ਪਿੰਡ ਦੇ ਵਸਣ ਦਾ ਕਾਰਕ ਬਣਨ ਵਾਲੇ ਯੋਧੇ ਗੁਰਬਖਸ਼ ਸਿੰਘ, ਸਿੱਧੂ ਜੱਟ, ਦੀ ਜੰਮਣ ਭੌਂਇ ਤਹਿਸੀਲ ਕਸੂਰ ਜ਼ਿਲਾਂ ਲਾਹੌਰ ਦਾ ਉੱਘੜਵਾਂ ਪਿੰਡ ਕਲਸੀਆ ਸੀ। ਪਹਿਲਾਂ-ਪਹਿਲ ਉਹਨਾਂ ਦਾ ਸਬੰਧ ਕਰੋੜ ਸਿੰਘੀਆਂ ਮਿਸਲ, ਜਿਸਦਾ ਹਰਿਆਣਾ (ਭੂੰਗਾਂ) ਖਿੱਤੇ ਸਮੇਤ ਮਾਹਿਲਪੁਰ ਖਿੱਤੇ ਦੇ ਉਰਲੇ ਪਾਸੇ ਤੱਕ ਕੁੱਝ/ ਟੁੱਟਵੇਂ ਖੇਤਰ ਉੱਤੇ ਵੀ ਕਬਜ਼ਾ ਸੀ, ਨਾਲ ਰਿਹਾ। ਸਮਾਂ ਪਾ; ਇਹੀ ਕਲਸੀਏ, ਕਲਸੀਆਂ ਮਿਸਲ, ਜਿਸਦੇ ਹਿੱਸੇ ਪਹਿਲਾਂ-ਪਹਿਲ ਬੱਧਣੀ-ਬਿਲਾਸਪੁਰ (ਮੋਗਾ ਖੇਤਰ) ਦੇ 7-8 ਪਿੰਡ ਆਏ, ਦੇ ਬਾਨੀ ਬਣੇ ਸਨ। ਪਹਿਲਾਂ-ਪਹਿਲ ਉਸਦਾ ਗੂੜ੍ਹਾ ਸਬੰਧ ਕਰੋੜ ਸਿੰਘੀਆਂ ਮਿਸਲ, ਜਿਸਦਾ ਹਰਿਆਣਾ (ਭੂੰਗਾਂ) ਖਿੱਤੇ ਸਮੇਤ ਮਾਹਿਲਪੁਰ ਖਿੱਤੇ ਦੇ ਉਰਲੇ ਪਾਸੇ ਤੱਕ ਕੁੱਝ/ ਟੁੱਟਵੇਂ ਖੇਤਰ ਉੱਤੇ ਵੀ ਕਬਜ਼ਾ ਸੀ, ਨਾਲ ਰਿਹਾ।

ਕਲਸੀਆਂ ਮਿਸਲ, ਮੁਰਾਦਾਬਾਦ-ਪਾਊਂਟਾ ਸਹਿਬ ਰੋਡ, ਦੇ ਸੰਯੋਜਕ ਇਸ ਪੁਰਖੇ ਦੀ ਜੰਗੀ-ਗੜ੍ਹੀ ਪਿੰਡ ਗੋਂਦਪੁਰ (ਮਾਹਿਲਪੁਰ-ਬਾੜੀਆਂ) ਵਿੱਚ ਸੀ। ਪਰ; ਹਾਲਾਤਾਂ ਵੱਸ ਇਹ ਬੰਬੇਲੀ ਖਿੱਤੇ ਦੇ ਸੰਘਣੇ ਬਣ-ਵੇਲਿਆ, ਅੰਬਾਂ ਦੇ ਝੁਰਮਟਾਂ, ਵਿੱਚ ਗੁਰੀਲਾ ਰਣਨੀਤਿਕ ਪਨਾਹ ਲੈ ਲੈਂਦਾ ਸੀ। ਇਸ ਆਰਜ਼ੀ ਜੰਗੀ-ਪਿਕਟ ਨੂੰ ਉਦੋਂ 'ਬਣ-ਵੇਲੀ' ਕਹਿੰਦੇ ਸਨ। ਉਦੋਂ ਦੀ 'ਬਣ-ਵੇਲੀ', ਜਿਥੇ ਉਸ ਆਖਰੀ ਸਾਹ ਲਏ, ਵਿੱਚ ਉਸਦੀ ਸਮਾਧ ਹੁਣ ਵੀ ਮੌਜੂਦ ਹੈ। ਮਗਰੋਂ; ਇਹੀ 'ਬਣ-ਵੇਲੀ', ਵਿਗੜਦਾ-ਸੰਵਰਦਾ, ਇਲਾਕੇ ਦਾ ਉੱਘਾ ਕੇਂਦਰੀ ਪਿੰਡ, 'ਬੰਬੇਲੀ' ਬਣ ਗਿਆ। ਇਹ ਮਾਣ-ਮੱਤਾ ਪਿੰਡ, ਮੇਰੀ ਜੰਮਣ-ਭੌਂਇ ਹੈ।

***ਮੋਬਾਇਲ : 94634-39075***

## ਸਫ਼ਾ 3 ਦੀ ਬਾਕੀ

## ਜਹਾਂ ਮੇਂ ਕੁਛ ਤੋ ਰਹਾ ਨਾਮ ਬੇਕਰਾਰੋਂ ਕਾ...

ਨੇ ਆਪਣੇ ਸੂਖਮ ਤੇ ਸਹਿਜ ਭਾਵਾਂ ਦੀ ਅਭੀਵਿਅਕਤੀ ਲਈ ਗ਼ਜ਼ਲ ਤੇ ਗੀਤ ਕਾਵਿ ਰੂਪਾਕਾਰਾਂ ਨੂੰ ਭਾਵ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ। ਇੱਕੋ ਸਮੇਂ ਦੋ ਕਾਵਿ ਰੂਪਾਂ ਵਿਚ ਆਪਣੀਆਂ ਮਨੋਭਾਵਨਾਵਾਂ ਨੂੰ ਅਭਿਵਿਅਕਤ ਕਰਨਾ ਉਸ ਦੀ ਕਾਵਿ ਸਮਰੱਥਾ ਵੀ ਹੈ ਤੇ ਸ਼ਕਤੀ ਵੀ ਹੈ, ਕਿਉਂਕਿ ਗ਼ਜ਼ਲ ਸੰਖੇਪ ਬਿਰਤਾਂਤ ਨਾਲ ਸੰਬੰਧਤ ਅਤੇ ਗੀਤ ਖੁੱਲ੍ਹੇ ਬਿਰਤਾਂਤ ਵਾਲੀ ਕਾਵਿ ਰਚਨਾ ਹੈ। ਮੋਹਲ ਕਾਵਿ ਦੇ ਥੀਮਕ ਪਾਸਾਰਾਂ ਨੂੰ ਸਮਝਣ ਉਪਰੰਤ ਇਹ ਗੱਲ ਸਪੱਸ਼ਟ ਹੈ ਕਿ ਉਸ ਨੇ ਗ਼ਜ਼ਲ ਗੀਤਾਂ ਦੀ ਤੁਲਨਾ ਜ਼ਿਆਦਾ ਰਚੀ ਹੈ। ਸੁਭਾਵਕ ਹੀ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹ ਜਿਨ੍ਹਾਂ ਥੀਮਾਂ ਨੂੰ ਗ਼ਜ਼ਲ ਵਿਚ ਖੁੱਲ੍ਹਦਿਲੀ ਨਾਲ ਪੇਸ਼ ਕਰਨ ਤੋਂ ਅਸਮਰਥ ਰਹੀ ਜਾਂ ਗ਼ਜ਼ਲ ਵਿਚ ਜਿਨ੍ਹਾਂ ਥੀਮਾਂ ਨੂੰ ਪੇਸ਼ ਕਰਨ ਉਪਰੰਤ ਵੀ ਅਸੰਤੁਸ਼ਟ ਰਹੀ, ਉਨ੍ਹਾਂ ਥੀਮਾਂ ਨੂੰ ਉਸ ਨੇ ਗੀਤਾਂ ਰਾਹੀਂ ਪੇਸ਼ ਕੀਤਾ ਹੈ। ਇਸ ਲਈ ਗ਼ਜ਼ਲਾਂ ਤੇ ਗੀਤਾਂ ਵਿਚਲੇ ਮੋਟਿਫਾਂ ਦਾ ਦੁਹਰਾਓ ਉਸ ਦੀ ਸਮੁੱਚੀ ਕਾਵਿ ਰਚਨਾ ਵਿਚੋਂ ਮਿਲਦਾ ਹੈ। ਗੀਤਾਂ ਵਿਚ ਗ਼ਜ਼ਲ ਦੇ ਮੁਕਾਬਲੇ ਹਲਕੇ ਸੂਖਮ ਵਿਚਾਰ ਪੇਸ਼ ਕੀਤੇ ਜਾ ਸਕਦੇ ਹਨ, ਪਰ ਗ਼ਜ਼ਲ ਗੰਭੀਰਤਾ ਤੇ ਪੁਖਤਗੀ ਦੀ ਸਿਨਫ਼ ਹੈ, ਇਸ ਵਿਚ ਤਕਨੀਕ ਤੇ ਵਿਸ਼ੇ ਦੇ ਨਿਭਾਅ ਬਾਰੇ ਸੁਚੇਤ ਹੋ ਕੇ ਹੀ ਸਿਰਜਣਾ ਕੀਤੀ ਜਾ ਸਕਦੀ ਹੈ। ਮੋਹਲ ਨੇ ਇਸ ਸੰਬੰਧੀ ਪੁਖਤਗੀ ਦਾ ਸਬੂਤ ਦਿੱਤਾ ਹੈ, ਪਰ ਤਕਨੀਕ ਪੱਖੋਂ ਉਸ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ। 'ਕਾਇਨਾਤ' ਗ਼ਜ਼ਲ ਵਿਚ ਉਸ ਨੇ ਢੰਗ, ਰੰਗ, ਝੰਗ ਨਾਲ ਲੰਘ ਕਾਫੀਆ ਬੰਨ੍ਹਿਆਂ ਹੈ, ਜਿਸ ਕਾਰਨ ਹਰਫੇ ਰਵੀ ਬਦਲਣ ਨਾਲ ਐਬ-ਏ-ਇਕਫਾ ਪੈਦਾ ਹੋ ਗਿਆ ਹੈ।

ਉਸ ਨੇ ਵਿਭਿੰਨ ਬਹਿਰਾਂ ਦੀ ਸੁਯੋਗ ਵਰਤੋਂ ਕਰਕੇ ਆਪਣੀ ਗ਼ਜ਼ਲ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ। ਸਮੁੱਚੇ ਰੂਪ ਵਿਚ ਮੋਹਲ ਦੀ ਇਸ ਪੁਸਤਕ ਵਿਚ ਆਦਿ ਵਿੱਚ 'ਵੰਦਨਾ' ਸ਼ਾਮਲ ਹੈ, ਜਿਸ ਵਿਚ ਉਹ ਆਪਣੇ ਇਸ਼ਟ ਤੋਂ ਕਾਵਿ ਸਿਰਜਣਕਾਰੀ ਦਾ ਵਰਦਾਨ ਮੰਗਦੀ ਹੈ। ਰਚਨਾ ਦੇ ਆਦਿ ਵਿਚ ਅਜਿਹਾ ਮੰਗਲਾਚਰਨ ਕਿੱਸਾ ਕਾਵਿ ਅਤੇ ਵਾਰਾਂ ਵਿਚੋਂ ਮਿਲਦਾ ਹੈ। ਆਧੁਨਿਕ ਸਮੇਂ ਵਿਚ ਅਜਿਹਾ ਕਾਰਜ ਸਮਕਾਲੀ ਸਮਾਜੀ, ਰਾਜਸੀ, ਆਰਥਕ ਸਥਿਤੀਆਂ ਨੂੰ ਸਮਝਣ ਲਈ ਪ੍ਰਮਾਤਮਾ ਕੋਲੋਂ ਬੌਧਿਕ ਸਮਰੱਥਾ ਦੀ ਮੰਗ ਸਾਬਤ ਹੁੰਦੀ ਹੈ। ਇਸ ਤਰ੍ਹਾਂ ਇਹ ਪੁਸਤਕ 'ਕੁਕਨੂਸ ਦਾ ਪੁਨਰ ਜਨਮ' ਸਵੈ-ਕੇਂਦਰਤ ਰਚਨਾ ਹੈ, ਜਿਸ ਵਿਚ ਸਮਾਜਕ ਨਾਬਰਾਬਰੀ ਦਾ ਤੁਲਨਾਤਮਕ ਪਰਿਪੇਖ, ਔਰਤ ਜਾਂ ਹਾਸ਼ੀਆਗ੍ਰਸਤ ਧਿਰਾਂ ਦੀ ਦਸ਼ਾ ਤੇ ਦਿਸ਼ਾ, ਪ੍ਰੀਤਮ ਰਾਹੀਂ ਦੁਨੀਆ ਦੇ ਵਰਤਾਰੇ ਤੇ ਸੁਭਾਓ ਨੂੰ ਸਵੈ-ਸੰਵਾਦ ਰਾਹੀਂ ਪੇਸ਼ ਕੀਤਾ ਹੈ। ਸਮਾਜ ਦੀ ਅਜਿਹੀ ਸਥਿਤੀ ਹੀ ਸ਼ਾਇਰਾ ਦੀ ਉਦਾਸੀ ਤੇ ਵਿਸ਼ਾਦ ਦਾ ਕਾਰਨ ਬਣਦੀ ਹੈ, ਜਿਸ ਕਾਰਨ ਉਸ ਦੀ ਸ਼ਾਇਰੀ ਉਦਾਸੀ ਸੁਰ ਨੂੰ ਅਖਤਿਆਰ ਕਰ ਲੈਂਦੀ ਹੈ, ਪਰ ਇਸ ਉਦਾਸੀ ਵਿਚੋਂ ਨਿਕਲਣ ਲਈ ਉਹ ਕਾਵਿ ਸਿਰਜਣਾ ਕਰਦੀ ਹੈ। ਇਸ ਤਰ੍ਹਾਂ ਉਹ ਕੁਕਨੂਸ ਵਾਂਗ ਆਪਣੇ ਹੀ ਰਾਖ ਰੂਪੀ ਦਰਦਾਂ ਵਿਚੋਂ ਪੁਨਰ ਜੀਵਤ ਹੁੰਦੀ ਹੈ। ਅਜੋਕੇ ਅਸਥਿਰ ਮਾਹੌਲ ਵਿਚ ਅਜਿਹੀ ਕਾਵਿ ਕਿਰਤ ਸੰਜੀਵਨੀ ਦਾ ਕੰਮ ਕਰਦੀ ਹੈ।

'ਪੌਣਾਂ ਕਰਨ ਸਰਗੋਸ਼ੀਆਂ' ਮਾਲਵਿੰਦਰ ਸ਼ਾਇਰ ਦਾ ਨਿਰੋਲ ਤੀਜਾ ਗ਼ਜ਼ਲ ਸੰਗ੍ਰਹਿ ਹੈ। ਹੱਥਲਾ ਗ਼ਜ਼ਲ ਸੰਗ੍ਰਹਿ ਉਸ ਦੇ ਸੂਖਮ ਅਹਿਸਾਸਾਂ ਦੀ ਕਲਾਤਮਿਕ ਪੇਸ਼ਕਾਰੀ ਦਾ ਉੱਤਮ ਨਮੂਨਾ ਹੈ। ਉਸ ਨੇ ਸਮਕਾਲੀ ਸਮਾਜਕ, ਆਰਥਕ ਅਤੇ ਵਿਭਿੰਨ ਸਰੋਕਾਰਾਂ ਨੂੰ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ। ਹੱਥਲੇ ਗ਼ਜ਼ਲ ਸੰਗ੍ਰਹਿ ਦੀ ਇਕ ਵਿਸ਼ੇਸ਼ਤਾ ਇਸ ਦੇ ਪੰਜਾਬੀ ਇਤਿਹਾਸਕ/ ਮਿਥਿਹਾਸਕ ਚੇਤਨਾ ਨਾਲ ਲਬਰੇਜ਼ ਹੋਣ ਵਿਚ ਵੀ ਹੈ। ਸ਼ਾਇਰ ਨੇ ਸਿੱਖ ਇਤਿਹਾਸ ਨਾਲ ਸੰਬੰਧਤ ਪਾਤਰਾਂ ਅਤੇ ਪ੍ਰਸੰਗਾਂ ਨੂੰ ਕਾਵਿ ਸਿਰਜਣਾ ਦਾ ਸਰੋਤ ਬਣਾਇਆ ਹੈ, ਇਸ ਲਈ ਉਸ ਨੇ ਹੱਥਲੇ ਗ਼ਜ਼ਲ ਸੰਗ੍ਰਹਿ ਦੀ ਪਹਿਲੀ ਗ਼ਜ਼ਲ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਵਿਛੋੜੇ ਨੂੰ ਆਧਾਰ ਬਣਾ ਕੇ ਲਿਖੀ ਹੈ। ਇਸ ਗ਼ਜ਼ਲ ਦੇ ਵਿਭਿੰਨ ਸ਼ਿਅਰਾਂ ਵਿਚ ਮਾਤਾ ਗੁਜਰੀ, ਸਰਸਾ ਨਦੀ 'ਤੇ ਵਿਛੋੜਾ, ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਆਦਿ ਨੂੰ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਵੀ ਪੇਸ਼ ਕੀਤਾ ਹੈ ਅਤੇ ਗੁਰੂ ਨਾਨਕ ਦੇ ਪੁਨਰ ਆਗਮਨ ਦੀ ਕਾਮਨਾ ਕਰਦਾ ਹੈ, ਪਰ ਉਹ ਸਮਕਾਲੀ ਵਿਵਸਥਾ ਤੋਂ ਸੁਚੇਤ ਹੈ, ਇਸ ਲਈ ਉਹ ਕਹਿੰਦਾ ਹੈ;

ਹੋਰ ਉਦਾਸੀ ਕਰਨੀ ਆਵੀਂ, ਰੂਪ ਵਟਾ ਕੇ ਹੋਰ/ ਸ਼ਾਇਰ ਨਹੀਂ ਤਾਂ ਇਹ ਛੱਡਣਗੇ, ਲੈ ਕੇ ਤੇਰੀ ਜਾਨ।

ਸ਼ਾਇਰ ਸਮਕਾਲੀ ਸਮਾਜ ਵਿੱਚ ਫੈਲੀ ਧਰਮ-ਅੰਧਤਾ, ਅਰਾਜਕਤਾ, ਲੁੱਟ-ਖਸੁੱਟ ਨੂੰ ਪੇਸ਼ ਕਰਦਾ ਹੋਇਆ ਪੁਰਾਣੇ ਸਮਿਆਂ ਵਿੱਚ ਚਲਾ ਜਾਂਦਾ ਹੈ। ਉਸ ਦਾ ਸਮਕਾਲ ਤੋਂ ਭੂਤਕਾਲ ਦਾ ਹੇਰਵਾ ਉਸ ਨੂੰ ਰੁਮਾਂਸਵਾਦੀ ਬਣਾ ਦਿੰਦਾ ਹੈ, ਪਰ ਅਜਿਹੀ ਰੁਮਾਂਟਿਕ ਬਿਰਤੀ ਸਮਕਾਲੀ ਯਥਾਰਥ ਤੋਂ ਭੱਜਣ ਦੀ ਨਹੀਂ, ਬਲਕਿ ਪੰਜਾਬੀ ਸੱਭਿਆਚਾਰ ਵਿੱਚ ਖਾਣ-ਪੀਣ ਦੀ ਖੁੱਲ੍ਹ ਅਤੇ ਸਰੀਰਕ ਤਾਕਤਵਰ ਨੂੰ ਸਮਕਾਲੀ ਸਮਾਜ ਦੀ ਤੁਲਨਾ ਵਿਚ ਸਿਰਜਣਾ ਹੈ;

ਨੱਕ ਚੜ੍ਹਾ ਕੇ ਖਾਣ ਖੁਰਾਕਾਂ, ਅੱਜਕੱਲ੍ਹ ਬਾਲ ਨਿਆਣੇ ਸਭ ਹੀ/ ਦੁਖਣ ਜੁਬਾੜੇ ਚੂਪਣ ਗੰਨੇ, ਜਦ ਇਹ ਚਬਦੇ ਛੱਲੀਆਂ ਨੇ।

ਇਸ ਕਾਰਨ ਹੀ ਉਹ ਨਵੇਂ ਰਿਸ਼ਤਿਆਂ ਦੀ ਆੜ ਵਿੱਚ 'ਪੁਰਾਣੇ ਰਿਸ਼ਤੇ ਟੁੱਟਣ' ਦੀ ਗਾਥਾ ਬਿਆਨ ਕਰਦਾ ਹੈ। ਹੱਥਲੇ ਗ਼ਜ਼ਲ ਸੰਗ੍ਰਹਿ ਵਿਚ ਗ਼ਜ਼ਲ ਦੇ ਹੋਰ ਰੂਪ/ ਕਿਸਮਾਂ (ਤਜਮੀਨੀ ਗ਼ਜ਼ਲ ਅਤੇ ਤ੍ਰੈ ਗ਼ਜ਼ਲਾਂ) ਦਾ ਪ੍ਰਯੋਗ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਉਸ ਨੇ ਸਮਕਾਲੀ ਯਥਾਰਥ ਨੂੰ ਸੱਭਿਆਚਾਰਕ ਸਰੋਤਾਂ ਦੇ ਧਰਾਤਲ 'ਤੇ ਉਸਾਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਹਰਮਿੰਦਰ ਸਿੰਘ ਕੋਹਾਰਵਾਲਾ ਪੰਜਾਬੀ ਗ਼ਜ਼ਲ ਦਾ ਸਮਰੱਥ ਸ਼ਾਇਰ ਹੈ। ਉਸ ਦੀ ਗ਼ਜ਼ਲ ਸਮਕਾਲੀ ਸਰੋਕਾਰਾਂ ਦੀ ਗ਼ਜ਼ਲ ਹੈ, ਜਿਸ ਵਿਚ ਉਹ ਹਰੇਕ ਪੀੜਤ ਧਿਰ ਨੂੰ ਗ਼ਜ਼ਲ ਵਸਤੂ ਬਣਾ ਕੇ ਪੇਸ਼ ਕਰਦਾ ਹੈ। ਉਸ ਦਾ ਪ੍ਰਤੀਕਰਮ ਨਾਲਾਇਕ ਤੇ ਲੋਟੂ ਤੰਤਰ ਨੂੰ ਆਪਣੇ ਸ਼ਬਦ ਬਾਣਾਂ ਨਾਲ ਫੁੰਡਦਾ ਨਜ਼ਰ ਆਉਂਦਾ ਹੈ-

ਚਲਦਾ ਹੈ ਹੁਕਮ ਜਿਸ ਦਾ, ਭਾਰਤ ਮਹਾਨ ਉੱਤੇ/ ਨੱਚਦਾ ਹੈ ਝੂਠ ਰਹਿੰਦਾ, ਉਸ ਦੀ ਜ਼ਬਾਨ ਉੱਤੇ।

ਇਸ ਤਰ੍ਹਾਂ ਉਹ ਗ਼ਰੀਬ ਧਿਰਾਂ ਨੂੰ ਤਿਆਗ ਕੇ ਧਨੀਆਂ ਦੀ ਤਰਫਦਾਰੀ ਕਰਨ ਵਾਲੇ ਸਰਕਾਰੀ ਤੰਤਰ ਨੂੰ ਪੇਸ਼ ਕੀਤਾ ਹੈ। ਸਰਕਾਰੀ ਤੰਤਰ ਦੀਆਂ ਘਿਨਾਉਣੀਆਂ ਹਰਕਤਾਂ ਵੀ ਉਸ ਦੀ ਗ਼ਜ਼ਲ ਤੋਂ ਪਾਸੇ ਨਹੀਂ ਹਨ—

ਚਲਦੀ ਜੋ ਰਾਜਨੀਤੀ, ਬਣਦੇ ਕਾਨੂੰਨ ਜਿਹੜੇ/ ਹੁੰਦੀ ਹੈ ਨੰਗੀ ਚਿੱਟੀ, ਧਨੀਆਂ ਦੀ ਤਰਫ਼ਦਾਰੀ। ਲੋਕਤੰਤਰ ਦੇ ਥੰਮ ਮੀਡੀਆ ਤੰਤਰ ਦਾ ਭਰੋਸੇਯੋਗ ਨਾ ਰਹਿਣਾ ਇਸ ਸਦੀ ਦਾ ਸਰੋਕਾਰ ਬਣਿਆ ਹੈ। ਜੋ ਇਸ ਸਾਲ ਦੀ ਗ਼ਜ਼ਲ ਵਿਚ ਵੀ ਮਿਲਦਾ ਹੈ-

ਜ਼ਰਾ ਵੀ ਆਸ ਨਾ ਰੱਖੋ, ਦਏਗਾ ਸੱਚ 'ਤੇ ਪਹਿਰਾ/ ਜਦੋਂ ਅਖ਼ਬਾਰ ਵਿਕ ਜਾਵੇ, ਛਪੇ ਅਖ਼ਬਾਰ ਤੋਂ ਪਹਿਲਾਂ।

ਹਰਮਿੰਦਰ ਕੋਹਾਰਵਾਲਾ ਦੀ ਗ਼ਜ਼ਲ 'ਸ਼ਬਦਾਂ ਦੀ ਜਾਦੂਗਰੀ' ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਇਕੋ ਗ਼ਜ਼ਲ/ਸ਼ਿਅਰ ਵਿਚ ਇਕੋ ਸ਼ਬਦ ਦੇ ਵਿਭਿੰਨ ਅਰਥਾਂ ਨੂੰ ਪੇਸ਼ ਕਰਕੇ ਉਹ ਆਪਣੀ ਭਾਸ਼ਾਈ ਸੂਝ ਹੀ ਨਹੀਂ, ਬਲਕਿ ਪੰਜਾਬੀ ਗ਼ਜ਼ਲ ਦੀ ਨਿਵੇਕਲੀ ਕਾਵਿ ਭਾਸ਼ਾ ਨੂੰ ਸਿਰਜਦਾ ਵੀ ਨਜ਼ਰ ਆਉਂਦਾ ਹੈ।

ਸਾਥੋਂ ਜੋ ਲੈਣ ਬਦਲੇ, ਬਦਲੇ ਨੇ ਬਹੁਤ ਵਾਰੀ/ ਸਾਡਾ ਨਾ ਕੋਈ ਬਣਦਾ, ਬਣਦਾ ਜੋ ਮੁਕਟਧਾਰੀ।

ਮੁੰਡਿਆਂ ਨੂੰ ਮੰਡਿਆਂ ਨੇ, ਮੰਡੀਆਂ ਵਿਚ ਰੋਲਿਆ/ ਪਰ ਕਿਸੇ ਨਾ ਬਾਤ ਪੁੱਛੀ, ਦੁੱਖ ਥਾਂ-ਥਾਂ ਫੋਲਿਆ।

ਸਿਰ ਚੁੱਕਣ 'ਤੇ ਸਿਰ ਜੁਰਮਾਨਾ ਲਗਦਾ ਹੈ/ ਸਿਰ ਕੱਟਣ ਨੂੰ ਸਿਰਫ਼ ਬਹਾਨਾ ਲਗਦਾ ਹੈ।

ਮੇਜਰ ਸਿੰਘ ਰਾਜਗੜ੍ਹ ਆਪਣੀ ਕਲਮ ਰਾਹੀਂ ਸਮਾਜਕ ਕੁਰੀਤੀਆਂ ਨੂੰ ਬੜੀ ਖੂਬਸੂਰਤੀ ਨਾਲ ਚਿਤਰਦਾ ਹੈ। ਉਸ ਨੂੰ ਰਾਜਸੀ ਲੋਕਾਂ ਦੀ ਘਟੀਆ ਮਾਨਸਿਕਤਾ ਦੀ ਡੂੰਘੀ ਸਮਝ ਹੈ। ਹਾਕਮਾਂ ਦੀਆਂ ਮਾਰੂ ਚਾਲਾਂ ਅਤੇ ਸਿਆਸੀ ਨਿਘਾਰ ਵਾਲੀ ਗੰਧਲੀ ਰਾਜਨੀਤੀ ਇਸ ਸਾਲ ਦੀ ਪੰਜਾਬੀ ਗ਼ਜ਼ਲ ਦਾ ਸਿਰਜਣ ਸੋਮਾ ਬਣੀ ਹੈ-

ਰੱਦੀ ਕਾਗਜ਼ ਸਮਝਦੇ, ਇਹ ਸਾਡਾ ਮਤਦਾਨ/ ਕਿਰਤੀ ਸੁੱਤਾ ਜਾਗ ਤੂੰ, ਕੱਸ ਆਪਣਾ ਲੰਗੋਟ

ਸਿਆਸੀ ਧੋਖੇਬਾਜ਼ ਨੇ, ਬਣਦੇ ਨਾ ਇਹ ਮਿੱਤ/ ਕੁਰਸੀ ਖਾਤਰ ਜ਼ਾਲਮਾਂ, ਕੀਤੇ ਵਿਸਫੋਟ।

ਵਿਸ਼ਵੀਕਰਨ ਦੇ ਦੌਰ ਵਿਚ ਸੱਭਿਆਚਾਰ ਵੱਲ ਪਰਤ ਕੇ ਉਹ ਇਸ ਸਾਰੇ ਘਟਨਾਕ੍ਰਮ ਤੋਂ ਚੇਤਨ ਸਮੁੱਚੀ ਪੰਜਾਬੀਅਤ ਨੂੰ ਸੁਚੇਤ ਕਰਦਾ ਹੈ-

ਲੂਣ ਮਿਹਾਣੀ ਗੁੱਲੀ ਡੰਡਾ, ਬਾਂਦਰ ਕਿੱਲਾ ਖੇਡੇ ਸਾਂ/ ਤਾਰਿਆਂ ਛਾਵੇਂ ਪਾਉਂਦੇ ਸੁਣਦੇ, ਬਾਤਾਂ ਸਾਰੀ ਰਾਤ ਰਹੇ।

ਊੜਾ, ਆੜਾ ਪੈਂਤੀ ਅੱਖਰ, ਫੱਟੀ ਉੱਪਰ ਲਿਖਦੇ ਸੀ/ ਤੀਜਾ ਨੇਤਰ ਵਿੱਦਿਆ ਖੋਲ੍ਹੇ, ਮਸਤਕ ਵਿਚ ਪ੍ਰਭਾਤ ਰਹੇ।

ਸ਼ਮਸ਼ੇਰ ਮੋਹੀ ਇਕੋ ਸਮੇਂ ਪੰਜਾਬੀ ਗ਼ਜ਼ਲ ਚਿੰਤਨ ਅਤੇ ਗ਼ਜ਼ਲ ਸਿਰਜਣਾ ਨਾਲ ਜੁੜਿਆ ਹੋਇਆ ਹੈ। ਇਸ ਸਾਲ ਉਸ ਦਾ ਗ਼ਜ਼ਲ ਸੰਗ੍ਰਹਿ ਹੁਣ ਤਾਂ ਸ਼ਾਇਦ ਪ੍ਰਕਾਸ਼ਤ ਹੋਇਆ ਹੈ।

ਉਹ ਬੜੀ ਸਹਿਜਤਾ, ਸੰਜਮ ਤੇ ਆਸ਼ਾਵਾਦੀ ਦ੍ਰਿਸ਼ਟੀ ਅਪਣਾਉਂਦਾ ਹੋਇਆ ਪ੍ਰਤਿਕੂਲ ਸਥਿਤੀਆਂ ਨੂੰ ਚਿਤਰਦਾ ਹੈ।

ਇਸ ਚਿਤਰ ਵਿਚ ਨੇਰੇ ਦੀ ਥਾਂ ਚਾਨਣ ਵੀ ਭਰ ਹੋ ਸਕਦਾ ਹੈ/ ਦੁਨੀਆਂ ਦਾ ਇਹ ਦਿਸਦਾ ਮੰਜ਼ਰ ਇਸ ਤੋਂ ਬੇਹਤਰ ਹੋ ਸਕਦਾ ਹੈ।

ਇਸ ਸਾਲ ਦੀ ਗ਼ਜ਼ਲ ਵਿਚ ਬੇਸ਼ੱਕ ਇਕੋ ਜਿਹੇ ਥੀਮ ਪੇਸ਼ ਹਨ, ਪਰ ਮੋਹੀ ਆਪਣੀ ਗ਼ਜ਼ਲ ਦੀ ਪਛਾਣ ਦੱਸਦਾ ਹੈ।

ਇਹਦੇ ਵਿਚ ਦਰਦ, ਦਰਵੇਸ਼ੀ ਤੇ ਕੁਝ ਕੁਝ ਨਾਬਰੀ ਏ/ ਇਵੇਂ ਲਗਦੈ ਗ਼ਜ਼ਲ ਇਹ ਆਪਣੇ ਸ਼ਮਸ਼ੇਰ ਦੀ ਹੈ।

ਇਸ ਤਰ੍ਹਾਂ ਮੋਹੀ ਦੀ ਗ਼ਜ਼ਲ ਸਮਾਜੀ ਰਾਜਸੀ ਪ੍ਰਬੰਧ ਨੂੰ ਚਿਤਰਦੀ ਹੈ, ਇਨ੍ਹਾਂ ਸੰਸਥਾਵਾਂ ਵਿਚੋਂ ਉਪਜੀ ਅਸਾਵੀਂ ਸਥਿਤੀ ਉਸ ਨੂੰ ਸੰਘਰਸ਼ ਵੱਲ ਤੋਰਦੀ ਹੈ। ਅਜਿਹਾ ਸੰਘਰਸ਼ ਉਸ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਹਾਸਿਲ ਹੋਇਆ ਮਹਿਸੂਸ ਹੁੰਦਾ ਹੈ।

ਪਰਵਾਸ ਦੀ ਪ੍ਰਕਿਰਿਆ ਨਾਲ ਪੰਜਾਬ ਦੀ ਸਿਰਜਨਾਤਮਕ ਕਲਪਨਾ ਨੂੰ ਨਵੀਂ ਤਰ੍ਹਾਂ ਦੇ ਅਨੁਭਵ ਪ੍ਰਾਪਤ ਹੋਏ ਹਨ। ਫਲਸਰੂਪ ਪੰਜਾਬੀ ਗ਼ਜ਼ਲ ਵਿਚ ਅਨੇਕਾਂ ਨਵੀਨ ਸਰੋਕਾਰ ਅਤੇ ਸ਼ੈਲੀਗਤ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬ ਦੇ ਅਰਧ ਜਗੀਰਦਾਰੀ ਸਮਾਜ-ਸੱਭਿਆਚਾਰ ਪ੍ਰਬੰਧ ਤੋਂ ਉੱਠ ਕੇ ਵਿਸ਼ਵ ਦੇ ਅਤਿ-ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਪਹੁੰਚ ਕੇ ਪੰਜਾਬੀ ਪਰਵਾਸੀਆਂ ਦੀ ਚੇਤਨਾ ਨੇ ਵੱਖਰੀ ਤਰ੍ਹਾਂ ਦੇ ਤਜਰਬੇ ਹੰਢਾਏ ਹਨ। ਇਨ੍ਹਾਂ ਵਿਚੋਂ ਸੁਹਿਰਦ ਅਤੇ ਚਿੰਤਨਸ਼ੀਲ ਪਰਵਾਸੀ ਕਵੀਆਂ ਨੇ ਆਪਣੇ ਅਨੁਭਵਾਂ ਨੂੰ ਸਾਹਿਤ ਰੂਪ ਵਿਚ ਢਾਲਿਆ ਹੈ। ਪਰਵਾਸੀ ਪੰਜਾਬੀ ਸਾਹਿਤ ਮੁੱਖ ਰੂਪ ਵਿਚ ਬਰਤਾਨੀਆ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਰਚਿਆ ਜਾ ਰਿਹਾ ਹੈ। ਇਸ ਸਾਲ ਪ੍ਰਵਾਸੀ ਗ਼ਜ਼ਲਕਾਰੀ ਵਿਚ ਦਾਦਰ ਪੰਡੋਰਵੀ (ਪਾਣੀ ਉੱਤੇ ਤਰਦੀ ਅੱਗ) ਅਤੇ ਨੀਲੂ ਜਰਮਨੀ (ਪਰਛਾਵਿਆਂ ਦੀ ਡਾਰ) ਨੇ ਆਪਣੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਕਰਵਾਏ ਹਨ। ਦੋਵੇਂ ਪ੍ਰਵਾਸੀ ਗ਼ਜ਼ਲਕਾਰ ਹੀ ਨਿਵੇਕਲੀ ਸ਼ੈਲੀ, ਸ਼ਬਦ-ਸੂਹਜ ਅਤੇ ਸਹਿਜਤਾ ਕਾਰਨ ਜਾਣੇ ਜਾਂਦੇ ਹਨ।

ਕੱਲ੍ਹ ਤੱਕ ਸਾਡੇ ਖ਼ਾਬਾਂ ਨੂੰ ਸੀ ਫ਼ਿਕਰ ਜ਼ਮਾਨੇ ਭਰ ਦਾ/ ਘਰ ਤੱਕ ਹੀ ਮਹਿਦੂਦ ਹੋ ਗਏ ਚਾਰ ਕੁ ਇੱਟਾਂ ਲਾ ਕੇ।

ਕਿੰਨੀਆਂ ਰਾਤਾਂ ਦੀ ਨੀਂਦਰ ਨੂੰ ਭੰਗ ਕਰੋਗੇ, ਮੈਂ ਤਾਂ/ ਤਾਜ਼ਾ ਕਰ ਲੈਂਦਾ ਹਾਂ ਬੇਹੇ ਖ਼ਾਬਾਂ ਨੂੰ ਤੜਕਾ ਕੇ।

ਸਭ ਚੀਜ਼ਾਂ ਦੇ ਸਾਏ ਮਨਫ਼ੀ ਹੋ ਗਏ ਸ਼ਾਮ ਢਲੀ ਤੋਂ/ ਆਖ਼ਿਰ ਘਰ ਨੂੰ ਤੁਰ ਚੱਲੇ ਹਾਂ 'ਇਹ ਵੀ' ਸਾਥ ਗਵਾ ਕੇ।

ਆਤਮਿਕ ਵੇਦਨਾ, ਮਾਨਸਕ ਪੀੜਾ ਅਤੇ ਪਰਵਾਸ ਦੀਆਂ ਸਮਾਜ-ਸੱਭਿਆਚਾਰਕ ਦੁਸ਼ਵਾਰੀਆਂ ਨੂੰ ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਾ ਬਣਾਇਆ ਗਿਆ ਹੈ।

ਮੁਹੱਬਤ ਕਿਸੇ ਵੀ ਸਮੇਂ ਦੀ ਗ਼ਜ਼ਲ ਦਾ ਕੇਂਦਰੀ ਸਰੋਕਾਰ ਰਿਹਾ ਹੈ। ਗ਼ਜ਼ਲ ਦੀ ਉਪਜ ਅਸਲੋਂ ਮੁਹੱਬਤ/ ਇਸ਼ਕ ਵਿਚੋਂ ਪ੍ਰਾਪਤ ਹਾਰ ਹੀ ਹੈ, ਇਸ ਲਈ ਗ਼ਜ਼ਲ ਵਿਚੋਂ ਮੁਹੱਬਤ ਮਨਫੀ ਨਹੀਂ ਹੋ ਸਕਦੀ ਅਤੇ ਮਾਨਵੀ ਜੀਵਨ ਵਿਚੋਂ ਵੀ ਇਸ ਤੱਤ ਨੂੰ ਕੱਢਿਆ ਨਹੀਂ ਜਾ ਸਕਦਾ। ਮੁਹੱਬਤ ਦੇ ਉਤਰਾਅ-ਚੜ੍ਹਾਅ ਵਿਚੋਂ ਹੀ ਗ਼ਜ਼ਲ ਦੇ ਹੋਰਨਾਂ ਸਰੋਕਾਰਾਂ ਦੇ ਸੁੰਗੜਨ ਤੇ ਫੈਲਣ ਨੂੰ ਸਮਝਿਆ ਜਾ ਸਕਦਾ ਹੈ। ਇਸ ਸਾਲ ਦੀ ਸਮੁੱਚੀ ਗ਼ਜ਼ਲ ਵਿਚ ਮੁਹੱਬਤ ਕੇਂਦਰੀ ਤੱਤ ਵਜੋਂ ਰੂਪਮਾਨ ਹੁੰਦੀ ਹੈ।

ਮੋਹਲ, ਗੁਰਮ, ਸਿਮਰਨ ਅਕਸ, ਜੋਗਿੰਦਰ ਨੂਰਮੀਤ, ਨੀਲੂ, ਮਾਲਵਿੰਦਰ, ਆਕਾਸ਼, ਜੀਤ ਆਦਿ ਦੀ ਗ਼ਜ਼ਲ ਵਿਚੋਂ ਮੁਹੱਬਤ ਕਾਰਨ ਪੈਦਾ ਹੋਈ ਉਪਰਾਮਤਾ ਅਤੇ ਇਸੇ ਕਾਰਨ ਉਤਪੰਨ ਹੋਈ ਆਸ਼ਾ ਨੂੰ ਭਲੀਭਾਂਤ ਵੇਖਿਆ ਜਾ ਸਕਦਾ ਹੈ। ਇਤਿਹਾਸਕ/ ਮਿਥਿਹਾਸਕ ਚੇਤਨਾ ਨਾਲ ਲਬਰੇਜ਼ ਸ਼ਿਅਰਾਂ ਦੀ ਸਿਰਜਣਾ ਕਰਕੇ ਸੱਭਿਆਚਾਰ ਵਿੱਚ ਇਤਿਹਾਸ/ ਮਿਥਿਹਾਸ ਦੀ ਪ੍ਰਮਾਣਿਕਤਾ ਦਾ ਸੰਦੇਸ਼ ਦਿੱਤਾ ਹੈ। ਇਸ ਸਾਲ ਦੀ ਸ਼ਾਇਰੀ ਵਿਚ ਬਹਿਰ-ਵਿਭਿੰਨਤਾ ਪਾਈ ਜਾਂਦੀ ਹੈ, ਪਰ ਅਧਿਕਤਮ ਗ਼ਜ਼ਲ ਲੋਕ ਮਨਾਂ ਵਿਚ ਵਸੀ ਸੁਰ ਲਹਿਰੀ ਨੂੰ ਹੀ ਕਾਵਿ ਅਭਿਵਿਅਕਤੀ ਦਾ ਮਾਧਿਅਮ ਬਣਾਉਂਦੀ ਹੈ। ਸਮੁੱਚੀ ਸ਼ਾਇਰੀ ਵਿਚ ਜਿੱਦਤ ਨੁਦਰਤ, ਕਨਾਇਆ, ਮਨਜਿਰ ਨਿਗਾਰੀ, ਸਾਦਗੀ, ਲਿਫ ਨਸ਼ਰ, ਈਰਾਦ ਉਲ ਮਿਸਲ, ਤਜਾਦ ਵਰਗੇ ਗੁਣਾਂ ਦੀ ਭਰਪੂਰਤਾ ਹੈ। ਗ਼ਜ਼ਲ ਅਰੂਜ਼ ਦੇ ਨੇਮਾਂ ਦੀ ਅਨੁਸਾਰੀ ਹੋ ਕੇ ਚਲਦੀ ਹੈ, ਪ੍ਰੰਤੂ ਫਿਰ ਵੀ ਕੁਝ ਕੁ ਊਣਤਾਈਆਂ ਰਹਿ ਗਈਆਂ ਹਨ। ਸ਼ਿਅਰਾਂ ਐਬ ਦੋ ਲਖਤ ਵਰਗੇ ਐਬ ਪਾਏ ਗਏ ਹਨ। ਅਜਿਹੇ ਐਬ ਸ਼ਿਅਰ ਵਿਚ ਕਾਰਜਸ਼ੀਲ ਭਾਵ ਪੱਧਰੀ ਏਕਤਾ ਦਾ ਭੰਜਨ ਕਰਦੇ ਹਨ, ਜਿਸ ਕਾਰਨ ਸ਼ਿਅਰ ਵਿਚੋਂ ਸਪੱਸ਼ਟਤਾ ਮਨਫੀ ਹੋ ਜਾਂਦੀ ਹੈ। ਸਾਰੰਸ਼ ਵਜੋਂ ਸਮੁੱਚੀ ਸ਼ਾਇਰੀ ਮਨੁੱਖ ਦੀ ਬਾਹਰੀ ਸਾਬਤ ਸਬੂਤੀ ਦਿੱਖ ਦੇ ਮੁਕਾਬਲੇ ਅੰਦਰੂਨੀ ਟੁੱਟ-ਭੱਜ ਨੂੰ ਰੂਪਮਾਨ ਕਰਦੀ ਹੈ।

## ਸਫ਼ਾ 3 ਦੀ ਬਾਕੀ

## ਅਕਾਦਮਿਕ ਅਦਾਰਿਆਂ 'ਚ ਪਹੁੰਚ ਰਹੀ ਪੰਜਾਬੀ ...

ਰਾਣਾ ਵੱਲੋਂ ਅਸ਼ਵਨੀ ਅਹੂਜਾ ਦੀਆਂ ਲਘੂਕਥਾਵਾਂ ਨੂੰ 'ਤੀਲਾ ਤੀਲਾ ਸੱਚ' ਨਾਂਅ ਹੇਠ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਇਸ ਪੁਸਤਕ ਦੀਆਂ ਰਚਨਾਵਾਂ ਵੀ ਵਿਭਿੰਨ ਵਿਸ਼ਿਆਂ ਨੂੰ ਰੂਪਮਾਨ ਕਰਦੀਆਂ ਪਾਠਕ ਦਾ ਧਿਆਨ ਖਿੱਚਦੀਆਂ ਹਨ।

ਮੁੱਢਲੇ ਦੌਰ ਦੇ ਮਿੰਨੀ ਕਹਾਣੀ ਸੰਗ੍ਰਹਿਆਂ ਦੀ ਮਹੱਤਤਾ ਨੂੰ ਸਮਝਦੇ ਹੋਏ ਯੋਗਰਾਜ ਪ੍ਰਭਾਕਰ ਨੇ ਵੀ ਇਕ ਤਰ੍ਹਾਂ ਨਾਲ ਇਹਨਾਂ ਦੇ ਪੁਨਰ-ਪ੍ਰਕਾਸ਼ਨ ਦਾ ਬੀੜਾ ਚੁੱਕਿਆ ਹੋਇਆ ਹੈ। ਇਸ ਸਾਲ ਇਨ੍ਹਾਂ ਨੇ ਤਿੰਨ ਪੁਰਾਣੇ ਸੰਗ੍ਰਹਿਆਂ ਨੂੰ ਪਾਠਕਾਂ ਦੇ ਪੜ੍ਹਨ ਲਈ ਮੁਹੱਈਆ ਕਰਵਾਇਆ ਹੈ। ਇਹਨਾਂ ਪੁਸਤਕਾਂ ਵਿਚ 'ਅਬ ਜੂਝਣ ਕਾ ਦਾਓ'-ਸੰਪਾਦਕ ਸ਼ਰਨ ਮੱਕੜ, ਅਨਵੰਤ ਕੌਰ, 'ਸੌ ਪੱਤ ਮਛਲੀ ਦੇ'-ਭੁਪਿੰਦਰ ਸਿੰਘ ਪੀ.ਸੀ.ਐੱਸ ਅਤੇ 'ਗ੍ਰਹਿਣੇ ਸੂਰਜ'-ਦਲੀਪ ਸਿੰਘ ਭੂਪਾਲ ਸ਼ਾਮਲ ਹਨ। ਡਾ. ਕਰਮਜੀਤ ਸਿੰਘ ਨਡਾਲਾ ਦੇ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਇਕੱਤੀ ਮਾਰਚ' ਅਤੇ ਡਾ. ਸ਼ਿਆਮ ਸੁੰਦਰ ਦੀਪਤੀ, ਸ਼ਿਆਮ ਸੁੰਦਰ ਅਗਰਵਾਲ ਤੇ ਬਿਕਰਮਜੀਤ ਨੂਰ ਵੱਲੋਂ ਸੰਪਾਦਿਤ 'ਵਿਦੇਸ਼ੀ ਮਿੰਨੀ ਕਹਾਣੀਆਂ' ਪੁਸਤਕਾਂ ਦੇ ਦੂਸਰੇ ਐਡੀਸ਼ਨ ਛਪੇ ਹਨ।

ਰਾਜਿੰਦਰ ਮਾਜ਼ੀ ਦੀ ਸੰਪਾਦਨਾ ਹੇਠ ਛਪਦੇ ਤ੍ਰੈਮਾਸਿਕ 'ਮੇਲਾ' ਦਾ ਮਿੰਨੀ ਕਹਾਣੀ ਵਿਸ਼ੇਸ਼ਾਂਕ ਵਿਚ ਵੀ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਮੇਲਾ ਦੇ ਇਸ ਵੱਡ-ਅਕਾਰੀ ਅੰਕ ਵਿਚ ਮਿੰਨੀ ਕਹਾਣੀ ਦੇ ਨਵੇਂ-ਪੁਰਾਣੇ ਲੇਖਕਾਂ ਦੀਆਂ ਚੋਣਵੀਆਂ ਰਚਨਾਵਾਂ ਨੂੰ ਥਾਂ ਦਿੱਤੀ ਗਈ ਹੈ। ਇਹ ਅੰਕ ਇਸ ਵਿਧਾ ਨੂੰ ਅੱਗੇ ਤੋਰਦਾ ਹੈ। ਹਰਮੀਤ ਆਰਟਿਸਟ ਵੱਲੋਂ ਬਣਾਏ ਸਰਵਰਕ ਦੀ ਤਾਂ ਗੱਲ ਹੀ ਹੋਰ ਹੈ।

ਇਸ ਸਾਲ ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਪੰਜਾਬ ਤੋਂ ਇਲਾਵਾ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਲੋਕ ਮੰਚ ਪੰਜਾਬ, ਮੇਲਾ ਜਾਗਦੇ ਜੁਗਨੂੰਆਂ ਦਾ ਬਰਨਾਲਾ, ਸ਼ਹੀਦ ਭਗਤ ਸਿੰਘ ਕਲਾ ਮੰਚ ਬੋਹਾ (ਮਾਨਸਾ), ਮਿੰਨੀ ਕਹਾਣੀ ਵਿਕਾਸ ਮੰਚ ਬਰੇਟਾ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਭਾਰਤ ਸਕਾਊਟ ਐਂਡ ਗਾਈਡਜ਼ ਪੰਜਾਬ, ਪੇਂਡੂ ਸਾਹਿਤ ਸਭਾ ਬਾਲਿਆਂਵਾਲੀ, ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ, ਲੋਕ ਕਲਾ ਮੰਚ ਅਬੋਹਰ, ਖਾਲਸਾ ਕਾਲਜ ਅੰਮ੍ਰਿਤਸਰ, ਅਣੂ ਮੰਚ ਲੁਧਿਆਣਾ ਆਦਿ ਸੰਸਥਾਵਾਂ ਵੱਲੋਂ ਇਸ ਵਿਧਾ 'ਤੇ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਗਏ। 'ਕਲਮਾਂ ਦਾ ਕਾਫਲਾ', 'ਓ ਐੱਫ ਸੀ', 'ਸਿਰਜਣਾਤਮਕ ਸਿੱਖਿਆ ਸੰਸਾਰ', 'ਮਹਿਕਦੇ ਅਲਫਾਜ਼' ਆਦਿ ਸੰਸਥਾਵਾਂ ਸੋਸ਼ਲ ਮੀਡੀਆ 'ਤੇ ਸਰਗਰਮ ਰਹੀਆਂ। ਬਰਨਾਲਾ, ਮਾਨਸਾ ਤੇ ਅੰਮ੍ਰਿਤਸਰ ਦੇ ਵੱਡੇ ਪੁਸਤਕ ਤੇ ਲੋਕ ਕਲਾ ਮੇਲਿਆਂ ਵਿਚ 'ਮਿੰਨੀ ਕਹਾਣੀ ਦਰਬਾਰ' ਆਯੋਜਿਤ ਕੀਤੇ ਗਏ। ਪੰਜਾਬ ਦੇ ਲੇਖਕਾਂ ਵੱਲੋਂ ਰਾਜਸਥਾਨ, ਭੋਪਾਲ (ਮੱਧ ਪ੍ਰਦੇਸ਼), ਸਿਰਸਾ (ਹਰਿਆਣਾ) ਅਤੇ ਸ਼ੇਲਗਾਓਂ (ਹਿਮਾਚਲ ਪ੍ਰਦੇਸ਼) ਦੇ ਲਘੂਕਥਾ ਸੰਮੇਲਨਾਂ ਵਿਚ ਸ਼ਿਰਕਤ ਕੀਤੀ ਗਈ। ਅੰਮ੍ਰਿਤਸਰ ਭਗਤ ਪੂਰਨ ਸਿੰਘ ਪਿੰਗਲਵਾੜਾ ਵਿਖੇ ਦੋ ਰੋਜ਼ਾ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਹੋਇਆ, ਜਿਸ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੱਗਭੱਗ 150 ਲੇਖਕਾਂ ਨੇ ਭਾਗ ਲਿਆ। ਇਸ ਸਾਲ 'ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ 2022'-ਡਾ. ਹਰਜਿੰਦਰ ਸਿੰਘ ਅਟਵਾਲ, ਸਾਹਿਤ ਸੰਪਾਦਕ 'ਰੋਜ਼ਾਨਾ ਨਵਾਂ ਜ਼ਮਾਨਾ' ਜਲੰਧਰ, 'ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ 2022'-ਮਿੰਨੀ ਕਹਾਣੀ ਸੰਗ੍ਰਹਿ 'ਕੋਧਰੇ ਦੀ ਰੋਟੀ' ਲਈ ਤ੍ਰਿਪਤ ਭੱਟੀ, ਪ੍ਰਸਿੱਧ ਲੇਖਕ ਅਤੇ ਸੰਪਾਦਕ, 'ਅਮਰਜੀਤ ਸਿੰਘ ਸਰੀਂਹ ਏ ਐੱਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ'-ਡਾ. ਕੁਲਦੀਪ ਸਿੰਘ ਦੀਪ, ਪ੍ਰਸਿੱਧ ਨਾਟਕਕਾਰ ਅਤੇ ਆਲੋਚਕ, 'ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ 2022'-ਡਾ. ਕਮਲ ਚੋਪੜਾ, ਸੰਪਾਦਕ 'ਸੰਰਚਨਾ' ਦਿੱਲੀ, 'ਸ੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ 2022'-ਡਾ. ਹਰਪ੍ਰੀਤ ਸਿੰਘ ਰਾਣਾ, ਸੰਪਾਦਕ 'ਛਿਣ' ਪਟਿਆਲਾ, 'ਸ੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ 2022'-ਗੁਰਸੇਵਕ ਸਿੰਘ ਰੋੜਕੀ, ਨੌਜਵਾਨ ਲੇਖਕ ਸਰਦੂਲਗੜ੍ਹ ਅਤੇ 'ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ 2022'-ਡਾ. ਨਵਪ੍ਰੀਤ ਸਿੰਘ ਹੰਸਪਾਲ, ਅੰਮ੍ਰਿਤਸਰ, 'ਸ੍ਰੀ ਰੌਸ਼ਨ ਫੂਲਵੀ ਯਾਦਗਾਰੀ ਮਿੰਨੀ ਕਹਾਣੀ ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ 2022' ਹਰਭਜਨ ਸਿੰਘ ਖੇਮਕਰਨੀ, 'ਰਵੀ ਪ੍ਰਭਾਕਰ ਲਘੂਕਥਾ ਸਮਾਰਕ ਪੁਰਸਕਾਰ 2022'-ਡਾ ਸ਼ੀਲ ਕੌਸ਼ਿਕ ਅਤੇ 'ਸ੍ਰੀਮਤੀ ਊਸ਼ਾ ਪ੍ਰਭਾਕਰ ਯਾਦਗਾਰੀ ਲਘੂਕਥਾ ਪੁਰਸਕਾਰ 2022'-ਸ੍ਰੀਮਤੀ ਸਨੇਹ ਗੋਸਵਾਮੀ ਬਠਿੰਡਾ ਨੂੰ ਦਿੱਤੇ ਗਏ। ਕੇਂਦਰੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਵੱਲੋਂ 23ਵਾਂ ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ-ਡਾ. ਬਲਦੇਵ ਸਿੰਘ ਖਹਿਰਾ ਨੂੰ ਪ੍ਰਦਾਨ ਕੀਤਾ ਗਿਆ। ਸਾਹਿਤਕਾਰ ਦਵਿੰਦਰ ਪਟਿਆਲਵੀ ਨੂੰ ਸਿਰਸਾ (ਹਰਿਆਣਾ) ਵਿਖੇ 'ਲਘੂਕਥਾ ਸੇਵੀ ਸਨਮਾਨ' ਨਾਲ ਸਨਮਾਨਿਤ ਕੀਤਾ ਗਿਆ।

ਇਸੇ ਤਰ੍ਹਾਂ ਮਿੰਨੀ ਕਹਾਣੀ ਦੇ ਨਿਰੋਲ ਤ੍ਰੈਮਾਸਿਕ ਮੈਗਜ਼ੀਨ 'ਮਿੰਨੀ' ਅਤੇ 'ਛਿਣ' ਸਮੇਂ ਸਿਰ ਪਾਠਕਾਂ ਤੱਕ ਪਹੁੰਚਦੇ ਰਹੇ। ਮਿੰਨੀ ਰਚਨਾਵਾਂ ਦੀ ਪੱਤਰਿਕਾ 'ਅਣੂ' ਦਾ ਮਿੰਨੀ ਕਹਾਣੀ ਨਾਲ ਮੋਹ ਲਗਾਤਾਰ ਜਾਰੀ ਹੈ। ਸ੍ਰੀ ਸੁਰਿੰਦਰ ਸੁੰਨੜ ਅਤੇ ਡਾ. ਲਖਵਿੰਦਰ ਜੌਹਲ ਦੀ ਸੰਪਾਦਨਾ ਹੇਠ ਛਪਦੇ ਮੈਗਜ਼ੀਨ 'ਆਪਣੀ ਆਵਾਜ਼' ਵਿਚ ਵੀ ਲਗਾਤਾਰ ਸਾਰਾ ਸਾਲ ਮਿੰਨੀ ਕਹਾਣੀਆਂ ਯੋਗ ਸਥਾਨ 'ਤੇ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਸ੍ਰੀਮਤੀ ਨਵਨੀਤ ਕੌਰ ਦੀ ਸੰਪਾਦਨਾ ਹੇਠ ਛਪਦੇ ਮਾਸਿਕ 'ਨਵਸਵੇਰ' ਕੈਨੇਡਾ ਵਿਚ 'ਮਿੰਨੀ ਕਹਾਣੀ ਦੇ ਸਿਰਜਕ' ਅਤੇ ਮਾਸਿਕ 'ਮਹਿਰਮ' ਵਿਚ 'ਕੁਲਰੀਆਂ ਨਾਮਾ' ਲਗਾਤਾਰ ਪਾਠਕਾਂ ਵੱਲੋਂ ਸਰਾਹੇ ਜਾਂਦੇ ਰਹੇ। ਨਵਾਂ ਜ਼ਮਾਨਾ ਦੇ ਮਹੀਨੇ ਦੇ ਅਖੀਰਲੇ ਐਤਵਾਰਤਾ ਵਿਚ ਛਪਦੀਆਂ 'ਪ੍ਰਤੀਨਿਧ ਮਿੰਨੀ ਕਹਾਣੀਆਂ' ਦੀ ਵੱਖਰੀ ਛਾਪ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਰਹੀ। ਇਸ ਤੋਂ ਇਲਾਵਾ 'ਸ਼ਬਦ ਤ੍ਰਿੰਜਣ', 'ਗੁਸਾਈਆਂ', 'ਪੰਜ ਦਰਿਆ', 'ਰਣਜੀਤ', 'ਸੂਲਸੁਰਾਹੀ', 'ਪ੍ਰਤਿਮਾਨ', 'ਤਰਕਸ਼ੀਲ', 'ਗੁਫਤਗੂ' ਆਦਿ ਮੈਗਜ਼ੀਨਾਂ ਤੇ ਵੱਖੋ-ਵੱਖ ਰੋਜ਼ਾਨਾ ਅਖਬਾਰਾਂ ਤੇ ਸੋਸ਼ਲ ਮੀਡੀਆ 'ਤੇ ਮਿੰਨੀ ਕਹਾਣੀ ਦੀ ਭਰਵੀਂ ਹਾਜ਼ਰੀ ਰਹੀ। ਹਿੰਦੀ ਅਤੇ ਹੋਰਨਾਂ ਭਾਸ਼ਾਵਾਂ ਵਿਚ ਵੀ ਪੰਜਾਬੀ ਦੇ ਲੇਖਕਾਂ ਦੀਆਂ ਰਚਨਾਵਾਂ ਛਪੀਆਂ। ਖਾਸ ਕਰਕੇ ਬੰਗਲਾ, ਹਿਮਾਚਲੀ ਆਦਿ ਭਾਸ਼ਾਵਾਂ ਵਿਚ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਚਰਚਿਤ ਰਹੀਆਂ। ਪੰਜਾਬ ਦੀ ਧਰਤੀ ਤੋਂ ਛਪਦਾ 'ਲਘੂਕਥਾ ਕਲਸ਼' ਵੀ ਆਪਣੇ ਮੋਰਚੇ 'ਤੇ ਡਟਿਆ ਰਿਹਾ।

ਪੂਰੇ ਸਾਲ ਦੀਆਂ ਗਤੀਵਿਧੀਆਂ 'ਤੇ ਜਦੋਂ ਅਸੀਂ ਸਰਸਰੀ ਨਜ਼ਰ ਮਾਰਦੇ ਹਾਂ ਤਾਂ ਵਿਧਾ ਦੀਆਂ ਪ੍ਰਾਪਤੀਆਂ 'ਤੇ ਤਸੱਲੀ ਤਾਂ ਹੁੰਦੀ ਹੈ, ਪ੍ਰੰਤੂ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਇਸ ਵਿਧਾ ਦੇ ਸਾਹਮਣੇ ਹਨ। ਇਸ ਵਿਧਾ ਵਿਚ ਲੇਖਕਾਂ ਦੀ ਵਧ ਰਹੀ ਗਿਣਤੀ ਤੇ ਕਿਤਾਬ ਛਪਵਾਉਣ ਦੀ ਕਾਹਲ ਵੀ ਭੰਬਲਭੂਸੇ ਵਾਲੀ ਸਥਿਤੀ ਹੀ ਪੈਦਾ ਕਰ ਰਹੀ ਹੈ। ਜਦੋਂ ਤੱਕ ਲੇਖਕ ਨੂੰ ਵਿਧਾ ਦੇ ਰੂਪਕ ਅਤੇ ਇਸ ਦੀ ਦੂਸਰੇ ਸਾਹਿਤ ਰੂਪਾਂ ਨਾਲੋਂ ਵੱਖਰਤਾ ਦੀ ਸਪੱਸ਼ਟ ਸਮਝ ਨਹੀਂ ਪੈਂਦੀ, ਉਦੋਂ ਤੱਕ ਵਧੀਆ ਸਿਰਜਣਾ ਨਹੀਂ ਹੋ ਸਕਦੀ। ਇਸ ਵਿਧਾ ਲਈ ਘਟਨਾ ਦੀ ਚੋਣ ਇਕ ਅਹਿਮ ਤੱਤ ਹੈ, ਬਹੁਤੇ ਲੇਖਕ ਅਜੇ ਉਸ ਤੋਂ ਹੀ ਅਣਜਾਣ ਹਨ। ਨਵੇਂ ਲੇਖਕ ਇਸ ਵਿਧਾ ਦੇ ਪਿਛਲੇ ਪੰਜਾਹ ਸਾਲਾਂ ਦੇ ਸਫ਼ਰ ਨੂੰ ਵਾਚਣ ਅਤੇ ਵਿਧਾ ਵਿਚ ਵਿਸ਼ੇ, ਰੂਪਕ ਅਤੇ ਸ਼ੈਲੀ ਦੇ ਪੱਖ ਤੋਂ ਆਈਆਂ ਤਬਦੀਲੀਆਂ ਦਾ ਅਧਿਐਨ ਕਰਨ ਤਾਂ ਹੀ ਅਗਲੀ ਸਾਰਥਿਕ ਪੁਲਾਂਘ ਪੁੱਟੀ ਜਾ ਸਕਦੀ ਹੈ। 'ਬਹੁਤ ਕਠਿਨ ਹੈ ਡਗਰ ਪਨਘਟ ਕੀ..' ਦੇਖਣ ਵਿਚ ਛੋਟੀ ਲੱਗਦੀ ਇਹ ਵਿਧਾ ਲਿਖਣ ਲਈ ਵੱਡੀ ਸਮਝ ਤੇ ਪ੍ਰਤੀਬੱਧਤਾ ਦੀ ਮੰਗ ਕਰਦੀ ਹੈ। ਡਾ. ਪ੍ਰਦੀਪ ਕੌੜਾ ਦਾ ਕਥਨ ਹੈ, 'ਮਿੰਨੀ ਕਹਾਣੀ ਲਿਖਣਾ ਫੁੱਲ ਨਾਲ ਪੱਥਰ ਕੱਟਣ ਵਾਂਗ ਹੈ' ਇਸ ਵਿਧਾ ਦੀ ਸਮਰੱਥਾ ਤੇ ਪੁਖ਼ਤਗੀ ਦਾ ਅਹਿਸਾਸ ਕਰਵਾਉਂਦਾ ਹੈ।

**ਮੋਬਾ-95018-77033**

# ਪਾਠਕਾਂ ਦੇ ਝਰੋਖੇ 'ਚੋਂ

## ਸਾਲਾਨਾ ਸਾਹਿਤਕ ਅੰਕ

31 ਦਸੰਬਰ ਸਾਲ 2023 ਦੇ ਆਖਰੀ ਐਤਵਾਰ ਨਵਾਂ ਜ਼ਮਾਨਾ ਵੱਖਰੇ ਸਾਹਿਤਕ ਰੰਗ ਵਿਚ ਮਿਲਿਆ ।ਨਵਾਂ ਜ਼ਮਾਨਾ ਦੀ ਇਹ ਬਹੁਤ ਪੁਰਾਣੀ ਰਵਾਇਤ ਹੈ, ਜੋ ਕਈ ਸਾਲਾਂ ਤੋਂ ਚੱਲ ਰਹੀ ਹੈ ।ਬੀਤੇ ਸਾਲ ਦੇ ਛਪੇ ਸਮੁੱਚੇ ਸਾਹਿਤ ਬਾਰੇ ਵਿਦਵਾਨ ਲਿਖਤਾਂ ਵਿਚ ਸਾਰੇ ਸਾਲ ਦੀ ਸਾਹਿਤਕ ਤਸਵੀਰ ਪੇਸ਼ ਕਰਕੇ ਸਾਹਿਤ ਨੂੰ ਤਰੋਤਾਜ਼ਾ ਕਰਦੇ ਹਨ। ਸਾਹਿਤਕ ਹਲਕਿਆਂ ਵਿਚ ਇਹ ਅੰਕ ਬਹੁਤ ਸ਼ਿੱਦਤ ਨਾਲ ਪੜ੍ਹਿਆ ਜਾਂਦਾ ਹੈ। ਮੈਂ ਇਸ ਅੰਕ ਦੀ ਉਡੀਕ ਰੱਖਦਾ ਹਾਂ। ਇਸ ਅੰਕ ਵਿਚ ਪੰਜਾਬੀ ਕਹਾਣੀ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਕਥਾ ਦ੍ਰਿਸ਼ਟੀ ਦੇ ਪੱਖ ਤੋਂ ਕਹਾਣੀ ਕੁਝ ਮੱਧਮ ਪਈ ਹੈ। ਢਾਹਾਂ ਪੁਰਸਕਾਰ ਦੀ ਦੌੜ ਵਿਚ ਕੁਝ ਕਹਾਣੀਆਂ ਆਈਆਂ ਹਨ ਤੇ ਪਤਾ ਲੱਗਾ ਕਿ ਇਸ ਪੁਰਸਕਾਰ ਲਈ ਕਈ ਤਿਗੜਮਬਾਜ਼ੀਆਂ ਵੀ ਲੱਗਦੀਆਂ ਹਨ। ਪੰਜਾਬੀ ਵਿਚ ਪੁਰਸਕਾਰ ਕਈ ਸਾਲਾਂ ਤੋਂ ਚੱਕਰਬਾਜ਼ੀ ਵਿਚ ਹਨ। ਇਕ ਸਾਲ ਦੇ ਭਾਸ਼ਾ ਵਿਭਾਗ ਦੇ ਪੁਰਸਕਾਰ ਵੀ ਅਦਾਲਤੀ ਗੇੜ ਵਿਚ ਹਨ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਬਹੁਤ ਸਾਰੀਆਂ ਕਹਾਣੀਆਂ ਦਾ ਗਹਿਰਾ ਅਧਿਐਨ ਕੀਤਾ ਹੈ। ਵਧੇਰੇ ਕਹਾਣੀਆਂ ਮੈਗਜ਼ੀਨਾਂ ਦੀਆਂ ਹਨ। 'ਅਣਕਹੀ ਪੀੜ' ਕਿਤਾਬ ਮੈਂ ਪੜ੍ਹੀ ਵੇਖੀ ਹੈ। ਸਾਡੇ ਕੁਝ ਕਹਾਣੀਕਾਰ ਨਵੇਂ ਤਜਰਬੇ ਕਰ ਰਹੇ ਹਨ। ਗੁਲਰੁਖੀ ਕਿਤਾਬ ਦਾ ਲੇਖਕ ਕਹਾਣੀ ਨੂੰ ਵੱਖਰੇ ਅੰਦਾਜ਼ ਵਿਚ ਲੈਂਦਾ ਹੈ, ਜਿਸ ਬਾਰੇ ਉਸ ਦੀ ਕਿਤਾਬ ਦੇ ਟਾਈਟਲ ਤੇ ਵਿਚਾਰ ਹਨ। ਜੇ ਬੀ ਸੇਖੋਂ ਨੇ ਨਾਵਲ ਦਾ ਚੰਗਾ ਵਿਸ਼ਲੇਸ਼ਣ ਕੀਤਾ ਹੈ। ਪੰਜਾਬੀ ਨਾਵਲ ਵਿਚ ਸੰਤਾਲੀ ਅਜੇ ਵੀ ਗੂੰਜ ਰਿਹਾ ਹੈ। ਵੇਖਿਆ ਗਿਆ ਹੈ ਕਿ ਕਈ ਨੌਜਵਾਨ ਨਾਵਲਕਾਰ ਵੀ ਹਨ, ਜਿਨ੍ਹਾਂ ਦਾ ਜਨਮ ਵੀ ਸੰਤਾਲੀ ਤੋਂ ਪਿੱਛੋਂ ਦਾ ਹੈ, ਪਰ ਉਹ ਬਜ਼ੁਰਗਾਂ ਤੋਂ ਸਾਰਾ ਬਿਰਤਾਂਤ ਸੁਣ ਕੇ ਨਾਵਲ ਲਿਖ ਦਿੰਦੇ ਹਨ। ਡਾ. ਅਰਵਿੰਦਰ ਕੌਰ ਕਾਕੜਾ ਨੇ ਕਵਿਤਾ ਦਾ ਗਹਿਰਾ ਵਿਸ਼ਲੇਸ਼ਣ ਕੀਤਾ ਹੈ। ਬੀਤੇ ਸਾਲ ਵਿਚ ਪੰਜਾਬੀ ਕਵਿਤਾ ਕਿਸਾਨੀ ਮਸਲਿਆਂ ਦੇ ਦੁਆਲੇ ਰਹੀ ਹੈ, ਕਿਉਂਕਿ ਕਈ ਲੇਖਕ ਕਿਸਾਨੀ ਅੰਦੋਲਨ ਵਿਚ ਭਾਗ ਲੈਂਦੇ ਰਹੇ ਹਨ। ਬਲਜਿੰਦਰ ਮਾਨ ਨੇ ਪੰਜਾਬੀ ਬਾਲ ਸਾਹਿਤ ਦੇ ਪਿਛਲੇ ਸਾਲ ਦੀ ਭਰਪੂਰ ਜਾਣਕਾਰੀ ਦਿੱਤੀ ਹੈ। ਲੇਖਕ ਬਲਜਿੰਦਰ ਮਾਨ ਖੁਦ ਕਈ ਸਾਲਾਂ ਤੋਂ ਕਰੂੰਬਲਾਂ ਮੈਗਜ਼ੀਨ ਛਾਪ ਰਹੇ ਹਨ। ਬਹੁਤੇ ਵਿਦਿਆਰਥੀ ਕਰੂੰਬਲਾਂ ਤੋਂ ਸਾਹਿਤਕ ਸੇਧ ਲੈ ਰਹੇ ਹਨ ਤੇ ਪੰਜਾਬੀ ਬਾਲ ਸਾਹਿਤ ਦੇ ਨਾਲ ਜੁੜ ਰਹੇ ਹਨ ।ਬਲਜਿੰਦਰ ਮਾਨ ਖੁਦ ਅਧਿਆਪਕ ਹਨ ਤੇ ਉਹ ਵਿਦਿਆਰਥੀ ਮਾਨਸਿਕਤਾ ਨੂੰ ਭਲੀ-ਭਾਂਤ ਸਮਝਦੇ-ਵਿਚਾਰਦੇ ਹਨ। ਇਕ ਦਿਨ ਬਲਜਿੰਦਰ ਮਾਨ ਟੀ ਵੀ 'ਤੇ ਵੀ ਗੱਲਾਂ ਤੇ ਗੀਤ ਵਿਚ ਬਾਲ ਸਾਹਿਤ ਬਾਰੇ ਵਿਚਾਰ ਪੇਸ਼ ਕਰ ਰਹੇ ਸਨ। ਡਾ. ਹਰਪ੍ਰੀਤ ਸਿੰਘ ਨੇ ਨਾਟਕ ਕਲਾ ਤੇ ਰੰਗ ਮੰਚ ਬਾਰੇ ਬਹੁਤ ਮਿਆਰੀ ਵਿਚਾਰ ਦਿੱਤੇ ਹਨ। ਜ਼ਿਲ੍ਹਾ ਭਾਸ਼ਾ ਅਫਸਰ ਫਾਜ਼ਿਲਕਾ ਭੂਪਿੰਦਰ ਉਤਰੇਜਾ ਦੇ ਲਿਖੇ ਨਾਟਕ ਤੇ ਨਟਰੰਗ ਅਬੋਹਰ ਦੀ ਨਾਟਸ਼ਾਲਾ ਦਾ ਹਵਾਲਾ ਦਿੱਤਾ ਹੈ। ਹੋਰ ਜਾਣਕਾਰੀ ਵੀ ਪੜ੍ਹ ਕੇ ਖੁਸ਼ੀ ਹੋਈ। ਡਾ. ਗੁਰਬਖਸ਼ ਸਿੰਘ ਫਰੈਂਕ ਦੀ ਸਾਹਿਤਕ ਦੇਣ 'ਤੇ ਕੈਲੰਡਰ ਮਿਲਿਆ। ਡਾ. ਫਰੈਂਕ ਬਹੁਤ ਸੰਜੀਦਾ ਤੇ ਸਿਰੜ ਵਾਲੇ ਸਾਹਿਤਕਾਰ ਹਨ। 'ਮੇਰਾ ਦਾਗਿਸਤਾਨ' ਦਾ ਪੰਜਾਬੀ ਅਨੁਵਾਦ ਡਾ. ਫਰੈਂਕ ਦਾ ਬਹੁਤ ਵੱਡਾ ਕਾਰਜ ਹੈ। ਡਾ. ਲਾਭ ਸਿੰਘ ਖੀਵਾ ਨੇ ਡਾ. ਫਰੈਂਕ ਨਾਲ ਆਪਣੀ ਸਾਂਝ ਦਾ ਜ਼ਿਕਰ ਕੀਤਾ ਹੈ। ਬਹੁਤ ਖੁਸ਼ੀ ਹੋਈ।

## ਪਰਖ-ਪੜਚੋਲ

24 ਦਸੰਬਰ ਦੇ ਨਵਾਂ ਜ਼ਮਾਨਾ ਵਿਚ ਡਾ. ਬਲਬੀਰ ਕੌਰ ਰੀਹਲ ਦੀ ਸੰਪਾਦਿਤ ਕਿਤਾਬ 'ਮੇਰੀ ਧਰਤੀ ਮੇਰਾ ਅੰਬਰ' ਬਾਰੇ ਸਮੀਖਿਆ (ਡਾ. ਕਰਮਜੀਤ ਸਿੰਘ ਨਡਾਲਾ) ਬਾਰੇ ਪੜ੍ਹ ਕੇ ਜਾਣਕਾਰੀ ਮਿਲੀ। ਪੁਸਤਕ ਵਿਚ ਨਾਰੀ ਸਮੱਸਿਆਵਾਂ ਨੂੰ ਮੁੱਖ ਰੱਖਿਆ ਗਿਆ ਹੈ। ਕਿਤਾਬ ਵਿਚ ਨਾਰੀ ਲੇਖਿਕਾਵਾਂ ਨੇ ਆਪਣੇ ਦਾਇਰੇ ਦੀਆਂ ਮੁਸ਼ਕਲਾਂ ਨੂੰ ਪ੍ਰਮੁਖਤਾ ਦਿੱਤੀ ਹੈ। ਇਨ੍ਹਾ ਕਹਾਣੀਕਾਰਾਂ ਦਾ ਪੰਜਾਬੀ ਸਾਹਿਤਕ ਖੇਤਰ ਵਿਚ ਸਥਾਪਤ ਨਾਂਅ ਹੈ ਤ੍ਰਿਪਤਾ ਕੇ ਸਿੰਘ, ਦੀਪਤੀ ਬਬੂਟਾ ਤੇ ਸੰਪਾਦਕਾ ਖੁਦ। ਸੁਹਿਰਦ ਲੇਖਕਾਵਾਂ ਹਨ। ਸ਼ਮਸ਼ੇਰ ਮੋਹੀ ਦੀ ਕਾਵਿ ਕਿਤਾਬ 'ਹੁਣ ਤਾਂ ਸ਼ਾਇਦ' ਬਾਰੇ ਜਗਵਿੰਦਰ ਜੋਧਾ ਦੀ ਪਰਖ ਪੜਚੋਲ ਕਰਦੇ ਗਜ਼ਲਾਂ ਦੀ ਪੇਸ਼ਕਾਰੀ ਦਾ ਚੰਗਾ ਵਿਸ਼ਲੇਸ਼ਣ ਕੀਤਾ ਹੈ। ਅਮੋਲਕ ਸਿੰਘ ਨੇ ਮੁੱਖ ਪੰਨੇ 'ਤੇ ਗਦਰੀ ਬਾਬਿਆਂ ਦੇ ਮੇਲੇ ਦਾ ਪਿਛੋਕੜ ਤੇ ਲੰਮੇ ਸਮੇਂ ਦੀਆਂ ਗਤੀਵਿਧੀਆਂ ਦੀ ਚਰਚਾ ਕੀਤੀ ਹੈ। ਇਹ ਮੇਲਾ ਸਕੂਲਾਂ, ਕਾਲਜਾਂ ਦੀ ਪ੍ਰਤਿਭਾ ਨੂੰ ਅੱਗੇ ਲਿਆ ਰਿਹਾ ਹੈ। ਸੰਘਰਸ਼ੀ ਯੋਧਿਆਂ ਨੂੰ ਯਾਦ ਕਰ ਰਿਹਾ ਹੈ। ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਤੇ ਵਿਰਸੇ ਨਾਲ ਜੋੜ ਰਿਹਾ ਹੈ। ਸਭ ਤੋਂ ਵਧ ਕੇ ਇਹ ਮੇਲਾ ਪੁਸਤਕ ਸੱਭਿਆਚਾਰ ਨੂੰ ਪ੍ਰਫੁਲਿਤ ਕਰ ਰਿਹਾ ਹੈ, ਜਿਸ ਦੀ ਚਰਚਾ ਕਾਲਮ 'ਲੋਕਾਂ ਦੇ ਮੇਲੇ ਦੀ ਵਿਲੱਖਣਤਾ' ਵਿਚ ਡਾ. ਹਰਜਿੰਦਰ ਸਿੰਘ ਅਟਵਾਲ ਨੇ ਵੀ ਕੀਤੀ ਹੈ ਤੇ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਨਵਾਂ ਜ਼ਮਾਨਾ ਵਿਚ ਲਿਖੇ ਹਨ। ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਨੇ ਭਾਜਪਾ ਦੀ ਡੋਲਦੀ ਮਾਨਸਿਕਤਾ ਦਾ ਜ਼ਿਕਰ ਕੀਤਾ ਹੈ। ਇੰਡੀਆ ਗਠਜੋੜ ਨੇ ਭਾਜਪਾ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਇਸੇ ਡਰ ਨੇ 146 ਸੰਘਰਸ਼ੀ ਸਾਂਸਦਾਂ ਨੂੰ ਹੋਰ ਵੀ ਤੇਜ਼ ਕੀਤਾ ਹੈ। ਵੱਧ ਪ੍ਰਤੀਸ਼ਤ ਵੋਟਾਂ ਘੱਟ ਸੀਟਾਂ ਪਿੱਛੇ ਵੀ ਕੋਈ ਰਾਜ਼ ਹੈ। ਕਾਲਮ 'ਦ੍ਰਿਸ਼ਟੀਕੋਣ' ਨੇ ਵੀ ਇਸ ਕਿਸਮ ਦੀ ਚਰਚਾ ਕੀਤੀ ਹੈ। ਕੁਝ ਵੀ ਹੈ ਚੌਵੀ ਦੀ ਚੋਣ ਇਸ ਵਾਰ ਗਹਿਰੇ ਸਵਾਲ ਖੜੇ ਕਰ ਰਹੀ ਹੈ। ਲਹਿੰਦੇ ਪੰਜਾਬ ਦੇ ਸਾਹਿਤਕਾਰ ਅਹਿਮਦ ਸਲੀਮ ਦੇ ਵਿਛੋੜੇ 'ਤੇ ਡ. ਤੇਜਿੰਦਰ ਵਿਰਲੀ ਦਾ ਲੇਖ ਸਲੀਮ ਸਾਹਿਬ ਬਾਰੇ ਚੰਗੀ ਜਾਣਕਾਰੀ ਦੇ ਗਿਆ। ਅਹਿਮਦ ਸਲੀਮ ਪੰਜਾਬੀ ਮਾਂ ਬੋਲੀ ਦਾ ਚਮਕਦਾ ਸਿਤਾਰਾ ਸੀ। ਉਸ ਨੇ ਪਾਕਿਸਤਾਨ ਵਿਚ ਪੰਜਾਬੀ ਦਾ ਝੰਡਾ ਬੁਲੰਦ ਰੱਖਿਆ। ਉਹ ਸਹੀ ਅਰਥਾਂ ਵਿਚ ਲੋਕ ਹਿਤੂ ਸਾਹਿਤਕਾਰ ਸੀ। ਰੂਸੀ, ਅੰਗਰੇਜ਼ੀ, ਜਾਪਾਨੀ, ਪਾਕਿਸਤਾਨੀ ਮਿੰਨੀ ਕਹਾਣੀਆਂ ਪੜ੍ਹ ਕੇ ਚੰਗਾ ਲੱਗਾ ਕਿ ਵਿਦੇਸ਼ਾਂ ਵਿਚ ਵੀ ਮਿੰਨੀ ਕਹਾਣੀ ਸਾਡੇ ਵਾਂਗ ਰਚੀ ਜਾ ਰਹੀ ਹੈ। ਕਹਾਣੀਆਂ ਵਿਚ ਮਨੁੱਖ ਦੀ ਫਿਤਰਤ ਤੇ ਮਨੁੱਖੀ ਮਾਨਸਿਕਤਾ ਦੇ ਦੀਦਾਰ ਹੁੰਦੇ ਹਨ। ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਮਨੁੱਖ ਵੱਸਦਾ ਹੈ, ਉਸ ਦੀ ਮਾਨਸਿਕਤਾ ਤੇ ਰਹਿਣ-ਸਹਿਣ, ਸੋਚ, ਸਿੱਖਿਆ, ਰਿਸ਼ਤੇ ਸਭ ਇਕ ਹੀ ਹਨ। ਆਦਤਾਂ ਵਿਚ ਵੀ ਕੁਝ ਅੰਤਰ ਹੈ, ਪਰ ਮਨੁੱਖਤਾ ਸਾਂਝੀ ਹੈ। ਵਿਜੈ ਬੰਬੇਲੀ ਨੇ ਵਾਤਾਵਰਣ ਬਾਰੇ ਬਹੁਤ ਸੰਜੀਦਾ ਵਿਚਾਰ ਲਿਖੇ ਹਨ। ਮਾਰਕਸਵਾਦ ਬਾਰੇ ਚਰਚਾ ਲੰਮੀ ਹੋ ਰਹੀ ਹੈ। ਸਾਹਿਤਕ ਸਰਗਰਮੀਆਂ ਵਿਚ ਲਾਭ ਸਿੰਘ ਖੀਵਾ ਦੀ ਕਿਤਾਬ ਤੇ ਨਵੀਆਂ ਕਲਮਾਂ ਨਵੀਂ ਉਡਾਣ ਦੇ ਲੋਕ ਅਰਪਣ ਹੋਣ ਦੀ ਰਿਪੋਰਟ ਪੜ੍ਹੀ। ਦੋਨੋਂ ਕਿਤਾਬਾਂ ਦੇ ਲੇਖਕਾਂ ਨੂੰ ਮੇਰੇ ਵੱਲੋਂ ਮੁਬਾਰਕ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਫਲਸਫ਼ੇ ਦੀ ਪ੍ਰਸੰਗਕਤਾ

'ਫਲਸਫ਼ੇ ਦੀ ਪ੍ਰਸੰਗਿਕਤਾ' ਦੇ ਅਨੁਵਾਨ ਤਹਿਤ ਸ਼ੁਰੂ ਕੀਤੇ ਕਾਲਮ 'ਮਾਰਕਸਵਾਦ ਸਦਾ ਰਾਹ-ਦਸੇਰਾ' ਦੀ ਅੰਤਿਮ ਕਿਸ਼ਤ ਜਦੋਂ 24 ਦਸੰਬਰ ਨੂੰ ਛਪੀ ਤਾਂ ਦੋ-ਪ੍ਰਭਾਵ ਉਤਪੰਨ ਹੋਏ। ਪਹਿਲਾ ਪ੍ਰਭਾਵ ਕਾਲਮਨਵੀਸ ਜਗਰੂਪ ਦੀ ਮਿਹਨਤ ਤੇ ਸਿਦਕ ਦਿਲੀ ਨੂੰ ਗਹਿਰੇ ਰੂਪ ਵਿੱਚ ਮੇਰੇ ਮਨ ਨੇ ਕਬੂਲਿਆ। ਕਾਲਮ ਨੂੰ ਮੁਸਲਸਲ ਰੂਪ ਵਿੱਚ ਲਿਖਦੇ ਰਹਿਣਾ ਖਾਲਾ ਜੀ ਦਾ ਵਾੜਾ ਨਹੀਂ। ਕਾਮਰੇਡ ਜਗਰੂਪ ਸਾਡੇ ਵਰਗਾ ਮਹਿਜ ਕਲਮਯੋਗੀ ਹੀ ਨਹੀਂ, ਉਹ ਕਰਮਯੋਗੀ ਵੀ ਹੈ। ਦੂਜਾ ਪ੍ਰਭਾਵ 'ਨਵਾਂ ਜ਼ਮਾਨਾ' ਦੀ ਵਿਚਾਰਧਾਰਕ ਪ੍ਰਤੀਬੱਧਤਾ ਦਾ ਹੈ। ਅਖ਼ਬਾਰ ਨੇ ਇਸ ਵਿਸ਼ੇ ਦੀ ਅਹਿਮੀਅਤ ਨੂੰ ਤਸਲੀਮ ਕਰਦਿਆਂ ਇਸ ਨੂੰ ਉੱਚਤਮ ਤੇ ਯੋਗ ਥਾਂ 'ਤੇ ਛਾਪਿਆ। ਇਸ ਸੋਚ ਵਿੱਚ ਐਤਵਾਰਤਾ ਦੇ ਸੰਪਾਦਕ ਦਾ ਵੀ ਯੋਗਦਾਨ ਹੋ ਸਕਦਾ ਹੈ। ਇਸ ਕਾਲਮ ਦੀ ਸਾਰੀਆਂ ਕਿਸ਼ਤਾਂ ਕਿਤਾਬੀ ਰੂਪ ਵਿੱਚ ਜ਼ਰੂਰ ਆਉਣੀਆਂ ਚਾਹੀਦੀਆਂ ਹਨ ਤੇ ਇਸ ਮਹੱਤਵਪੂਰਨ ਮਜ਼ਮੂਨ 'ਤੇ ਖੁੱਲ੍ਹ ਕੇ ਵਿਚਾਰ-ਚਰਚਾ ਹੋਣੀ ਜ਼ਰੂਰੀ ਹੈ। ਵਿਚਾਰ-ਚਰਚਾ ਸਿਰਫ਼ ਪਾਰਟੀ ਦੇ ਦਫ਼ਤਰਾਂ ਤੱਕ ਹੀ ਮਹਿਦੂਦ ਨਾ ਹੋਵੇ, ਹਰ ਤਰ੍ਹਾਂ ਦੇ ਬੁੱਧੀਜੀਵੀ ਮੰਚਾਂ 'ਤੇ ਹੋਵੇ। ਪੂੰਜੀਵਾਦ ਦੀ ਲੰਮੇਰੀ ਉਮਰ ਦੇ ਕਾਰਨਾਂ ਦੀ ਨਿਸ਼ਾਨਦੇਹੀ ਹੋਵੇ ਤੇ ਸਾਮਰਾਜਵਾਦੀ ਰਾਜਸੀ-ਆਰਥਿਕਤਾ ਦੀਆਂ ਸੀਮਾਵਾਂ ਦਾ ਲੇਖਾ ਜੋਖਾ ਵੀ ਜ਼ੇਰੇ-ਬਹਿਸ ਲਿਆਂਦਾ ਜਾਵੇ। ਮੁੱਢੋਂ-ਸੁੱਢੋਂ ਸਮਾਜਿਕ ਤਦਬਦੀਲੀ ਤੇ ਮਾਨਵਤਾ ਦੀ ਹਰ ਤਰ੍ਹਾਂ ਦੀ ਗੁਲਾਮੀ ਤੋਂ ਮੁਕਤੀ ਲਈ 'ਮਾਰਕਸਵਾਦ ਸਦਾ ਰਾਹ ਦਸੇਰਾ' ਦੀ ਫਲਸਫ਼ਾਨਾ ਪ੍ਰਸੰਗਿਕਤਾ ਨੂੰ ਸਥਾਪਤ ਕੀਤਾ ਜਾਵੇ।

**- ਡਾ. ਲਾਭ ਸਿੰਘ ਖੀਵਾ, ਚੰਡੀਗੜ੍ਹ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਧਾਰਾ 370 ਬਾਰੇ ਸੁਪਰੀਮ ਕੋਰਟ ਦਾ ਨਿਆਂ ਤੇ ਜੰਮੂ ਕਸ਼ਮੀਰ ਦਾ ਭਵਿੱਖ : ਬੂਟਾ ਸਿੰਘ

ਬੀਤੇ ਸਾਲ ਦੀ ਸਾਹਿਤਕ ਪੱਤਰਕਾਰੀ : ਭਗਵੰਤੀ ਰਸੂਲਪੁਰੀ

'ਧਰਤ ਵਿਹੂਣੇ' ਦੀ ਪਰਖ ਪੜਚੋਲ : ਡਾ. ਹਰਿੰਦਰ ਸਿੰਘ

ਪ੍ਰੋ. ਸੁਰਿੰਦਰ ਗਿੱਲ ਜੈਪਾਲ ਦੀ ਯੁੱਧ ਸੰਬੰਧੀ ਕਵਿਤਾ ਤੇ ਹੋਰ ਬਹੁਤ ਕੁਝ

7-Jan-Sunday.qxd 1/6/2024 10:38 PM Page 3





*ਕੁਮਾਰ ਅਨੁਪਮ ਹਿੰਦੀ ਦਾ ਨੌਜੁਆਨ ਕਵੀ, ਚਿੱਤਰਕਾਰ, ਕਲਾ ਸਮੀਖਿਅਕ ਅਤੇ ਸੰਪਾਦਕ ਹੈ। ਉਸ ਦੇ 'ਬਾਰਿਸ਼ ਮੇਰਾ ਘਰ ਹੈ' ਅਤੇ 'ਕਵਿਤਾ ਸਮਯ-1' ਕਵਿਤਾ ਸੰਗ੍ਰਹਿ ਬਹੁਤ ਚਰਚਿੱਤ ਰਹੇ। ਕੁਮਾਰ ਅਨੁਪਮ ਦਾ ਕਾਵਿ ਸੰਗ੍ਰਹਿ 'ਬਾਰਿਸ਼ ਮੇਰਾ ਘਰ ਹੈ' ਸਾਹਿਤ ਅਕਾਦਮੀ ਦੇ ਯੁਵਾ ਪੁਰਸਕਾਰ ਨਾਲ ਸਨਮਾਨਿਤ ਹੈ। 'ਸ਼੍ਰਾਵਸਤੀ' ਕੁਮਾਰ ਅਨੁਪਮ ਦੀ ਲੰਮੀ ਕਵਿਤਾ ਹੈ। ਇਹ ਕਵਿਤਾ ਸ਼੍ਰਾਵਸਤੀ ਦੀ ਲੰਮੀ ਯਾਤਰਾ ਹੈ, ਜਿਸ ਨੂੰ ਕਰਦਿਆਂ ਸ਼੍ਰਾਵਸਤੀ ਤੋਂ ਮਗਧ ਤੱਕ, ਪ੍ਰਾਚੀਨ ਬੋਧ ਪਰੰਪਰਾਵਾਂ ਨਾਲ ਵਰਤਮਾਨ ਤੱਕ ਅਤੇ ਸ਼੍ਰਾਵਸਤੀ ਤੋਂ ਸ਼੍ਰਾਵਸਤੀ ਤੱਕ ਪਹੁੰਚਦੇ ਹਾਂ ਅਤੇ ਸ਼੍ਰਾਵਸਤੀ ਦੇ ਅੰਦਰ ਇਕ ਹੋਰ ਸ਼੍ਰਾਵਸਤੀ ਨੂੰ ਲੱਭਦੀ ਹੈ। ਇਹ ਸ਼੍ਰਾਵਸਤੀ ਜਿੰਨੀ ਨਗਰ 'ਚ ਹੈ, ਓਨੀ ਹੀ ਜੰਗਲ਼ਾਂ 'ਚ ਵੀ ਹੈ। ਜਿੰਨੀ ਦ੍ਰਿੜ੍ਹਤਾ 'ਚ ਹੈ, ਓਨੀ ਹੀ ਭਰਮ 'ਚ ਵੀ ਹੈ। ਜਿੰਨੀ ਇਤਿਹਾਸ 'ਚ ਹੈ, ਓਨੀ ਮਿੱਥਾਂ 'ਚ ਵੀ। ਜਿੰਨੀ ਅਤੀਤ 'ਚ ਧਸੀ ਹੈ, ਓਨੀ ਹੀ ਵਰਤਮਾਨ 'ਚ ਵੀ ਹੈ। ਅਸਲ 'ਚ ਕਵੀ ਸ਼੍ਰਾਵਸਤੀ ਦੇ ਬਹਾਨੇ ਅੱਜ ਨਾਲ ਸੰਵਾਦ ਵੀ ਰਚਾ ਰਿਹਾ ਹੈ। ਇਸ ਕਵਿਤਾ 'ਚ ਤਤਕਾਲੀ ਭਾਸ਼ਾ ਨੂੰ ਉਸੇ ਲਹਿਜੇ 'ਚ ਵਰਤਿਆ ਹੈ, ਜਿਵੇਂ ਮਹਾਮਾਤਿਆ (ਮੁੱਖ ਮੰਤਰੀ), ਅਮਾਤਿਆ (ਮੰਤਰੀ), ਸ਼੍ਰੇਸ਼ਠੀ (ਵਪਾਰੀ) ਅਤੇ ਜੋ ਉਸ ਸਮੇਂ ਸਜਾਵਾਂ ਦੇ ਨਾਂਅ ਸੀ, ਉਹ ਵੀ ਉਵੇਂ ਹੀ ਵਰਤੇ ਹਨ ਤਾਂ ਕਿ ਕਵਿਤਾ ਦਾ ਅਸਲ ਫਲੇਵਰ ਬਣਿਆ ਰਹੇ। ਪੇਸ਼ ਹੈ ਲੰਬੀ ਕਵਿਤਾ 'ਸ਼੍ਰਾਵਸਤੀ' ਦੇ ਕੁਝ ਅੰਸ਼।*

**- ਤਰਸੇਮ**

# ਕੁਮਾਰ ਅਨੁਪਮ ਦੀ 'ਸ਼੍ਰਾਵਸਤੀ' ਲੰਮੀ ਕਵਿਤਾ

ਜਿਸ ਨੂੰ ਦੇਖ ਰਹੇ ਹੋ
ਉਹ ਸ਼੍ਰਾਵਸਤੀ ਨਹੀਂ ਹੈ ਇਹ
ਜੋ ਸੀ
ਉਹ ਵੀ
ਕਿੰਨੀ ਕੁ ਸੀ ਸ਼੍ਰਾਵਸਤੀ
ਕੋਈ ਨਹੀਂ ਕਹਿ ਸਕਦਾ

ਸ਼੍ਰਾਵਸਤੀ ਉਦੋਂ ਵੀ ਸੀ
ਸ਼੍ਰਾਵਸਤੀ ਹੁਣ ਵੀ ਹੈ
ਜਿੰਨੀ ਸੁਰੱਖਿਅਤ
ਉਨੀ ਅਣਸੁਰੱਖਿਅਤ
ਜਿੰਨੀ ਦਿਖਦੀ
ਉਨੀ ਹੀ ਲੁਕਵੀਂ

ਸ਼੍ਰਾਵਸਤੀ ਦਾ ਪ੍ਰਤਿਬਿੰਬ ਹੈ
ਸ਼੍ਰਾਵਸਤੀ ਦੇ ਸ਼ੀਸ਼ੇ 'ਚ

ਸ਼੍ਰਾਵਸਤੀ ਪੁੱਛਦੀ ਹੈ
ਸ਼੍ਰਾਵਸਤੀ ਨੂੰ
ਕੀ ਕਿਤੇ ਦੇਖੀ ਹੈ ਸ਼੍ਰਾਵਸਤੀ?

ਸ਼੍ਰਾਵਸਤੀ ਜੁਆਬ ਦਿੰਦੀ ਹੈ
ਏਥੇ ਹੀ ਹੈ
ਏਥੇ ਹੀ ਸੀ ਸ਼੍ਰਾਵਸਤੀ

2

ਦੇਖੋ ਦੇਖੋ
ਉਹ ਦਿਖੀ ਸ਼੍ਰਾਵਸਤੀ
ਉਧਰ
ਉਭਰਦੀ ਹੋਈ
ਆਪਣੇ ਬੁਰਜਾਂ, ਮਹਾਲਿਆਂ, ਤਲਾਬਾਂ ਸਹਿਤ

ਦੇਖੋ ਦੇਖੋ
ਸ਼੍ਰਾਵਸਤੀ 'ਚ ਕਿੰਨੇ ਸੋਹਣੇ ਨੇ ਵਿਹਾਰ
ਕਿੰਨੇ ਸੋਹਣੇ ਨੇ ਸੰਘ
ਕਿੰਨੇ ਸੋਹਣੇ ਨੇ ਮੱਠ ਅਤੇ ਵਟ ਬਿਰਖ
ਪਰ ਪੁੱਛਦੀ ਹੈ ਸ਼੍ਰਾਵਸਤੀ
ਕਿ ਕਿੱਥੇ ਗਏ ਮਹਾਂਵਣ
ਜੋ ਭਰੇ ਹੋਏ ਸੀ ਸ਼ੇਰ-ਚੀਤਿਆਂ ਨਾਲ

ਸ਼੍ਰਾਵਸਤੀ ਉਦਾਸ ਹੋ ਕੇ
ਦਿੰਦੀ ਹੈ ਜੁਆਬ
ਮਹਾਵਣ ਸ਼ੇਰ-ਚੀਤਿਆਂ ਨਾਲ ਹੀ ਚਲੇ ਗਏ
ਨਾਲ ਹੀ ਚਲੀ ਗਈ ਸ਼੍ਰਾਵਸਤੀ

ਜਿਸ ਜੰਗਲ਼ 'ਚ ਸ਼ੇਰ-ਚੀਤੇ ਨਹੀਂ
ਉਹਨਾਂ ਨੂੰ ਸ਼ਿਕਾਰੀਆਂ ਅਤੇ ਲੱਕੜਹਾਰਿਆਂ ਤੋਂ
ਭਲਾ ਕੌਣ ਬਚਾ ਸਕਦਾ ਹੈ

ਸ਼ੇਰ-ਚੀਤਿਆਂ ਨੂੰ ਭਜਾਏ ਜਾਣ ਤੋਂ
ਦੁਖੀ ਸੀ ਸ਼੍ਰਾਵਸਤੀ
ਸ਼ੇਰ-ਚੀਤਿਆਂ ਨਾਲ ਲੋਪ ਹੋ ਗਈ

ਜਿਸ ਸ਼੍ਰਾਵਸਤੀ 'ਚ ਭਲੇ ਲੋਕ ਨਹੀਂ ਰਹਿੰਦੇ
ਉਹ ਸ਼੍ਰਾਵਸਤੀ ਸ਼੍ਰਾਵਸਤੀ ਨਹੀਂ ਰਹਿੰਦੀ

ਸ਼੍ਰਾਵਸਤੀ ਤਾਂ ਬੁਲਾਉਂਦੀ ਰਹਿ ਗਈ -
"ਏਥ ਵਿਯਗਧਾ, ਨਿਵਤਵਹਾ, ਪੱਚਮੇਥ ਮਹਾਵਨਮ
ਮਾ ਵਨਮ ਛਿੰਦਿ ਨਿਵਿਯਗਧਮ
ਵਿਯਗਧਾ ਮਾ ਹੇਸੁ ਨਿੱਬਨਾ..."

ਜੰਗਲ਼ ਅਤੇ ਸ਼ੇਰ-ਚੀਤਿਆਂ ਤੋਂ ਬਿਨਾਂ
ਭਲਾ ਕਦ ਤੱਕ ਬਚਦੀ ਸ਼੍ਰਾਵਸਤੀ

3

ਸ਼੍ਰਾਵਸਤੀ 'ਚ
ਥਾਂ-ਥਾਂ ਘੁੰਮਦੇ ਨੇ
ਮਹਾਮਾਤਿਆ ਅਤੇ ਮੱਲਿਕ
ਕੋਈ ਨੀਲਾ
ਕੋਈ ਪੀਲਾ
ਕੋਈ ਹਰਾ
ਕੋਈ ਮਜੀਠਾ
ਕੋਈ ਲਾਲ
ਕੋਈ ਸਫ਼ੇਦ
ਕੋਈ ਰਲਿਆ-ਮਿਲਿਆ

ਰੰਗ-ਰੰਗ ਦੀ ਭੇਸਭੂਸ਼ਾ 'ਚ
ਪੈਰਾਂ ਤੋਂ ਸਿਰ ਤੱਕ ਇਕ ਰੰਗ 'ਚ ਸਜੇ
ਖੜਾਵਾਂ ਛਤਰ ਛੜੀ ਘੋੜਾ ਰਥ-ਕੋਰੜਾ
ਸਭ ਕੁਝ ਇਕ ਰੰਗ

ਮਲਿਕ ਰੰਗ-ਰੰਗ ਦੇ
ਰੰਗ-ਰੰਗ ਦੀ ਸੋਚ ਵਾਲ਼ੇ
ਕਰਦੇ ਰਹਿੰਦੇ ਹਰ ਵੇਲ਼ੇ
ਤਰਕ-ਵਿਤਰਕ

ਧਰਮ ਅਤੇ ਨੀਤੀ ਦੇ ਸੂਤਰ ਬਖਾਣਦਾ ਹੈ ਸੂਤਰਧਾਰ
ਮਹਾਮਾਤਿਆ ਸੁਣਾਉਂਦਾ ਹੈ ਆਪਣਾ ਫ਼ੈਸਲਾ

ਸਭ ਕੁਝ ਸੀ ਸੁਚਾਰੂ
ਦੱਸਦੀ ਹੈ ਸ਼੍ਰਾਵਸਤੀ
ਪਰ ਸ਼ਾਸਨ ਅਤੇ ਨਿਆਂ
ਵਿਚਕਾਰ ਭੇਦ ਭੋਗਦੀ ਰਹੀ ਸ਼੍ਰਾਵਸਤੀ
ਵਾਰ-ਵਾਰ ਸਜ਼ਾ ਸਹਿੰਦੀ ਰਹੀ...
ਕਦੇ ਸ਼ੰਖਮੁੰਡਿਕਾ ਕਦੇ ਹਸਤਪ੍ਰਜਯੋਤਿਕਾ
ਕਦੇ ਏਰਕਵਰਤਿਕਾ ਕਦੇ ਚੀਰਕਵਾਸਿਕਾ
ਕਦੇ ਏਣੇਯਕ ਕਦੇ ਬੜਿਸੰਸਿਕਾ
ਕਦੇ ਕਾਰਾਪਾਪਣਕ ਕਦੇ ਖਾਰਾਪੱਤਛਿਕਾ
ਕਦੇ ਪਰਿਧਿਪਰਿਵਰਤਿਕਾ ਕਦੇ ਲਾਲਪੀਠਿਕਾ

ਅਤੇ ਸ਼੍ਰਾਵਸਤੀ ਇਕ ਦਿਨ ਛੇਕੜ...

4

ਮਿੱਟੀ ਅਤੇ ਪਾਣੀ ਦੀ ਪਿੰਡੀ ਨਹੀਂ ਸੀ
ਮਿੱਟੀ ਅਤੇ ਪਾਣੀ ਨਾਲੋਂ ਵੱਧ
ਵਿਚਾਰ ਨਾਲ ਪੱਕੀ ਸੀ
ਸ਼੍ਰਾਵਸਤੀ
ਵਿਚਾਰਾਂ 'ਤੇ ਟਿਕੀ ਸੀ

ਬੋਲ ਕੇ ਨਹੀਂ ਬੁਲਾਈ ਜਾ ਸਕਦੀ
ਮਨੋਂ ਨਹੀਂ ਪਾਈ ਜਾ ਸਕਦੀ
ਨੈਣਾਂ ਨਾਲ ਨਹੀਂ ਦੇਖੀ ਜਾ ਸਕਦੀ

ਸ਼੍ਰਾਵਸਤੀ
... ਹੈ...
ਮਹਿਸੂਸ ਕਰਨ ਦੇ ਸਿਵਾਏ
ਭਲਾ ਕਿਵੇਂ ਜਾਣੀ ਜਾ ਸਕਦੀ ਹੈ

5

ਜੋ ਪੂਰਵ ਦਿਸ਼ਾ 'ਚੋਂ
ਉੱਗਿਆ ਹੈ ਸੂਰਜ
ਪੱਛਮ ਦਿਸ਼ਾ 'ਚ
ਉਹੀ ਛਿਪ ਰਿਹਾ ਹੈ

ਸੂਰਜ ਦੋਵੇਂ ਇਕੋ ਹੀ ਹੈ
ਵਾਰ ਵਾਰ ਆਖਦੀ ਰਹੀ ਪਹਿਲੀ ਸ਼੍ਰਾਵਸਤੀ

ਪਰ ਇਕ ਦੂਜੀ ਸ਼੍ਰਾਵਸਤੀ ਸੀ
ਜੋ ਮੰਨਦੀ ਨਹੀਂ ਸੀ
ਵਾਰ-ਵਾਰ ਬਹਿਸ ਕਰਦੀ ਸੀ
ਉਹ ਕਹਿੰਦੀ ਸੀ
ਚੜ੍ਹਨ ਵਾਲ਼ਾ
ਅਤੇ ਛਿਪਣ ਵਾਲ਼ਾ
ਦੋਵੇਂ ਦੋ ਸੂਰਜ ਨੇ
ਵੱਖੋ-ਵੱਖਰੇ

ਪਹਿਲੀ ਸ਼੍ਰਾਵਸਤੀ
ਦੇ ਸੱਚੇ ਵਿਚਾਰ ਨੂੰ ਨਕਾਰਨਾ
ਅਸਲ 'ਚ
ਪਹਿਲੀ ਸ਼੍ਰਾਵਸਤੀ ਨੂੰ ਨਕਾਰਨਾ ਹੈ

6

ਸ਼੍ਰਾਵਸਤੀ ਨੂੰ ਖ਼ੁਦ 'ਤੇ ਭਰੋਸਾ ਸੀ
ਕਿ ਉਹੀ ਹੈ ਆਪਣੀ ਮਾਲਕਿਣ
ਕਿ ਉਹ ਰੋਕ ਲਈ ਜਾਏਗੀ ਇਕ ਦਿਨ
ਅਤੇ ਸਾਰੇ ਸੁਆਲਾਂ ਤੋਂ ਮੁਕਤ ਹੋ ਜਾਏਗੀ

ਸ਼੍ਰਾਵਸਤੀ ਨੂੰ ਖ਼ੁਦ 'ਤੇ ਤਾਂ ਭਰੋਸਾ ਸੀ
ਪਰ ਉਸ ਨੂੰ ਹੁਣ ਵੀ ਵਿਸ਼ਵਾਸ ਨਹੀਂ ਸੀ
ਆਪਣੀਆਂ ਸ਼ੰਕਾਵਾਂ 'ਤੇ
ਜੋ ਜਦ ਕਦ ਦਿਖਾ ਰਹੀਆਂ ਸੀ
ਸ਼੍ਰਾਵਸਤੀ ਨੂੰ ਉਸ ਦੀ ਦਸ਼ਾ

7

ਸ਼੍ਰਾਵਸਤੀ ਵਾਰ-ਵਾਰ ਕਲਪਦੀ ਸੀ
ਕਿ ਉਹ ਕਿਉਂ ਜਨਮੀ ਸ਼੍ਰਾਵਸਤੀ
ਜਨਮ ਹੀ ਹੈ
ਸ਼੍ਰਾਵਸਤੀ ਦੇ ਦੁੱਖਾਂ ਦਾ ਕਾਰਨ

ਉਹ ਸਾਫ਼ ਪਛਾਣਦੀ ਸੀ
ਉਹ ਸਾਰੇ ਕਾਰਨ
ਜੋ ਉਸ ਦੇ ਜਨਮ ਨਾਲ ਜੁੜੇ ਸੀ

ਉਹ ਲੱਭ ਰਹੀ ਸੀ ਦੁੱਖ ਰੋਕਣ ਦਾ ਰਾਹ
ਉਹ ਜਨਮ ਤੋਂ ਹੀ ਮੁਕਤ ਨਹੀਂ ਹੋਣਾ ਚਾਹੁੰਦੀ ਸੀ
ਉਹ ਮਰਨਾ ਨਹੀਂ ਚਾਹੁੰਦੀ ਸੀ
ਉਹ ਕਾਰਨਾਂ ਦਾ ਹੱਲ ਚਾਹੁੰਦੀ ਸੀ

ਸ਼੍ਰਾਵਸਤੀ ਨੂੰ ਵਾਰ-ਵਾਰ ਲਗਦਾ ਸੀ
ਕਿ ਉਹ ਇਕ ਔਰਤ ਹੈ
ਉਸ ਨੂੰ ਵਾਰ-ਵਾਰ ਇਹ ਸੁਣਨਾ ਪੈਂਦਾ ਸੀ
ਕਿ ਉਹ ਦੁੱਖ ਜਿਹੇ ਹੱਲ 'ਚ ਰੁਕਾਵਟ ਹੈ

8

ਹਰ ਪਾਸੇ ਗੰਦਗੀ
ਹਰ ਪਾਸੇ ਬਿੱਠਾਂ ਅਤੇ ਲਹੂ
ਹਰ ਪਾਸੇ ਮਾਸ ਅਤੇ ਮਲ

ਹਰ ਪਾਸੇ...
ਬਾਹਰ ਵੀ
ਅੰਦਰ ਵੀ
ਸ਼੍ਰਾਵਸਤੀ ਦੇਖਦੀ ਸੀ ਗੰਦਗੀ

ਉਹ ਸਹੀ ਰਾਹ 'ਤੇ ਤੁਰਨਾ ਚਾਹੁੰਦੀ ਸੀ
ਇਸ ਲਈ ਭਟਕਦੀ ਸੀ
ਸੰਘ
ਮਹਾਂਸੰਘ
ਅਤੇ ਵਿਹਾਰ

ਸ਼੍ਰਾਵਸਤੀ ਨੇ ਸੰਨਿਆਸ ਲਿਆ
ਅਤੇ ਸਭ ਕੁਝ ਛੱਡ ਕੇ
ਸ਼੍ਰਾਵਸਤੀ 'ਚ 'ਅਨਾਗਰਿਕ' ਬਣ ਗਈ

9

ਸ਼੍ਰਾਵਸਤੀ ਦੱਸਦੀ ਹੈ
ਕਿ ਹਥਿਆਰ ਚੁੱਕਣਾ ਡਰਾਉਂਦਾ ਹੈ
ਜਿਵੇਂ ਥੋੜ੍ਹੇ ਪਾਣੀ 'ਚ
ਤੜਫ਼ਦੀਆਂ ਨੇ ਮੱਛੀਆਂ
ਉਵੇਂ ਹੀ ਇਕ ਦੂਜੇ ਦਾ
ਵਿਰੋਧ ਕਰਨ ਵਾਲ਼ੀ ਪਰਜਾ ਨੂੰ ਦੇਖ
ਸ਼੍ਰਾਵਸਤੀ ਨੂੰ ਡਰ ਲਗਦਾ ਸੀ

ਸਾਰੀਆਂ ਦਿਸ਼ਾਵਾਂ ਕੰਬਦੀਆਂ ਸੀ
ਕਿਸੇ ਦਿਸ਼ਾ 'ਚ ਸ਼੍ਰਾਵਸਤੀ ਲਈ
ਕਿਤੇ ਨਹੀਂ ਸੀ ਢੋਈ

ਇਹਨਾਂ ਕਾਰਨਾਂ ਕਰਕੇ ਦੁਖੀ ਸੀ
ਇਸ ਲਈ
ਸ਼੍ਰਾਵਸਤੀ ਨੇ ਇਕ ਦਿਨ
ਛੱਡ ਦਿੱਤੀ ਸ਼੍ਰਾਵਸਤੀ

10

ਸ਼੍ਰਾਵਸਤੀ ਰੱਖਣਾ ਨਹੀਂ ਚਾਹੁੰਦੀ
ਕੋਈ ਰਿਸ਼ਤਾ ਸ਼੍ਰਾਵਸਤੀ ਨਾਲ

ਸ਼੍ਰਾਵਸਤੀ ਕੋਈ ਬੰਨ੍ਹਣ ਨਹੀਂ ਚਾਹੁੰਦੀ
ਸ਼੍ਰਾਵਸਤੀ ਦਾ

ਉਹ ਜਨਮ ਨਹੀਂ ਚਾਹੁੰਦੀ
ਉਹ ਔਲਾਦ ਨਹੀਂ ਚਾਹੁੰਦੀ
ਉਹ ਨਹੀਂ ਚਾਹੁੰਦੀ ਸਿਰਜਣਾ

ਸ਼੍ਰਾਵਸਤੀ ਨੇ ਇਉਂ ਹੀ ਕੀਤਾ
ਉਸਨੂੰ ਉਵੇਂ ਹੀ ਮਿਲਿਆ

ਉਹ ਇਕੱਲੀ ਹੁੰਦੀ ਗਈ
ਉਹ ਰਹਿ ਗਈ ਸਿਰਫ਼ ਸ਼੍ਰਾਵਸਤੀ

ਉਹ ਇਉਂ ਵੈਰਾਗੀ ਹੁੰਦੀ ਗਈ
ਉਹ ਇਉਂ ਲੋਪ ਹੁੰਦੀ ਗਈ

11

ਸ਼੍ਰਾਵਸਤੀ 'ਚ
ਲੋਪ ਹੋ ਗਈ ਗਣ ਭਾਸ਼ਾ
ਸ਼੍ਰਾਵਸਤੀ 'ਚ ਪੈਰ ਪਸਾਰਨ ਲੱਗੀ
ਧਾਰਮਿਕ ਭਾਸ਼ਾ
ਸ਼੍ਰੇਸ਼ਠੀਆਂ ਅਤੇ ਅਮਾਤਿਆਵਾਂ ਦੇ ਉਦੈ ਨਾਲ

ਅਤੇ ਇਹ ਤਾਂ ਹੋਣਾ ਹੀ ਸੀ ਇਕ ਦਿਨ
ਜਿਵੇਂ ਹਰ ਸਿਖ਼ਰ ਦਾ ਹੁੰਦਾ ਹੈ ਪਤਨ
ਹੌਲ਼ੀ-ਹੌਲ਼ੀ ਘਟਦੀ ਗਈ
ਸ਼੍ਰੇਸ਼ਠੀਆਂ ਅਤੇ ਅਮਾਤਿਆਵਾਂ ਦੀ ਤਾਕਤ

ਸ਼੍ਰਾਵਸਤੀ ਦੀ ਸ਼੍ਰੇਸ਼ਠੀ ਪ੍ਰਬੰਧ ਦੀ ਚੜ੍ਹਾਈ ਵੇਲ਼ੇ
ਧਰਮ ਪ੍ਰਚਾਰ ਦੀ ਭਾਸ਼ਾ ਜੋ ਸਾਧਨ ਸੀ
ਸ਼੍ਰਾਵਸਤੀ ਦੇ ਸਮਾਜ ਦੇ ਵਿਕਾਸ ਦੀ
ਸ਼੍ਰੇਸ਼ਠੀ ਪ੍ਰਬੰਧ ਦੇ ਪਤਨ ਨਾਲ
ਉਹੀ ਰੁਕਾਵਟ ਬਣਦੀ ਗਈ
ਸ਼੍ਰਾਵਸਤੀ ਦੇ ਸਮਾਜ ਦੇ ਵਿਕਾਸ ਦੀ

ਸ਼੍ਰਾਵਸਤੀ ਹੌਲ਼ੀ-ਹੌਲ਼ੀ
ਧਰਮ ਦੀ ਭਾਸ਼ਾ ਅਤੇ ਲੋਕਾਂ ਦੀ ਭਾਸ਼ਾ
ਦੇ ਅੰਦਰੂਨੀ ਵਿਰੋਧ 'ਚ ਸੁੰਨ ਹੁੰਦੀ ਗਈ

12

ਸੱਤ ਕਦਮ ਨਾਲ ਤੁਰੀ ਸੀ ਸ਼੍ਰਾਵਸਤੀ
ਸ਼੍ਰਾਵਸਤੀ ਦੇ
ਪਰ ਨਹੀਂ ਬਣ ਸਕੀ ਸਖੀ-ਸਹੇਲੀ

ਬਾਰਾਂ ਦਿਨ ਨਾਲ ਰਹੀ ਸੀ ਸ਼੍ਰਾਵਸਤੀ
ਸ਼੍ਰਾਵਸਤੀ ਦੇ
ਪਰ ਨਹੀਂ ਬਣ ਸਕੀ ਸਹਾਇਕ

ਮਹੀਨਾ ਅੱਧ-ਮਹੀਨਾ ਨਾਲ ਰਹੀ ਸੀ ਸ਼੍ਰਾਵਸਤੀ
ਸ਼੍ਰਾਵਸਤੀ ਦੇ
ਪਰ ਨਹੀਂ ਬਣ ਸਕੀ ਗੋਤ-ਭਾਈ

ਇਸ ਤੋਂ ਜ਼ਿਆਦਾ ਸਮੇਂ ਤੱਕ ਨਾਲ ਰਹੀ ਸੀ ਸ਼੍ਰਾਵਸਤੀ
ਸ਼੍ਰਾਵਸਤੀ ਦੇ
ਪਰ ਸਗੀ ਨਹੀਂ ਬਣ ਸਕੀ
ਸ਼੍ਰਾਵਸਤੀ 'ਚ ਆਤਮਾ ਦੀ ਠਹਿਰ ਨਹੀਂ ਸੀ

13

ਅੰਗੁਲੀਮਾਲ ਨਿਧੜਕ ਘੁੰਮਦਾ ਹੈ
ਸ਼੍ਰਾਵਸਤੀ 'ਚ

ਸ਼੍ਰਾਵਸਤੀ 'ਚ
ਕਿਸੇ ਦੀਆਂ ਉਂਗਲਾਂ ਨਹੀਂ ਬਚੀਆਂ

ਸ਼੍ਰਾਵਸਤੀ 'ਚ
ਸਭ ਦੇ ਹੱਥੋਂ ਕੰਮ ਚਲਾ ਗਿਆ ਹੈ

14

ਸ਼੍ਰਾਵਸਤੀ ਨੂੰ ਕਿਉਂ ਲੱਭ ਰਹੇ ਹੋ ਭਦਰਕ
ਸ਼੍ਰਾਵਸਤੀ ਤੋਂ ਕੀ ਚਾਹੁੰਦੇ ਹੋ

ਜਿਸਨੂੰ ਪਾਣਿਨੀ ਦੇ ਅੱਠਵੇਂ ਕਾਂਡ
ਅਤੇ ਰਾਮਾਇਣ 'ਚ ਪੜ੍ਹਿਆ ਹੈ
ਜਿਸ ਨੂੰ ਮਹਾਭਾਰਤ
ਅਤੇ ਹਰਿਵੰਸ਼ਪੁਰਾਣ 'ਚ ਪੜ੍ਹਿਆ ਹੈ
ਜਿਸ ਨੂੰ ਵਿਸ਼ਣੂਪੁਰਾਣ, ਵਾਯੂਪੁਰਾਣ
ਭਾਗਵਤ ਪੁਰਾਣ ਅਤੇ
ਲਲਿਤ ਵਿਸਤਰ 'ਚ ਪੜ੍ਹਿਆ ਹੈ
ਉਹ ਸ਼੍ਰਾਵਸਤੀ ਹੁਣ ਨਹੀਂ ਹੈ

ਭਦਰਕ
ਸ਼੍ਰਾਵਸਤੀ 'ਚ
ਕਾਲ ਦਾ ਸਹੇਤ ਮਹੇਤ ਹੈ

15

ਜਿੱਥੇ ਬੋਧੀਸਤਵ ਨੇ ਗੁਜ਼ਾਰੇ ਸੀ
ਆਪਣੇ ਜੀਵਨ ਦੇ ਚੌਦਾਂ ਅਮੁੱਲੇ ਬਸੰਤ
ਸਮਰਾਟ ਅਸ਼ੋਕ ਨੇ
ਜਿਸ ਧਰਤੀ 'ਤੇ ਝੁਕਾਇਆ ਸੀ ਆਪਣਾ ਸਿਰ
ਕਨਿਸ਼ਠ ਮਹਾਨ ਨੇ
ਜਿਸ ਨੂੰ ਬਣਾਇਆ ਸੀ ਖ਼ੁਸ਼ਹਾਲ
ਪਰ ਜਿਸ ਦੀ ਨੀਂਹ ਅਤੇ ਚਾਰ ਦੀਵਾਰੀ ਹੀ
ਬਚੀ ਰਹਿ ਗਈ ਸੀ ਸਿਰਫ਼ ਗੁਪਤਕਾਲ 'ਚ
ਉਹ ਸ਼੍ਰਾਵਸਤੀ ਨੂੰ ਲੱਭਣ ਨਾਲ
ਭਲਾ ਕੀ ਮਿਲੇਗਾ ਭਦਰਕ

ਹੂਣ ਅਤੇ ਯਵਨਾਂ ਦੇ ਹਮਲੇ ਨਾਲ ਹੀ
ਬਰਬਾਦ ਨਹੀਂ ਹੋਈ ਸ਼੍ਰਾਵਸਤੀ -
ਉਸ ਨੂੰ ਲੈ ਡੁੱਬਿਆ
ਸਤਾਈਆਂ ਔਰਤਾਂ ਦਾ
ਭਿਆਨਕ ਦੁੱਖ
ਅਤੇ ਸਰਾਪ

16

ਸ਼੍ਰਾਵਸਤੀ ਨੂੰ
ਭੁੱਲ ਗਿਆ ਕੌਸ਼ਲ

ਚਲੋ ਸ਼੍ਰਾਵਸਤੀ
ਕੌਸ਼ਲ ਨੂੰ
ਯਾਦ ਦਿਵਾਉਂਦੇ ਹਾਂ
ਉਸ ਦੇ ਵਿਚਾਰਾਂ ਦੀ ਰਾਜਧਾਨੀ

ਕੌਸ਼ਲ ਨੂੰ
ਯਾਦ ਦਿਵਾਉਂਦੇ ਹਾਂ ਉਸ ਦਾ ਧਰਮ
ਅਤੇ ਉਸ ਦਾ ਕਰਨਯੋਗ ਕਰਮ

**- ਅਨੁਵਾਦ : ਤਰਸੇਮ**
**ਮੋਬਾ. : 098159-76485**

## ਸਫ਼ਾ 1 ਦੀ ਬਾਕੀ

## ਨੈਤਿਕ ਪੱਖੋਂ ਦਿਸ਼ਾਹੀਣ ਹੋਇਆ ਸਾਡਾ ਮੁਲਕ ...

ਹੈ।'

ਅੱਜ ਨਾਗਰਿਕ ਆਬਾਦੀ ਉੱਪਰ ਇਜ਼ਰਾਇਲ ਜੋ ਬੰਬ ਵਰਸਾ ਰਿਹਾ ਹੈ, ਉਸ ਉੱਪਰ ਸੰਯੁਕਤ ਰਾਜ ਅਮਰੀਕਾ ਦਾ ਨਾਂਅ ਲਿਖਿਆ ਹੈ। ਹਰ ਟੈਂਕ ਉੱਪਰ। ਹਰ ਗੋਲੀ ਉੱਪਰ ਅਮਰੀਕਾ ਦਾ ਨਾਂਅ ਹੈ। ਇਹ ਸਭ ਕੁਝ ਨਾ ਵਾਪਰਦਾ ਜੇ ਅਮਰੀਕਾ ਧੁਰ ਦਿਲੋਂ ਇਸ ਦੀ ਹਮਾਇਤ ਨਾ ਕਰ ਰਿਹਾ ਹੁੰਦਾ। 8 ਦਸੰਬਰ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੀ ਮੀਟਿੰਗ ਵਿਚ ਜੋ ਕੁਝ ਹੋਇਆ, ਉਹ ਅਸੀਂ ਸਾਰਿਆਂ ਨੇ ਦੇਖਿਆ, ਜਦੋਂ 13 ਮੈਂਬਰ ਮੁਲਕਾਂ ਨੇ ਯੁੱਧਬੰਦੀ ਦੇ ਹੱਕ 'ਚ ਵੋਟ ਪਾਈ ਅਤੇ ਸੰਯੁਕਤ ਰਾਜ ਅਮਰੀਕਾ ਨੇ ਇਸ ਦੇ ਖ਼ਿਲਾਫ਼ ਵੋਟ ਪਾਈ। ਉਸ ਵੀਡੀਓ ਨੂੰ ਦੇਖਣਾ ਪ੍ਰੇਸ਼ਾਨ ਕਰਨ ਵਾਲਾ ਸੀ, ਜਿਸ ਵਿਚ ਅਮਰੀਕੀ ਉੱਪ ਰਾਜਦੂਤ, ਜੋ ਇਕ ਸਿਆਹਫ਼ਾਮ ਅਮਰੀਕਨ ਹੈ, ਦਾ ਹੱਥ ਮਤੇ ਉੱਪਰ ਵੀਟੋ ਲਈ ਉੱਠਿਆ। ਸਾਡੇ ਜ਼ਿਹਨ ਉੱਪਰ ਇਸ ਦੇ ਨਿਸ਼ਾਨ ਹਮੇਸ਼ਾ ਰਹਿਣਗੇ। ਕੁਝ ਗੁੱਸੇ 'ਚ ਆਏ ਲੋਕਾਂ ਨੇ ਸੋਸ਼ਲ ਮੀਡੀਆ ਉੱਪਰ ਕੁੜੱਤਣ 'ਚ ਇਸ ਨੂੰ ਇੰਟਰਸੈਕਸ਼ਨਲ ਸਾਮਰਾਜਵਾਦ ਕਿਹਾ ਹੈ।

ਨੌਕਰਸ਼ਾਹ ਕਾਰਵਾਈਆਂ ਨੂੰ ਦੇਖੀਏ ਤਾਂ ਇੰਝ ਲੱਗਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਦਾ ਕਹਿਣਾ ਹੈ : ਆਪਣਾ ਮਕਸਦ ਪੂਰਾ ਕਰੋ, ਪਰ ਰਹਿਮਦਿਲੀ ਨਾਲ।

'ਇਸ ਤ੍ਰਾਸਦਿਕ ਟਕਰਾਅ ਤੋਂ ਸਾਨੂੰ ਕੀ ਸਬਕ ਸਿੱਖਣੇ ਚਾਹੀਦੇ ਹਨ? ਜਿਨ੍ਹਾਂ ਯਹੂਦੀ ਲੋਕਾਂ ਨੇ ਖ਼ੁਦ ਏਨੀਆਂ ਕਰੂਰਤਾਵਾਂ ਝੱਲੀਆਂ ਹਨ (ਸ਼ਾਇਦ ਇਤਿਹਾਸ ਵਿਚ ਕਿਸੇ ਵੀ ਅਵਾਮ ਤੋਂ ਸਭ ਤੋਂ ਜ਼ਿਆਦਾ) ਉਨ੍ਹਾਂ ਦੇ ਲਈ ਕੀ ਉਨ੍ਹਾਂ ਲੋਕਾਂ ਦੇ ਜੋਖ਼ਮ ਅਤੇ ਖ਼ਵਾਇਸ਼ਾਂ ਨੂੰ ਸਮਝ ਸਕਣਾ ਸੱਚੀਂ-ਮੁੱਚੀਂ ਅਸੰਭਵ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਉਜਾੜਿਆ ਹੋਇਆ ਹੈ? ਕੀ ਭਿਆਨਕ ਤਕਲੀਫ਼ਾਂ ਹਮੇਸ਼ਾ ਬੇਰਹਿਮੀ ਨੂੰ ਜਨਮ ਦਿੰਦੀਆਂ ਹਨ? ਇਨਸਾਨੀਅਤ ਦੇ ਲਈ ਇਸ ਤੋਂ ਕਿਹੋ ਜਹੀ ਉਮੀਦ ਪੈਦਾ ਹੁੰਦੀ ਹੈ? ਇਕ ਜਿੱਤ ਦੇ ਮੌਕੇ 'ਤੇ ਫਲਸਤੀਨੀ ਲੋਕ ਕਿਵੇਂ ਵਰਤਾਅ ਕਰਨਗੇ? ਜਦੋਂ ਰਾਜ ਤੋਂ ਵਾਂਝਾ ਇਕ ਰਾਸ਼ਟਰ ਰਾਜ ਬਣੇਗਾ, ਉਦੋਂ ਉਹ ਕਿਸ ਕਿਸਮ ਦਾ ਰਾਜ ਹੋਵੇਗਾ? ਇਸ ਦੇ ਪਰਚਮ ਦੇ ਸਾਏ 'ਚ ਕਿਸ ਤਰ੍ਹਾਂ ਦੇ ਖ਼ੌਫ਼ ਨੂੰ ਅੰਜਾਮ ਦਿੱਤਾ ਜਾਵੇਗਾ? ਕੀ ਸਾਨੂੰ ਇਕ ਅਲੱਗ ਰਾਜ ਦੇ ਲਈ ਲੜਨਾ ਚਾਹੀਦਾ ਹੈ, ਜਾਂ ਫਿਰ ਸਾਨੂੰ ਹਰੇਕ ਦੇ ਲਈ ਆਜ਼ਾਦੀ ਅਤੇ ਸਨਮਾਨ ਨਾਲ ਭਰੀ ਜ਼ਿੰਦਗੀ ਦੇ ਅਧਿਕਾਰ ਦੇ ਲਈ ਲੜਨਾ ਚਾਹੀਦਾ ਹੈ, ਚਾਹੇ ਕਿਸੇ ਦੀ ਨਸਲੀ ਪਛਾਣ ਜਾਂ ਧਰਮ ਕੁਝ ਵੀ ਹੋਵੇ?

'ਫਲਸਤੀਨ ਕਿਸੇ ਸਮੇਂ ਮੱਧ ਪੂਰਬ 'ਚ ਧਰਮਨਿਰਪੇਖਤਾ ਦਾ ਇਕ ਮੋਰਚਾ ਸੀ, ਪਰ ਅੱਜ ਉਸੇ ਜਗ੍ਹਾ ਉੱਪਰ ਹਮਾਸ ਇਕ ਕਮਜ਼ੋਰ, ਅਲੋਕਤੰਤਰੀ, ਹਰ ਤਰ੍ਹਾਂ ਦੇ ਭ੍ਰਿਸ਼ਟ ਪਰ ਕਥਿਤ ਰੂਪ 'ਚ ਅਸੰਕੀਰਨ ਪੀ.ਐੱਲ.ਓ. ਦੀ ਜਗ੍ਹਾ ਲੈਂਦਾ ਜਾ ਰਿਹਾ ਹੈ, ਜੋ ਖੁੱਲ੍ਹੇਆਮ ਇਕ ਸੰਕੀਰਨ ਵਿਚਾਰਧਾਰਾ ਅਤੇ ਇਸਲਾਮ ਦੇ ਨਾਂਅ 'ਤੇ ਲੜਨ ਦਾ ਦਾਅਵਾ ਕਰਦਾ ਹੈ। ਉਨ੍ਹਾਂ ਦਾ ਐਲਾਨਨਾਮਾ ਕਹਿੰਦਾ ਹੈ : 'ਅਸੀਂ ਇਸ ਦੇ ਸਿਪਾਹੀ ਹੋਵਾਂਗੇ ਅਤੇ ਇਸ ਦੀ ਅੱਗ ਦੇ ਲਈ ਲੱਕੜੀ ਜੋ ਦੁਸ਼ਮਣਾਂ ਨੂੰ ਸਾੜ ਕੇ ਰਾਖ਼ ਕਰ ਦੇਵੇਗੀ'। ਦੁਨੀਆ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਤਮਘਾਤੀ ਬੰਬਾਰਾਂ ਦੀ ਨਿੰਦਾ ਕਰਨ। ਪਰ ਕੀ ਅਸੀਂ ਉਸ ਲੰਮੇ ਸਫ਼ਰ ਨੂੰ ਅਣਡਿੱਠ ਕਰ ਸਕਦੇ ਹਾਂ ਜਿਸ ਵਿੱਚੋਂ ਦੀ ਹੋ ਕੇ ਉਹ ਇਸ ਮੁਕਾਮ 'ਤੇ ਪਹੁੰਚੇ ਹਨ? 11 ਸਤੰਬਰ 1922 ਤੋਂ 11 ਸਤੰਬਰ 2002 ਤੱਕ-ਇਕ ਯੁੱਧ ਨੂੰ ਜਾਰੀ ਰੱਖਣ ਲਈ 80 ਸਾਲ ਇਕ ਬਹੁਤ ਲੰਮਾ ਸਮਾਂ ਹੁੰਦਾ ਹੈ। ਕੀ ਦੁਨੀਆ ਫਲਸਤੀਨ ਦੇ ਅਵਾਮ ਨੂੰ ਕੋਈ ਸਲਾਹ ਦੇ ਸਕਦੀ ਹੈ? ਕੀ ਉਨ੍ਹਾਂ ਨੂੰ ਬਸ ਗੋਲਡਾ ਮਾਇਰ ਦੀ ਸਲਾਹ ਮੰਨ ਲੈਣੀ ਚਾਹੀਦੀ ਹੈ ਅਤੇ ਸੱਚਮੁੱਚ ਇਸ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਣੀ ਹੋਂਦ ਮਿਟਾ ਲੈਣ?'

ਫਲਸਤੀਨੀ ਲੋਕਾਂ ਨੂੰ ਮਿਟਾ ਦੇਣ, ਉਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦਾ ਵਿਚਾਰ ਇਜ਼ਰਾਇਲੀ ਰਾਜਨੀਤਕ ਹੁਕਮਰਾਨ ਅਤੇ ਫ਼ੌਜੀ ਅਧਿਕਾਰੀ ਸਾਫ਼-ਸਾਫ਼ ਕਹਿ ਰਹੇ ਹਨ। 'ਨਸਲਕੁਸ਼ੀ ਨੂੰ ਰੋਕਣ 'ਚ ਨਾਕਾਮੀ ਲਈ' - ਜੋ ਆਪਣੇ ਆਪ 'ਚ ਹੀ ਇਕ ਜੁਰਮ ਹੈ-ਬਾਇਡੇਨ ਪ੍ਰਸ਼ਾਸਨ ਦੇ ਖ਼ਿਲਾਫ਼ ਮੁਕੱਦਮਾ ਦਾਇਰ ਕਰਨ ਵਾਲੇ ਇਕ ਅਮਰੀਕਨ ਵਕੀਲ ਦਾ ਕਹਿਣਾ ਹੈ ਕਿ ਨਸਲੀ ਕਤਲੇਆਮ ਦਾ ਇਰਾਦਾ ਇਸ ਤਰ੍ਹਾਂ ਸਾਫ਼-ਸਾਫ਼ ਅਤੇ ਜਨਤਕ ਤੌਰ 'ਤੇ ਕਹਿਣ ਦੇ ਮਾਮਲੇ ਬਹੁਤ ਦੁਰਲੱਭ ਹਨ। ਇਕ ਵਾਰ ਇਹ ਮਕਸਦ ਹਾਸਲ ਕਰ ਲੈਣ ਤੋਂ ਬਾਅਦ, ਸ਼ਾਇਦ ਇਨ੍ਹਾਂ ਹੁਕਮਰਾਨਾਂ ਦਾ ਇਰਾਦਾ ਇਹ ਹੋਵੇ ਕਿ ਅਜਿਹੇ ਮਿਊਜ਼ੀਅਮ ਬਣਾਏ ਜਾਣ, ਜਿਨ੍ਹਾਂ ਵਿਚ ਫਲਸਤੀਨੀ ਸੰਸਕ੍ਰਿਤੀ ਅਤੇ ਦਸਤਕਾਰੀਆਂ ਦੀ ਨੁਮਾਇਸ਼ ਹੋਵੇ। ਅਸਲੀ ਫਲਸਤੀਨੀ ਖਾਣਾ ਪਰੋਸਣ ਵਾਲੇ ਰੇਸਤਰਾਂ ਹੋਣ। ਸ਼ਾਇਦ ਨਵੀਂ ਗਾਜ਼ਾ ਬੰਦਰਗਾਹ ਉੱਪਰ ਇਸ ਗੱਲ ਨੂੰ ਲੈ ਕੇ ਇਕ ਲਾਈਟ ਐਂਡ ਸਾਊਂਡ ਸ਼ੋਅ ਵੀ ਹੋਵੇ ਕਿ ਪੁਰਾਣਾ ਗਾਜ਼ਾ ਕਿੰਨਾ ਰੰਗੀਨ ਹੁੰਦਾ ਸੀ। ਸੰਭਵ ਹੈ ਕਿ ਇਹ ਬੰਦਰਗਾਹ ਬੇਨ ਗੁਰੀਅਨ ਨਹਿਰ ਪ੍ਰੋਜੈਕਟ ਦੇ ਮੁਹਾਣੇ 'ਤੇ ਬਣਾਈ ਜਾਵੇ, ਜਿਸ ਨੂੰ ਸਵੇਜ਼ ਨਹਿਰ ਦੇ ਪੈਮਾਨੇ 'ਤੇ ਬਣਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਸਮੁੰਦਰ 'ਚ ਖੁਦਾਈ ਦੇ ਠੇਕਿਆਂ ਉੱਪਰ ਦਸਖ਼ਤ ਕੀਤੇ ਜਾ ਰਹੇ ਹਨ।

ਵੀਹ ਸਾਲ ਪਹਿਲਾਂ, ਜਦੋਂ ਨਿਊ ਮੈਕਸੀਕੋ 'ਚ ਮੈਂ 'ਕਮ ਸੈਂਪਟੈਂਬਰ' (Come September) ਭਾਸ਼ਣ ਦਿੱਤਾ ਸੀ ਤਾਂ ਅਮਰੀਕਾ ਵਿਚ ਫਲਸਤੀਨ ਨੂੰ ਲੈ ਕੇ ਇਕ ਤਰ੍ਹਾਂ ਦੀ ਖ਼ਾਮੋਸ਼ੀ ਦਾ ਆਲਮ ਸੀ। ਜੋ ਲੋਕ ਇਸ ਬਾਰੇ ਬੋਲਦੇ ਸਨ, ਉਨ੍ਹਾਂ ਨੂੰ ਇਸ ਦਾ ਭਾਰੀ ਮੁੱਲ ਤਾਰਨਾ ਪੈਂਦਾ ਸੀ। ਅੱਜ ਨੌਜਵਾਨ ਸੜਕਾਂ ਉੱਪਰ ਹਨ। ਮੋਹਰੀ ਮੁਹਾਜ਼ 'ਤੇ ਉਨ੍ਹਾਂ ਦੀ ਰਾਹਨੁਮਾਈ ਯਹੂਦੀ ਅਤੇ ਫਲਸਤੀਨੀ ਕਰ ਰਹੇ ਹਨ, ਜੋ ਆਪਣੀ ਸਰਕਾਰ, ਅਮਰੀਕਾ ਦੀ ਸਰਕਾਰ ਦੀਆਂ ਕਰਤੂਤਾਂ ਨੂੰ ਲੈ ਕੇ ਗੁੱਸੇ 'ਚ ਹਨ। ਯੂਨੀਵਰਸਿਟੀਆਂ 'ਚ ਉਥਲ-ਪੁਥਲ ਹੈ। ਸਭ ਤੋਂ ਕੁਲੀਨ ਕੈਂਪਸਾਂ 'ਚ ਵੀ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਸਰਮਾਏਦਾਰੀ ਤੇਜ਼ੀ ਨਾਲ ਅੱਗੇ ਆ ਰਹੀ ਹੈ। ਫੰਡ ਦਾਤੇ ਫੰਡ ਰੋਕ ਦੇਣ ਦੀ ਧਮਕੀ ਦੇ ਰਹੇ ਹਨ ਅਤੇ ਇਸ ਤਰ੍ਹਾਂ ਇਸ ਗੱਲ ਦਾ ਫ਼ੈਸਲਾ ਕਰ ਰਹੇ ਹਨ ਕਿ ਅਮਰੀਕੀ ਵਿਦਿਆਰਥੀ ਕੀ ਕਰ ਸਕਦੇ ਹਨ ਅਤੇ ਕੀ ਨਹੀਂ, ਅਤੇ ਉਨ੍ਹਾਂ ਨੂੰ ਕਿਵੇਂ ਸੋਚਣਾ ਚਾਹੀਦਾ ਹੈ ਤੇ ਕਿਵੇਂ ਨਹੀਂ ਸੋਚਣਾ ਚਾਹੀਦਾ। ਇਹ ਇਕ ਅਖਾਉਤੀ ਉਦਾਰਵਾਦੀ ਸਿੱਖਿਆ ਦੇ ਬੁਨਿਆਦੀ ਅਸੂਲਾਂ ਦੀ ਭਾਵਨਾ ਉੱਪਰ ਹੀ ਹਮਲਾ ਹੈ।

ਉੱਤਰ-ਬਸਤੀਵਾਦ, ਬਹੁਸੰਸਕ੍ਰਿਤੀਵਾਦ, ਅੰਤਰਰਾਸ਼ਟਰੀ ਕਾਨੂੰਨ, ਜਨੇਵਾ ਕਨਵੈਨਸ਼ਨ, ਮਨੁੱਖੀ ਅਧਿਕਾਰਾਂ ਦੇ ਸਰਵਵਿਆਪਕ ਐਲਾਨਨਾਮੇ ਦੇ ਦਿਖਾਵੇ ਦਾ ਅੰਤ ਹੋ ਚੁੱਕਾ ਹੈ। ਬੋਲਣ ਦੀ ਆਜ਼ਾਦੀ ਜਾਂ ਜਨਤਕ ਨੈਤਿਕਤਾ ਦਾ ਦਿਖਾਵਾ ਵੀ ਖ਼ਤਮ ਹੋ ਚੁੱਕਾ ਹੈ। ਅੰਤਰਰਾਸ਼ਟਰੀ ਵਕੀਲ ਅਤੇ ਵਿਦਵਾਨ ਜਿਸ ਨੂੰ ਸਾਰੀਆਂ ਕਸੌਟੀਆਂ ਉੱਪਰ ਨਸਲੀ ਕਤਲੇਆਮ ਕਹਿ ਰਹੇ ਹਨ, ਉਹ 'ਯੁੱਧ' ਜਾਰੀ ਹੈ, ਜਿਸ ਵਿਚ ਜੁਰਮ ਕਰਨ ਵਾਲੇ ਮੁਜਰਿਮ ਖ਼ੁਦ ਨੂੰ ਪੀੜਤ ਦੱਸ ਰਹੇ ਹਨ, ਇਕ ਨਸਲਪ੍ਰਸਤ ਰਾਜ ਚਲਾਉਣ ਵਾਲੇ ਬਸਤੀਵਾਦੀ ਜਾਬਰਾਂ ਦੇ ਕਿਰਦਾਰ 'ਚ ਹਨ। ਅਮਰੀਕਾ 'ਚ ਇਸ ਉੱਪਰ ਸਵਾਲ ਉਠਾਉਣ ਦਾ ਮਤਲਬ ਹੋਵੇਗਾ ਐਂਟੀ-ਸੈਮੀਟਿਕ ਹੋਣ ਦਾ ਇਲਜ਼ਾਮ ਲੱਗਣਾ। ਚਾਹੇ ਸਵਾਲ ਕਰਨ ਵਾਲੇ ਲੋਕ ਖ਼ੁਦ ਯਹੂਦੀ ਹੀ ਕਿਉਂ ਨਾ ਹੋਣ। ਤੁਹਾਡੇ ਹੋਸ਼ ਉੱਡ ਜਾਣਗੇ। ਇੱਥੋਂ ਤੱਕ ਕਿ ਇਜ਼ਰਾਇਲ ਵੀ ਉਸ ਤਰ੍ਹਾਂ ਆਵਾਜ਼ਾਂ ਨੂੰ ਨਹੀਂ ਕੁਚਲਦਾ ਜਿੰਨਾ ਅਮਰੀਕਾ ਕੁਚਲਦਾ ਹੈ, ਜਿੱਥੇ ਗਿਡੀਅਨ ਲੇਵੀ ਵਰਗੇ ਅਸਹਿਮਤ ਇਜ਼ਰਾਇਲੀ ਨਾਗਰਿਕ ਇਜ਼ਰਾਇਲੀ ਕਾਰਵਾਈਆਂ ਦੇ ਸਭ ਤੋਂ ਜਾਣਕਾਰ ਅਤੇ ਸਭ ਤੋਂ ਤਿੱਖੇ ਆਲੋਚਕ ਹਨ (ਹਾਲਾਂਕਿ ਹਾਲਾਤ ਉੱਥੇ ਵੀ ਤੇਜ਼ੀ ਨਾਲ ਬਦਲ ਰਹੇ ਹਨ)। ਅਮਰੀਕਾ 'ਚ ਤਾਂ ਇੰਤਫ਼ਾਦਾ ਦੀ ਗੱਲ ਕਰਨ ਨੂੰ ਯਹੂਦੀਆਂ ਦੇ ਨਸਲੀ ਕਤਲੇਆਮ ਦਾ ਹੋਕਾ ਮੰਨ ਲਿਆ ਜਾਂਦਾ ਹੈ, ਜਦਕਿ ਇੰਤਫ਼ਾਦਾ ਦਾ ਮਤਲਬ ਹੈ ਬਗ਼ਾਵਤ, ਟਾਕਰਾ, ਜੋ ਫਲਸਤੀਨ ਦੇ ਮਾਮਲੇ 'ਚ ਇਕ ਨਸਲੀ ਕਤਲੇਆਮ ਦਾ ਵਿਰੋਧ ਹੈ। ਇਸ ਦਾ ਮਤਲਬ ਹੈ ਆਪਣੀ ਹੋਂਦ ਮਿਟਾ ਦੇਣ ਦਾ ਵਿਰੋਧ। ਇੰਝ ਲੱਗਦਾ ਹੈ ਕਿ ਫਲਸਤੀਨੀ ਲੋਕਾਂ ਕੋਲ ਨੈਤਿਕ ਰੂਪ 'ਚ ਕਰਨ ਲਈ ਸਿਰਫ਼ ਇਕ ਹੀ ਕੰਮ ਹੈ ਕਿ ਉਹ ਮਰ ਜਾਣ। ਸਾਡੇ ਸਾਰਿਆਂ ਦੇ ਸਾਹਮਣੇ ਕਾਨੂੰਨੀ ਰੂਪ 'ਚ ਇਕ ਹੀ ਰਾਹ ਹੈ ਕਿ ਅਸੀਂ ਉਨ੍ਹਾਂ ਨੂੰ ਮਰਦੇ ਹੋਏ ਦੇਖੀਏ। ਅਤੇ ਚੁੱਪ ਰਹੀਏ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਅਸੀਂ ਆਪਣੀ ਸਕਾਲਰਸ਼ਿਪ, ਗ੍ਰਾਂਟ, ਲੈਕਚਰ ਫ਼ੀਸ ਅਤੇ ਆਪਣੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾ ਲਵਾਂਗੇ।

11 ਸਤੰਬਰ ਤੋਂ ਬਾਅਦ ਅਮਰੀਕਾ ਦੇ ਦਹਿਸ਼ਤਵਾਦ ਵਿਰੁੱਧ ਯੁੱਧ ਨੇ ਦੁਨੀਆ ਭਰ ਦੀਆਂ ਹਕੂਮਤਾਂ ਨੂੰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਦੇਣ ਦਾ, ਅਤੇ ਇਕ ਜਟਿਲ, ਹਮਲਾਵਰ ਨਿਗਰਾਨੀ ਵਿਵਸਥਾ ਕਾਇਮ ਕਰਨ ਦਾ ਬਹਾਨਾ ਦੇ ਦਿੱਤਾ। ਇਹ ਇਕ ਅਜਿਹੀ ਵਿਵਸਥਾ ਹੈ, ਜਿਸ ਵਿਚ ਸਾਡੀਆਂ ਸਰਕਾਰਾਂ ਸਾਡੇ ਬਾਰੇ ਹਰ ਚੀਜ਼ ਜਾਣਦੀਆਂ ਹਨ ਅਤੇ ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਜਾਣਦੇ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਮੈਕਾਰਥੀਵਾਦ ਦੀ ਛਤਰੀ ਥੱਲੇ ਪੂਰੀ ਦੁਨੀਆ ਦੇ ਮੁਲਕਾਂ 'ਚ ਖ਼ੌਫ਼ਨਾਕ ਚੀਜ਼ਾਂ ਜਨਮ ਲੈਣਗੀਆਂ ਅਤੇ ਪ੍ਰਫੁੱਲਤ ਹੋਣਗੀਆਂ। ਬੇਸ਼ੱਕ ਸਾਡੇ ਆਪਣੇ ਮੁਲਕ 'ਚ ਇਹ ਕਈ ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ, ਪਰ ਜੇ ਅਸੀਂ ਇਸ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਵਾਂਗੇ ਤਾਂ ਇਹ ਹੋਰ ਤੇਜ਼ ਹੋਵੇਗਾ ਅਤੇ ਸਾਨੂੰ ਸਾਰਿਆਂ ਨੂੰ ਹੜ੍ਹਾ ਕੇ ਲੈ ਜਾਵੇਗਾ।

ਕੱਲ੍ਹ ਹੀ ਖ਼ਬਰ ਆਈ ਹੈ ਕਿ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਜੋ ਕਿਸੇ ਸਮੇਂ ਭਾਰਤ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇਕ ਸੀ, ਨੇ ਵਿਦਿਆਰਥੀਆਂ ਦੇ ਆਚਰਣ ਨੂੰ ਲੈ ਕੇ ਨਿਯਮ ਜਾਰੀ ਕੀਤੇ ਹਨ। ਉਨ੍ਹਾਂ ਨਿਯਮਾਂ ਦੇ ਤਹਿਤ ਧਰਨਾ ਲਾਉਣ ਜਾਂ ਭੁੱਖ ਹੜਤਾਲ ਕਰਨ ਵਾਲੇ ਹਰ ਵਿਦਿਆਰਥੀ ਨੂੰ ਵੀਹ ਹਜ਼ਾਰ ਰੁਪਏ ਜੁਰਮਾਨਾ ਲਗਾਇਆ ਜਾਵੇਗਾ। 'ਰਾਸ਼ਟਰ-ਵਿਰੋਧੀ ਨਾਅਰੇ' ਲਗਾਉਣ ਵਾਲੇ ਨੂੰ 10000 ਰੁਪਏ ਜੁਰਮਾਨਾ। ਅਜੇ ਇਸ ਦੀ ਕੋਈ ਸੂਚੀ ਨਹੀਂ ਹੈ ਕਿ ਇਹ ਨਾਅਰੇ ਕੀ ਹਨ, ਪਰ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਦੇ ਨਸਲੀ ਕਤਲੇਆਮ ਅਤੇ ਸਫ਼ਾਏ ਦੀ ਮੰਗ ਕਰਨ ਵਾਲੇ ਨਾਅਰੇ ਇਸ ਸੂਚੀ ਦਾ ਹਿੱਸਾ ਨਹੀਂ ਹੋਣਗੇ। ਯਾਨੀ ਫਲਸਤੀਨ ਦੀ ਲੜਾਈ ਸਾਡੀ ਲੜਾਈ ਵੀ ਹੈ।

ਕਹਿਣ ਲਈ ਜੋ ਬਚਿਆ ਹੈ, ਉਸ ਨੂੰ ਸਾਫ਼-ਸਾਫ਼ ਕਹਿਣਾ ਅਤੇ ਦੁਹਰਾਉਣਾ ਜ਼ਰੂਰੀ ਹੈ।

ਪੱਛਮੀ ਕੰਢੇ ਉੱਪਰ ਇਜ਼ਰਾਇਲ ਦਾ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਜੁਰਮ ਹੈ। ਇਸ ਕਬਜ਼ੇ ਨੂੰ ਮਦਦ ਦੇਣ ਵਾਲੇ ਅਮਰੀਕਾ ਅਤੇ ਹੋਰ ਮੁਲਕ ਇਸ ਜੁਰਮ ਦੇ ਭਾਈਵਾਲ ਹਨ। ਅੱਜ ਅਸੀਂ ਜਿਹੜੀ ਦਹਿਸ਼ਤ ਦੇਖ ਰਹੇ ਹਾਂ, ਹਮਾਸ ਅਤੇ ਇਜ਼ਰਾਇਲ ਵੱਲੋਂ ਨਾਗਰਿਕਾਂ ਦਾ ਘਿਣਾਉਣਾ ਕਤਲੇਆਮ, ਉਹ ਇਸੇ ਘੇਰਾਬੰਦੀ ਅਤੇ ਕਬਜ਼ੇ ਦਾ ਨਤੀਜਾ ਹਨ।

ਚਾਹੇ ਦੋਹਾਂ ਹੀ ਧਿਰਾਂ ਵੱਲੋਂ ਕੀਤੀ ਜਾਣ ਵਾਲੀ ਕਰੂਰਤਾ ਦਾ ਕਿਹੋ ਜਿਹਾ ਵੀ ਬਿਊਰਾ ਦਿੱਤਾ ਜਾਵੇ, ਉਨ੍ਹਾਂ ਦੀਆਂ ਜ਼ਿਆਦਤੀਆਂ ਦੀ ਕਿੰਨੀ ਵੀ ਨਿੰਦਾ ਕੀਤੀ ਜਾਵੇ, ਉਨ੍ਹਾਂ ਦੇ ਜ਼ੁਲਮ ਬਰਾਬਰ ਹੋਣ ਦਾ ਚਾਹੇ ਕਿੰਨਾ ਵੀ ਝੂਠ ਘੜਿਆ ਜਾਵੇ, ਉਹ ਸਾਨੂੰ ਕਿਸੇ ਹੱਲ 'ਤੇ ਨਹੀਂ ਪਹੁੰਚਾ ਸਕਦੇ।

ਇਸ ਭਿਆਨਕਤਾ ਨੂੰ ਜਨਮ ਦੇਣ ਵਾਲੀ ਚੀਜ਼ ਹੈ ਕਬਜ਼ਾ। ਕਬਜ਼ਾ ਹੀ ਉਹ ਚੀਜ਼ ਹੈ, ਜੋ ਜੁਰਮ ਕਰਨ ਵਾਲਿਆਂ ਅਤੇ ਉਸ ਜੁਰਮ ਦਾ ਨਿਸ਼ਾਨਾ ਬਣਨ ਵਾਲਿਆਂ, ਦੋਹਾਂ ਉੱਪਰ ਹਿੰਸਾ ਕਰ ਰਹੀ ਹੈ। ਇਸ ਦੇ ਸ਼ਿਕਾਰ ਬਣਨ ਵਾਲੇ ਮਰ ਰਹੇ ਹਨ ਅਤੇ ਇਸ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਨੂੰ ਹੁਣ ਆਪਣੇ ਜੁਰਮ ਦੇ ਨਾਲ ਜਿਊਣਾ ਪਵੇਗਾ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਵੀ।

ਇਸ ਦਾ ਹੱਲ ਕਿਸੇ ਫ਼ੌਜੀ ਕਾਰਵਾਈ ਨਾਲ ਨਹੀਂ ਨਿਕਲ ਸਕਦਾ। ਇਹ ਸਿਰਫ਼ ਇਕ ਰਾਜਨੀਤਕ ਹੱਲ ਹੀ ਹੋ ਸਕਦਾ ਹੈ, ਜਿਸ ਵਿਚ ਇਜ਼ਰਾਇਲੀਆਂ ਅਤੇ ਫਲਸਤੀਨੀਆਂ ਦੋਹਾਂ ਨੂੰ ਹੀ, ਇਕੱਠੇ ਜਾਂ ਇਕ ਦੂਜੇ ਦੇ ਨਾਲ-ਨਾਲ ਰਹਿਣਾ ਪਵੇਗਾ। ਸਨਮਾਨ ਨਾਲ ਅਤੇ ਬਰਾਬਰ ਅਧਿਕਾਰਾਂ ਨਾਲ। ਇਸ ਵਿਚ ਦੁਨੀਆ ਨੂੰ ਦਖ਼ਲ ਦੇਣਾ ਜ਼ਰੂਰੀ ਹੈ। ਇਸ ਕਬਜ਼ੇ ਦਾ ਅੰਤ ਜ਼ਰੂਰੀ ਹੈ। ਇਹ ਜ਼ਰੂਰੀ ਹੈ ਕਿ ਫਲਸਤੀਨੀਆਂ ਨੂੰ ਸੱਚਮੁੱਚ ਇਕ ਮੁਲਕ ਮਿਲੇ ਅਤੇ ਇਹ ਜ਼ਰੂਰੀ ਹੈ ਕਿ ਫਲਸਤੀਨੀ ਸ਼ਰਨਾਰਥੀਆਂ ਨੂੰ ਵਾਪਸ ਪਰਤਣ ਦਾ ਹੱਕ ਮਿਲੇ।

ਜੇ ਨਹੀਂ ਤਾਂ ਪੱਛਮੀ ਸੱਭਿਅਤਾ ਦੀ ਨੈਤਿਕ ਇਮਾਰਤ ਢਹਿ-ਢੇਰੀ ਹੋ ਜਾਵੇਗੀ। ਅਸੀਂ ਜਾਣਦੇ ਹਾਂ ਕਿ ਇਹ ਹਮੇਸ਼ਾ ਹੀ ਦਮੂੰਹੀ ਰਹੀ ਹੈ, ਪਰ ਉਸ ਵਿਚ ਵੀ ਇਕ ਤਰ੍ਹਾਂ ਦੀ ਪਨਾਹ ਮਿਲਦੀ ਸੀ। ਉਹ ਪਨਾਹ ਸਾਡੀਆਂ ਅੱਖਾਂ ਦੇ ਸਾਹਮਣੇ ਖ਼ਤਮ ਹੋ ਰਹੀ ਹੈ।

ਇਸ ਲਈ, ਫਲਸਤੀਨ ਅਤੇ ਇਜ਼ਰਾਇਲ ਦੀ ਖ਼ਾਤਰ, ਜੋ ਜ਼ਿੰਦਾ ਹਨ, ਉਨ੍ਹਾਂ ਦੀ ਖ਼ਾਤਰ, ਅਤੇ ਜੋ ਮਾਰੇ ਗਏ, ਉਨ੍ਹਾਂ ਦੇ ਨਾਂਅ 'ਤੇ, ਹਮਾਸ ਵੱਲੋਂ ਬੰਧਕ ਬਣਾਏ ਗਏ ਲੋਕਾਂ ਦੀ ਖ਼ਾਤਰ ਅਤੇ ਇਜ਼ਰਾਇਲੀ ਜੇਲ੍ਹਾਂ 'ਚ ਬੰਦ ਫਲਸਤੀਨੀਆਂ ਦੀ ਖ਼ਾਤਰ, ਸਾਰੀ ਇਨਸਾਨੀਅਤ ਦੀ ਖ਼ਾਤਰ, ਇਸ ਕਤਲੇਆਮ ਨੂੰ ਤੁਰੰਤ ਰੋਕੋ।

ਇਹ ਸਨਮਾਨ ਦੇਣ ਵਾਸਤੇ ਮੇਰੀ ਚੋਣ ਕਰਨ ਲਈ ਤੁਹਾਡਾ ਇਕ ਵਾਰ ਫਿਰ ਧੰਨਵਾਦ। ਇਸ ਸਨਮਾਨ ਨਾਲ ਦਿੱਤੇ ਜਾਣ ਵਾਲੇ 3 ਲੱਖ ਰੁਪਏ ਲਈ ਵੀ ਤੁਹਾਡਾ ਧੰਨਵਾਦ। ਇਹ ਮੇਰੇ ਕੋਲ ਨਹੀਂ ਰਹਿਣਗੇ। ਇਹ ਉਨ੍ਹਾਂ ਕਾਰਕੁਨਾਂ ਅਤੇ ਪੱਤਰਕਾਰਾਂ ਦੇ ਕੰਮ ਆਉਣਗੇ ਜੋ ਭਾਰੀ ਮੁੱਲ ਤਾਰਦੇ ਹੋਏ ਵੀ ਵਿਰੋਧ 'ਚ ਡਟੇ ਹੋਏ ਹਨ।

## ਡਾ. ਜਤਿੰਦਰ ਕੌਰ ਰੰਧਾਵਾ ਨਾਲ ਰੂ-ਬ-ਰੂ



**ਹੁਸ਼ਿਆਰਪੁਰ**-ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਕੈਨੇਡਾ ਵਿਖੇ ਰਹਿ ਰਹੇ ਤੇ ਅੱਜਕੱਲ੍ਹ ਪੰਜਾਬ ਆਏ ਹੋਏ ਡਾ. ਜਤਿੰਦਰ ਕੌਰ ਰੰਧਾਵਾ ਨਾਲ ਡਿਜ਼ੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਕਾਨਫਰੰਸ ਹਾਲ ਵਿੱਚ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਾਹਿਤ ਸਭਾ ਦੇ ਪ੍ਰਧਾਨ ਮਦਨ ਵੀਰਾ ਨੇ ਕੀਤੀ। ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਭਾ ਵੱਲੋਂ ਡਾ. ਰੰਧਾਵਾ ਨੂੰ ਜੀ ਆਇਆਂ ਆਖਦਿਆਂ ਸਾਹਿਤ ਸਭਾ ਦੇ ਮੈਂਬਰਾਂ ਨੂੰ ਦੱਸਿਆ ਕਿ ਡਾ. ਰੰਧਾਵਾ ਹੁਣ ਤੱਕ 'ਮੈਂ ਵੇਲ ਹਾਂ', 'ਪੰਜਾਬੀ ਲੋਕ ਗੀਤਾਂ ਵਿੱਚ ਨਾਰੀ ਸਰੋਕਾਰ', ਇੰਟਰਨੈਸ਼ਨਲ ਜਰਨਲ ਆਫ ਪੰਜਾਬੀ ਲਿਟਰੇਚਰ ਅਤੇ 'ਬਾਰੀ ਬਰਸੀ ਖੱਟਣ ਗਿਆ ਸੀ' ਚਾਰ ਕਿਤਾਬਾਂ ਦੀ ਸਿਰਜਣਾ ਕਰ ਚੁੱਕੇ ਹਨ। ਤ੍ਰਿਪਤਾ ਕੇ ਸਿੰਘ ਨੇ ਡਾ. ਰੰਧਾਵਾ ਦੀ ਕਹਾਣੀ 'ਤੇ 'ਉਹ ਚਲਾ ਗਿਆ' ਦਾ ਪਾਠ ਕੀਤਾ, ਜਿਸ 'ਤੇ ਸਾਹਿਤਕ ਦੋਸਤਾਂ ਨੇ ਆਪਣੀਆਂ ਆਲੋਚਨਾਤਮਿਕ ਟਿੱਪਣੀਆਂ ਦਿੱਤੀਆਂ। ਉਪਰੰਤ ਡਾ. ਰੰਧਾਵਾ ਨੇ ਕਿਹਾ ਕਿ ਮੇਰੀਆਂ ਕਹਾਣੀਆਂ ਵਿੱਚ ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ, ਨਾਰੀ ਸਰੋਕਾਰ, ਬਾਲ ਮਾਨਸਿਕਤਾ ਨੂੰ ਦਰਪੇਸ਼ ਸਮੱਸਿਆਵਾਂ ਤੇ ਸ਼ੋਸ਼ਣ, ਖੋਖਲੀਆਂ ਮੁਹੱਬਤਾਂ, ਮਾਨਸਿਕ ਦਬੰਧ ਅਤੇ ਢਹਿ-ਢੇਰੀ ਹੁੰਦੀਆਂ ਕਦਰਾਂ-ਕੀਮਤਾਂ ਉੱਭਰਵੇਂ ਰੂਪ ਵਿੱਚ ਪੇਸ਼ ਹਨ। ਉਨ੍ਹਾਂ ਕੈਨੇਡਾ ਦੇ ਲੋਕਾਂ ਦਾ ਰਹਿਣ-ਸਹਿਣ, ਇਮਾਨਦਾਰੀ, ਮਦਦ ਕਰਨ ਦਾ ਲਕਬ ਦੇ ਨਾਲ-ਨਾਲ ਉੱਥੇ ਪਰਵਾਸੀਆਂ ਖ਼ਾਸ ਕਰਕੇ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਬਿਰਤਾਂਤ ਸਾਂਝੇ ਕੀਤੇ। ਉਨ੍ਹਾਂ ਸਰੋਤਿਆਂ ਨਾਲ ਆਪਣੀਆਂ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ ਅਤੇ ਸਾਹਿਤਕ ਦੋਸਤਾਂ ਵੱਲੋਂ ਕੀਤੇ ਗਏ ਸਵਾਲਾਂ ਦਾ ਵਿਸਤਾਰ ਨਾਲ ਜਵਾਬ ਦਿੱਤਾ। ਮਦਨ ਵੀਰਾ ਨੇ ਆਪਣੇ ਧੰਨਵਾਦੀ ਭਾਸ਼ਣ 'ਚ ਪਰਵਾਸੀ ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਗੱਲ ਕਰਦੇ ਹੋਏ ਕਿਹਾ ਕਿ ਡਾ. ਰੰਧਾਵਾ ਨੇ ਆਪਣੀ ਕਹਾਣੀ ਨੂੰ ਭੂ ਹੇਰਵੇ ਦੇ ਦਾਇਰੇ 'ਚੋਂ ਕੱਢਦਿਆਂ ਪਰਵਾਸ ਦੇ ਭੂਗੋਲ ਤੇ ਵਰਤਾਰੇ ਨੂੰ ਆਪਣੀਆਂ ਕਹਾਣੀਆਂ ਦੇ ਪਲਾਟ ਦਾ ਅੰਗ ਬਣਾ ਕੇ ਨਵੀਆਂ ਪਿਰਤਾਂ ਪਾਈਆਂ ਹਨ। ਇਸ ਸਮੇਂ ਡਾ. ਜਤਿੰਦਰ ਰੰਧਾਵਾ ਦਾ ਸਾਹਿਤ ਸਭਾ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਡਾ. ਕਰਮਜੀਤ ਸਿੰਘ, ਜਸਬੀਰ ਸਿੰਘ ਧੀਮਾਨ, ਹਰਦਿਆਲ ਹੁਸ਼ਿਆਰਪੁਰੀ, ਲੈਕ. ਲਖਵਿੰਦਰ ਰਾਮ, ਲੈਕ. ਸੁਖਜੀਤ ਕੌਰ, ਸੁਰਿੰਦਰ ਸੱਲ੍ਹਣ, ਸੁਰਜੀਤ ਜੀਤ, ਅੰਜੂ ਵੀ ਰੱਤੀ, ਮੈਡਮ ਗੁਰਬਚਨ ਕੌਰ, ਆਯੂਸ਼ ਸ਼ਰਮਾ, ਲਾਇਬ੍ਰੇਰੀਅਨ ਵਿਜੇ ਕੁਮਾਰ ਅਤੇ ਸਾਹਿਤਕ ਦੋਸਤ ਹਾਜ਼ਰ ਸਨ।

**— ਡਾ. ਜਸਵੰਤ ਰਾਏ**

7-Jan-Sunday.qxd 1/6/2024 10:37 PM Page 2



# ਇਤਿਹਾਸ ਦੇ ਪੰਨੇ 'ਤੇ ਪਿਲਜਰ ਦੀਆਂ ਗੂੜ੍ਹੀਆਂ ਪੈੜਾਂ

*ਪੱਤਰਕਾਰ, ਸਮਾਜਿਕ ਕਾਰਕੁਨ, ਦਸਤਾਵੇਜ਼ੀ ਫ਼ਿਲਮ ਨਿਰਮਾਤਾ ਅਤੇ ਹੋਰ ਬਹੁਤ ਖੇਤਰਾਂ ਵਿੱਚ ਮਿਸਾਲੀ ਕੰਮ ਕਰਨ ਵਾਲਾ ਜੌਹਨ ਪਿਲਜਰ ਭਾਵੇਂ ਸਰੀਰਕ ਰੂਪ ਵਿੱਚ ਸਾਥੋਂ ਵਿਛੜ ਗਿਆ ਹੈ, ਪਰ ਇਨ੍ਹਾਂ ਸਾਰੇ ਖੇਤਰਾਂ ਵਿੱਚ ਉਸ ਵੱਲੋਂ ਪਾਏ ਪੂਰਨੇ ਸਾਡੇ ਰਾਹ ਦਸੇਰਾ ਬਣਦੇ ਰਹਿਣਗੇ। ਉਹ ਸਾਰੀ ਜ਼ਿੰਦਗੀ ਕਾਰਪੋਰੇਟ, ਸਮਰਾਜਵਾਦ, ਫਾਸ਼ੀਵਾਦ ਅਤੇ ਹੋਰ ਮਾਨਵ ਵਿਰੋਧੀ ਤਾਕਤਾਂ ਖ਼ਿਲਾਫ਼ ਡਟਿਆ ਰਿਹਾ। ਉਹ ਸਾਰਾ ਕੁਝ ਭਵਿੱਖ ਵਿੱਚ ਲੋਕ ਯਾਦ ਕਰਦੇ ਰਹਿਣਗੇ ਅਤੇ ਉਨ੍ਹਾ ਨੂੰ ਮਾਨਵ ਵਿਰੋਧੀ ਤਾਕਤਾਂ ਖ਼ਿਲਾਫ਼ ਸੰਘਰਸ਼ ਵਿੱਚ ਇਸ ਤੋਂ ਸੇਧ ਮਿਲਦੀ ਰਹੇਗੀ। 'ਐਤਵਾਰਤਾ' ਦੇ ਪਾਠਕਾਂ ਲਈ ਅਸੀਂ ਇਹ ਵਿਸ਼ੇਸ਼ ਲੇਖ ਪੇਸ਼ ਕਰ ਰਹੇ ਹਾਂ।*

*-ਸੰਪਾਦਕ*

ਉੱਘੇ ਪੱਤਰਕਾਰ, ਕਾਰਕੁੰਨ ਅਤੇ ਦਸਤਾਵੇਜ਼ੀ ਫਿਲਮ ਨਿਰਮਾਤਾ ਜੌਹਨ ਪਿਲਜਰ (84) ਦਾ 30 ਦਸੰਬਰ 2023 ਨੂੰ ਲੰਦਨ ਵਿਚ ਦੇਹਾਂਤ ਹੋ ਗਿਆ। ਪਿਲਜਰ ਕਾਰਪੋਰੇਟ ਤਾਕਤ, ਸਾਮਰਾਜਵਾਦ ਅਤੇ ਹਰ ਤਰ੍ਹਾਂ ਦੇ ਨਿਰੰਕੁਸ਼ਵਾਦ ਵਿਰੁੱਧ ਡਟ ਕੇ ਖੜ੍ਹਨ ਵਾਲੇ ਪੱਤਰਕਾਰ ਸਨ। ਉਨ੍ਹਾਂ ਦੀਆਂ ਪੱਤਰਕਾਰੀ ਅਤੇ ਦਸਤਾਵੇਜ਼ੀ ਫਿਲਮਾਂ ਦੁਨੀਆ ਭਰ 'ਚ ਮਕਬੂਲ ਹਨ।

ਅਕਤੂਬਰ 1939 'ਚ ਬੌਂਡੀ (ਆਸਟ੍ਰੇਲੀਆ) 'ਚ ਜਨਮੇ ਜੌਹਨ ਪਿਲਜਰ ਨਿਧੜਕ, ਸਮਝੌਤਾਰਹਿਤ ਕਲਮਕਾਰ ਸਨ, ਜੋ ਵਿਚਾਰਧਾਰਕ ਦਾਇਰੇ ਤੋਂ ਪਾਰ ਜਾ ਕੇ ਪਿਆਰੇ ਤੇ ਸਤਿਕਾਰ ਜਾਂਦੇ ਸਨ। ਉਨ੍ਹਾਂ ਨੇ ਸਿਡਨੀ ਹਾਈ ਸਕੂਲ 'ਚ ਆਪਣਾ ਪਹਿਲਾ ਅਖ਼ਬਾਰ ਸ਼ੁਰੂ ਕੀਤਾ ਅਤੇ ਬਾਅਦ ਵਿਚ ਆਸਟ੍ਰੇਲੀਅਨ ਕੰਸੌਲੀਡੇਟਿਡ ਪ੍ਰੈੱਸ ਨਾਲ ਜੁੜ ਕੇ ਚਾਰ ਸਾਲ ਦੀ ਪੜ੍ਹਾਈ-ਸਿਖਲਾਈ ਮੁਕੰਮਲ ਕੀਤੀ। ਉਹ ਦੱਸਦੇ ਹਨ, "ਇਹ ਮੇਰੀ ਜਾਣਕਾਰੀ ਅਨੁਸਾਰ ਸਭ ਤੋਂ ਸਖ਼ਤ ਭਾਸ਼ਾ ਕੋਰਸਾਂ ਵਿੱਚੋਂ ਇਕ ਸੀ। ਉੱਘੇ, ਗੁਣੀ-ਗਿਆਨੀ ਸੰਪਾਦਕ ਬਰਾਇਨ ਪੈਂਟਨ ਦੁਆਰਾ ਤਿਆਰ ਕੀਤੇ ਕੋਰਸ ਦਾ ਉਦੇਸ਼ ਭਾਸ਼ਾ ਅਤੇ ਸ਼ੁੱਧਤਾ ਦੀ ਆਰਥਿਕਤਾ ਸੀ। ਇਸ ਨੇ ਨਿਸ਼ਚਿਤ ਤੌਰ 'ਤੇ ਮੈਨੂੰ ਲਿਖਣ ਦੀ ਕਦਰ ਕਰਨੀ ਸਿਖਾਈ, ਜੋ ਸੰਜਮੀ, ਸਟੀਕ ਅਤੇ ਘਸੀ-ਪਿਟੀ ਸ਼ੈਲੀ ਤੋਂ ਮੁਕਤ ਸੀ, ਜੋ ਪੈਸਿਵ ਵਿਧੀ ਦਾ ਸਹਾਰਾ ਨਹੀਂ ਸੀ ਲੈਂਦੀ ਅਤੇ ਵਿਸ਼ੇਸ਼ਣਾਂ ਦਾ ਇਸਤੇਮਾਲ ਵੀ ਅਣਸਰਦੇ ਨੂੰ ਹੀ ਕਰਦੀ ਸੀ। ਮੈਂ ਲੰਮਾ ਸਮਾਂ ਪਹਿਲਾਂ ਹੀ ਇਹ ਪਟਾ ਗਲੋਂ ਲਾਹ ਚੁੱਕਾ ਹਾਂ, ਪਰ ਉਹ ਮੁੱਢਲੇ ਅਨੁਸ਼ਾਸਨ ਮੇਰੀ ਪੱਤਰਕਾਰੀ ਤੇ ਲੇਖਣੀ ਅਤੇ ਗਤੀਸ਼ੀਲ ਤੇ ਸਥਿਰ ਤਸਵੀਰਾਂ ਦੀ ਮੇਰੀ ਸਮਝ ਨੂੰ ਘੜਨ 'ਚ ਸਹਾਈ ਹੋਏ।"

ਆਪਣੀ ਸਮਕਾਲੀ ਪੀੜ੍ਹੀ ਦੇ ਜ਼ਿਆਦਾਤਰ ਲੋਕਾਂ ਵਾਂਗ ਪਿਲਜਰ ਵੀ 1960ਵਿਆਂ ਦੇ ਸ਼ੁਰੂ 'ਚ ਦੋ ਸਾਥੀਆਂ ਸਮੇਤ ਯੂਰਪ ਆ ਗਏ। ਇਟਲੀ ਵਿਚ ਉਨ੍ਹਾਂ ਨੇ ਫ੍ਰੀਲਾਂਸ 'ਏਜੰਸੀ' 'ਇੰਟਰੈਪ' ਸ਼ੁਰੂ ਕੀਤੀ। ਕਾਮਯਾਬ ਨਾ ਹੋਣ ਕਰਕੇ ਉਹ ਲੰਦਨ ਆ ਗਏ ਅਤੇ 1962 ਤੋਂ ਉਹ ਯੂ.ਕੇ. ਤੋਂ ਹੀ ਕੰਮ ਕਰਦੇ। ਇੱਥੇ ਆ ਕੇ ਉਨ੍ਹਾਂ ਨੇ ਫ੍ਰੀਲਾਂਸ ਪੱਤਰਕਾਰੀ ਸ਼ੁਰੂ ਕੀਤੀ, ਪਹਿਲਾਂ ਰਾਇਟਰਜ਼ ਨਾਲ ਜੁੜੇ ਅਤੇ ਫਿਰ ਬਰਤਾਨੀਆ ਦੇ ਸਭ ਤੋਂ ਵੱਧ ਵਿਕਣ ਵਾਲੇ ਅਖ਼ਬਾਰ ਲੰਦਨ ਡੇਲੀ ਮਿਰਰ ਅਤੇ ਬਰਾਡਕਾਸਟਰ ਆਈ ਟੀ ਵੀ ਦੇ ਤਹਿਕੀਕਾਤ ਪ੍ਰੋਗਰਾਮ, ਵਰਲਡ ਇਨ ਐਕਸ਼ਨ ਲਈ ਕੰਮ ਕਰਨ ਲੱਗੇ।

ਉਹ ਮੁੱਖ ਵਿਦੇਸ਼ਾਂ ਤੋਂ ਰਿਪੋਰਟਰ ਬਣ ਦੁਨੀਆ ਭਰ ਤੋਂ ਰਿਪੋਰਟ ਕਰਦੇ ਰਹੇ। ਉਨ੍ਹਾਂ ਨੇ ਕਈ ਯੁੱਧਾਂ ਦੀ ਰਿਪੋਰਟਿੰਗ ਕੀਤੀ, ਖ਼ਾਸ ਕਰਕੇ ਵੀਅਤਨਾਮ ਯੁੱਧ। ਉਮਰ ਦੇ ਵੀਹਵਿਆਂ 'ਚ ਹੀ ਉਹ ਪੱਤਰਕਾਰੀ ਲਈ ਬਰਤਾਨੀਆ ਦਾ ਸਰਵਉੱਚ ਪੁਰਸਕਾਰ, ਜਰਨਲਿਸਟ ਆਫ ਦ ਈਅਰ, ਹਾਸਲ ਕਰਨ ਵਾਲੇ ਸਭ ਤੋਂ ਘੱਟ ਉਮਰ ਦੇ ਪੱਤਰਕਾਰ ਸਨ ਅਤੇ ਇਹ ਪੁਰਸਕਾਰ ਦੋ ਵਾਰ ਜਿੱਤਣ ਵਾਲੇ ਉਹ ਪਹਿਲੇ ਪੱਤਰਕਾਰ ਵੀ ਸਨ। ਅਮਰੀਕਾ ਆ ਕੇ ਉਨ੍ਹਾਂ ਨੇ 1960ਵਿਆਂ ਦੇ ਅਖ਼ੀਰਲੇ ਵਰ੍ਹਿਆਂ ਅਤੇ 1970ਵਿਆਂ ਦੀ ਉਥਲ-ਪੁਥਲ ਦੀ ਰਿਪੋਰਟ ਕੀਤੀ।



ਉਹ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਬਾਅਦ ਅਲਾਬਾਮਾ ਤੋਂ ਵਾਸ਼ਿੰਗਟਨ ਤੱਕ ਅਮਰੀਕਾ ਦੇ ਗ਼ਰੀਬਾਂ ਨਾਲ ਜਲੂਸ 'ਚ ਸ਼ਾਮਲ ਹੋਏ। ਜੂਨ 1968 'ਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰਾਬਰਟ ਕੈਨੇਡੀ ਦੇ ਕਤਲ ਸਮੇਂ ਉਹ ਵੀ ਉਸੇ ਕਮਰੇ 'ਚ ਸਨ।

ਦੱਖਣੀ ਪੂਰਬੀ ਏਸ਼ੀਆ ਵਿਚ ਉਨ੍ਹਾਂ ਦੇ ਕੰਮ ਨਾਲ ਲੰਡਨ ਮਿਰਰ ਦਾ ਵਿਸ਼ੇਸ਼ ਅੰਕ ਕੱਢਣਾ ਸੰਭਵ ਹੋਇਆ, ਜੋ ਤਕਰੀਬਨ ਪੂਰੀ ਤਰ੍ਹਾਂ ਪੋਲ ਪੋਟ ਦੀ ਹਕੂਮਤ ਤੋਂ ਬਾਅਦ ਦੇ ਕੰਬੋਡੀਆ ਤੋਂ ਉਸ ਦੇ ਵਿਸ਼ੇਸ਼ ਆਲਮੀ ਡਿਸਪੈਚਾਂ ਨੂੰ ਸਮਰਪਿਤ ਸੀ। ਲੰਦਨ ਮਿਰਰ ਵਿਚ ਛਪੀਆਂ ਰਿਪੋਰਟਾਂ ਅਤੇ ਫਿਰ ਉਸ ਦੀ ਦਸਤਾਵੇਜ਼ੀ ਫਿਲਮ (ਈਅਰ ਜ਼ੀਰੋ : ਦ ਸਾਈਲੈਂਟ ਡੈਥ ਆਫ ਕੰਬੋਡੀਆ) ਦੇ ਸਾਂਝੇ ਰਸੂਖ਼ ਨਾਲ ਉਸ ਪੀੜਤ ਮੁਲਕ ਦੇ ਲੋਕਾਂ ਦੀ ਮਦਦ ਲਈ 5 ਕਰੋੜ ਡਾਲਰ ਇਕੱਠੇ ਹੋ ਗਏ। ਇਸੇ ਤਰ੍ਹਾਂ ਪੂਰਬੀ ਤਿਮੋਰ ਤੋਂ, ਜੋ ਉਦੋਂ ਇੰਡੋਨੇਸ਼ੀਆ ਦੇ ਕਬਜ਼ੇ 'ਚ ਸੀ, ਉਸ ਦੀ ਗੁਪਤ ਰਹਿ ਕੇ ਬਣਾਈ 1994 ਦੀ ਦਸਤਾਵੇਜ਼ੀ ਫਿਲਮ ਅਤੇ ਡਿਸਪੈਚ ਰਿਪੋਰਟਾਂ ਪੂਰਬੀ ਤਿਮੋਰ ਦੇ ਲੋਕਾਂ ਲਈ ਹਮਾਇਤ ਜੁਟਾਉਣ 'ਚ ਸਹਾਈ ਹੋਈਆਂ।

ਬਰਤਾਨੀਆ 'ਚ ਥੈਲੀਡੋਮਾਈਡ ਨਾਂਅ ਦੀ ਦਵਾਈ ਲੈਣ ਵਾਲੀਆਂ ਗਰਭਵਤੀ ਮਾਵਾਂ ਦੇ ਪੇਟੋਂ ਜੰਮੇ ਬੱਚਿਆਂ 'ਚ ਜਮਾਂਦਰੂ ਨੁਕਸ ਦੀਆਂ ਰਿਪੋਰਟਾਂ ਨਾਲ ਹਾਹਾਕਾਰ ਮਚਣ 'ਤੇ ਪਿਲਜਰ ਵੱਲੋਂ ਡੂੰਘੀ ਛਾਣਬੀਣ ਕਰਕੇ ਬਣਾਈ ਦਸਤਾਵੇਜ਼ੀ ਨੇ ਇਨ੍ਹਾਂ ਬੱਚਿਆਂ ਨੂੰ ਮੁਆਵਜ਼ਾ ਦਿਵਾਉਣ 'ਚ ਮਦਦ ਕੀਤੀ।

ਪਿਲਜਰ ਅਮਰੀਕਾ ਅਤੇ ਬਰਤਾਨੀਆ ਦੀ ਵਿਦੇਸ਼ ਨੀਤੀ ਦੇ ਨਾਲ-ਨਾਲ ਆਪਣੇ ਮੁਲਕ ਦੀ ਮੂਲ ਵਾਸੀ ਵਸੋਂ ਨਾਲ ਆਸਟ੍ਰੇਲੀਆਈ ਸਟੇਟ ਦੇ ਵਰਤਾਓ ਦੇ ਵੀ ਤਿੱਖੇ ਆਲੋਚਕ ਸਨ। ਆਸਟ੍ਰੇਲੀਆ ਬਾਰੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਦਸਤਾਵੇਜ਼ੀ ਫਿਲਮਾਂ, ਖ਼ਾਸ ਕਰਕੇ ਦ ਸੀਕਰਿਟ ਕੰਟਰੀ (1983), ਦ ਲਾਸਟ ਡ੍ਰੀਮ (1988), ਵੈਲਕਮ ਟੂ ਆਸਟ੍ਰੇਲੀਆ (1999) ਅਤੇ ਯੂਟੋਪੀਆ (2013) ਨੇ ਉਸ ਦੇ ਆਪਣੇ ਮੁਲਕ ਦੇ 'ਭੁਲਾਏ ਜਾ ਚੁੱਕੇ ਅਤੀਤ', ਖ਼ਾਸ ਕਰਕੇ ਇਸ ਦੇ ਮੂਲ ਵਾਸੀ ਅਤੀਤ ਅਤੇ ਵਰਤਮਾਨ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਸਾਹਮਣੇ ਲਿਆਂਦਾ।

ਉਸ ਦੀਆਂ ਦਸਤਾਵੇਜ਼ੀ ਫਿਲਮਾਂ ਨੂੰ ਅਮਰੀਕਨ ਟੀ ਵੀ ਅਕਾਦਮੀ ਐਵਾਰਡ 'ਐਮੀਜ਼' ਅਤੇ ਬ੍ਰਿਟਿਸ਼ ਅਕਾਦਮੀ ਫਿਲਮ ਐਵਾਰਡ 'ਬਾਫਟਾ' ਮਿਲੇ। ਉਸ ਦੀਆਂ ਫਿਲਮਾਂ ਨੂੰ ਬਹੁਤ ਸਾਰੇ ਅਮਰੀਕਨ ਅਤੇ ਯੂਰਪੀ ਪੁਰਸਕਾਰ ਵੀ ਮਿਲੇ, ਜਿਵੇਂ ਕਿ ਰਾਇਲ ਟੈਲੀਵਿਜ਼ਨ ਸੋਸਾਇਟੀ ਦਾ ਸਰਬੋਤਮ ਦਸਤਾਵੇਜ਼ੀ। ਬ੍ਰਿਟਿਸ਼ ਫਿਲਮ ਇੰਸਟੀਚਿਊਟ ਨੇ ਉਸ ਦੀ 1979 ਦੀ ਫਿਲਮ, ਈਅਰ ਜ਼ੀਰੋ : ਸਾਈਲੈਂਟ ਡੈੱਥ ਆਫ ਕੰਬੋਡੀਆ' ਨੂੰ ਵੀਹਵੀਂ ਸਦੀ ਦੀਆਂ ਦਸ ਸਭ ਤੋਂ ਮਹੱਤਵਪੂਰਨ ਦਸਤਾਵੇਜ਼ੀ ਵਿਚ ਸ਼ੁਮਾਰ ਕੀਤਾ।

ਉਨ੍ਹਾਂ ਨੇ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜੇ ਦੀ ਰਿਹਾਈ ਲਈ ਮੁਹਿੰਮ ਚਲਾਈ ਅਤੇ ਅਜਿਹੇ ਹੋਰ ਮੁੱਦਿਆਂ ਉੱਪਰ ਵੀ ਉਹ ਆਵਾਜ਼ ਉਠਾਉਂਦੇ ਰਹਿੰਦੇ ਸਨ। ਉਨ੍ਹਾਂ ਦੀ ਆਖ਼ਰੀ ਲਿਖਤ "ਵੀ ਆਰ ਸਪਾਰਟਾਕਸ": ਵਿਰੋਧ ਅਤੇ ਜੰਗ ਦਾ ਅਹਿਲ ਪਰਛਾਵਾਂ, ਨਾਂਅ ਦਾ ਲੇਖ ਹੈ, ਜੋ ਆਨਲਾਈਨ ਪੜ੍ਹਿਆ ਜਾ ਸਕਦਾ ਹੈ। ਇਹ ਲੇਖ ਕਾਰਪੋਰੇਟ ਸਲਤਨਤਾਂ ਵੱਲੋਂ ਨਿੱਠਕੇ ਯੁੱਧਾਂ ਵਿਚ ਮਨੁੱਖਤਾ ਦੇ ਘਾਣ ਅਤੇ ਇਸ ਵਿਰੁੱਧ ਆਵਾਜ਼ ਉਠਾਉਣ ਵਾਲੇ ਅੱਜ ਦੇ ਸਪਾਰਟਕਸਾਂ ਦੀ ਗੱਲ ਕਰਦਾ ਹੈ।

ਬ੍ਰਿਟਿਸ਼ ਬਰਾਡਕਾਸਟਿੰਗ ਟੈਲੀਵਿਜ਼ਨ ਨੈੱਟਵਰਕ ਦੇ ਮੀਡੀਆ ਤੇ ਮਨੋਰੰਜਨ ਐੱਮ.ਡੀ. ਕੈਵਿਨ ਲਾਈਗੋ ਕਹਿੰਦੇ ਹਨ ਕਿ ਪਿਲਜਰ 'ਮੁਹਿੰਮਬਾਜ਼ ਪੱਤਰਕਾਰੀ ਦਾ ਬਹੁਤ ਵੱਡਾ' ਨਾਂਅ ਸੀ, 'ਜਿਸ ਕੋਲ ਮਿਆਰੀ ਵਿਸ਼ਲੇਸ਼ਣ ਅਤੇ ਵਿਚਾਰ ਸੀ, ਜੋ ਮੁੱਖਧਾਰਾ ਟੈਲੀਵਿਜ਼ਨ 'ਚ ਵਿਰਲਿਆਂ ਕੋਲ ਹੁੰਦਾ ਹੈ।' ਉਹ ਸਪੱਸ਼ਟ, ਵਿਲੱਖਣ ਸੰਪਾਦਕੀ ਆਵਾਜ਼ ਦਾ ਧਨੀ ਸੀ, ਜਿਸ ਦਾ ਜਾਦੂ ਉਸ ਦੀਆਂ ਫਿਲਮਾਂ ਦੇ ਸਮੁੱਚੇ ਕਰੀਅਰ ਵਿਚ ਦੇਖਿਆ ਜਾ ਸਕਦਾ ਹੈ।



ਪੱਤਰਕਾਰੀ ਉੱਪਰ ਉਸ ਦੀ ਕਿਤਾਬ, ਹਿਡਨ ਏਜੰਡੇ, ਕਾਰਪੋਰੇਟ ਕੰਟਰੋਲ ਵਾਲੇ ਮੀਡੀਆ ਦੇ ਨਿਘਾਰ ਅਤੇ ਪੱਤਰਕਾਰੀ ਬਾਰੇ ਉਸ ਦੇ ਨਜ਼ਰੀਏ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਉਹ ਸਮੇਂ ਦੀਆਂ ਸਭ ਤੋਂ ਡਾਢੀਆਂ ਤਾਕਤਾਂ ਅੱਗੇ ਮਜ਼ਲੂਮਾਂ ਨਾਲ ਧਿਰ ਬਣ ਕੇ ਖਲੋਣ ਤੋਂ ਕਦੇ ਨਹੀਂ ਝਿਜਕਿਆ।

ਅੱਜ ਜਦੋਂ ਪੱਤਰਕਾਰੀ ਦਾ ਜ਼ਿਆਦਾਤਰ ਹਿੱਸਾ ਆਪਣੇ ਫਰਜ਼ਾਂ ਤੋਂ ਬੇਮੁੱਖ ਹੋ ਕੇ ਪੈਸਾ ਕਮਾਉਣ 'ਚ ਗਲਤਾਨ ਹੈ ਤਾਂ ਪਿਲਜਰ ਦਾ ਤੁਰ ਜਾਣਾ ਹੋਰ ਵੀ ਉਦਾਸ ਕਰਨ ਵਾਲਾ ਹੈ।

# ਚੇਤਨਾ ਅਤੇ ਪੰਜਾਬੀ ਸਮਾਜ

ਡਾ. ਗੁਰਬਖ਼ਸ਼ ਸਿੰਘ ਭੰਡਾਲ

ਚੇਤਨਾ ਕੀ ਹੈ ਅਤੇ ਕਿਉਂ ਜ਼ਰੂਰੀ ਹੈ, ਮਨੁੱਖੀ ਵਿਕਾਸ ਲਈ? ਬਹੁਤ ਹੀ ਗੰਭੀਰ ਵਿਸ਼ਾ। ਸਿਰ ਜੋੜ ਕੇ ਸੋਚਣ ਦੀ ਲੋੜ। ਵਰਨਾ ਚਿੰਤਨ ਵਿਹੂਣੇ ਪੰਜਾਬੀਆਂ ਦਾ ਮਾਰਗ-ਦਰਸ਼ਨ ਕੌਣ ਕਰੇਗਾ?

ਪੰਜਾਬੀ ਸਮਾਜ ਵਿਚ ਚੇਤਨਾ ਕਿੰਨੀ ਕੁ ਹੈ ਅਤੇ ਅਸੀਂ ਕਿਥੇ ਖੜ੍ਹੇ ਹਾਂ? ਅਸੀਂ ਕਿਸ ਪਾਸੇ ਜਾ ਰਹੇ ਹਾਂ। ਕੀ ਸਾਨੂੰ ਸਾਡੇ ਸਰੋਕਾਰਾਂ, ਸੰਦਰਭਾਂ ਅਤੇ ਚੇਤਨਾ ਦੇ ਸੱਚ ਦਾ ਪਤਾ ਹੈ? ਕੀ ਅਸੀਂ ਚੇਤਨਾ ਵਿਹੂਣੇ ਤਾਂ ਨਹੀਂ ਹੋ ਗਏ? ਬਹੁਤ ਸਾਰੇ ਪ੍ਰਸ਼ਨ ਮਨ ਵਿਚ ਪੈਦਾ ਹੁੰਦੇ।

ਚਿੰਤਨਸ਼ੀਲ ਲੋਕ ਅਕਸਰ ਹੀ ਅਜਿਹੇ ਸੰਜੀਦਾ ਸਰੋਕਾਰ ਬਾਰੇ ਸੰਵਾਦ ਰਚਾਉਣ ਬਾਰੇ ਸੋਚਦੇ ਕਿ ਕੀ ਅਜਿਹਾ ਵਰਤਾਰਾ ਪੰਜਾਬੀਆਂ ਦੀ ਜੀਵਨ-ਸ਼ੈਲੀ ਤਾਂ ਨਹੀਂ ਬਣ ਗਿਆ। ਮੈਂ ਪੰਜਾਬੀ ਮਾਂ ਬੋਲੀ ਦਿਵਸ ਦੇ ਸੰਬੰਧ ਵਿਚ ਸ਼ਿਕਾਗੋ ਵਿਖੇ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਨੂੰ ਮਿਲਿਆ, ਜਿਸ ਦਾ ਕਹਿਣਾ ਸੀ ਕਿ ਮੈਂ ਆਪਣੇ ਪਰਵਾਰ ਅਤੇ ਸਮਾਜ ਤੋਂ ਉਕਤਾ ਚੁੱਕੀ ਹਾਂ, ਕਿਉਂਕਿ ਸਾਡਾ ਸਮਾਜ ਪਰਤਾਂ ਵਿਚ ਜਿਉਂਦਾ ਅਤੇ ਮਖੌਟਿਆਂ ਵਿਚ ਵਿਚਰਦਾ ਹੈ। ਮੇਰੇ ਮਾਪਿਆਂ ਕੋਲ ਮੇਰੇ ਨਾਲ ਗੱਲ ਕਰਨ ਦਾ ਸਮਾਂ ਹੀ ਨਹੀਂ ਹੈਂ। ਮੈਂ ਕਿਸ ਨਾਲ ਆਪਣੀ ਵੇਦਨਾ ਸਾਂਝੀ ਕਰਾਂ? ਮੇਰੇ ਦੋਸਤ ਸਿਰਫ਼ ਗੋਰੇ ਜਮਾਤੀ ਹੀ ਹਨ, ਜਿਨ੍ਹਾਂ ਨਾਲ ਮੈਂ ਗੱਲਾਂ ਸਾਂਝੀਆਂ ਕਰ ਸਕਦੀ ਹਾਂ, ਕਿਉਂਕਿ ਗੋਰੇ ਵਿਦਿਆਰਥੀ ਬਹੁਤ ਹੀ ਪਾਰਦਰਸ਼ੀ ਅਤੇ ਸੱਚੇ ਹੁੰਦੇ। ਕੋਈ ਨਹੀਂ ਓਹਲਾ ਰੱਖਦੇ ਅਤੇ ਨਾ ਹੀ ਤੁਹਾਨੂੰ ਬਲੈਕਮੇਲ ਕਰਦੇ। ਮੈਂ ਸੋਚਣ ਲੱਗਾ ਕਿ ਇਹ ਬੱਚੀ ਪੰਜਾਬੀ ਸਮਾਜ ਤੋਂ ਇੰਨੀ ਉਚਾਟ ਹੋ ਚੁੱਕੀ ਹੈ ਕਿ ਇਸ ਦਾ ਪੰਜਾਬੀ ਸਮਾਜ ਵਿਚ ਪਰਤਣਾ ਬਹੁਤ ਹੀ ਮੁਹਾਲ ਹੋਵੇਗਾ। ਦਰਅਸਲ ਅਸੀਂ ਪਰਵਾਸ ਤਾਂ ਕਰ ਲਿਆ, ਪਰ ਅਸੀਂ ਇੰਨੇ ਚੇਤੰਨ ਨਹੀਂ ਹੋਏ ਕਿ ਸਾਨੂੰ ਪਤਾ ਹੋਵੇ ਕਿ ਵਿਦੇਸ਼ ਵਿਚ ਸਾਡੇ ਬੱਚਿਆਂ ਦੀਆਂ ਕੀ ਚੁਣੌਤੀਆਂ ਹਨ? ਉਨ੍ਹਾਂ ਨੂੰ ਸਮਝਾ ਕੇ ਇਨ੍ਹਾਂ ਚੁਣੌਤੀਆਂ ਵਿੱਚੋਂ ਉਭਰਨ ਦਾ ਵਲ ਕਿਵੇਂ ਸਿਖਾਉਣਾ ਹੈ? ਅਸੀਂ ਤਾਂ ਸਿਰਫ਼ ਵੱਡੇ ਘਰਾਂ ਅਤੇ ਨਵੇਂ ਮਾਡਲ ਦੀਆਂ ਕਾਰਾਂ ਲੈਣ ਲਈ ਇੰਨੇ ਉਲਝ ਗਏ ਕਿ ਪਰਵਾਰ ਅਤੇ ਬੱਚਿਆਂ ਲਈ ਸਾਡੇ ਕੋਲ ਸਮਾਂ ਹੀ ਨਹੀਂ। ਇਹ ਚੇਤਨਾ ਦੀ ਗੁੰਮਸ਼ੁਦਗੀ ਦਾ ਪ੍ਰਮਾਣ ਹੈ।

ਅਸੀਂ ਚੇਤਨਾ ਵਿਹੂਣੇ ਹੋ, ਹਰੀ ਕਰਾਂਤੀ ਦੇ ਭੁਲੇਖੇ ਵਿਚ ਆ ਕੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖਲਿਆਰਿਆ? ਖ਼ਾਦਾਂ ਤੇ ਕੀਟਨਾਸ਼ਕਾਂ ਨਾਲ ਧਰਤੀ ਜ਼ਹਿਰੀਲੀ ਹੋ ਗਈ, ਵਾਤਾਵਰਣ ਪਲੀਤ ਕਰ ਲਿਆ। ਝੋਨੇ ਸਦਕਾ ਪੰਜਾਬ ਦਾ ਜ਼ਿਆਦਾਤਰ ਹਿੱਸਾ ਧਰਤੀ ਹੇਠਲੇ ਪਾਣੀ ਦੇ ਮਾਮਲੇ ਵਿਚ ਡਾਰਕ ਜ਼ੋਨ ਵਿਚ ਚਲਾ ਗਿਆ ਹੈ। ਕੁਦਰਤੀ ਸਰੋਤ ਗਵਾ ਕੇ ਪੰਜਾਬ ਨੇ ਕੀ ਖੱਟਿਆ? ਬਿਮਾਰ ਪੰਜਾਬੀਆਂ ਨੂੰ ਹਸਪਤਾਲ ਮਿਲ ਗਏ। ਮਰਦਾਨਗੀ ਵਿਹੂਣੇ ਪੰਜਾਬੀਆਂ ਦੇ ਹਿੱਸੇ ਫਰਟੀਲਿਟੀ ਸੈਂਟਰ ਆ ਗਏ। ਇਹ ਸਾਡੇ ਹੁਕਮਰਾਨਾਂ ਅਤੇ ਚਿੰਤਕਾਂ ਦੀ ਭਵਿੱਖਮੁਖੀ ਚੇਤਨਾ ਦੀ ਅਣਹੋਂਦ ਹੀ ਸੀ ਕਿ ਉਨ੍ਹਾਂ ਸੋਚਿਆ ਹੀ ਨਾ ਕਿ ਹਰੀ ਕ੍ਰਾਂਤੀ ਕਿਵੇਂ ਪੰਜਾਬ ਦੇ ਭਵਿੱਖ ਨੂੰ ਪ੍ਰਭਾਵਿਤ ਕਰੇਗੀ? ਹੁਕਮਰਾਨਾਂ ਦੀ ਸ਼ਹਿ 'ਤੇ ਪੰਜਾਬੀ ਜਵਾਨੀ ਨੂੰ ਨਸ਼ਿਆਂ ਵਿਚ ਡੋਬਿਆ ਗਿਆ। ਫਿਰ ਸਿਹਤ ਅਤੇ ਵਿਦਿਅਕ ਢਾਂਚੇ ਨੂੰ ਅਜਿਹਾ ਖੋਖ਼ਲਾ ਕੀਤਾ ਕਿ ਪੰਜਾਬੀ ਨੌਜਵਾਨਾਂ ਨੇ ਆਈਲੈਟਸ ਤੀਕ ਹੀ ਖੁਦ ਨੂੰ ਸੀਮਤ ਕਰਕੇ ਵਿਦੇਸ਼ਾਂ ਨੂੰ ਜਾਣ ਦਾ ਸੋਚਿਆ। ਕੀ ਹੁਕਮਰਾਨਾਂ ਨੂੰ ਇਹ ਅਹਿਸਾਸ ਹੈ ਕਿ ਜਵਾਨੀ ਦੇ ਇਸ ਅੰਨ੍ਹੇਵਾਹ ਪ੍ਰਵਾਸ ਨਾਲ ਪੰਜਾਬ ਦਾ ਸੱਭਿਆਚਾਰਕ, ਸਮਾਜਿਕ ਅਤੇ ਵਿਰਾਸਤੀ ਢਾਂਚਾ ਕਿਵੇਂ ਪ੍ਰਭਾਵਤ ਹੋਵੇਗਾ? ਕੁਝ ਹੀ ਸਾਲਾਂ ਤੱਕ ਪੰਜਾਬ, ਪੰਜਾਬ ਨਹੀਂ ਰਹੇਗਾ। ਕੀ ਕਦੇ ਸਾਡੇ ਹੁਕਮਰਾਨਾਂ ਨੇ ਇਸ ਬਾਰੇ ਚਿੰਤਨ ਕੀਤਾ ਏ? ਕੋਈ ਫ਼ਿਕਰਮੰਦੀ ਜ਼ਾਹਰ ਕੀਤੀ ਹੈ?

ਦਰਅਸਲ ਚੇਤਨਾ ਤਾਂ ਵਕਤ ਦੇ ਬਦਲਦੇ ਸਰੋਕਾਰਾਂ ਅਨੁਸਾਰ ਆਪਣੀ ਸੋਚ, ਸੁਪਨੇ ਸਾਧਨਾਂ ਅਤੇ ਸੰਭਾਵਨਾਵਾਂ ਨੂੰ ਤਰਜੀਹ ਬਣਾ ਕੇ ਆਪਣੇ ਹੱਕ ਵਿਚ ਭੁਗਤਾਉਣਾ ਹੁੰਦਾ। ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਪੁਰਾਣੀ ਸੋਚ ਅਤੇ ਧਾਰਨਾਵਾਂ ਨਾਲ ਨਵੀਆਂ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ।

ਚੇਤੰਨ ਹੋਣ ਲਈ ਜ਼ਰੂਰੀ ਹੁੰਦਾ ਕਿ ਪਤਾ ਹੋਵੇ ਕਿ ਸਾਡੇ ਆਲੇ-ਦੁਆਲੇ ਕੀ ਵਾਪਰ ਰਿਹਾ? ਕਿਉਂ ਵਾਪਰ ਰਿਹਾ? ਕੌਣ ਵਰਤਾ ਰਿਹਾ? ਇਸ ਦਾ ਕੀ ਪ੍ਰਭਾਵ ਪਵੇਗਾ ਅਤੇ ਇਸ ਵਰਤਾਰੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਕਿਵੇਂ ਪ੍ਰਭਾਵਤ ਹੋਣਗੀਆਂ ਅਤੇ ਸਾਡੀਆਂ ਅਗਲੀਆਂ ਨਸਲਾਂ ਦਾ ਭਵਿੱਖ ਕੀ ਹੋਵੇਗਾ? ਚੌਗਿਰਦੇ ਅਤੇ ਸਮਾਜ ਵਿਚ ਕੀ ਉਥਲ-ਪੁਥਲ ਹੋਵੇਗੀ?

ਦਰਅਸਲ ਮਨੁੱਖ ਦਾ ਕਿਸੇ ਵਰਤਾਰੇ ਨੂੰ ਦੇਖਣਾ, ਸਮਝਣਾ, ਪਰਤਾਂ ਫਰੋਲਣਾ ਅਤੇ ਇਸ ਦੇ ਮਾੜੇ ਅਤੇ ਚੰਗੇ ਪ੍ਰਭਾਵਾਂ ਦੀ ਨਿਰਖ-ਪਰਖ ਕਰ ਕੇ, ਆਪਣੀ ਜੀਵਨ-ਸ਼ੈਲੀ ਨੂੰ ਉਸਾਰੂ ਰੰਗਤ ਦੇਣੀ, ਚੇਤੰਨ ਹੋਣ ਦੀ ਨਿਸ਼ਾਨੀ ਹੁੰਦਾ।

ਚੇਤਨਾ ਦੇ ਬਹੁਤ ਸਾਰੇ ਰੂਪ ਹਨ, ਜਿਵੇਂ

1. ਸਵੈ-ਚੇਤਨਾ: ਜਿਵੇਂ ਸਰੀਰਕ, ਮਾਨਸਿਕ, ਬੌਧਿਕ ਅਤੇ ਭਾਵਨਾਤਮਿਕ ਚੇਤਨਾ।
2. ਪਰਵਾਰਕ ਚੇਤਨਾ: ਪਰਵਾਰ ਕੀ ਹੈ? ਸੰਬੰਧਾਂ ਦੀ ਕੀ ਅਹਿਮੀਅਤ ਤੇ ਲੋੜ ਅਤੇ ਇਨ੍ਹਾਂ 'ਚ ਪਾਰਦਰਸ਼ਤਾ ਕਿਵੇਂ ਆਵੇ? ਇਸ ਦੀ ਸਦੀਵਤਾ ਕੀ ਹੁੰਦੀ?
3. ਸਮਾਜਿਕ ਚੇਤਨਾ: ਸਮਾਜਿਕ ਉਸਾਰੀ ਵਿਚ ਇਕ ਵਿਅਕਤੀ ਦੀ ਕੀ ਭੂਮਿਕਾ ਹੈ? ਅਸੀਂ ਸਮਾਜ ਨੂੰ ਕੀ ਦੇ ਰਹੇ ਹਾਂ? ਕੀ ਦੇਣਾ ਚਾਹੀਦਾ? ਕਿੱਥੇ ਖੜ੍ਹਾ ਹੈ ਸਾਡਾ ਸਮਾਜ? ਉਧੜ ਰਹੇ ਸਮਾਜਿਕ ਤਾਣੇ-ਬਾਣੇ ਲਈ ਕੌਣ, ਕਿੰਨਾ ਕੁ ਕਸੂਰਵਾਰ ਅਤੇ ਅਸੀਂ ਖ਼ੁਦ ਕਿੰਨੇ ਕੁ ਜ਼ਿੰਮੇਵਾਰ?
4. ਧਾਰਮਿਕ ਚੇਤਨਾ: ਕੀ ਅਸੀਂ ਧਰਮ ਨੂੰ ਮੰਨਦੇ ਹਾਂ ਜਾਂ ਧਰਮ ਦੀ ਮੰਨਦੇ ਹਾਂ? ਕੀ ਅਸੀਂ 'ਗਲੀ ਅਸੀ ਚੰਗੀਆ ਆਚਾਰੀ ਬੁਰੀਆਹ' ਤਾਂ ਨਹੀਂ? ਧਾਰਮਿਕ ਬਾਣੇ ਵਿਚ ਅਧਾਰਮਿਕਤਾ ਤਾਂ ਨਹੀਂ? ਧਾਰਮਿਕ ਅਡੰਬਰ ਨੇ ਕਿੰਨਾ ਕੁ ਨੁਕਸਾਨ ਕੀਤਾ? ਧਾਰਮਿਕ ਪ੍ਰਦੂਸ਼ਣ, ਚੇਤਨਾ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ?
5. ਰਾਜਸੀ ਚੇਤਨਾ: ਰਾਜਨੀਤਕ ਤੌਰ 'ਤੇ ਅਸੀਂ ਕਿੰਨੇ ਕੁ ਸੰਜੀਦਾ ਹਾਂ? ਕੀ ਅਸੀਂ ਰਾਜਨੀਤੀਵਾਨਾਂ ਦੀਆਂ ਚਲਾਕੀਆਂ ਦੇ ਸ਼ਿਕਾਰ ਤਾਂ ਨਹੀਂ। ਸਾਨੂੰ ਰਾਜਨੀਤਕ ਲੋਕਾਂ ਵੱਲੋਂ ਕੁਰਸੀ ਦੇ ਪਾਵੇ ਕਿਵੇਂ ਬਣਾਇਆ ਜਾ ਰਿਹਾ? ਕਿਵੇਂ ਅਸੀਂ ਰਾਜਨੀਤਕ ਪ੍ਰਕਿਰਿਆ ਵਿਚ ਉਸਾਰੂ ਭੂਮਿਕਾ ਨਿਭਾਅ ਸਕਦੇ ਹਾਂ?
6. ਵਾਤਾਵਰਣੀ ਚੇਤਨਾ: ਹਵਾ, ਪਾਣੀ, ਧਰਤੀ, ਅਵਾਜ਼, ਰੌਸ਼ਨੀ, ਰੇਡੀਓਐਕਟਿਵ ਤੇ ਈਐਮ ਤਰੰਗਾਂ ਦੇ ਪ੍ਰਦੂਸ਼ਣ ਪ੍ਰਤੀ ਅਸੀਂ ਕਿੰਨੇ ਕੁ ਸੁਚੇਤ ਹਾਂ? ਕੀ ਸਾਨੂੰ ਪਤਾ ਹੈ ਕਿ ਅਸੀਂ ਜ਼ਹਿਰੀਲੀ ਫਿਜ਼ਾ ਵਿਚ ਸਾਹ ਲੈਂਦੇ, ਜ਼ਹਿਰਾਂ ਖਾ ਰਹੇ ਹਾਂ?

ਚੇਤਨਾ ਦਾ ਪੈਦਾ ਹੋਣਾ ਕੋਈ ਜਾਦੂ ਨਹੀਂ। ਇਹ ਤਾਂ ਮਨੁੱਖੀ ਵਰਤਾਰਾ ਹੈ ਅਤੇ ਇਕਦਮ ਪੈਦਾ ਨਹੀਂ ਹੁੰਦਾ। ਇਹ ਜਾਂ ਤਾਂ ਤੁਹਾਨੂੰ ਵਿਰਸੇ ਵਿਚ ਮਿਲਦਾ ਜਾਂ ਆਲਾ-ਦੁਆਲਾ ਚੇਤੰਨ ਕਰਦਾ ਜਾਂ ਗਿਆਨ (ਡਿਗਰੀਆਂ, ਗਿਆਨ ਨਹੀਂ ਹੁੰਦੀਆਂ ਅਤੇ ਪਰ ਗਿਆਨ ਜ਼ਰੂਰ ਡਿਗਰੀਆਂ ਹੁੰਦਾ।) ਰਾਹੀਂ ਚੇਤੰਨ ਹੁੰਦੇ ਅਤੇ ਜਾਂ ਕੁਝ ਕੁ ਰੋਲ-ਮਾਡਲਾਂ ਦੇ ਪੈਰੋਕਾਰ ਬਣ ਕੇ ਵੀ ਚੇਤੰਨ ਹੁੰਦੇ। ਹੁਣ ਦੇਖਣਾ ਹੈ ਕਿ ਪੰਜਾਬੀ ਸਮਾਜ ਕਿੱਥੇ ਖੜ੍ਹਾ ਹੈ? ਅਸੀਂ ਤਾਂ ਉਹ ਕੁਝ ਹਾਂ, ਜਿਹੜਾ ਸਮਾਜ ਵਿਚ ਹੋ ਰਿਹਾ ਹੈ, ਕਿਉਂਕਿ ਅਸੀਂ ਸਮਾਜ ਦਾ ਹੀ ਤਾਂ ਹਿੱਸਾ ਹਾਂ।

ਯਾਦ ਰਹੇ ਕਿ ਚਿੰਤਾ ਤੋਂ ਚਿੰਤਨ ਪੈਦਾ ਹੁੰਦਾ, ਚਿੰਤਨ ਤੋਂ ਚਾਹਤ ਪੈਦਾ ਹੁੰਦੀ ਤੇ ਫਿਰ ਚੇਤਨਾ ਪੈਦਾ ਹੁੰਦੀ। ਇਸ ਚੇਤਨਾ ਵਿੱਚੋਂ ਹੀ ਫਿਰ ਚੇਤੰਨ ਸੋਚ ਪੈਦਾ ਹੁੰਦੀ, ਸੁਪਨੇ ਪੈਦਾ ਹੁੰਦੇ, ਸੰਭਾਵਨਾਵਾਂ ਉਤਪੰਨ ਹੁੰਦੀਆਂ, ਸਾਧਨ ਪੈਦਾ ਹੁੰਦੇ ਅਤੇ ਫਿਰ ਇਹੀ ਸੰਭਾਵਨਾਵਾਂ ਦਾ ਸੱਚ, ਨਰੋਏ ਤੇ ਚੇਤੰਨ ਵਿਰਸੇ ਦੀ ਅਧਾਰਸ਼ਿਲਾ ਬਣਦਾ।

ਮਾਣਮੱਤੇ ਅਤੇ ਚਿੰਤਨਸ਼ੀਲ ਵਿਰਸੇ ਦੇ ਮਾਲਕ ਉਹ ਲੋਕ ਹੁੰਦੇ, ਜਿਨ੍ਹਾਂ ਨੇ ਆਪਣੀਆਂ ਕੀਰਤੀਆਂ, ਕਿਰਿਆਸ਼ੀਲਤਾ, ਕਰਮਯੋਗਤਾ ਤੇ ਕਾਰਨਾਮਿਆਂ ਰਾਹੀਂ ਨਾਂਅ ਕਮਾਇਆ ਹੁੰਦਾ।

ਚਿੰਤਨਸ਼ੀਲ ਲੋਕ ਸਮਿਆਂ ਦਾ ਸਭ ਤੋਂ ਵੱਡਾ ਮਾਣ ਹੁੰਦੇ ਅਤੇ ਵਕਤ ਉਨ੍ਹਾਂ 'ਤੇ ਨਾਜ਼ ਕਰਦਾ।

ਪੰਜਾਬੀ ਵਿਰਾਸਤ ਅਤੇ ਚੇਤਨਾ ਤਾਂ ਬਹੁਤ ਹੀ ਅਮੀਰ ਸੀ ਪਰ ਅਸੀਂ ਗਰੀਬ ਪੰਜਾਬੀਆਂ ਨੇ ਇਸ ਨੂੰ ਬਹੁਤ ਹੀ ਹੀਣੀ ਅਤੇ ਨਿਰਬਲ ਬਣਾ ਦਿੱਤਾ ਹੈ।

ਚੇਤਨਤਾ ਗੁੰਮ ਹੁੰਦੀ ਤਾਂ ਮਨੁੱਖ ਆਪੇ ਨੂੰ ਭੁਲਾ ਦਿੰਦਾ ਅਤੇ ਖ਼ੁਦ ਤੋਂ ਗਵਾਚੇ ਵਿਅਕਤੀ ਨੂੰ ਆਪਣਾ ਸਿਰਨਾਵਾਂ ਵੀ ਯਾਦ ਨਹੀਂ ਰਹਿੰਦਾ। ਅਜਿਹਾ ਪੰਜਾਬੀਆਂ ਨਾਲ ਵਾਪਰ ਰਿਹਾ ਹੈ। ਇਹ ਪੰਜਾਬ ਅਤੇ ਵਿਦੇਸ਼ਾਂ ਵਿਚ ਆਮ ਵਰਤਾਰਾ ਹੈ। ਪਰਵਾਸੀ ਚੇਤਨਾ ਦੀ ਅਣਹੋਂਦ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਅਸੀਂ ਵਿਦੇਸ਼ਾਂ ਵਿਚ ਰਾਜਸੀ ਰੁਤਬੇ ਤਾਂ ਹਾਸਲ ਕਰ ਲਏ, ਪਰ ਕੋਈ ਵੀ ਸਾਂਝਾ ਲੌਬੀਇੰਗ ਗਰੁੱਪ ਨਹੀਂ ਬਣਾ ਸਕੇ, ਜਿਸ ਰਾਹੀਂ ਵਿਦੇਸ਼ ਵਿਚ ਪੰਜਾਬੀਆਂ ਦੇ ਮਸਲਿਆਂ ਨੂੰ ਵਿਚਾਰਿਆ ਜਾਵੇ।

ਚੇਤਨਾ ਤੀਕ ਪਹੁੰਚਣ ਦੇ ਚਾਰ ਪੜਾਅ ਹਨ, ਜਿਨ੍ਹਾਂ ਦੀ ਸਾਨੂੰ ਸੋਝੀ ਹੋਣੀ ਚਾਹੀਦੀ ਹੈ। ਸੱਚ ਇਹ ਹੈ ਕਿ ਭਾਵੁਕਤਾ ਵਿੱਚੋਂ ਬੌਧਿਕਤਾ ਪੈਦਾ ਹੁੰਦੀ, ਬੌਧਿਕਤਾ ਵਿੱਚੋਂ ਚਿੰਤਾ ਪੈਦਾ ਹੁੰਦੀ, ਚਿੰਤਾ ਵਿੱਚੋਂ ਚਿੰਤਨ ਪੈਦਾ ਹੁੰਦਾ ਅਤੇ ਫਿਰ ਚਿੰਤਨ ਵਿਚੋਂ ਚੇਤਨਾ ਪੈਦਾ ਹੁੰਦੀ। ਇਸ ਲਈ ਪੰਜਾਬੀਆਂ ਲਈ ਬਹੁਤ ਜ਼ਰੂਰੀ ਹੈ ਕਿ ਉਹ ਭਾਵੁਕਤਾ ਦੇ ਨਾਲ-ਨਾਲ, ਬੌਧਿਕ ਵਿਕਾਸ ਦੇ ਨਾਲ ਹੀ ਸਰੀਰਕ ਤੇ ਮਾਨਸਿਕ ਵਿਕਾਸ ਕਰਨ, ਫ਼ਿਕਰ ਕਰਨ, ਚਿੰਤਨ ਕਰਨ ਅਤੇ ਫਿਰ ਚੇਤਨਾ ਦੇ ਮਾਰਗੀ ਬਣਨ। ਪੰਜਾਬੀਆਂ ਦੀ ਫ਼ਿਤਰਤ ਨੂੰ ਬਦਲਣ ਦੀ ਲੋੜ ਹੈ ਅਤੇ ਇਹ ਸਿਰਫ਼ ਚੇਤਨਾ ਰਾਹੀਂ ਹੀ ਬਦਲੀ ਜਾ ਸਕਦੀ ਹੈ।

ਪੰਜਾਬੀ ਸਮਾਜ ਵਿਚ ਚੇਤਨਾ ਪੈਦਾ ਕਰਨ ਵਾਸਤੇ ਸਾਨੂੰ ਹਰ ਪੱਧਰ 'ਤੇ ਚਿੰਤਨ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਪੰਜਾਬੀ ਕਮਿਊਨਿਟੀ ਨੂੰ ਚੇਤਨ ਕਰਕੇ ਅਜੋਕੇ ਸਮੇਂ ਦਾ ਹਾਣੀ ਬਣਾ ਸਕਦੇ ਹਾਂ।

ਚੇਤਨਾ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਧਰਮ ਨਾਲ ਜੁੜੀਏ। ਗੁਰੂ ਗਰੰਥ ਸਾਹਿਬ ਵਿਚ ਮਨੁੱਖ ਲਈ ਹਰ ਕਿਸਮ ਦੀ ਚੇਤਨਾ ਹੈ। ਸਿਰਫ਼ ਸਾਨੂੰ ਚਿੰਤਨ ਕਰਨ ਦੀ ਆਦਤ ਹੋਣੀ ਚਾਹੀਦੀ ਹੈ। ਧਰਮ ਦਰਅਸਲ ਜੀਵਨ-ਜਾਚ ਹੁੰਦਾ ਹੈ ਅਤੇ ਇਸ ਸੰਦਰਭ ਵਿਚ ਅਸੀਂ ਧਰਮ ਦੇ ਪੈਰੋਕਾਰ ਬਣਾਂਗੇ ਤਾਂ ਬਹੁਤ ਕੁਝ ਹਾਸਲ ਕਰ ਸਕਾਂਗੇ।

ਪੰਜਾਬੀਆਂ ਲਈ ਅੱਖਰ ਨਾਲ ਜੁੜਨਾ ਜ਼ਰੂਰੀ। ਤਾਂ ਹੀ ਅਸੀਂ ਸਾਹਿਤ ਨਾਲ ਜੁੜ ਸਕਾਂਗੇ, ਜਿਸ ਵਿੱਚੋਂ ਸਾਨੂੰ ਸਮਾਜਿਕ ਵਰਤਾਰਿਆਂ ਅਤੇ ਹੋਣ ਵਾਲੀਆਂ ਸੰਭਾਵਤ ਭਵਿੱਖਮੁਖੀ ਤਬਦੀਲੀਆਂ ਦੀ ਜਾਣਕਾਰੀ ਮਿਲੇਗੀ। ਸਾਨੂੰ ਘਰਾਂ ਵਿਚ ਬੀਅਰ ਬਾਰ ਦੀ ਥਾਂ ਬੁੱਕ ਸ਼ੈਲਫ਼ਾਂ ਬਣਾਉਣ ਦੀ ਲੋੜ ਹੈ, ਪਰ ਜਿਹੜਾ ਸਮਾਜ ਆਪਣੀ ਮਾਂ ਬੋਲੀ ਬਾਰੇ ਵੀ ਫ਼ਿਕਰਮੰਦ ਨਾ ਹੋਵੇ, ਉਸ ਵਿਚ ਚੇਤਨਾ ਬਾਰੇ ਚਿੰਤਾ ਪੈਦਾ ਹੋਣੀ ਵੀ ਵੱਡਾ ਪ੍ਰਸ਼ਨ ਆ?

ਸਭ ਤੋਂ ਅਹਿਮ ਹੈ ਕਿ ਵਿਸ਼ਵ ਪੱਧਰ 'ਤੇ ਪੰਜਾਬੀਆਂ ਦਾ ਥਿੰਕ ਟੈਂਕ ਹੋਣਾ ਚਾਹੀਦਾ ਹੈ। ਫਿਰ ਵੱਖ-ਵੱਖ ਗਰੁੱਪ ਹੋਣ, ਜਿਸ ਦੇ ਮੈਂਬਰ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟ ਚੁੱਕੇ ਮਾਹਿਰ ਹੋਣ ਅਤੇ ਜਿਹੜੇ ਵੱਖੋ-ਵੱਖਰੇ ਖੇਤਰਾਂ ਵਿਚ ਜਾਣ ਵਾਲਿਆਂ ਲਈ ਚੇਤਨਾ ਦੇ ਕੈਂਪ ਲਾਉਣ ਭਾਵੇਂ ਇਹ ਬਿਜ਼ਨੈੱਸ ਹੋਵੇ, ਅਕਾਦਮਿਕ, ਧਾਰਮਿਕ ਜਾਂ ਕੋਈ ਪ੍ਰੋਫੈਸ਼ਨਲ ਖੇਤਰ ਹੋਵੇ।

ਫਿਕਰ ਤੋਂ ਫਿਕਰਮੰਦੀ ਤੇ ਫਿਰ ਚੇਤਨਾ ਦਾ ਸਫ਼ਰ ਤਾਂ ਘਰ ਤੋਂ ਸ਼ੁਰੂ ਕਰਨਾ ਪਵੇਗਾ। ਸਭ ਤੋਂ ਜ਼ਰੂਰੀ ਹੁੰਦਾ ਹੈ ਬਦਲਦੇ ਹਾਲਾਤ ਦੇ ਪੈ ਰਹੇ ਪ੍ਰਭਾਵਾਂ ਬਾਰੇ ਮਾਪਿਆਂ ਦਾ ਚੇਤੰਨ ਹੋਣਾ ਅਤੇ ਚੇਤਨਾ ਦਾ ਜਾਗ ਆਪਣੇ ਬੱਚਿਆਂ ਵਿਚ ਲਾਉਣਾ।

ਇਕ ਵਿਅਕਤੀ ਲਈ ਚੇਤੰਨ ਹੋਣ ਵਾਸਤੇ ਆਪਣੇ ਅੰਦਰ ਉਤਰਨਾ, ਖੁਦ ਦੇ ਰੂ-ਬ-ਰੂ ਹੋਣਾ ਅਤੇ ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਤੇ ਖਾਮੀਆਂ ਦੀ ਪਛਾਣ ਕਰਨਾ ਅਤੇ ਫਿਰ ਖਤਮ ਕਰਕੇ ਨਵੀਂ ਊਰਜਾ ਅਤੇ ਹੌਸਲੇ, ਹੱਠ ਅਤੇ ਹਿੰਮਤ ਨੂੰ ਹਾਣੀ ਬਣਾਉਣਾ ਜ਼ਰੂਰੀ ਹੁੰਦਾ। ਕੁਝ ਵੀ ਅਸੰਭਵ ਨਹੀਂ ਹੁੰਦਾ ਸਿਰਫ਼ ਸ਼ੁਰੂਆਤ ਦੀ ਲੋੜ ਹੁੰਦੀ ਹੈ।

ਇਕ ਗੱਲ ਤਾਂ ਸੱਚੀ ਹੈ ਕਿ ਸਾਡੇ ਬਜ਼ੁਰਗ ਸਾਡੇ ਨਾਲੋਂ ਜ਼ਿਆਦਾ ਚੇਤਨ ਅਤੇ ਜ਼ਿੰਦਗੀ ਦੀ ਸੰਪੂਰਨ ਕਿਤਾਬ ਸਨ। ਉਨ੍ਹਾਂ ਕੋਲ ਡਿਗਰੀਆਂ ਨਹੀਂ ਸਨ, ਪਰ ਪੂਰਨ ਗਿਆਨ ਸੀ। ਮੇਰੇ ਬਾਪ ਨੇ ਅਨਪੜ੍ਹ ਹੁੰਦਿਆਂ ਯੂਨੀਵਰਸਿਟੀ ਤੀਕ ਪੜ੍ਹਾਇਆ। ਉਸ ਦੀ ਸੀਮਤ ਸਾਧਨਾਂ ਵਿਚ ਜੀਵਨ-ਜਾਚ ਸਬਰ, ਸੁਖਨ ਅਤੇ ਸਿਰੜ ਕਮਾਲ ਦਾ ਸੀ। ਕਦੇ ਹਾਰ ਨਹੀਂ ਮੰਨੀ। ਹੜ੍ਹਾਂ ਨਾਲ ਫਸਲਾਂ ਮਾਰੀਆਂ ਜਾਣ 'ਤੇ ਵੀ ਕਦੇ ਖੁਦਕੁਸ਼ੀ ਨਹੀਂ ਸੀ ਕੀਤੀ। ਸਦਾ ਚੜ੍ਹਦੀ ਕਲਾ ਵਿਚ ਰਹਿੰਦੇ। ਇਮਾਨਦਾਰੀ ਬਾਰੇ ਉਨ੍ਹਾਂ ਦਾ ਤਰਕ ਕਮਾਲ ਦਾ ਸੀ ਕਿ ਕਿਸੇ ਦੇ ਚੋਰੀ ਪੱਠੇ ਨਾ ਵੱਢੋ, ਤੁਹਾਨੂੰ ਗੁਰਦੁਆਰੇ, ਮੱਸਿਆ ਜਾਂ ਸਤਿਸੰਗ 'ਤੇ ਜਾਣ ਦੀ ਲੋੜ ਨਹੀਂ ਪਵੇਗੀ। ਮੇਰੇ ਪ੍ਰੈੱਪ ਵਿਚੋਂ ਫੇਲ੍ਹ ਹੋਣ 'ਤੇ ਬਾਪ ਨੇ ਹੱਲਾਸ਼ੇਰੀ ਦਿੰਦਿਆਂ ਕਿਹਾ ਸੀ ਕਿ ਕੋਈ ਨਾ ਅਗਲੇ ਸਾਲ ਪਾਸ ਹੋ ਜਾਈਂ। ਰੂੜੀ ਪਵਾ ਲਾ ਅਤੇ ਕੱਲ੍ਹ ਨੂੰ ਦੁਬਾਰਾ ਕਾਲਜ ਵਿਚ ਦਾਖ਼ਲ ਹੋ ਜਾ। ਅੱਜਕੱਲ੍ਹ ਤਾਂ ਬੱਚੇ ਦੇ ਘੱਟ ਨੰਬਰ ਆਉਣ 'ਤੇ ਮਾਪੇ, ਬੱਚਿਆਂ ਦੀ ਜਾਨ ਕੱਢ ਲੈਂਦੇ ਨੇ। ਅਤੇ ਕਈ ਵਾਰ ਬੱਚੇ ਖ਼ੁਦਕੁਸ਼ੀ ਵੀ ਕਰ ਲੈਂਦੇ। ਇਹ ਚੇਤਨਾ ਸਾਡੇ ਮਾਪਿਆਂ ਨੇ ਅਚੇਤ ਰੂਪ ਵਿਚ ਸਾਡੇ ਮਨਾਂ ਵਿਚ ਧਰੀ, ਜੋ ਹਰ ਮੋੜ 'ਤੇ ਮਾਰਗ ਦਰਸ਼ਨ ਕਰ ਰਹੀ ਏ।

ਅਫਸੋਸ ਨਾਲ ਕਹਿਣਾ ਪੈਂਦਾ ਕਿ ਹੁਣ ਮਾਪਿਆਂ ਕੋਲ ਆਪਣੇ ਬੱਚਿਆਂ ਦੀ ਸਾਰ ਲੈਣ ਦਾ ਸਮਾਂ ਹੀ ਨਹੀਂ। ਬੱਚੇ ਕਿਸ ਕੋਲੋਂ ਰਹਿਨੁਮਾਈ ਪ੍ਰਾਪਤ ਕਰਨ। ਮੇਰੀ ਵੱਡੀ ਬੇਟੀ ਬੀ.ਡੀ.ਐੱਸ. ਵਿਚ ਦਾਖ਼ਲ ਹੋਈ ਤਾਂ ਮੈਂ ਉਸ ਨੂੰ ਹਰ ਹਫ਼ਤੇ ਚਿੱਠੀ ਲਿਖਦਾ ਸਾਂ ਕਿ ਨਵੇਂ ਮਾਹੌਲ ਵਿਚ ਕਿਹੜੀਆਂ ਚੁਣੌਤੀਆਂ ਹੋ ਸਕਦੀਆਂ, ਇਨ੍ਹਾਂ ਦਾ ਕਿਵੇਂ ਸਾਹਮਣਾ ਕਰਨਾ ਅਤੇ ਇਸ ਵਿੱਚੋਂ ਕਿਵੇਂ ਉਭਰਨਾ ਹੈ? ਮੇਰੀਆਂ ਚਿੱਠੀਆਂ ਮੇਰੀ ਬੇਟੀ ਤੋਂ ਪਹਿਲਾਂ ਹੀ ਉਸ ਦੀਆਂ ਸਹੇਲੀਆਂ ਪੜ੍ਹ ਲੈਂਦੀਆਂ ਸਨ। ਮੈਨੂੰ ਲੱਗਾ ਕਿ ਜੀਵਨ ਵਿਚ ਕੰਮ ਆਉਣ ਵਾਲੀਆਂ ਸਲਾਹੁਤਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ, ਜਿਸ ਦੀ ਬਹੁਤ ਘਾਟ ਹੈ। ਮੈਂ ਇਨ੍ਹਾਂ ਚਿੱਠੀਆਂ ਦੇ ਅਧਾਰ 'ਤੇ ਅਜੀਤ ਅਖ਼ਬਾਰ ਵਿਚ ਮਿਡਲ ਲੇਖ ਲਿਖੇ, ਜਿਨ੍ਹਾਂ ਦਾ ਹੁੰਗਾਰਾ ਕਮਾਲ ਦਾ ਸੀ। ਮੇਰੀ ਪਹਿਲੀ ਪੁਸਤਕ 'ਰੰਗਾਂ ਦਾ ਦਰਿਆ' ਇਨ੍ਹਾਂ ਚਿੱਠੀਆਂ ਦਾ ਵਿਸਥਾਰ ਹੀ ਸੀ ਅਤੇ ਮੈਂ ਕਵਿਤਾ ਤੋਂ ਵਾਰਤਕ ਵੱਲ ਨੂੰ ਮੁੜਿਆ ਸਾਂ। ਕੀ ਮਾਪਿਆਂ ਕੋਲ ਇੰਨੀ ਕੁ ਵਿਹਲ ਹੈ ਕਿ ਉਹ ਆਪਣੀ ਬੱਚਿਆਂ ਨੂੰ ਸੁਚੱਜੀ ਸੇਧ ਦੇਣ ਲਈ ਕੁਝ ਸਮਾਂ ਕੱਢ ਸਕਣ?

ਚੇਤਨਾ ਦੀ ਲਹਿਰ ਪੈਦਾ ਕਰਨ ਲਈ ਖ਼ੁਦ ਨੂੰ ਚੇਤੰਨ ਹੋਣਾ ਪੈਂਦਾ ਹੈ। ਬਾਬਾ ਸੇਵਾ ਸਿੰਘ ਜੀ ਕੋਲ ਕੋਈ ਡਿਗਰੀ ਨਹੀਂ, ਪਰ ਉਹ ਚੇਤਨਾ ਦਾ ਚਿਰਾਗ ਹਨ। ਉਹ ਵਾਤਾਵਰਣ ਨੂੰ ਬਚਾਉਣ ਲਈ ਦਰੱਖਤ ਲਗਾ ਕੇ ਹਵਾ ਦੇ ਲੰਗਰ ਲਗਾ ਰਹੇ ਹਨ। ਵਿੱਦਿਆ ਦਾ ਚਾਨਣ ਵੰਡਣ ਲਈ ਵੱਖ ਅਦਾਰੇ ਬਿਹਤਰੀਨ ਵਿੱਦਿਆ ਪ੍ਰਦਾਨ ਕਰ ਰਹੇ ਹਨ। ਪੀ ਐੱਮ ਟੀ/ਸੀ ਈ ਟੀ ਅਦਾਰੇ ਵਿੱਚੋਂ ਹਰ ਸਾਲ ਬਹੁਤ ਸਾਰੇ ਵਿਦਿਆਰਥੀ ਮੈਡੀਕਲ/ਇੰਜੀਨੀਅਰਿੰਗ ਕਾਲਜਾਂ ਤੇ ਆਈ ਆਈ ਟੀ ਵਿਚ ਜਾ ਰਹੇ ਹਨ। ਉਨ੍ਹਾਂ ਵੱਲੋਂ ਚਲਾਏ ਜਾ ਰਹੇ ਹਾਕੀ ਕਲੱਬ ਦੇ ਖਿਡਾਰੀ ਹੁਣ ਤਾਂ ਇੰਡੀਆ ਦੀ ਕੌਮੀ ਟੀਮ ਵਿਚ ਖੇਡ ਰਹੇ ਹਨ। ਕੁੜੀਆਂ ਦੀ ਪੰਜਾਬ ਪੁਲਸ, ਬੀ ਐੱਸ ਐੱਫ, ਦਿੱਲੀ ਪੁਲਸ ਜਾਂ ਸੀ ਆਰ ਪੀ ਐੱਫ ਵਿਚ ਭਰਤੀ ਲਈ ਫਰੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਹੁਣ ਤੀਕ 700 ਦੇ ਕਰੀਬ ਲੜਕੀਆਂ ਇਨ੍ਹਾਂ ਅਦਾਰਿਆਂ ਵਿਚ ਕਾਂਸਟੇਬਲ, ਸਬ ਇੰਸਪੈਕਟਰ ਜਾਂ ਇੰਸਪੈਕਟਰ ਵਜੋਂ ਸੇਵਾਵਾਂ ਨਿਭਾਅ ਰਹੀਆਂ ਹਨ ਅਤੇ ਪਰਵਾਰਾਂ ਲਈ ਮਾਣ ਬਣ ਰਹੀਆਂ ਹਨ। ਐੱਨ ਡੀ ਏ ਦੀ ਤਿਆਰੀ ਲਈ ਵੱਖਰਾ ਅਦਾਰਾ ਹੈ ਅਤੇ ਅਦਾਰੇ ਦੇ ਵਿਦਿਆਰਥੀ ਐੱਨ ਡੀ ਏ ਵਿਚ ਸਿੱਧੇ ਜਾ ਰਹੇ ਹਨ, ਜੋ ਆਉਣ ਵਾਲੇ ਸਮਿਆਂ ਵਿਚ ਫੌਜ ਵਿਚ ਵੱਡੇ ਅਹੁਦਿਆਂ 'ਤੇ ਪਹੁੰਚਣਗੇ। ਅਜਿਹੇ ਅਫਸਰ ਮਨ ਵਿਚ ਸਿੱਖੀ ਪ੍ਰੰਪਰਾਵਾਂ ਅਤੇ ਮੂਲ ਭਾਵਨਾਵਾਂ ਨੂੰ ਜੀਵਨ ਵਿਚ ਜ਼ਰੂਰ ਅਪਨਾਉਣਗੇ। ਸਿਵਲ ਸਰਵਿਸਿਜ਼ ਦੀ ਤਿਆਰੀ ਲਈ ਇਕ ਹੋਰ ਅਦਾਰਾ ਆਪਣੀਆਂ ਸੇਵਾਵਾਂ ਦੇ ਰਿਹਾ। ਧਾਰਮਿਕ ਖ਼ੇਤਰ ਵਿਚ ਜਾਣ ਵਾਲਿਆਂ ਲਈ ਧਾਰਮਿਕ ਅਦਾਰਾ ਉੱਚ ਕੋਟੀ ਦਾ ਯੋਗਦਾਨ ਪਾ ਰਿਹਾ ਹੈ। ਕੀ ਕੋਈ ਹੋਰ ਸੰਸਥਾ ਅਜਿਹੀਆਂ ਬਹੁ-ਵਿਧਾਵੀ ਕੋਸ਼ਿਸ਼ਾਂ ਕਰਕੇ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਦਾ ਭਵਿੱਖਮੁਖੀ ਕਾਰਜ ਕਰ ਰਹੀ ਹੈ? ਅਰਬਾਂ ਦੇ ਬੱਜਟ ਵਾਲੀ ਸਾਡੀ ਸ਼੍ਰੋਮਣੀ ਕਮੇਟੀ ਕੀ ਕਰ ਰਹੀ ਹੈ? ਪੰਜਾਬੀਆਂ ਨੂੰ ਲੰਗਰਾਂ ਦੀ ਬਜਾਏ ਗਿਆਨ ਦੇ ਲੰਗਰਾਂ ਵੱਲ ਤਵੱਜੋ ਦੇਣ ਦੀ ਲੋੜ ਹੈ।

ਇਹ ਵੀ ਚੇਤੇ ਹੋਣਾ ਚਾਹੀਦਾ ਕਿ ਚੇਤਨ ਲੋਕ ਆਪਣੇ ਪੁਰਖ਼ਿਆਂ ਦੀਆਂ ਗੁੰਮ ਗਈਆਂ ਕਬਰਾਂ ਵੀ ਭਾਲ ਲੈਂਦੇ, ਜਦ ਕਿ ਚੇਤਨਾ ਤੋਂ ਵਿਹੂਣੇ ਲੋਕ ਆਪਣੀ ਵਿਰਾਸਤ ਨੂੰ ਦਫ਼ਨ ਕਰਨ ਲਈ ਕਾਹਲੇ ਹੁੰਦੇ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਿੰਤਾ ਤੋਂ ਚਿੰਤਨ ਅਤੇ ਫਿਰ ਚੇਤਨਾ ਤੀਕ ਦਾ ਸਫ਼ਰ ਬਿਖੜਾ ਤਾਂ ਹੈ, ਪਰ ਅਸੰਭਵ ਬਿਲਕੁਲ ਨਹੀਂ। ਸਿਰਫ਼ ਖੜ੍ਹੇ ਲੋਕ ਹੀ ਹਾਰੇ ਹੁੰਦੇ, ਜਦ ਕਿ ਤੁਰਨ ਵਾਲੇ ਕਦੇ ਹਾਰਦੇ ਨਹੀਂ ਹੁੰਦੇ।

ਆਸ ਹੈ ਕਿ ਪੰਜਾਬੀ ਜ਼ਰੂਰ ਚੇਤੰਨ ਹੋਣਗੇ ਕਿ ਕਿਵੇਂ ਉਨ੍ਹਾਂ ਨਵੀਆਂ ਚੁਣੌਤੀਆਂ ਨਾਲ ਖਹਿੰਦਿਆਂ, ਆਢਾ ਲਾਉਂਦਿਆਂ, ਆਪਣੇ ਜੀਵਨ ਨੂੰ ਨਵੇਂ ਅਰਥ ਦੇਣੇ ਹਨ, ਜਿਸ ਨਾਲ ਉਹ ਸਮਾਜ ਨੂੰ ਨਵੀਂ-ਨਰੋਈ ਦਿੱਖ ਦੇਣ ਦੇ ਯੋਗ ਹੋ ਸਕਣ, ਜਿਵੇਂ ਉਹ ਪਹਿਲਾਂ ਦਿੰਦੇ ਆਏ ਹਨ।

ਵੈਸੇ ਵੀ ਪੰਜਾਬੀਆਂ ਨੇ ਕਦੇ ਹਾਰ ਤਾਂ ਮੰਨੀ ਹੀ ਨਹੀਂ। ਫਿਰ ਇਹ ਸਫ਼ਰ ਉਨ੍ਹਾਂ ਦੇ ਸਿਰੜ ਅਤੇ ਜ਼ਿੱਦ ਸਾਹਵੇਂ ਕੀ ਅਰਥ ਰੱਖਦਾ ਹੈ? ਆਸ ਹੈ ਕਿ ਪੰਜਾਬੀ ਚੇਤੰਨ ਜ਼ਰੂਰ ਹੋਣਗੇ।

## ਬਾਲ ਕੋਨਾ



ਗੁਰਨੂਰ ਸਿੰਘ, ਸੱਤਵੀਂ, ਸਰਕਾਰੀ ਹਾਈ ਸਮਾਰਟ ਸਕੂਲ, ਰਜਿੰਦਰਗੜ੍ਹ (ਫਤਿਹਗੜ੍ਹ ਸਾਹਿਬ)



ਬਲਜੋਤ ਸਿੰਘ, ਦੂਜੀ, ਸਰਕਾਰੀ ਪ੍ਰਾਇਮਰੀ ਸਕੂਲ, ਗੰਭੀਰ ਲੋਅਰ



ਪੁਲਕਿਤ ਸੈਨ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਲਹਿਰਾ ਮੁਹੱਬਤ (ਬਠਿੰਡਾ)



ਯਸ਼ਕਿਤ ਸੈਨ, ਦੂਜੀ, ਸਰਕਾਰੀ ਪ੍ਰਾਇਮਰੀ ਸਕੂਲ, ਲਹਿਰਾ ਮੁਹੱਬਤ (ਬਠਿੰਡਾ)